ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 25
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Sunday, 25 January, 2026) ਐਤਵਾਰ, 25 ਜਨਵਰੀ, 2026, 12 ਮਾਘ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


## ਬੰਗਲਾਦੇਸ਼ ਦੀ ਥਾਂ ਸਕਾਟਲੈਂਡ ਖੇਡੇਗਾ ਟੀ-20 ਵਿਸ਼ਵ ਕੱਪ

ਨਵੀਂ ਦਿੱਲੀ, 24 ਜਨਵਰੀ (ਚ.ਨ.ਸ.): :ਇੰਟਰਨੈਸ਼ਨਲ ਕ੍ਰਿਕਟ ਕਾਊਂਸਲ (ਆਈਸੀਸੀ) ਨੇ ਬੰਗਲਾਦੇਸ਼ ਦੀ ਥਾਂ ਸਕਾਟਲੈਂਡ ਦੀ ਟੀਮ ਨੂੰ ਆਉਣ ਵਾਲੇ ਟੀ-20 ਵਿਸ਼ਵ ਕੱਪ ਵਿਚ ਸ਼ਾਮਲ ਕਰ ਲਿਆ ਹੈ। ਆਈਸੀਸੀ ਨੇ ਇਸ ਸਬੰਧੀ ਬੰਗਲਾਦੇਸ਼ ਕ੍ਰਿਕਟ ਬੋਰਡ (ਬੀਸੀਬੀ) ਨੂੰ ਅਧਿਕਾਰਤ ਤੌਰ 'ਤੇ ਸੂਚਿਤ ਕਰ ਦਿੱਤਾ ਹੈ। ਇਹ ਫੈਸਲਾ ਆਈਸੀਸੀ ਦੇ ਚੇਅਰਮੈਨ ਜੈ ਸ਼ਾਹ ਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਦੁਬਈ ਵਿੱਚ ਲਿਆ ਤੇ ਇਸ ਸਬੰਧੀ ਦੇਰ ਸ਼ਾਮ ਬੀਸੀਬੀ ਦੇ ਚੇਅਰਮੈਨ ਅਮੀਨੁਲ ਇਸਲਾਮ ਬੁਲਬੁਲ ਨੂੰ ਈਮੇਲ ਭੇਜ ਕੇ (ਬਾਕੀ ਸਫਾ 2 'ਤੇ)

## ਸ੍ਰੀ ਹਜ਼ੂਰ ਸਾਹਿਬ ਵਿਖੇ ਅਲੌਕਿਕ ਨਗਰ ਕੀਰਤਨ ਨਾਲ ਸ਼ਹੀਦੀ ਸ਼ਤਾਬਦੀ ਸਮਾਗਮ ਆਰੰਭ

ਬਲਜਿੰਦਰ ਸਿੰਘ ਰੰਧਾਵਾ/ਬਲਰਾਜ ਸਿੰਘ ਰਾਜਾ

================

ਚੌਕ ਮਹਿਤਾ, 24 ਜਨਵਰੀ : ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਮਨਾਏ ਜਾ ਰਹੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮੁੱਖ ਮੰਤਰੀ ਮਹਾਰਾਸ਼ਟਰ ਸ੍ਰੀ ਦੇਵੇਂਦਰ ਫੜਨਵੀਸ ਦੇ ਸਹਿਯੋਗ ਨਾਲ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਦੀ ਅਗਵਾਈ ਹੇਠ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਕਰਾਏ ਜਾ ਰਹੇ ਦੋ ਦਿਨਾਂ ਸ਼ਹੀਦੀ ਸਮਾਗਮਾਂ ਦੀ ਆਰੰਭਤਾ ਅੱਜ ਗੁਰੂਦਆਰਾ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਤੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਤੇ ਪੰਜ ਪਿਆਰੇ ਸਾਹਿਬਾਨ ਦੀ ਰਹਿਨੁਮਾਈ ਹੇਠ ਪੂਰੇ ਜਾਹੋ ਜਲਾਲ ਨਾਲ ਆਲੌਕਿਕ ਨਗਰ ਕੀਰਤਨ ਸਜਾ ਕੇ ਕੀਤੀ ਗਈ। (ਬਾਕੀ ਸਫਾ 2 'ਤੇ)



### ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਨਤਮਸਤਕ ਹੋਏ ਮਾਨ

ਸ੍ਰੀ ਹਜ਼ੂਰ ਸਾਹਿਬ (ਨਾਂਦੇੜ), 24 ਜਨਵਰੀ (ਅੰਮ੍ਰਿਤਪਾਲ ਸਿੰਘ): ਮਹਾਰਾਸ਼ਟਰ ਵਿੱਚ ਅੱਜ ਨਾਂਦੇੜ ਵਿੱਚ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਰਧਾ ਨਾਲ ਮੱਥਾ ਟੇਕਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਾਂਦੇੜ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਮਹਾਂਰਾਸ਼ਟਰ ਸਰਕਾਰ ਕੋਲ ਉਠਾਏਗੀ ਅਤੇ ਕਿਹਾ ਕਿ ਇਹ ਪਵਿੱਤਰ ਸ਼ਹਿਰ ਸਿੱਖਾਂ ਅਤੇ ਖਾਸ ਕਰਕੇ ਮਨੁੱਖਤਾ ਲਈ ਵਧੇਰੇ ਅਧਿਆਤਮਕ ਮਹੱਤਵ ਰੱਖਦਾ ਹੈ। ਇਹ ਚੇਤੇ ਕਰਾਉਂਦਿਆਂ ਕਿ ਪੰਜਾਬ ਸਰਕਾਰ ਪਹਿਲਾਂ ਹੀ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ (ਬਾਕੀ ਸਫਾ 2 'ਤੇ)

## ਸ੍ਰੀ ਦਰਬਾਰ ਸਾਹਿਬ ਦੇ ਸਰੋਵਰ 'ਚ 'ਵਜ਼ੂ' ਕਰਨ ਵਾਲਾ ਨੌਜਵਾਨ ਗ੍ਰਿਫ਼ਤਾਰ

ਗਾਜ਼ੀਆਬਾਦ, 24 ਜਨਵਰੀ (ਚ.ਨ.ਸ.): ਅੰਮ੍ਰਿਤਸਰ ਦੇ ਗੋਲਡਨ ਟੈਂਪਲ ਦੇ ਪਵਿੱਤਰ ਸਰੋਵਰ ਵਿਚ 'ਵਜ਼ੂ' ਕਰਨ ਵਾਲੇ ਨੌਜਵਾਨ ਨੂੰ ਲੈ ਕੇ ਵਿਵਾਦ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸਬੰਧਤ ਨੌਜਵਾਨ ਵੱਲੋਂ ਸੋਸ਼ਲ ਮੀਡੀਆ 'ਤੇ ਮੁਆਫੀ ਮੰਗੇ ਜਾਣ ਦੇ ਬਾਵਜੂਦ ਸਿੱਖ ਭਾਈਚਾਰੇ ਨੇ ਅਜੇ ਤੱਕ ਉਸ ਨੂੰ ਸਵੀਕਾਰ ਨਹੀਂ ਕੀਤਾ ਹੈ। ਹੁਣ ਉਸ ਖ਼ਿਲਾਫ ਵੱਡਾ ਐਕਸ਼ਨ ਲਿਆ ਗਿਆ ਹੈ। ਮੁਸਲਿਮ ਮੁੰਡੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਗ੍ਰਿਫਤਾਰ ਨੌਜਵਾਨ ਦਾ ਨਾਂ ਸੁਭਾਨ ਹੈ। ਉਸ ਨੂੰ ਯੂ.ਪੀ. ਦੇ ਗਾਜ਼ੀਆਬਾਦ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਹੁਣ ਉਸ ਨੂੰ ਪੰਜਾਬ ਲਿਆਂਦਾ ਜਾਵੇਗਾ। ਦੱਸ ਦੇਈਏ ਕਿ ਇਸੇ ਸਬੰਧ ਵਿਚ ਕੁਝ ਨਿਹੰਗ ਸਿੱਖ ਗਾਜ਼ੀਆਬਾਦ ਪਹੁੰਚੇ ਤੇ ਨੌਜਵਾਨ ਖਿਲਾਫ ਸਥਾਨਕ ਪੁਲਿਸ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ। ਨਿੰਹਗਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਦੀ ਹਰਕਤ ਉਸ ਨੌਜਵਾਨ ਨੇ ਕੀਤੀ, ਉਹ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਿੱਖ ਭਾਈਚਾਰੇ 'ਤੇ ਅਕਸਰ ਕਾਨੂੰਨ ਹੱਥ ਵਿਚ ਲੈਣ ਦੇ ਦੋਸ਼ ਲਗਾਏ ਜਾਂਦੇ ਹਨ, ਇਸ ਲਈ ਉਹ ਸਭ ਤੋਂ ਪਹਿਲਾਂ (ਬਾਕੀ ਸਫਾ 2 'ਤੇ)

## ਪ੍ਰਧਾਨ ਮੰਤਰੀ ਨੇ 61,000 ਤੋਂ ਵੱਧ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡੇ

# ਰੁਜ਼ਗਾਰ ਮੇਲਾ 'ਵਿਕਸਿਤ ਭਾਰਤ' ਦਾ ਸੰਕਲਪ ਪੱਤਰ: ਮੋਦੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 24 ਜਨਵਰੀ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਰਾਸ਼ਟਰੀ ਰੁਜ਼ਗਾਰ ਮੇਲੇ ਦੇ ਤਹਿਤ ਦੇਸ਼ ਦੇ 61,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਸੇਵਾਵਾਂ ਲਈ ਨਿਯੁਕਤੀ ਪੱਤਰ ਪ੍ਰਦਾਨ ਕੀਤੇ। ਵੀਡੀਓ ਕਾਨਫਰੰਸਿੰਗ ਰਾਹੀਂ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਇਨ੍ਹਾਂ ਨਿਯੁਕਤੀ ਪੱਤਰਾਂ ਨੂੰ 'ਨੇਸ਼ਨ ਬਿਲਡਿੰਗ ਇਨਵੀਟੇਸ਼ਨ ਲੈਟਰ' ਅਤੇ ਵਿਕਸਿਤ ਭਾਰਤ ਦੇ ਨਿਰਮਾਣ ਨੂੰ ਗਤੀ ਦੇਣ ਵਾਲਾ ਸੰਕਲਪ ਪੱਤਰ ਕਰਾਰ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਲ 2026 ਦੀ ਇਹ ਸ਼ੁਰੂਆਤ ਨੌਜਵਾਨਾਂ ਦੇ ਜੀਵਨ 'ਚ ਨਵੀਂ ਖ਼ੁਸ਼ੀ ਅਤੇ ਨਵੀਂ ਬਸੰਤ ਲੈ ਕੇ ਆਈ ਹੈ।



**ਆਰਥਿਕ ਪ੍ਰਗਤੀ ਅਤੇ ਰੁਜ਼ਗਾਰ ਦੇ ਮੌਕੇ**

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੁਨੀਆਂ ਦੀ ਇਕਲੌਤੀ ਅਜਿਹੀ ਵੱਡੀ ਅਰਥਵਿਵਸਥਾ ਹੈ ਜਿਸ ਨੇ ਪਿਛਲੇ ਇਕ ਦਹਾਕੇ 'ਚ ਆਪਣੀ ਜੀਡੀਪੀ ਨੂੰ ਦੁੱਗਣਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ 10 ਸਾਲਾਂ 'ਚ ਭਾਰਤ 'ਚ ਵਿਦੇਸ਼ੀ ਨਿਵੇਸ਼ ਢਾਈ ਗੁਣਾ ਤੋਂ ਵੱਧ ਵਧਿਆ ਹੈ, ਜਿਸ ਦਾ ਸਿੱਧਾ ਮਤਲਬ ਹੈ ਕਿ ਦੇਸ਼ 'ਚ ਨੌਜਵਾਨਾਂ ਲਈ ਰੁਜ਼ਗਾਰ ਦੇ ਅਣਗਿਣਤ ਮੌਕੇ ਹਨ। ਉਨ੍ਹਾਂ ਇਲੈਕਟ੍ਰਾਨਿਕਸ ਮੈਨੂਫੈਕਚਰਿੰਗ 'ਚ 6 ਗੁਣਾ ਵਾਧੇ ਅਤੇ ਆਟੋ ਉਦਯੋਗ ਦੀ ਤੇਜ਼ ਪ੍ਰਗਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ 2025 'ਚ ਦੋ ਪਹੀਆ ਵਾਹਨਾਂ ਦੀ ਵਿਕਰੀ 2 ਕਰੋੜ ਦੇ ਪਾਰ ਪਹੁੰਚਣਾ ਦੇਸ਼ ਦੀ ਵਧਦੀ ਖਰੀਦ ਸ਼ਕਤੀ ਨੂੰ ਦਰਸਾਉਂਦਾ ਹੈ।

**ਨਾਰੀ ਸ਼ਕਤੀ ਦੀ ਵਧਦੀ ਹਿੱਸੇਦਾਰੀ**

ਇਸ ਰੁਜ਼ਗਾਰ ਮੇਲੇ ਦੀ ਇਕ ਅਹਿਮ ਖਾਸ ਗੱਲ ਇਹ ਰਹੀ ਕਿ 8,000 ਤੋਂ ਵੱਧ ਧੀਆਂ ਨੂੰ ਨਿਯੁਕਤੀ ਪੱਤਰ ਮਿਲੇ ਹਨ। ਪ੍ਰਧਾਨ ਮੰਤਰੀ ਨੇ ਜਾਣਕਾਰੀ ਦਿੱਤੀ ਕਿ ਪਿਛਲੇ 11 ਸਾਲਾਂ 'ਚ ਦੇਸ਼ ਦੇ ਕਾਰਜਬਲ 'ਚ ਔਰਤਾਂ ਦੀ ਭਾਗੀਦਾਰੀ ਲਗਭਗ ਦੁੱਗਣੀ ਹੋ ਗਈ ਹੈ ਅਤੇ ਮਹਿਲਾ ਸਵੈ-ਰੁਜ਼ਗਾਰ ਦੀ ਦਰ 'ਚ 15 ਫੀਸਦੀ ਦਾ ਵਾਧਾ ਹੋਇਆ ਹੈ।

**ਕਰਮਚਾਰੀਆਂ ਲਈ 'ਨਾਗਰਿਕ ਦੇਵੋ ਭਵ' ਦਾ ਮੰਤਰ**

ਨਵ-ਨਿਯੁਕਤ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਪੀ.ਐੱਮ. ਮੋਦੀ ਨੇ 'ਨਾਗਰਿਕ ਦੇਵੋ ਭਵ' ਦਾ ਮੰਤਰ ਦਿੱਤਾ। ਉਨ੍ਹਾਂ ਕਿਹਾ ਕਿ 'ਈਜ਼ ਆਫ ਲਿਵਿੰਗ' ਅਤੇ 'ਈਜ਼ ਆਫ ਡੂਇੰਗ ਬਿਜ਼ਨਸ' ਨੂੰ ਸਥਾਨਕ ਪੱਧਰ 'ਤੇ ਸਰਕਾਰੀ ਕਰਮਚਾਰੀਆਂ ਦੀ ਨੀਅਤ ਨਾਲ ਹੀ ਮਜ਼ਬੂਤੀ ਮਿਲਦੀ ਹੈ। ਉਨ੍ਹਾਂ ਨੌਜਵਾਨਾਂ ਨੂੰ 'ਆਈ-ਗੌਟ ਕਰਮਯੋਗੀ' ਪਲੇਟਫਾਰਮ ਦੀ ਵਰਤੋਂ ਕਰਕੇ ਆਪਣੀਆਂ ਸਕਿੱਲਜ਼ ਨੂੰ ਲਗਾਤਾਰ ਅਪਗ੍ਰੇਡ ਕਰਨ ਦਾ ਸੱਦਾ ਦਿੱਤਾ।

**2047 ਤੱਕ ਵਿਕਸਿਤ ਭਾਰਤ ਦਾ ਟੀਚਾ**

ਪ੍ਰਧਾਨ ਮੰਤਰੀ ਨੇ (ਬਾਕੀ ਸਫਾ 2 'ਤੇ)

## ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ 'ਚ 3 ਅਫ਼ਸਰਾਂ ਨੂੰ ਮਿਲੀ ਤਰੱਕੀ

### ਸ਼ੇਰਜੰਗ ਸਿੰਘ ਹੁੰਦਲ ਅਤੇ ਨਰਿੰਦਰ ਪਾਲ ਸਿੰਘ ਜਗਦਿਓ ਨੂੰ ਡਿਪਟੀ ਡਾਇਰੈਕਟਰ ਬਣਾਇਆ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 24 ਜਨਵਰੀ:ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵਿੱਚ ਤਿੰਨ ਅਫ਼ਸਰਾਂ ਨੂੰ ਤਰੱਕੀ ਮਿਲੀ ਹੈ। ਡਿਪਟੀ ਡਾਇਰੈਕਟਰ ਸ਼ਿਖਾ ਨੇਹਰਾ ਨੂੰ ਜੁਆਇੰਟ ਡਾਇਰੈਕਟਰ ਵੱਜੋਂ ਪਦਉੱਨਤ ਕੀਤਾ ਗਿਆ ਹੈ। ਨੇਹਰਾ ਡਿਪਟੀ ਡਾਇਰੈਕਟਰ ਵੱਜੋਂ ਪਟਿਆਲਾ ਅਤੇ ਬਠਿੰਡਾ ਵਿਖੇ ਸੇਵਾਵਾਂ ਨਿਭਾਉਣ ਵਾਲੀ ਵਿਭਾਗ ਦੀ ਪਹਿਲੀ ਮਹਿਲਾ ਅਧਿਕਾਰੀ ਹੈ। ਇਸ ਦੇ ਨਾਲ ਹੀ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨਾਲ ਸੂਚਨਾ ਅਤੇ ਲੋਕ ਸੰਪਰਕ (ਬਾਕੀ ਸਫਾ 2 'ਤੇ)

## ਸਰਹਿੰਦ ਰੇਲਵੇ ਟਰੈਕ 'ਤੇ ਧਮਾਕੇ ਦੀ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਨੇ ਲਈ ਜ਼ਿੰਮੇਵਾਰੀ

ਫਤਿਹਗੜ੍ਹ ਸਾਹਿਬ, 24 ਜਨਵਰੀ (ਚ.ਨ.ਸ.):ਸਰਹਿੰਦ ਵਿੱਚ ਰੇਲਵੇ ਟਰੈਕ 'ਤੇ ਹੋਏ ਧਮਾਕੇ ਦੀ ਜ਼ਿੰਮੇਵਾਰੀ ਇੰਟਰਨੈੱਟ 'ਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਨਾਮਕ ਇੱਕ ਸੰਗਠਨ ਨੇ ਲਈ ਹੈ। ਇੱਕ ਲੈਟਰਹੈੱਡ 'ਤੇ ਗੁਰਮੁਖੀ ਵਿੱਚ ਟਾਈਪ ਕੀਤਾ ਇੱਕ ਪੱਤਰ ਪੋਸਟ ਕੀਤਾ ਗਿਆ ਹੈ, ਜਿਸ ਵਿੱਚ ਧਮਾਕੇ ਦੀ ਜ਼ਿੰਮੇਵਾਰੀ ਲਈ ਗਈ ਹੈ। ਪੱਤਰ 'ਤੇ ਰਣਜੀਤ ਸਿੰਘ ਜੰਮੂ ਦੇ ਨਾਮ ਦੇ ਵਿਅਕਤੀ ਦੇ ਦਸਤਖਤ ਹਨ। ਪੱਤਰ ਵਿੱਚ ਲਿਖਿਆ ਹੈ ਕਿ ਖਾਲਿਸਤਾਨ ਜ਼ਿੰਦਾਬਾਦ ਫੋਰਸ ਅੱਜ ਸਰਹਿੰਦ ਮਾਲ ਗੱਡੀ 'ਤੇ ਹੋਏ ਧਮਾਕੇ ਦੀ ਜ਼ਿੰਮੇਵਾਰੀ ਲੈਂਦਾ ਹੈ। ਅਸੀਂ ਤੁਹਾਨੂੰ ਸੂਚਿਤ ਕਰਨਾ ਚਾਹੁੰਦੇ ਹਾਂ ਕਿ ਇਹ ਧਮਾਕਾ ਕਿਸੇ ਯਾਤਰੀ (ਬਾਕੀ ਸਫਾ 2 'ਤੇ)

## ਸੱਚਖੰਡ ਸ੍ਰੀ ਨਾਂਦੇੜ ਸਾਹਿਬ ਲਈ ਉਡਾਣ ਸੇਵਾ ਨੂੰ ਹਰੀ ਝੰਡੀ, ਸਿੱਖ ਭਾਈਚਾਰੇ ਵਿੱਚ ਖੁਸ਼ੀ: ਜਗਦੀਸ਼ ਸਿੰਘ ਝੀਂਡਾ

ਚੜ੍ਹਦੀਕਲਾ ਬਿਊਰੋ

================

ਹਿਸਾਰ/ਚੰਡੀਗੜ੍ਹ, 24 ਜਨਵਰੀ : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਦੱਸਿਆ ਕਿ ਹਰਿਆਣਾ ਤੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਲਈ ਸਿੱਧੀ ਉਡਾਣ ਸੇਵਾ ਦੀ ਸਿੱਖ ਭਾਈਚਾਰੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਆਖਰਕਾਰ ਪੂਰੀ ਹੋਈ ਹਰਿਆਣਾ ਸਰਕਾਰ ਨੇ ਟ੍ਰਾਇਲ ਦੇ ਆਧਾਰ 'ਤੇ ਹਜ਼ੂਰ ਸਾਹਿਬ ਲਈ ਉਡਾਣ ਸੇਵਾ ਨੂੰ ਮਨਜ਼ੂਰੀ ਦੇ ਦਿੱਤੀ ਹੈ।



ਇਹ ਟ੍ਰਾਇਲ ਉਡਾਣ 25 ਤਰੀਕ ਨੂੰ ਹਰਿਆਣਾ ਦੇ ਹਿਸਾਰ ਹਵਾਈ ਅੱਡੇ ਤੋਂ ਦੁਪਹਿਰ 2:30 ਵਜੇ ਰਵਾਨਾ ਹੋਵੇਗੀ ਅਤੇ ਸ਼ਾਮ 5:30 ਵਜੇ ਸ੍ਰੀ ਹਜ਼ੂਰ ਸਾਹਿਬ ਪਹੁੰਚੇਗੀ। ਤਿੰਨ ਦਿਨਾਂ ਦੇ ਠਹਿਰਨ ਤੋਂ ਬਾਅਦ, ਇਹ ਉਡਾਣ 28 ਤਰੀਕ ਨੂੰ ਸ਼ਾਮ 4:00 ਵਜੇ ਹਜ਼ੂਰ ਸਾਹਿਬ ਤੋਂ ਰਵਾਨਾ ਹੋ ਕੇ ਚੰਡੀਗੜ੍ਹ ਪਹੁੰਚੇਗੀ।

ਇਸ ਉਡਾਣ ਵਿੱਚ ਕੁੱਲ 61 ਸੀਟਾਂ ਹਨ, ਇਹ ਪਹਿਲੀ ਟ੍ਰਾਇਲ ਫਲਾਈਟ ਹੈ, ਅਤੇ ਜੇਕਰ ਸਫਲ ਹੁੰਦੀ ਹੈ, ਤਾਂ ਸਰਕਾਰ ਹਿਸਾਰ ਹਵਾਈ ਅੱਡੇ ਤੋਂ ਹਜ਼ੂਰ ਸਾਹਿਬ ਲਈ ਹਫਤਾਵਾਰੀ ਜਾਂ ਮਹੀਨਾਵਾਰ ਆਧਾਰ 'ਤੇ ਉਡਾਨਾਂ ਸ਼ੁਰੂ ਕਰੇਗੀ ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਨੇ ਕਿਹਾ ਬੜੀ ਖੁਸ਼ੀ ਦੀ ਗੱਲ ਹੈ ਇਸ ਤੋਂ ਇਲਾਵਾ ਜਗਦੀਸ਼ ਸਿੰਘ ਝੀਂਡਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਵਲੋਂ ਜੋ ਉਪਰਾਲਾ ਕੀਤਾ ਗਿਆ ਉਨ੍ਹਾਂ ਕਿਹਾ ਸਾਡੀ ਹਰਿਆਣਾ ਅਤੇ ਕੇਂਦਰ ਸਰਕਾਰ ਤੋਂ ਮੰਗ ਹੈ ਕਿ ਇਹ ਫਲਾਈਟ ਕਰਨਾਲ ਤੋਂ ਚਲਣੀ ਚਾਹੀਦੀ ਹੈ ਅਤੇ ਇਹ ਹਰ ਰੋਜ਼ ਚਲਾਈ ਜਾਵੇ। ਇਸ ਸਮੇਂ ਪ੍ਰਧਾਨ ਸਾਹਿਬ ਦੇ ਨਾਲ ਜੁਆਇੰਟ ਸਕੱਤਰ ਹਰਿਆਣਾ ਸਿੱਖ ਗੁ.ਪ੍ਰਬੰਧਕ ਕਮੇਟੀ ਸ੍ਰ.ਬਲਵਿੰਦਰ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਸ. ਰੁਪਿੰਦਰ ਸਿੰਘ, ਸ. ਗੁਰਨਾਮ ਸਿੰਘ ਲਾਡੀ ਡਬਰੀ, (ਬਾਕੀ ਸਫਾ 2 'ਤੇ)

## ਸਿੱਖ ਪਰਿਵਾਰ ਤਿੰਨ ਜਾਂ ਉਸ ਤੋਂ ਵੱਧ ਬੱਚੇ ਪੈਦਾ ਕਰਨ ਬਾਰੇ ਸੋਚਣ: ਜਥੇ. ਗੜਗੱਜ

ਬਬਲੂ ਮਹਾਜਨ

================



ਅੰਮ੍ਰਿਤਸਰ, 24 ਜਨਵਰੀ : ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਪਾਵਨ ਸ਼ਹਾਦਤ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਗੁਰਤਾ ਗੱਦੀ ਦੇ 350 ਸਾਲ ਪੂਰੇ ਹੋਣ 'ਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ ਉਤੇ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾ ਰਹੇ ਹਨ, ਜੋ ਕਿ 24 ਤੇ 25 ਜਨਵਰੀ ਨੂੰ ਇੱਕ ਵੱਡੇ ਪੰਡਾਲ ਵਿੱਚ ਹੋ ਰਹੇ ਹਨ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਸ਼ਿਰਕਤ ਕੀਤੀ। ਇਸ ਦੌਰਾਨ ਜਥੇਦਾਰ ਗੜਗੱਜ ਨੇ ਸਿੱਖ ਕੌਮ ਦੀ ਲਗਾਤਾਰ ਘੱਟ ਰਹੀ ਆਬਾਦੀ 'ਤੇ ਗਹਿਰੀ ਚਿੰਤਾ ਜਤਾਈ ਹੈ। ਉਨ੍ਹਾਂ (ਬਾਕੀ ਸਫਾ 2 'ਤੇ)

## ਗਣਤੰਤਰ ਦਿਵਸ ਵਿਸ਼ੇਸ਼ ਅੰਕ

ਰੋਜ਼ਾਨਾ ਚੜ੍ਹਦੀਕਲਾ ਪਟਿਆਲਾ ਵੱਲੋਂ ਗਣਤੰਤਰ ਦਿਵਸ ਦੇ ਸ਼ੁਭ ਦਿਹਾੜੇ 'ਤੇ 26 ਜਨਵਰੀ 2026 ਦਿਨ ਸੋਮਵਾਰ ਨੂੰ ਇਕ ਵਿਸ਼ੇਸ਼ ਰੰਗਦਾਰ ਸਪਲੀਮੈਂਟ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ਼ਤਿਹਾਰਦਾਤਾ ਆਪਣੇ ਇਸ਼ਤਿਹਾਰ ਸਮੇਂ ਸਿਰ ਭੇਜਣ ਦੀ ਖੇਚਲ ਕਰਨ ਤਾਂ ਜੋ ਇਸ਼ਤਿਹਾਰਾਂ ਨੂੰ ਸੁੰਦਰ ਦਿਖ ਪ੍ਰਦਾਨ ਕੀਤੀ ਜਾ ਸਕੇ।

ਮੈਨੇਜਰ
92168-07500
E-mail:charhdikala@gmail.com

## ਚਾਈਨਾ ਡੋਰ ਨੇ ਲਈ ਤਰਨਜੋਤ ਸਿੰਘ ਦੀ ਜਾਨ

ਸਮਰਾਲਾ, 24 ਜਨਵਰੀ (ਚ.ਨ.ਸ.): ਲੁਧਿਆਣਾ ਜ਼ਿਲ੍ਹੇ ਅਧੀਨ ਆਉਂਦੇ ਪਿੰਡ ਰੋਹਲੇ ਦੇ ਇਕ ਮੋਟਰਸਾਈਕਲ ਸਵਾਰ ਨੌਜਵਾਨ ਦੀ ਚਾਈਨਾ ਡੋਰ ਦੀ ਲਪੇਟ ਵਿਚ ਆਉਣ ਕਾਰਨ ਮੌਤ ਹੋ ਗਈ। ਮ੍ਰਿਤਕ ਬੱਚੇ ਦੀ ਪਛਾਣ 15 ਸਾਲ ਦੇ ਤਰਨਜੋਤ ਸਿੰਘ ਵਜੋਂ ਹੋਈ ਹੈ। ਤਰਨਜੋਤ ਸਿੰਘ 10ਵੀਂ ਜਮਾਤ ਵਿਚ ਪੜ੍ਹਦਾ ਸੀ ਅਤੇ ਉਸ ਨਾਲ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਹ ਅੱਜ ਮੋਟਰ ਸਾਈਕਲ 'ਤੇ ਸਕੂਲ ਤੋਂ ਵਾਪਸ ਘਰ ਆ ਰਿਹਾ ਸੀ ਅਤੇ ਚਾਈਨਾ ਡੋਰ ਨਾਲ ਗਲ਼ਾ ਵੱਢੇ ਜਾਣ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਹਰਚੰਦ ਸਿੰਘ ਸਰਪੰਚ ਪਿੰਡ ਰੋਹਲੇ ਨੇ ਦੱਸਿਆ ਕਿ ਮੇਰੇ ਪੁੱਤਰ ਦੀ ਮੌਤ ਦਾ ਕਾਰਨ ਚਾਈਨਾ ਡੋਰ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪੁੱਤਰ ਸਕੂਲ ਤੋਂ (ਬਾਕੀ ਸਫਾ 2 'ਤੇ)












# ਗਣਤੰਤਰ ਦਿਵਸ ਦੇ ਮੱਦੇਨਜ਼ਰ ਹਥਿਆਰ ਤਸਕਰੀ ਮਾਡਿਊਲ ਨਾਲ ਜੁੜੇ ਤਿੰਨ ਵਿਅਕਤੀ ਅੰਮ੍ਰਿਤਸਰ ਤੋਂ ਕਾਬੂ; ਤਿੰਨ ਪਿਸਤੌਲ ਬਰਾਮਦ




ਚੰਡੀਗੜ/ਅੰਮ੍ਰਿਤਸਰ, 24 ਜਨਵਰੀ: (ਬਬਲੂ ਮਹਾਜਨ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਅਨੁਸਾਰ ਸ਼ਾਂਤੀਪੂਰਨ ਢੰਗ ਨਾਲ ਗਣਤੰਤਰ ਦਿਵਸ ਦੇ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਸੂਬੇ ਵਿੱਚ ਸਖ਼ਤ ਸੁਰੱਖਿਆ ਦੇ ਚਲਦਿਆਂ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦੇ ਤਿੰਨ ਮੁਲਜ਼ਮਾਂ ਨੂੰ, ਤਿੰਨ ਵਿਦੇਸ਼ੀ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ । ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮਨੀ,ਜੋ ਅੰਮ੍ਰਿਤਸਰ ਦੇ ਬਾਗਵਾਨਪੁਰ ਦਾ ਵਾਸੀ ਹੈ; ਸਹਿਜਪਾਲ ਸਿੰਘ,ਜੋ ਅੰਮ੍ਰਿਤਸਰ ਦੇ ਪਿੰਡ ਵਿਛੋਆ ਦਾ ਵਸਨੀਕ ਹੈ; ਅਤੇ ਦਿਲਜਨਪ੍ਰੀਤ ਸਿੰਘ,ਜੋ ਅੰਮ੍ਰਿਤਸਰ ਦੇ ਪਿੰਡ ਸ਼ਹਿਜ਼ਾਦਾ ਦਾ ਵਾਸੀ ਹੈ, ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਦੋ 9 ਐਮ.ਐਮ. ਪਿਸਤੌਲ ਅਤੇ ਇੱਕ .30 ਬੋਰ ਪਿਸਤੌਲ ਸਮੇਤ 15 ਜ਼ਿੰਦਾ ਕਾਰਤੂਸ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦਾ ਸਪਲੈਂਡਰ ਮੋਟਰਸਾਈਕਲ , ਜਿਸਦਾ ਰਜਿਸਟਰੇਸ਼ਨ ਨੰਬਰ ਪੀਬੀ02 ਈਟੀ 8857 ਹੈ,ਵੀ ਜ਼ਬਤ ਕੀਤਾ ਹੈ, ਜਿਸਦੀ ਵਰਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਢੋਆ-ਢੁਆਈ ਲਈ ਕੀਤੀ ਜਾ ਰਹੀ ਸੀ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਵਿਦੇਸ਼ੀ ਗੈਂਗਸਟਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ ਅਤੇ ਕਥਿਤ ਤੌਰ 'ਤੇ ਗੰਭੀਰ ਅਪਰਾਧਿਕ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਉਲੀਕ ਰਹੇ ਸਨ। ਕਾਰਵਾਈ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਉਨਾਂ ਕਿਹਾ ਕਿ ਪੁਲਿਸ ਨੂੰ ਲੋੜੀਂਦੇ ਅਪਰਾਧੀ ਮਨੀ ਅਤੇ ਉਸਦੇ ਸਾਥੀਆਂ ਕੋਲ ਗੈਰ-ਕਾਨੂੰਨੀ ਹਥਿਆਰ ਹੋਣ ਅਤੇ ਇਲਾਕੇ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਉਣ ਬਾਰੇ ਪੁਖ਼ਤਾ ਇਤਲਾਹ ਮਿਲੀ ਸੀ , ਜਿਸ 'ਤੇ ਕਾਰਵਾਈ ਕਰਦਿਆਂ ਸੀ.ਆਈ. ਅੰਮ੍ਰਿਤਸਰ ਦੀਆਂ ਟੀਮਾਂ ਨੇ ਉਕਤ ਮੁਲਜ਼ਮਾਂ ਨੂੰ ਉਦੋਂ ਘੇਰ ਲਿਆ ਜਦੋਂ ਉਹ ਅੰਮ੍ਰਿਤਸਰ-ਫਤਿਹਗੜ ਚੂੜੀਆਂ ਰੋਡ 'ਤੇ ਪਿੰਡ ਮੁਰਾਦਪੁਰਾ ਵੱਲ ਜਾ ਰਹੇ ਸਨ। ਜਾਣਕਾਰੀ ਮੁਤਾਬਿਕ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਮਨੀ, ਅਕਤੂਬਰ 2025 ਵਿੱਚ ਪੁਲਿਸ ਥਾਣਾ ਐਸ.ਐਸ.ਓ.ਸੀ. ਅੰਮ੍ਰਿਤਸਰ ਵਿਖੇ ਗੈਰ-ਕਾਨੂੰਨੀ ਹਥਿਆਰਾਂ ਦੀ ਬਰਾਮਦਗੀ ਤੋਂ ਬਾਅਦ ਦਰਜ ਕੀਤੇ ਗਏ ਅਸਲਾ ਐਕਟ ਦੇ ਮਾਮਲੇ ਵਿੱਚ ਵੀ ਪੰਜਾਬ ਪੁਲਿਸ ਨੂੰ ਲੋੜੀਂਦਾ ਸੀ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਪੂਰੀ ਸਪਲਾਈ ਚੇਨ ਦਾ ਪਤਾ ਲਗਾਉਣ ਅਤੇ ਅਗਲੇ-ਪਿਛਲੇ ਸਬੰਧ , ਜਿਸ ਵਿੱਚ ਸਰਹੱਦ ਪਾਰ ਦੇ ਸੰਭਾਵੀ ਸੰਪਰਕ ਵੀ ਸ਼ਾਮਲ ਹਨ, ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਅਸਲਾ ਐਕਟ ਦੀ ਧਾਰਾ 25 ਅਤੇ 25(1)(ਏ) ਅਤੇ ਬੀਐਨਐਸ ਐਕਟ ਦੀ ਧਾਰਾ 61(2) ਦੇ ਤਹਿਤ ਪੁਲਿਸ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਐਫਆਈਆਰ ਨੰਬਰ 4 ਮਿਤੀ 23-01-2026 ਨੂੰ ਕੇਸ ਦਰਜ ਕੀਤਾ ਗਿਆ ਹੈ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ 10 ਲੱਖ ਦੇ ਲਾਭ ਸਦਕਾ ਹੁਣ ਕਿਸੇ ਨੂੰ ਮਹਿੰਗੇ ਇਲਾਜ ਕਾਰਨ ਕਰਜ਼ੇ ਹੇਠ ਨਹੀਂ ਆਉਣਾ ਪਵੇਗਾ: ਡਿਪਟੀ ਸਪੀਕਰ ਰੌੜੀ



ਚੰਡੀਗੜ/ਗੜਸ਼ੰਕਰ/ਹੁਸ਼ਿਆਰਪੁਰ, 24 ਜਨਵਰੀ: ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਗੜਸ਼ੰਕਰ ਤੋਂ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਅੱਜ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਨਾਲ ਸਿੱਧਾ ਸੰਪਰਕ ਕੀਤਾ ਗਿਆ। ਇਸ ਦੌਰਾਨ ਉਨਾਂ ਨੇ ਪਿੰਡ ਪੱਧਰ 'ਤੇ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਸਰਕਾਰ ਦੀਆਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸਮੇਤ ਹੋਰਨਾਂ ਲੋਕ-ਹਿਤੈਸ਼ੀ ਨੀਤੀਆਂ ਅਤੇ ਚੱਲ ਰਹੀਆਂ ਵਿਕਾਸ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਪਿੰਡ ਵਾਸੀਆਂ ਵੱਲੋਂ ਡਿਪਟੀ ਸਪੀਕਰ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਡਿਪਟੀ ਸਪੀਕਰ ਰੋੜੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ। ਸਿਹਤ, ਸਿੱਖਿਆ, ਬੁਨਿਆਦੀ ਢਾਂਚੇ ਅਤੇ ਰੋਜ਼ਗਾਰ ਦੇ ਖੇਤਰ ਵਿੱਚ ਲਏ ਗਏ ਇਤਿਹਾਸਕ ਫ਼ੈਸਲੇ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਸਕਾਰਾਤਮਕ ਬਦਲਾਅ ਲਿਆ ਰਹੇ ਹਨ। ਉਨਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਪਿੰਡਾਂ ਦੀ ਸਮੂਹਿਕ ਤਰੱਕੀ ਅਤੇ ਲੋਕਾਂ ਦੀ ਜੀਵਨ-ਸ਼ੈਲੀ ਨੂੰ ਸੁਧਾਰਨਾ ਹੈ। ਇਸ ਮੌਕੇ ਡਿਪਟੀ ਸਪੀਕਰ ਰੋੜੀ ਨੇ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਗਈ 10 ਲੱਖ ਰੁਪਏ ਦੀ ਕੈਸ਼ਲੈੱਸ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਯੋਜਨਾ ਤਹਿਤ ਹਰ ਪਰਿਵਾਰ ਨੂੰ ਵੱਡੀਆਂ ਬਿਮਾਰੀਆਂ ਦੇ ਇਲਾਜ ਲਈ ਵਿੱਤੀ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਇਸ ਯੋਜਨਾ ਅਧੀਨ ਹੁਣ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਦੀ ਸਹੂਲਤ ਮਿਲ ਰਹੀ ਹੈ, ਜਿਸ ਨਾਲ ਹੁਣ ਕਿਸੇ ਨੂੰ ਮਹਿੰਗੇ ਇਲਾਜ ਕਾਰਨ ਕਰਜ਼ੇ ਹੇਠ ਨਹੀਂ ਆਉਣਾ ਪਵੇਗਾ। ਡਿਪਟੀ ਸਪੀਕਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਸਿਹਤ ਕਾਰਡ ਜ਼ਰੂਰ ਬਣਵਾਉਣ ਅਤੇ ਇਸ ਯੋਜਨਾ ਦਾ ਪੂਰਾ ਲਾਭ ਲੈਣ। ਉਨਾਂ ਦੱਸਿਆ ਕਿ ਸਿਹਤ ਕਾਰਡ ਬਣਾਉਣ ਦੀ ਪ੍ਰਕਿਰਿਆ ਬਹੁਤ ਸੌਖੀ ਹੈ ਅਤੇ ਪਿੰਡ ਪੱਧਰ 'ਤੇ ਕੈਂਪ ਲਗਾ ਕੇ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ। ਨਾਲ ਹੀ, ਉਨਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੋਈ ਵੀ ਯੋਗ ਪਰਿਵਾਰ ਇਸ ਯੋਜਨਾ ਤੋਂ ਵਾਂਝਿਤ ਨਾ ਰਹਿ ਜਾਵੇ। ਉਨਾਂ ਕਿਹਾ ਕਿ ਲੋਕਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣਾ ਹੀ ਲੋਕਤੰਤਰ ਦੀ ਅਸਲੀ ਤਾਕਤ ਹੈ।

ਇਸ ਮੌਕੇ ਸੀਨੀਅਰ ਆਗੂ, ਬਲਾਕ ਅਤੇ ਪਿੰਡ ਪੱਧਰ ਦੇ ਵਰਕਰ, ਪੰਚਾਇਤੀ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਸਮਾਗਮ ਦੌਰਾਨ ਆਉਣ ਵਾਲੇ ਸਮੇਂ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

# ਹਰਭਜਨ ਸਿੰਘ ਈ.ਟੀ.ਓ. ਵੱਲੋਂ ਸੂਬੇ ਵਿੱਚ ਸੜਕੀ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ ਲੋਕ ਨਿਰਮਾਣ ਵਿਭਾਗ ਦੇ ਕੰਮਾਂ ਦਾ ਜਾਇਜ਼ਾ

**ਲੋਕ ਨਿਰਮਾਣ ਮੰਤਰੀ ਵਲੋਂ ਨਾਨ-ਬਿਟੂਮਿਨਸ ਕਾਰਜ 10 ਫਰਵਰੀ, 2026 ਤੱਕ ਹਰ ਪੱਖੋਂ ਮੁਕੰਮਲ ਕਰਨ ਦੇ ਹੁਕਮ**



ਚੰਡੀਗੜ, 24 ਜਨਵਰੀ : (ਅੰਮ੍ਰਿਤਪਾਲ ਸਿੰਘ) ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਵੱਲੋਂ ਸੂਬੇ ਵਿੱਚ ਸੜਕੀ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ ਕੀਤੇ ਜਾ ਰਹੇ ਕੰਮਾਂ ਦੀ ਸਥਿਤੀ ਦਾ ਪੜਾਅਵਾਰ ਜਾਇਜ਼ਾ ਲਿਆ। ਉਨਾਂ ਨੇ ਲਿੰਕ ਸੜਕਾਂ ਅਤੇ ਪਲਾਨ ਰੋਡਜ਼ ਦੀ ਪ੍ਰਗਤੀ 'ਤੇ ਵਿਸਥਾਰਪੂਰਵਕ ਚਰਚਾ ਕੀਤੀ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਨੂੰ ਦੇਸ਼ ਦਾ ਸਭ ਤੋਂ ਵਧੀਆ ਸੜਕੀ ਨੈੱਟਵਰਕ ਪ੍ਰਦਾਨ ਕਰਨ ਲਈ ਦ੍ਰਿੜਤਾ ਨਾਲ ਵਚਨਬੱਧ ਹੈ। ਉਨਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ ਸੂਬਾ ਸਰਕਾਰ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਤਰਜੀਹ ਦੇ ਰਹੀ ਹੈ ਤਾਂ ਜੋ ਨਿਰਵਿਘਨ ਸੜਕੀ ਸੰਪਰਕ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਦਿੱਤਾ ਜਾ ਸਕੇ, ਜਿਸ ਨਾਲ ਹਰੇਕ ਨਾਗਰਿਕ ਦਾ ਜੀਵਨ ਸੁਖਾਲਾ ਹੋਵੇਗਾ। ਕੈਬਨਿਟ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਸਾਰੇ ਨਾਨ-ਬਿਟੂਮਿਨਸ ਕਾਰਜ 10 ਫਰਵਰੀ, 2026 ਤੱਕ ਹਰ ਪੱਖੋਂ ਮੁਕੰਮਲ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ। ਉਨਾਂ ਕਿਹਾ ਕਿ ਜਿਵੇਂ ਹੀ ਮੌਸਮ ਅਨੁਕੂਲ ਹੁੰਦਾ ਹੈ ਤਾਂ ਬਿਟੂਮਿਨਸ ਨਾਲ ਸਬੰਧਤ ਸਾਰੇ ਕਾਰਜ ਵੀ ਜਲਦ ਤੋਂ ਜਲਦ ਨੇਪਰੇ ਚਾੜੇ ਜਾਣ। ਉਨਾਂ ਕਿਹਾ ਕਿ ਸਰਕਾਰ ਦੁਆਰਾ ਨਿਰਧਾਰਤ ਵਿੱਤੀ ਅਤੇ ਭੌਤਿਕ (ਫਿਜ਼ੀਕਲ) ਟੀਚਿਆਂ ਦੀ ਪ੍ਰਾਪਤੀ ਲਈ ਠੋਸ ਯਤਨ ਕੀਤੇ ਜਾਣ। ਇਸਦੇ ਨਾਲ ਹੀ ਉਨਾਂ ਕਿਹਾ ਕਿ ਠੇਕੇਦਾਰਾਂ ਦੇ ਬਿੱਲ 20 ਮਾਰਚ, 2026 ਤੱਕ ਪੇਸ਼ ਕਰਨੇ ਯਕੀਨੀ ਬਣਾਏ ਜਾਣ ਤਾਂ ਜੋ ਇਨਾਂ ਦੇ ਨਿਬੇੜੇ ਵਿੱਚ ਕੋਈ ਦੇਰੀ ਜਾਂ ਮੁਸ਼ਕਲ ਦਰਪੇਸ਼ ਨਾ ਆਵੇ। ਮੀਟਿੰਗ ਵਿੱਚ ਇੰਜੀਨੀਅਰ-ਇਨ-ਚੀਫ਼ ਗਗਨਦੀਪ ਸਿੰਘ, ਚੀਫ਼ ਇੰਜੀਨੀਅਰ ਅਨਿਲ ਗੁਪਤਾ ਅਤੇ ਪੀ.ਡਬਲਯੂ.ਡੀ. ਦੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਸਨ।

# ਸਪੀਕਰ ਵੱਲੋਂ ਕੌਮੀ ਬਾਲੜੀ ਦਿਵਸ ਮੌਕੇ 'ਤੇ ਸਾਰੀਆਂ ਧੀਆਂ ਨੂੰ ਨਿੱਘੀਆਂ ਸ਼ੁਭਕਾਮਨਾਵਾਂ




ਚੰਡੀਗੜ 24 ਜਨਵਰੀ : (ਚ.ਨ.ਸ.) ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਕੌਮੀ ਬਾਲੜੀ ਦਿਵਸ ਮੌਕੇ 'ਤੇ ਦੁਨੀਆ ਭਰ ਦੀਆਂ ਸਾਰੀਆਂ ਧੀਆਂ ਨੂੰ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ ਹਨ।

ਉਨਾਂ ਨੇ ਕੌਮੀ ਬਾਲੜੀ ਦਿਵਸ ਦੇ ਮੌਕੇ ਆਪਣੀ ਧੀ ਨਾਲ ਇੱਕ ਤਸਵੀਰ ਸਾਂਝੀ ਕੀਤੀ ਅਤੇ ਲਿਖਿਆ: ਧੀਆਂ ਨੂੰ ਅਸਮਾਨ ਦਿਓ, ਉਹ ਤਾਰਿਆਂ ਵਾਂਗ ਚਮਕਣਗੀਆਂ। ਸਾਰੀਆਂ ਧੀਆਂ ਨੂੰ ਕੌਮੀ ਬਾਲੜੀ ਦਿਵਸ ਦੀਆਂ ਵਧਾਈਆਂ, ਆਓ ਅਸੀਂ ਮਿਲ ਕੇ ਲੜਕੀਆਂ ਦੇ ਸੁਰੱਖਿਅਤ ਅਤੇ ਉੱਜਵਲ ਭਵਿੱਖ ਲਈ ਰਾਹ ਪੱਧਰਾ ਕਰੀਏ।

ਉਨਾਂ ਕਿਹਾ ਕਿ ਧੀਆਂ ਸਾਡੇ ਦੇਸ਼ ਦਾ ਮਾਣ ਹਨ ਅਤੇ ਇਹ ਹਰ ਮਾਤਾ-ਪਿਤਾ ਦਾ ਫਰਜ਼ ਹੋਣਾ ਚਾਹੀਦਾ ਹੈ ਕਿ ਉਹ ਉਨਾਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਤਾਂ ਜੋ ਉਹ ਕਿਸੇ ਵੀ ਖੇਤਰ 'ਚ ਪਿੱਛੇ ਨਾ ਰਹਿਣ।

# ਅਕਾਲੀ ਦਲ ਸਾਰੇ ਹਲਕਿਆਂ ਵਿਚ ਰੈਲੀਆਂ ਕਰ ਕੇ ਪੰਜਾਬੀਆਂ ਨੂੰ ਪੰਜਾਬ ਦੇ ਵਿਕਾਸ ਵਿਚ ਪਾਰਟੀ ਵੱਲੋਂ ਨਿਭਾਈ ਭੂਮਿਕਾ ਤੋਂ ਜਾਣੂ ਕਰਵਾਏਗਾ

**ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਪਾਰਟੀ ਮੀਟਿੰਗ ਵੱਲੋਂ ਅਕਾਲੀ ਦਲ ਦਾ ਜਥੇਬੰਦਕ ਢਾਂਚਾ 10 ਫਰਵਰੀ ਤੱਕ ਮੁਕੰਮਲ ਕਰਨ ਦਾ ਵੀ ਫੈਸਲਾ**

ਚੰਡੀਗੜ੍ਹ, 24 ਜਨਵਰੀ: ਸ਼੍ਰੋਮਣੀ ਅਕਾਲੀ ਦਲ ਨੇ ਅੱਜ ਐਲਾਨ ਕੀਤਾ ਕਿ ਪਾਰਟੀ ਵੱਲੋਂ ਅਗਲੇ ਮਹੀਨੇ ਤੋਂ ਸੂਬੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਰੈਲੀਆਂ ਕਰ ਕੇ ਪੰਜਾਬੀਆਂ ਨੂੰ ਪੰਜਾਬ ਦੇ ਵਿਕਾਸ ਵਿਚ ਅਕਾਲੀ ਦਲ ਵੱਲੋਂ ਨਿਭਾਈ ਭੂਮਿਕਾ ਤੋਂ ਜਾਣੂ ਕਰਵਾਇਆ ਜਾਵੇਗਾ ਅਤੇ ਨਾਲ ਹੀ ਸੂਬੇ ਵਿਚ 2027 ਵਿਚ ਸਰਕਾਰ ਬਣਨ 'ਤੇ ਸੂਬੇ ਲਈ ਦੂਰਅੰਦੇਸ਼ੀ ਸੋਚ ਤੋਂ ਵੀ ਜਾਣੂ ਕਰਵਾਇਆ ਜਾਵੇਗਾ। ਇਹ ਫੈਸਲਾ ਅੱਜ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਹਲਕਾ ਇੰਚਾਰਜਾਂ ਦੀ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ।ਇਸ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਮੀਟਿੰਗ ਵਿਚ ਜ਼ੋਰ ਦੇ ਕੇ ਕਿਹਾ ਕਿ ਸਮੇਂ ਦੀਆਂ ਅਕਾਲੀ ਦਲ ਦੀਆਂ ਸਰਕਾਰਾਂ ਨੇ ਸੂਬੇ ਵਿਚ ਅਣਕਿਆਸਾ ਵਿਕਾਸ ਕੀਤਾ ਹੈ ਭਾਵੇਂ ਉਹ ਸੂਬੇ ਨੂੰ ਬਿਜਲੀ ਸਰਪਲੱਸ ਬਣਾਉਣ ਦਾ ਮਾਮਲਾ ਹੋਵੇ, ਸਾਰੇ ਸ਼ਹਿਰਾਂ ਨੂੰ ਚਹੁੰ ਮਾਰਗੀ ਸੜਕਾਂ ਨਾਲ ਜੋੜਨ, ਨਵੇਂ ਥਰਮਲ ਪਲਾਂਟ ਅਤੇ ਹਵਾਈ ਅੱਡੇ ਸਥਾਪਿਤ ਕਰਨ ਜਾਂ ਫਿਰ ਪੇਂਡੂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣ ਦਾ ਹੋਵੇ। ਡਾ. ਚੀਮਾ ਨੇ ਕਿਹਾ ਕਿ ਇਹ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਕਾਂਗਰਸ ਅਤੇ ਮੌਜੂਦਾ ਆਮ ਆਦਮੀ ਪਾਰਟੀ (ਆਪ) ਦੋਵਾਂ ਸਰਕਾਰਾਂ ਨੇ ਬੁਨਿਆਦੀ ਢਾਂਚੇ ਦਾ ਇਕ ਵੀ ਨਵਾਂ ਢਾਂਚੇ ਖੜ੍ਹਾ ਨਹੀਂ ਕੀਤਾ ਜਿਸ ਕਾਰਨ ਸੂਬੇ ਨੂੰ ਵੱਡਾ ਨੁਕਸਾਨ ਹੋਇਆ ਹੈ। ਉਹਨਾਂ ਕਿਹਾ ਕਿ ਅਸੀਂ ਸੂਬੇ ਵਿਚ ਮੁੜ ਤੋਂ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਅਤੇ ਬੁਨਿਆਦੀ ਢਾਂਚੇ ਦੀ ਸਿਰਜਣਾ ਨਾਲ ਪੰਜਾਬ ਨੂੰ ਅੱਗੇ ਲੈ ਕੇ ਜਾਣ ਵਾਸਤੇ ਦ੍ਰਿੜ੍ਹ ਹਾਂ। ਡਾ. ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀ ਦਲ ਪੰਜਾਬੀਆਂ ਨੂੰ ਅਪੀਲ ਕਰੇਗਾ ਕਿ ਉਹ ਆਪਣੀ ਖੇਤਰੀ ਪਾਰਟੀ ਦੀ ਹਮਾਇਤ ਕਰਨ। ਉਹਨਾਂ ਕਿਹਾ ਕਿ ਅਕਾਲੀ ਦਲ ਆਪ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਅਤੇ ਫੈਸਲਿਆਂ ਖਿਲਾਫ ਲੋਕ ਲਹਿਰ ਵੀ ਖੜ੍ਹੀ ਕਰੇਗਾ। ਅਸੀਂ ਪੰਜਾਬੀਆਂ ਨੂੰ ਭਰੋਸਾ ਦੁਆਉਂਦੇ ਹਾਂ ਕਿ ਪੰਜਾਬ ਨੂੰ ਮੌਜੂਦਾ ਕਾਨੂੰਨ ਹੀਣਤਾ ਦੇ ਦੌਰ ਵਿਚੋਂ ਕੱਢ ਕੇ ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਦੀ ਸ਼ੁਰੂਆਤ ਕੀਤੀਜਾਵੇਗੀ ਅਤੇ ਪੰਜਾਬ ਵਿਚ ਨਿਵੇਸ਼ ਵਾਪਸ ਲਿਆ ਕੇ ਨੌਜਵਾਨਾਂ ਵਾਸਤੇ ਨੌਕਰੀਆਂ ਦੀ ਸਿਰਜਣਾ ਕੀਤੀ ਜਾਵੇਗੀ। ਮੀਟਿੰਗ ਨੇ ਇਹ ਵੀ ਫੈਸਲਾ ਲਿਆ ਕਿ ਸਮੁੱਚਾ ਜਥੇਬੰਦਕ ਢਾਂਚਾ 10 ਫਰਵਰੀ ਤੱਕ ਮੁਕੰਮਲ ਕਰ ਲਿਆ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਬੂਥ ਪੱਧਰੀ ਕਮੇਟੀਆਂ ਵੀ ਸਥਾਪਿਤ ਕੀਤੀਆਂ ਜਾਣਗੀਆਂ ਅਤੇ ਯੂਥ ਅਕਾਲੀ ਦਲ, ਇਸਤਰੀ ਅਕਾਲੀ ਦਲ, ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਵਪਾਰ ਵਿੰਗ ਸਮੇਤ ਪਾਰਟੀ ਦੇ ਸਮੁੱਚੇ ਵਿੰਗਾਂ ਦਾ ਢਾਂਚਾ ਵੀ ਖੜ੍ਹਾ ਕੀਤਾ ਜਾਵੇਗਾ। ਇਹ ਵੀ ਫੈਸਲਾ ਕੀਤਾ ਗਿਆ ਕਿ ਜਿਹੜੇ ਸਾਰੇ ਆਗੂਆਂ ਨੇ ਹਾਲ ਹੀ ਵਿਚ ਹੋਈਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਅਹਿਮ ਭੂਮਿਕਾ ਅਦਾ ਕੀਤੀ ਉਹਨਾਂ ਨੂੰ ਜਥੇਬੰਦਕ ਢਾਂਚੇ ਵਿਚ ਅਹਿਮ ਭੂਮਿਕਾ ਦਿੱਤੀ ਜਾਵੇਗੀ।

# ਸਪੀਕਰ ਨੇ ਵਾਰਾਣਸੀ ਵਿਖੇ ਧਾਰਮਿਕ ਸਥਾਨਾਂ ਦੇ ਦਰਸ਼ਨ ਕੀਤੇ



ਚੰਡੀਗੜ 24 ਜਨਵਰੀ : (ਅੰਮ੍ਰਿਤਪਾਲ ਸਿੰਘ) ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਉੱਤਰ ਪ੍ਰਦੇਸ਼ ਦੇ ਪਾਵਨ ਨਗਰ ਵਾਰਾਣਸੀ ਪੁੱਜ ਕੇ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕੀਤੇ ਅਤੇ ਬਾਬਾ ਕਾਸ਼ੀ ਵਿਸ਼ਵਨਾਥ ਮੰਦਰ ਵਿੱਚ ਮੱਥਾ ਵੀ ਟੇਕਿਆ। ਇਹ ਮੰਦਰ ਪਵਿੱਤਰ ਗੰਗਾ ਨਦੀ ਦੇ ਕੰਢੇ ਸਥਿਤ ਹੈ, ਜੋ ਨਾ ਸਿਰਫ ਆਸਥਾ ਦਾ ਕੇਂਦਰ ਹੈ ਸਗੋਂ ਸਾਡੀ ਸ਼ਾਨਦਾਰ ਵਿਰਾਸਤ ਅਤੇ ਆਧੁਨਿਕਤਾ ਦਾ ਸ਼ਾਨਦਾਰ ਸੁਮੇਲ ਵੀ ਹੈ। ਉਨਾਂ ਨੇ ਵਾਰਾਨਸੀ (ਯੂ.ਪੀ.) ਵਿੱਚ ਗੁਰੂ ਕਾ ਬਾਗ ਗੁਰਦੁਆਰਾ ਸਾਹਿਬ ਵਿਖੇ ਵੀ ਨਤਮਤਸਕ ਹੋਏ ਇਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਹੈ। ਸਪੀਕਰ ਨੇ ਸਾਰੇ ਪੰਜਾਬੀਆਂ ਦੀ ਭਲਾਈ ਲਈ ਵੀ ਅਰਦਾਸ ਕੀਤੀ। ਸ. ਸੰਧਵਾਂ ਨੇ ਵਾਰਾਨਸੀ ਦੀ ਪਵਿੱਤਰ ਧਰਤੀ ਬਾਰੇ ਕਿਹਾ ਕਿ ਉਨਾਂ ਨੂੰ ਇੱਥੇ ਪੁੱਜ ਕੇ ਅਥਾਹ ਸ਼ਾਂਤੀ ਅਤੇ ਸੁਕੂਨ ਮਹਿਸੂਸ ਹੋਈ ਹੈ। ਇਹ ਉਹੀ ਇਤਿਹਾਸਕ ਸਥਾਨ ਹੈ ਜਿਸਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਦੌਰਾਨ ਭਾਗ ਲਾਏ ਸਨ ਅਤੇ ਪੰਡਿਤ ਚਤੁਰ ਦਾਸ ਨਾਲ ਵਿਚਾਰ-ਵਟਾਂਦਰਾ ਕਰਦਿਆਂ ਉਨਾਂ ਨੂੰ 'ਓਂਕਾਰ' ਬਾਣੀ ਰਾਹੀਂ ਸੱਚ ਦਾ ਮਾਰਗ ਦਿਖਾਇਆ ਸੀ। ਇਸ ਦੌਰਾਨ ਸਪੀਕਰ ਸੰਧਵਾਂ ਨੇ 'ਬੇਗਮਪੁਰਾ' ਦਾ ਸੰਕਲਪ ਦੇਣ ਵਾਲੇ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਦੇ ਪਵਿੱਤਰ ਜਨਮ ਸਥਾਨ, ਸੀਰ ਗੋਵਰਧਨਪੁਰ ਵਿਖੇ ਵੀ ਮੱਥਾ ਟੇਕਿਆ।

'ਬੇਗਮਪੁਰਾ' ਤੋਂ ਭਗਤ ਰਵਿਦਾਸ ਜੀ ਦਾ ਭਾਵ ਸੀ ਉਹ ਥਾਂ ਜਿੱਥੇ ਕੋਈ ਗ਼ਮ ਜਾਂ ਦੁੱਖ ਨਾ ਹੋਵੇ, ਕੋਈ ਭੇਦਭਾਵ ਅਤੇ ਕੋਈ ਅਨਿਆਂ ਨਾ ਹੋਵੇ। ਆਓ ਅਸੀਂ ਉਨਾਂ ਦੁਆਰਾ ਦਰਸਾਏ ਮਾਰਗ 'ਤੇ ਚੱਲਣ ਦਾ ਯਤਨ ਕਰੀਏ ਅਤੇ ਜਾਤ-ਪਾਤ ਦੇ ਬੰਧਨਾਂ ਤੋਂ ਉੱਪਰ ਉੱਠ ਕੇ ਭਾਈਚਾਰਕ ਸਾਂਝ ਵਧਾਈਏ।

# ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਦਸਤਾਰ ਸਜਾਉਣ ਮੁਕਾਬਲਾ



ਨਵੀਂ ਦਿੱਲੀ 24 ਜਨਵਰੀ, (ਚ.ਨ.ਸ.);

ਸਰਦਾਰ ਹਰਮੀਤ ਸਿੰਘ ਕਾਲਕਾ, ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪਾਵਨ ਜਨਮ ਦਿਹਾੜੇ ਨੂੰ ਸਮਰਪਿਤ ਦਸਤਾਰ ਸਜਾਉਣ ਦਾ ਵਿਸ਼ਾਲ ਮੁਕਾਬਲਾ 26 ਜਨਵਰੀ 2026, ਦਿਨ ਸੋਮਵਾਰ ਨੂੰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ, ਸਰੋਵਰ ਦੀ ਪਰਿਕਰਮਾ ਵਿੱਚ ਕਰਵਾਇਆ ਜਾ ਰਿਹਾ ਹੈ। ਸਰਦਾਰ ਕਾਲਕਾ ਨੇ ਕਿਹਾ ਕਿ ਦਸਤਾਰ ਸਿਰਫ਼ ਸਿੱਖ ਦੀ ਪਹਿਚਾਣ ਹੀ ਨਹੀਂ, ਸਗੋਂ ਸ਼ਹਾਦਤ, ਸਵੈਮਾਨ ਅਤੇ ਧਰਮ ਨਾਲ ਅਟੁੱਟ ਨਿਸ਼ਠਾ ਦਾ ਪ੍ਰਤੀਕ ਹੈ। ਇਸ ਮੁਕਾਬਲੇ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਗੁਰੂਆਂ ਦੀ ਵਿਰਾਸਤ ਨਾਲ ਜੋੜਨਾ ਅਤੇ ਸਿੱਖੀ ਮੁੱਲਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਬੱਚਿਆਂ ਵਿੱਚੋਂ ਜੇਤੂਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ ਤਾਂ ਜੋ ਬੱਚਿਆਂ ਵਿੱਚ ਆਤਮ ਵਿਸ਼ਵਾਸ ਅਤੇ ਸਿੱਖੀ ਪ੍ਰਤੀ ਗੌਰਵ ਦੀ ਭਾਵਨਾ ਹੋਰ ਮਜ਼ਬੂਤ ਹੋ ਸਕੇ। ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸਮੂਹ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਇਸ ਪਾਵਨ ਮੁਕਾਬਲੇ ਵਿੱਚ ਸ਼ਾਮਿਲ ਕਰਵਾ ਕੇ ਉਨ੍ਹਾਂ ਨੂੰ ਸਿੱਖੀ ਨਾਲ ਜੋੜਨ ਅਤੇ ਗੁਰੂਆਂ ਦੀ ਮਹਾਨ ਵਿਰਾਸਤ ਨੂੰ ਅੱਗੇ ਵਧਾਉਣ ਵਿੱਚ ਆਪਣਾ ਯੋਗਦਾਨ ਪਾਇਆ ਜਾਵੇ।

# ਗਣਤੰਤਰ ਦਿਵਸ ਦੇ ਮੱਦੇਨਜ਼ਰ ਹਥਿਆਰ ਤਸਕਰੀ ਮਾਡਿਊਲ ਨਾਲ ਜੁੜੇ ਤਿੰਨ ਵਿਅਕਤੀ ਅੰਮ੍ਰਿਤਸਰ ਤੋਂ ਕਾਬੂ; ਤਿੰਨ ਪਿਸਤੌਲ ਬਰਾਮਦ*

ਅੰਮਿਤਸਰ, 24 ਜਨਵਰੀ (ਬਬਲੂ ਮਹਾਜਨ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਅਨੁਸਾਰ ਸ਼ਾਂਤੀਪੂਰਨ ਢੰਗ ਨਾਲ ਗਣਤੰਤਰ ਦਿਵਸ ਦੇ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਸੂਬੇ ਵਿੱਚ ਸਖ਼ਤ ਸੁਰੱਖਿਆ ਦੇ ਚਲਦਿਆਂ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦੇ ਤਿੰਨ ਮੁਲਜ਼ਮਾਂ ਨੂੰ, ਤਿੰਨ ਵਿਦੇਸ਼ੀ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ । ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮਨੀ,ਜੋ ਅੰਮ੍ਰਿਤਸਰ ਦੇ ਬਾਗਵਾਨਪੁਰ ਦਾ ਵਾਸੀ ਹੈ; ਸਹਿਜਪਾਲ ਸਿੰਘ,ਜੋ ਅੰਮ੍ਰਿਤਸਰ ਦੇ ਪਿੰਡ ਵਿਛੋਆ ਦਾ ਵਸਨੀਕ ਹੈ; ਅਤੇ ਦਿਲਜਨਪ੍ਰੀਤ ਸਿੰਘ,ਜੋ ਅੰਮ੍ਰਿਤਸਰ ਦੇ ਪਿੰਡ ਸ਼ਹਿਜ਼ਾਦਾ ਦਾ ਵਾਸੀ ਹੈ, ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਦੋ 9 ਐਮ.ਐਮ. ਪਿਸਤੌਲ ਅਤੇ ਇੱਕ .30 ਬੋਰ ਪਿਸਤੌਲ ਸਮੇਤ 15 ਜ਼ਿੰਦਾ ਕਾਰਤੂਸ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦਾ ਸਪਲੈਂਡਰ ਮੋਟਰਸਾਈਕਲ , ਜਿਸਦਾ ਰਜਿਸਟਰੇਸ਼ਨ ਨੰਬਰ ਪੀਬੀ02 ਈਟੀ 8857 ਹੈ,ਵੀ ਜ਼ਬਤ ਕੀਤਾ ਹੈ, ਜਿਸਦੀ ਵਰਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਢੋਆ-ਢੁਆਈ ਲਈ ਕੀਤੀ ਜਾ ਰਹੀ ਸੀ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਵਿਦੇਸ਼ੀ ਗੈਂਗਸਟਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ ਅਤੇ ਕਥਿਤ ਤੌਰ 'ਤੇ ਗੰਭੀਰ ਅਪਰਾਧਿਕ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਉਲੀਕ ਰਹੇ ਸਨ। ਕਾਰਵਾਈ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਪੁਲਿਸ ਨੂੰ ਲੋੜੀਂਦੇ ਅਪਰਾਧੀ ਮਨੀ ਅਤੇ ਉਸਦੇ ਸਾਥੀਆਂ ਕੋਲ ਗੈਰ-ਕਾਨੂੰਨੀ ਹਥਿਆਰ ਹੋਣ ਅਤੇ ਇਲਾਕੇ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਉਣ ਬਾਰੇ ਪੁਖ਼ਤਾ ਇਤਲਾਹ ਮਿਲੀ ਸੀ , ਜਿਸ 'ਤੇ ਕਾਰਵਾਈ ਕਰਦਿਆਂ ਸੀ.ਆਈ. ਅੰਮ੍ਰਿਤਸਰ ਦੀਆਂ ਟੀਮਾਂ ਨੇ ਉਕਤ ਮੁਲਜ਼ਮਾਂ ਨੂੰ ਉਦੋਂ ਘੇਰ ਲਿਆ ਜਦੋਂ ਉਹ ਅੰਮ੍ਰਿਤਸਰ-ਫਤਿਹਗੜ੍ਹ ਚੂੜੀਆਂ ਰੋਡ 'ਤੇ ਪਿੰਡ ਮੁਰਾਦਪੁਰਾ ਵੱਲ ਜਾ ਰਹੇ ਸਨ। ਜਾਣਕਾਰੀ ਮੁਤਾਬਿਕ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਮਨੀ, ਅਕਤੂਬਰ 2025 ਵਿੱਚ ਪੁਲਿਸ ਥਾਣਾ ਐਸ.ਐਸ.ਓ.ਸੀ. ਅੰਮ੍ਰਿਤਸਰ ਵਿਖੇ ਗੈਰ-ਕਾਨੂੰਨੀ ਹਥਿਆਰਾਂ ਦੀ ਬਰਾਮਦਗੀ ਤੋਂ ਬਾਅਦ ਦਰਜ ਕੀਤੇ ਗਏ ਅਸਲਾ ਐਕਟ ਦੇ ਮਾਮਲੇ ਵਿੱਚ ਵੀ ਪੰਜਾਬ ਪੁਲਿਸ ਨੂੰ ਲੋੜੀਂਦਾ ਸੀ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਪੂਰੀ ਸਪਲਾਈ ਚੇਨ ਦਾ ਪਤਾ ਲਗਾਉਣ ਅਤੇ ਅਗਲੇ-ਪਿਛਲੇ ਸਬੰਧ , ਜਿਸ ਵਿੱਚ ਸਰਹੱਦ ਪਾਰ ਦੇ ਸੰਭਾਵੀ ਸੰਪਰਕ ਵੀ ਸ਼ਾਮਲ ਹਨ, ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।ਇਸ ਸਬੰਧ ਵਿੱਚ ਅਸਲਾ ਐਕਟ ਦੀ ਧਾਰਾ 25 ਅਤੇ 25(1)(ਏ) ਅਤੇ ਬੀਐਨਐਸ ਐਕਟ ਦੀ ਧਾਰਾ 61(2) ਦੇ ਤਹਿਤ ਪੁਲਿਸ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਐਫਆਈਆਰ ਨੰਬਰ 4 ਮਿਤੀ 23-01-2026 ਨੂੰ ਕੇਸ ਦਰਜ ਕੀਤਾ ਗਿਆ ਹੈ।



## ਸੰਪਾਦਕੀ

# ਸਰਹਿੰਦ ਰੇਲਵੇ ਧਮਾਕਾ

ਪੰਜਾਬ ਦੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਸਰਹਿੰਦ ਖੇਤਰ ਵਿੱਚ ਸ਼ੁੱਕਰਵਾਰ ਦੇਰ ਰਾਤ ਰੇਲਵੇ ਲਾਈਨ ਉੱਤੇ ਇੱਕ ਜ਼ੋਰਦਾਰ ਧਮਾਕਾ ਹੋਇਆ, ਜਿਸ ਨੇ ਗਣਤੰਤਰ ਦਿਵਸ ਤੋਂ ਸਿਰਫ਼ 48 ਘੰਟੇ ਪਹਿਲਾਂ ਪੂਰੇ ਇਲਾਕੇ ਵਿੱਚ ਹੜਕੰਪ ਮਚਾ ਦਿੱਤਾ। ਇਸ ਵਿਸਫੋਟ ਨੇ ਇੱਕ ਮਾਲ ਗੱਡੀ ਦੇ ਇੰਜਣ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਅਤੇ ਲੋਕੋ ਪਾਇਲਟ ਨੂੰ ਗੰਭੀਰ ਸੱਟਾਂ ਲੱਗੀਆਂ। ਸੂਤਰਾਂ ਅਨੁਸਾਰ, ਇਹ ਘਟਨਾ ਰਾਤ ਕਰੀਬ 11 ਵਜੇ ਸਰਹਿੰਦ ਸਟੇਸ਼ਨ ਤੋਂ 4-5 ਕਿਲੋਮੀਟਰ ਦੂਰ ਖਾਨਪੁਰ ਪਿੰਡ ਨੇੜੇ ਵਾਪਰੀ। ਇਹ ਰੇਲਵੇ ਲਾਈਨ ਸਿਰਫ਼ ਮਾਲ ਗੱਡੀਆਂ ਲਈ ਵਰਤੀ ਜਾਂਦੀ ਹੈ ਅਤੇ ਇਹ ਨਵੀਂ ਬਣਾਈ ਗਈ ਲਾਈਨ ਹੈ। ਜਦੋਂ ਮਾਲ ਗੱਡੀ ਦਾ ਇੰਜਣ ਖਾਨਪੁਰ ਫਾਟਕ ਦੇ ਨੇੜੇ ਪਹੁੰਚਿਆ, ਅਚਾਨਕ ਇੱਕ ਤੇਜ਼ ਧਮਾਕਾ ਹੋਇਆ, ਜਿਸਦੀ ਤੀਬਰਤਾ ਇੰਨੀ ਜ਼ਿਆਦਾ ਸੀ ਕਿ ਰੇਲਵੇ ਟਰੈਕ ਦੇ 3-4 ਫੁੱਟ ਹਿੱਸੇ ਪੂਰੀ ਤਰ੍ਹਾਂ ਉੱਡ ਗਏ। ਧਮਾਕੇ ਦੇ ਕਾਰਨ ਰੇਲਵੇ ਟਰੈਕ ਦੀ ਲਗਭਗ 600 ਮੀਟਰ ਦੀ ਲੰਬਾਈ ਨੂੰ ਨੁਕਸਾਨ ਪਹੁੰਚਿਆ। ਟਰੈਕ ਅਤੇ ਸਲੀਪਰ ਟੁਕੜਿਆਂ ਵਿੱਚ ਉੱਡ ਗਏ। ਮਾਲ ਗੱਡੀ ਦਾ ਇੰਜਣ ਪੱਟੜੀ ਤੋਂ ਉਤਰ ਗਿਆ ਅਤੇ ਇਸਦੇ ਅਗਲੇ ਹਿੱਸੇ ਨੂੰ ਭਾਰੀ ਨੁਕਸਾਨ ਹੋਇਆ। ਟਰੇਨ ਡਰਾਈਵਰ ਨੂੰ ਸਿਰ ਅਤੇ ਸਰੀਰ ਵਿੱਚ ਗੰਭੀਰ ਸੱਟਾਂ ਲੱਗੀਆਂ, ਜਿਸ ਤੋਂ ਬਾਅਦ ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਸ਼ੁਰੂਆਤੀ ਜਾਂਚ ਅਤੇ ਸੂਤਰਾਂ ਦੇ ਅਨੁਸਾਰ ਧਮਾਕੇ ਵਿੱਚ ਆਰਡੀਐਕਸ ਵਰਗੇ ਤਾਕਤਵਰ ਵਿਸਫੋਟਕ ਦੀ ਵਰਤੋਂ ਕੀਤੇ ਜਾਣ ਦਾ ਅੰਦੇਸ਼ਾ ਹੈ। ਨੁਕਸਾਨ ਦੀ ਪ੍ਰਕਿਰਤੀ ਅਤੇ ਧਮਾਕੇ ਦੀ ਤੀਬਰਤਾ ਇਹ ਸੰਕੇਤ ਦਿੰਦੀ ਹੈ ਕਿ ਇਹ ਕੋਈ ਆਮ ਘਟਨਾ ਨਹੀਂ ਸੀ। ਰੇਲਵੇ ਟਰੈਕ ਦਾ ਇੰਨਾ ਵੱਡਾ ਹਿੱਸਾ ਉੱਡਣਾ ਉੱਚ-ਤੀਬਰਤਾ ਵਾਲੇ ਵਿਸਫੋਟਕ ਦੀ ਮੌਜੂਦਗੀ ਦੀ ਪੁਸ਼ਟੀ ਕਰਦਾ ਹੈ। ਹਾਲਾਂਕਿ, ਅਧਿਕਾਰੀਆਂ ਨੇ ਅਜੇ ਤੱਕ ਵਿਸਫੋਟਕ ਪਦਾਰਥ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਅਤੇ ਕਿਹਾ ਹੈ ਕਿ ਧਮਾਕੇ ਦੇ ਕਾਰਨਾਂ ਅਤੇ ਜ਼ਿੰਮੇਵਾਰ ਲੋਕਾਂ ਬਾਰੇ ਅਧਿਕਾਰਤ ਜਾਣਕਾਰੀ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਜਾਰੀ ਕੀਤੀ ਜਾਵੇਗੀ। ਪੰਜਾਬ ਦੇ ਰੋਪੜ ਰੇਂਜ ਡੀਆਈਜੀ ਨਾਨਕ ਸਿੰਘ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ੁੱਕਰਵਾਰ ਰਾਤ ਧਮਾਕੇ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਕਈ ਟੀਮਾਂ ਨੂੰ ਜਾਂਚ ਸ਼ੁਰੂ ਕਰਨ ਲਈ ਘਟਨਾ ਸਥਾਨ 'ਤੇ ਭੇਜਿਆ ਗਿਆ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਸਥਾਨਕ ਲੋਕ ਮੌਕੇ 'ਤੇ ਪਹੁੰਚੇ ਅਤੇ ਬਚਾਅ ਕਾਰਜਾਂ ਵਿੱਚ ਸਹਾਇਤਾ ਕੀਤੀ। ਪੁਲਿਸ ਨੇ ਤੁਰੰਤ ਇਲਾਕੇ ਨੂੰ ਘੇਰਾ ਪਾ ਲਿਆ ਅਤੇ ਫੋਰੈਂਸਿਕ ਟੀਮ ਨੂੰ ਜਾਂਚ ਲਈ ਬੁਲਾਇਆ ਗਿਆ। ਰੇਲਵੇ ਅਧਿਕਾਰੀ ਵੀ ਘਟਨਾ ਸਥਾਨ 'ਤੇ ਪਹੁੰਚੇ ਅਤੇ ਟਰੈਕ ਮੁਰੰਮਤ ਦਾ ਮੁਲਾਂਕਣ ਸ਼ੁਰੂ ਕੀਤਾ। ਰੇਲਵੇ ਟੀਮਾਂ ਨੇ ਉਸੇ ਰਾਤ ਨੁਕਸਾਨਗ੍ਰਸਤ ਟਰੈਕ 'ਤੇ ਮੁਰੰਮਤ ਦਾ ਕੰਮ ਕੀਤਾ ਅਤੇ ਟਰੈਫਿਕ ਬਹਾਲ ਕੀਤਾ। ਗਵਰਨਮੈਂਟ ਰੇਲਵੇ ਪੁਲਿਸ ਨੇ ਰੇਲਵੇ ਐਕਟ ਦੀ ਧਾਰਾ 150 (ਟਰੇਨ ਨੂੰ ਦੁਰਘਟਨਾਗ੍ਰਸਤ ਕਰਨ ਦੀ ਭਾਵਨਾ ਨਾਲ) ਤਹਿਤ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਲਾਕੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਰੇਲਵੇ ਅਤੇ ਪੁਲਿਸ ਪ੍ਰਸ਼ਾਸਨ ਚੌਕਸ ਨਿਗਰਾਨੀ ਰੱਖ ਰਿਹਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੋਸ਼ਲ ਮੀਡੀਆ 'ਤੇ ਇਸ ਘਟਨਾ ਬਾਰੇ ਚਿੰਤਾ ਪ੍ਰਗਟ ਕੀਤੀ ਅਤੇ ਲਿਖਿਆ, ਰੇਲਵੇ ਟਰੈਕਾਂ ਦੇ ਨੇੜੇ ਆਰਡੀਐਕਸ, ਜਨਤਕ ਥਾਵਾਂ 'ਤੇ ਧਮਾਕੇ, ਇਹ ਕੋਈ ਆਮ ਅਪਰਾਧ ਨਹੀਂ ਹਨ। ਇਹ ਪੰਜਾਬ ਨੂੰ ਅਸਥਿਰ ਕਰਨ ਅਤੇ ਡਰ ਫੈਲਾਉਣ ਦੀਆਂ ਜਾਣਬੁੱਝ ਕੇ ਕੀਤੀਆਂ ਕੋਸ਼ਿਸ਼ਾਂ ਹਨ ਸਪੈਸ਼ਲ ਡੀਜੀਪੀ ਐਸ.ਐਸ. ਸ਼੍ਰੀਵਾਸਤਵ ਨੇ ਕਿਹਾ ਕਿ 26 ਜਨਵਰੀ ਲਈ ਉਚਿਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਇਸ ਵਾਰ ਫਤਹਿਗੜ੍ਹ ਸਾਹਿਬ ਵਿੱਚ ਮਾਮੂਲੀ ਘਟਨਾ ਅਤੇ ਖੁਫੀਆ ਜਾਣਕਾਰੀ ਦੇ ਕਾਰਨ, ਵਾਧੂ ਪ੍ਰਬੰਧ ਕੀਤੇ ਗਏ ਹਨ। ਪਹਿਲਾਂ ਤੋਂ ਹੀ ਪੂਰਵ-ਸਮਾਗਮ ਜਾਂਚ ਅਭਿਆਨ ਕਈ ਦਿਨਾਂ ਤੋਂ ਚੱਲ ਰਿਹਾ ਹੈ। ਇਹ ਘਟਨਾ ਗਣਤੰਤਰ ਦਿਵਸ ਤੋਂ ਸਿਰਫ਼ 48 ਘੰਟੇ ਪਹਿਲਾਂ ਵਾਪਰੀ, ਜਿਸ ਨੇ ਸੁਰੱਖਿਆ ਏਜੰਸੀਆਂ ਵਿੱਚ ਗੰਭੀਰ ਚਿੰਤਾਵਾਂ ਪੈਦਾ ਕੀਤੀਆਂ ਹਨ। ਸ਼ੁਰੂਆਤੀ ਰਿਪੋਰਟਾਂ ਸੁਝਾਅ ਦਿੰਦੀਆਂ ਹਨ ਕਿ ਇਹ ਘਟਨਾ ਇੱਕ ਯੋਜਨਾਬੱਧ ਸਾਜ਼ਿਸ਼ ਸੀ। ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਅੱਤਵਾਦੀ ਸੰਗਠਨਾਂ ਦੀ ਭੂਮਿਕਾ ਨੂੰ ਨਕਾਰਿਆ ਨਹੀਂ ਜਾ ਸਕਦਾ। ਇਹ ਪਤਾ ਲਗਾਉਣ ਲਈ ਪੂਰੀ ਜਾਂਚ ਜਾਰੀ ਹੈ ਕਿ ਵਿਸਫੋਟਕ ਕਿਵੇਂ ਲਗਾਏ ਗਏ ਅਤੇ ਇਸ ਪਿੱਛੇ ਕੌਣ ਸੀ। ਇਸ ਘਟਨਾ ਨੇ ਪੰਜਾਬ ਵਿੱਚ ਸੁਰੱਖਿਆ ਸਥਿਤੀ ਬਾਰੇ ਸਵਾਲ ਖੜ੍ਹੇ ਕੀਤੇ ਹਨ ਅਤੇ ਰੇਲਵੇ ਸੁਰੱਖਿਆ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। ਅਧਿਕਾਰੀ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਕੀ ਇਹ ਇੱਕਲੀ ਘਟਨਾ ਸੀ ਜਾਂ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ। ਫੋਰੈਂਸਿਕ ਟੀਮਾਂ ਘਟਨਾ ਸਥਾਨ ਦੀ ਵਿਸਤਾਰ ਨਾਲ ਜਾਂਚ ਕਰ ਰਹੀਆਂ ਹਨ ਅਤੇ ਸਬੂਤ ਇਕੱਠੇ ਕਰ ਰਹੀਆਂ ਹਨ। ਰੇਲਵੇ ਸੁਰੱਖਿਆ ਬਲਾਂ ਅਤੇ ਪੁਲਿਸ ਨੇ ਪੰਜਾਬ ਭਰ ਵਿੱਚ ਰੇਲਵੇ ਲਾਈਨਾਂ ਦੀ ਪੈਟਰੋਲਿੰਗ ਵਧਾ ਦਿੱਤੀ ਹੈ। ਗਣਤੰਤਰ ਦਿਵਸ ਸਮਾਗਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਰੱਖਿਆ ਨੂੰ ਹੋਰ ਸਖਤ ਕੀਤਾ ਗਿਆ ਹੈ। ਅਧਿਕਾਰਤ ਪੁਸ਼ਟੀ ਦੀ ਉਡੀਕ ਹੈ, ਪਰ ਇਹ ਘਟਨਾ ਪੰਜਾਬ ਵਿੱਚ ਸੁਰੱਖਿਆ ਚੁਣੌਤੀਆਂ ਅਤੇ ਰੇਲਵੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਦੀ ਮਹੱਤਤਾ ਨੂੰ ਦਰਸਾਉਂਦੀ ਹੈ।

-ਜਗਜੀਤ ਸਿੰਘ ਦਰਦੀ

# ਅੱਜ ਦੀ ਤੇਜ਼-ਤਰਾਰ ਦੁਨੀਆਂ ਵਿੱਚ ਪੰਜਾਬੀ ਮੀਡੀਆ ਦੀ ਪਛਾਣ ਦਾ ਸਵਾਲ?

## ਨਵੇਂ ਪੰਜਾਬ ਦੇ ਨਵੇਂ ਸੰਵਾਦ ਤੇ ਨੈਰੇਟਿਵ ਲਈ ਪੰਜਾਬੀ ਮੀਡੀਆ ਕਿੰਨਾ ਜ਼ਿੰਮੇਵਾਰ ਹੈ?

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬੀ ਮੀਡੀਆ ਇੱਕ ਵਾਰ ਫ਼ਿਰ ਸਵਾਲਾਂ ਦੇ ਘੇਰੇ ਵਿੱਚ ਹੈ।ਪਿਛਲੇ 75 ਸਾਲਾਂ ਵਿੱਚ ਵਿਸ਼ੇਸ਼ ਕਰਕੇ ਪਿਛਲੇ ਇਕ ਦਹਾਕੇ ਵਿੱਚ ਉਸਨੇ ਪੰਜਾਬ ਦੇ ਮਸਲਿਆਂ 'ਤੇ ਪੰਜਾਬ ਦੇ ਲੋਕਾਂ ਦੇ ਨਵੇਂ ਨੈਰੇਟਿਵ ਬਾਰੇ ਕੀ ਆਪਣੀ ਭੂਮਿਕਾ ਲੋਕ ਪੱਖੀ ਨਿਭਾਈ ਹੈ ਅਤੇ ਜਿਸ ਕਰਕੇ ਉਹ ਪ੍ਰਸ਼ਨਾਂ ਦੇ ਘੇਰੇ ਵਿੱਚ ਹੈ। ਅੱਜ ਆਪਣੇ ਇਸ ਲੇਖ ਵਿੱਚ ਅਸੀਂ ਪੰਜਾਬ ਦੇ ਇਸ ਮੀਡੀਆ ਟੈਲੀਵਿਜ਼ਨ ਪ੍ਰਿੰਟ 'ਤੇ ਡਿਜੀਟਲ ਮੀਡੀਆ ਦੀ ਗੱਲ ਕਰਾਂਗੇ। ਪੰਜਾਬੀ ਮੀਡੀਆ ਦੀ ਭੂਮਿਕਾ ਵਿਚ ਪਿਛਲੇ 70 ਸਾਲਾਂ ਵਿੱਚ ਯੋਗਦਾਨ, ਵਰਤਮਾਨ ਚੁਣੌਤੀਆਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਵਿੱਚ ਪੰਜਾਬੀ ਮੀਡੀਆ, ਖਾਸ ਕਰਕੇ ਪ੍ਰਿੰਟ ਅਖਬਾਰਾਂ ਅਤੇ ਹੁਣ ਡਿਜੀਟਲ/ਸੋਸ਼ਲ ਮੀਡੀਆ, ਪੰਜਾਬ ਦੀ ਸੱਭਿਆਚਾਰਕ, ਭਾਸ਼ਾਈ ਅਤੇ ਰਾਜਨੀਤਕ ਪਛਾਣ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਰਿਹਾ ਹੈ।ਪਿਛਲੇ 70 ਸਾਲਾਂ (1947 ਤੋਂ ਹੁਣ ਤੱਕ) ਵਿੱਚ ਇਸ ਨੇ ਪੰਜਾਬੀ ਭਾਸ਼ਾ ਨੂੰ ਸੰਭਾਲਣ, ਪੰਜਾਬੀ ਸੂਬਾ ਲਹਿਰ ਵਰਗੇ ਅੰਦੋਲਨਾਂ ਵਿੱਚ ਹਿੱਸਾ ਪਾਉਣ ਅਤੇ ਪੰਜਾਬੀਅਤ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਇਆ ਹੈ। ਪਰ ਇਸ ਦੇ ਨਾਲ ਹੀ ਵਪਾਰੀਕਰਨ, ਜਾਤੀਵਾਦੀ ਨੈਰੇਟਿਵ ਅਤੇ ਬੌਧਕ ਗਰੀਬੀ ਵਰਗੀਆਂ ਸਮੱਸਿਆਵਾਂ ਨੇ ਇਸ ਨੂੰ ਚੁਣੌਤੀਆਂ ਵੀ ਦਿੱਤੀਆਂ ਹਨ।

ਅੱਜ ਦੇ ਡਿਜੀਟਲ ਯੁੱਗ ਵਿੱਚ ਸੋਸ਼ਲ ਮੀਡੀਆ ਦੀ ਤੇਜ਼ ਰਫ਼ਤਾਰ ਨੇ ਮੀਡੀਆ ਨੂੰ ਨਵੀਂ ਊਰਜਾ ਦਿੱਤੀ ਹੈ, ਪਰ ਨਾਲ ਹੀ ਨਵੀਆਂ ਜ਼ਿੰਮੇਵਾਰੀਆਂ ਵੀ ਸੌਂਪੀਆਂ ਹਨ।ਇਸ ਇਤਿਹਾਸਕ ਪਿਛੋਕੜ ਅਤੇ ਪਿਛਲੇ 70 ਸਾਲਾਂ ਵਿੱਚ ਯੋਗਦਾਨ ਨਾਲ ਵੇਖਿਆ ਜਾ ਸਕਦਾ ਹੈ ਕਿ ਪੰਜਾਬ ਵਿੱਚ ਪ੍ਰੈੱਸ ਦੀ ਸ਼ੁਰੂਆਤ 19ਵੀਂ ਸਦੀ ਵਿੱਚ ਹੋਈ ਸੀ, ਜਦੋਂ ਲੁਧਿਆਣਾ ਵਿੱਚ ਪਹਿਲੀ ਪੰਜਾਬੀ ਪ੍ਰਿੰਟਿੰਗ ਪ੍ਰੈੱਸ 1835 ਵਿੱਚ ਸਥਾਪਿਤ ਹੋਈ। ਬ੍ਰਿਟਿਸ਼ ਕਾਲ ਵਿੱਚ ਪੰਜਾਬੀ ਅਖਬਾਰ ਮੁੱਖ ਤੌਰ 'ਤੇ ਧਾਰਮਿਕ ਅੰਦੋਲਨਾਂ (ਸਿੱਖ, ਹਿੰਦੂ, ਮੁਸਲਿਮ ਰਿਵਾਈਵਲ) ਨਾਲ ਜੁੜੇ ਰਹੇ ਅਤੇ ਬਹੁ-ਭਾਸ਼ਾਈ ਰਹੇ।

ਆਜ਼ਾਦੀ ਤੋਂ ਬਾਅਦ (1947 ਤੋਂ), ਪੰਜਾਬੀ ਪ੍ਰੈੱਸ ਨੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ।ਸਭ ਤੋਂ ਵੱਡਾ ਯੋਗਦਾਨ ਪੰਜਾਬੀ ਸੂਬਾ ਲਹਿਰ (1950ਵਿਆਂ-1966) ਵਿੱਚ ਸੀ। ਅਖਬਾਰ ਜਿਵੇਂ ਰੋਜ਼ਾਨਾ ਚੜ੍ਹਦੀਕਲਾ, ਅਕਾਲੀ ਪੱਤ੍ਰਿਕਾ, ਅਜੀਤ, ਪ੍ਰਭਾਤ ਜਥੇਦਾਰ ਅਤੇ ਹੋਰਨਾਂ ਨੇ ਪੰਜਾਬੀ ਭਾਸ਼ਾ ਨੂੰ ਰਾਜਨੀਤਕ ਪਛਾਣ ਵਜੋਂ ਪੇਸ਼ ਕੀਤਾ। ਇਹ ਲਹਿਰ ਸਿੱਖ ਭਾਈਚਾਰੇ ਅਤੇ ਅਕਾਲੀ ਦਲ ਨਾਲ ਜੁੜੀ ਹੋਈ ਸੀ, ਜਿਸ ਨੇ 1 ਨਵੰਬਰ 1966 ਨੂੰ ਪੰਜਾਬੀ ਸੂਬੇ ਦੀ ਸਥਾਪਨਾ ਕਰਵਾਈ। ਇਸ ਨੇ ਪੰਜਾਬੀ ਨੂੰ ਸਿਰਫ਼ ਭਾਸ਼ਾ ਨਹੀਂ ਸਗੋਂ ਇੱਕ ਵੱਖਰੀ ਸੱਭਿਆਚਾਰਕ ਅਤੇ ਰਾਜਨੀਤਕ ਪਛਾਣ ਵਜੋਂ ਮਜ਼ਬੂਤ ਕੀਤਾ।

ਅੱਜ ਜਲੰਧਰ, ਜਿਸ ਨੂੰ ਪ੍ਰੈੱਸ ਦਾ ਗੜ੍ਹ ਮੰਨਿਆ ਜਾਂਦਾ ਹੈ (ਲਾਹੌਰ ਤੋਂ ਬਾਅਦ), ਇਸ ਲਹਿਰ ਦਾ ਕੇਂਦਰ ਰਿਹਾ। ਅਜੀਤ ਅਕਾਲੀ ਪੱਤ੍ਰਿਕਾ ਵਰਗੇ ਅਖਬਾਰਾਂ ਨੇ ਪੰਜਾਬੀ ਗੁਰਮੁਖੀ ਲਿਪੀ ਨੂੰ ਪ੍ਰਚਾਰਿਆ ਅਤੇ ਪੰਜਾਬੀ ਸਾਹਿਤ, ਲੋਕ ਗੀਤਾਂ ਅਤੇ ਸੱਭਿਆਚਾਰ ਨੂੰ ਸਪੇਸ ਦਿੱਤਾ ਅਤੇ 1980ਵਿਆਂ ਵਿੱਚ ਖਾਲਿਸਤਾਨ ਅੰਦੋਲਨ ਅਤੇ ਅੱਤਵਾਦ ਦੇ ਦੌਰ ਵਿੱਚ ਵੀ ਪੰਜਾਬੀ ਮੀਡੀਆ ਨੇ ਮਿਸ਼ਰਤ ਭੂਮਿਕਾ ਨਿਭਾਈ। ਕੁਝ ਅਖਬਾਰਾਂ ਨੇ ਸਰਕਾਰੀ ਨੈਰੇਟਿਵ ਨੂੰ ਸਮਰਥਨ ਦਿੱਤਾ ਜਦਕਿ ਕੁਝ ਨੇ ਪੰਜਾਬ ਦੀਆਂ ਅਸਲ ਸਮੱਸਿਆਵਾਂ (ਖੇਤੀ ਸੰਕਟ, ਬੇਰੁਜ਼ਗਾਰੀ) ਨੂੰ ਉਜਾਗਰ ਕੀਤਾ। ਪਰ ਇਸ ਦੌਰ ਵਿੱਚ ਜਲੰਧਰ ਪ੍ਰੈੱਸ ਤੇ ਵੀ ਆਲੋਚਨਾਵਾਂ ਹੋਈਆਂ ਕਿ ਇਸ ਨੇ ਕਈ ਵਾਰ ਅੱਤਵਾਦ ਨੂੰ ਵਧਾਉਣ ਵਿੱਚ ਭੂਮਿਕਾ ਨਿਭਾਈ ਜਾਂ ਫਿਰ ਅੱਤਵਾਦ ਵਿਰੋਧੀ ਨੈਰੇਟਿਵ ਨੂੰ ਬਣਾਇਆ।

ਇੱਥੇ ਇਹ ਵੀ ਸੱਚ ਹੈ ਕਿ ਪੰਜਾਬੀ ਮੀਡੀਆ ਨੇ ਪੰਜਾਬੀ ਭਾਸ਼ਾ ਨੂੰ ਸੰਭਾਲਣ ਵਿੱਚ ਵੀ ਯੋਗਦਾਨ ਪਾਇਆ। ਗੁਰਮੁਖੀ ਲਿਪੀ ਵਿੱਚ ਅਖਬਾਰਾਂ ਨੇ ਪੰਜਾਬੀ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਜਿਉਂਦਾ ਰੱਖਿਆ ਵਿੱਚ ਪੰਜਾਬੀ ਨੂੰ ਸਰਕਾਰੀ ਮਾਨਤਾ ਨਾ ਮਿਲਣ ਨਾਲ ਅਤੇ ਭਾਰਤ ਵਿੱਚ ਵੀ ਹਿੰਦੀ/ਅੰਗਰੇਜ਼ੀ ਦੇ ਪ੍ਰਭਾਵ ਨਾਲ ਚੁਣੌਤੀਆਂ ਵਧੀਆਂ।

ਅੱਜ ਵਰਤਮਾਨ ਸਥਿਤੀ ਵਿੱਚ ਨਿਘਾਰ, ਵਪਾਰੀਕਰਨ ਅਤੇ ਜਾਤੀਵਾਦੀ ਨੈਰੇਟਿਵ ਅੱਜ ਪੰਜਾਬੀ ਪ੍ਰਿੰਟ ਮੀਡੀਆ (ਅਜੀਤ, ਚੜ੍ਹਦੀਕਲਾ ਪੰਜਾਬੀ ਟ੍ਰਿਬਿਊਨ, ਜਗਬਾਣੀ, ਪੰਜਾਬੀ ਜਾਗਰਣ ਰੋਜ਼ਾਨਾ ਸਪੋਕਸਮੈਨ ਆਦਿ) ਅਤੇ ਸੋਸ਼ਲ ਮੀਡੀਆ ਵਿੱਚ ਵੱਡਾ ਅੰਤਰ ਹੈ। ਪ੍ਰਿੰਟ ਮੀਡੀਆ ਵਿੱਚ ਵਪਾਰੀਕਰਨ ਨੇ ਮਰਿਆਦਾ ਨੂੰ ਪ੍ਰਭਾਵਿਤ ਕੀਤਾ ਹੈ। ਅਖਬਾਰ ਅਕਸਰ ਵਾਹੁ ਵਾਹ ਵਾਲੀ ਪੱਤਰਕਾਰੀ ਕਰਦੇ ਹਨ-ਸੈਲੀਬ੍ਰਿਟੀਜ਼, ਰਾਜਨੀਤਕ ਬਿਆਨਬਾਜ਼ੀ ਅਤੇ ਸਨਸਨੀਖੇਜ਼ ਖ਼ਬਰਾਂ 'ਤੇ ਫੋਕਸ। ਭਾਸ਼ਾ ਸੁਧਾਰ ਅਤੇ ਗੰਭੀਰ ਵਿਸ਼ਲੇਸ਼ਣ ਘੱਟ ਹੋ ਗਿਆ ਹੈ।

ਅੱਜ ਬੌਧਕ ਕੰਗਾਲੀ ਇੱਕ ਵੱਡੀ ਸਮੱਸਿਆ ਹੈ - ਡੂੰਘਾਈ ਵਾਲੇ ਲੇਖ ਘੱਟ ਅਤੇ ਸਤਹੀ ਰਿਪੋਰਟਿੰਗ ਜ਼ਿਆਦਾ।ਜਾਤੀਵਾਦ ਵੀ ਇੱਕ ਵੱਡੀ ਆਲੋਚਨਾ ਹੈ। ਪੰਜਾਬ ਵਿੱਚ ਜਾਤੀਵਾਦ ਨੂੰ ਖਤਮ ਕਰਨ ਵਾਲੀ ਸਿੱਖੀ ਦੇ ਬਾਵਜੂਦ, ਮੀਡੀਆ ਨੇ ਕਈ ਵਾਰ ਜਾਤੀਆਂ ਨੂੰ ਉਭਾਰਿਆ ਹੈ। ਰਾਜਨੀਤਕ ਕਵਰੇਜ ਵਿੱਚ ਜਾਤੀ ਵੋਟ ਬੈਂਕ ਨੂੰ ਧਿਆਨ ਵਿੱਚ ਰੱਖ ਕੇ ਰਿਪੋਰਟਿੰਗ ਹੁੰਦੀ ਹੈ। ਦਲਿਤ ਜੋ ਪੰਜਾਬ ਵਿੱਚ 32% ਹਨ) ਨੂੰ ਅਕਸਰ ਮਾਰਜਨਲਾਈਜ਼ ਕੀਤਾ ਜਾਂਦਾ ਹੈ ਜਾਂ ਉਹਨਾਂ ਨੂੰ ਸਿਰਫ਼ ਵਿਵਾਦਾਂ ਨਾਲ ਜੋੜਿਆ ਜਾਂਦਾ ਹੈ। ਜਲੰਧਰ ਪ੍ਰੈੱਸ ਤੇ ਆਲੋਚਨਾ ਹੈ ਕਿ ਇਸ ਨੇ ਪੰਜਾਬ ਦੇ ਅਸਲ ਨੈਰੇਟਿਵ (ਖੇਤੀ ਸੰਕਟ, ਨਸ਼ੇ, ਬੇਰੁਜ਼ਗਾਰੀ, ਵਾਤਾਵਰਨ) ਤੋਂ ਧਿਆਨ ਹਟਾ ਕੇ ਜਾਤੀ/ਧਰਮ ਵਾਲੇ ਮੁੱਦੇ ਉਭਾਰੇ ਹਨ।

ਅੱਜ ਵੀ ਇਹ ਪੰਜਾਬੀ ਪਛਾਣ ਨੂੰ ਵੰਡਦਾ ਹੈ ਨਾ ਕਿ ਏਕੀਕ੍ਰਿਤ ਕਰਦਾ।ਸੋਸ਼ਲ ਮੀਡੀਆ ਨੇ ਪਹੁੰਚ ਵਧਾਈ ਹੈ ਪਰ ਫੇਕ ਨਿਊਜ਼, ਨਫ਼ਰਤ ਅਤੇ ਸਤਹੀ ਕੰਟੈਂਟ ਵੀ ਵਧਾਇਆ ਹੈ।ਪੰਜਾਬੀ ਯੂਟਿਊਬਰਜ਼ ਅਤੇ ਇੰਸਟਾਗ੍ਰਾਮਰਜ਼ ਅਕਸਰ ਮਨੋਰੰਜਨ ਜਾਂ ਵਾਇਰਲ ਕੰਟੈਂਟ 'ਤੇ ਫੋਕਸ ਕਰਦੇ ਹਨ, ਜਿਸ ਨਾਲ ਗੰਭੀਰ ਮੁੱਦੇ ਪਿੱਛੇ ਰਹਿ ਜਾਂਦੇ ਹਨ।ਭਵਿੱਖ ਲਈ ਉਮੀਦਾਂ ਅਤੇ ਨੈਰੇਟਿਵ ਆਉਣ ਵਾਲੇ ਦਿਨਾਂ ਵਿੱਚ ਪੰਜਾਬੀ ਮੀਡੀਆ ਤੋਂ ਉਮੀਦਾਂ ਇਹ ਹਨ:ਭਾਸ਼ਾ ਅਤੇ ਸੱਭਿਆਚਾਰ ਦੀ ਰਾਖੀ: ਪੰਜਾਬੀ ਨੂੰ ਡਿਜੀਟਲ ਪਲੇਟਫਾਰਮਾਂ 'ਤੇ ਮਜ਼ਬੂਤ ਕਰਨਾ। ਨਵੇਂ ਯੂਟਿਊਬ ਚੈਨਲ, ਪੌਡਕਾਸਟ ਅਤੇ ਐਪਸ ਨਾਲ ਪੰਜਾਬੀ ਸਾਹਿਤ, ਇਤਿਹਾਸ ਅਤੇ ਲੋਕ ਵਿਰਸੇ ਨੂੰ ਨੌਜਵਾਨਾਂ ਤੱਕ ਪਹੁੰਚਾਉਣਾ।

ਅੱਜ ਗੰਭੀਰ ਪੱਤਰਕਾਰੀ ਵਿਚ ਵਪਾਰੀਕਰਨ ਤੋਂ ਉੱਪਰ ਉੱਠ ਕੇ ਅਸਲ ਸਮੱਸਿਆਵਾਂ (ਖੇਤੀ ਕਰਜ਼ਾ, ਨੌਜਵਾਨਾਂ ਦਾ ਵਿਦੇਸ਼ ਜਾਣਾ, ਨਸ਼ੇ, ਜਲਵਾਯੂ ਤਬਦੀਲੀ) 'ਤੇ ਡੂੰਘੀ ਰਿਪੋਰਟਿੰਗ। ਜਾਤੀਵਾਦ ਨੂੰ ਖ਼ਤਮ ਕਰਨ ਵਾਲਾ ਨੈਰੇਟਿਵ ਬਣਾਉਣਾ ਹੈ। ਡਿਜੀਟਲ ਟਰਾਂਸਫਰਮੇਸ਼ਨ: ਸੋਸ਼ਲ ਮੀਡੀਆ ਨੂੰ ਜ਼ਿੰਮੇਵਾਰ ਵਰਤੋਂ ਨਾਲ ਵਰਤਣਾ। ਫੈਕਟ-ਚੈਕਿੰਗ, ਨੈਤਿਕ ਪੱਤਰਕਾਰੀ ਅਤੇ ਇਨਕਲੂਸਿਵ ਨੈਰੇਟਿਵ। ਪੰਜਾਬੀ ਮੀਡੀਆ ਨੂੰ ਗਲੋਬਲ ਪੰਜਾਬੀ ਡਾਇਸਪੋਰਾ ਨਾਲ ਜੋੜਨਾ ਅਤੇ ਪੰਜਾਬੀਅਤ ਦਾ ਨਵਾਂ ਨੈਰੇਟਿਵ ਹੁਣ ਧਰਮ ਤੋਂ ਉੱਪਰ ਉੱਠ ਕੇ ਭਾਸ਼ਾਈ ਅਤੇ ਸੱਭਿਆਚਾਰਕ ਪਛਾਣ ਤੇ ਫੋਕਸ ਨਾਲ ਏਕਤਾ, ਵਿਕਾਸ ਅਤੇ ਸਸਟੇਨੇਬਿਲਟੀ ਵਾਲਾ ਨੈਰੇਟਿਵ ਬਣਾਉਣਾ ਹੈ।

ਅੱਜ ਭਵਿੱਖ ਵਿੱਚ ਪੰਜਾਬੀ ਮੀਡੀਆ ਜੇਕਰ ਆਪਣੀ ਜ਼ਿੰਮੇਵਾਰੀ ਨਿਭਾਏ ਤਾਂ ਇਹ ਪੰਜਾਬ ਨੂੰ ਇੱਕ ਮਜ਼ਬੂਤ, ਏਕੀਕ੍ਰਿਤ ਅਤੇ ਅੱਗੇ ਵਧਦੀ ਪਛਾਣ ਦੇ ਸਕਦਾ ਹੈ। ਨਹੀਂ ਤਾਂ ਵਪਾਰੀਕਰਨ ਅਤੇ ਵੰਡ ਵਧੇਗੀ। ਇਹ ਸਮਾਂ ਹੈ ਕਿ ਪੰਜਾਬੀ ਮੀਡੀਆ ਆਪਣੇ ਇਤਿਹਾਸਕ ਯੋਗਦਾਨ ਨੂੰ ਯਾਦ ਰੱਖ ਕੇ ਨਵੇਂ ਯੁੱਗ ਵਿੱਚ ਨਵੀਂ ਭੂਮਿਕਾ ਨਿਭਾਏ।

ਅੱਜ ਦੇ ਬਦਲਦੇ ਸਮੇਂ ਵਿੱਚ ਪੰਜਾਬੀ ਮੀਡੀਆ ਦੀ ਭੂਮਿਕਾ ਵਿਚ ਪ੍ਰਿੰਟ ਤੋਂ ਟੈਲੀਵਿਜ਼ਨ ਤੱਕ ਦਾ ਸਫ਼ਰ ਅਤੇ ਭਵਿੱਖ ਦੀਆਂ ਚੁਣੌਤੀਆਂ ਬਦਲਦੇ ਸਮੇਂ ਨੇ ਮੀਡੀਆ ਨੂੰ ਨਵੇਂ ਰੂਪ ਵਿੱਚ ਪੇਸ਼ ਕੀਤਾ ਹੈ। ਪੰਜਾਬੀ ਮੀਡੀਆ ਵੀ ਇਸ ਤਬਦੀਲੀ ਤੋਂ ਅਛੂਤ ਨਹੀਂ ਰਿਹਾ। ਪ੍ਰਿੰਟ ਅਖਬਾਰਾਂ ਤੋਂ ਸ਼ੁਰੂ ਹੋ ਕੇ ਟੈਲੀਵਿਜ਼ਨ ਅਤੇ ਹੁਣ ਡਿਜੀਟਲ ਪਲੇਟਫਾਰਮਾਂ ਤੱਕ ਪਹੁੰਚ ਗਿਆ ਹੈ। ਖਾਸ ਕਰਕੇ ਟੈਲੀਵਿਜ਼ਨ ਨੇ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਰਾਜਨੀਤਕ ਨੈਰੇਟਿਵ ਨੂੰ ਘਰ-ਘਰ ਪਹੁੰਚਾਇਆ ਹੈ।

ਇਸ ਵਿੱਚ ਸਰਕਾਰੀ ਦੂਰਦਰਸ਼ਨ (ਡੀਡੀ ਪੰਜਾਬੀ) ਅਤੇ ਪ੍ਰਾਈਵੇਟ ਚੈਨਲਾਂ ਦੀ ਭੂਮਿਕਾ ਅਹਿਮ ਰਹੀ ਹੈ। ਪਰ ਵਪਾਰੀਕਰਨ, ਸਨਸਨੀਖੇਜ਼ਤਾ ਰਾਜਨੀਤਿਕ ਪੱਖਪਾਤ ਅਤੇ ਜਾਤੀਵਾਦ ਵਰਗੀਆਂ ਸਮੱਸਿਆਵਾਂ ਨੇ ਇਸ ਨੂੰ ਵੀ ਪ੍ਰਭਾਵਿਤ ਕੀਤਾ ਹੈ।ਅੱਜ ਇਹ ਬਦਲਦੇ ਸਮੇਂ ਵਿੱਚ ਪੰਜਾਬੀ ਟੈਲੀਵਿਜ਼ਨ ਮੀਡੀਆ ਦੀ ਭੂਮਿਕਾ, ਇਤਿਹਾਸਕ ਯੋਗਦਾਨ, ਵਰਤਮਾਨ ਚੁਣੌਤੀਆਂ ਅਤੇ ਭਵਿੱਖ ਦੇ ਨੈਰੇਟਿਵ ਬਾਰੇ ਵਿਸਥਾਰ ਨਾਲ ਗੱਲ ਕਰਦਿਆ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਟੈਲੀਵਿਜ਼ਨ ਦਾ ਇਤਿਹਾਸਕ ਪਿਛੋਕੜ ਵਿੱਚ ਜਿਵੇਂ ਕਿ ਭਾਰਤ ਵਿੱਚ ਟੈਲੀਵਿਜ਼ਨ ਦੀ ਸ਼ੁਰੂਆਤ 1959 ਵਿੱਚ ਹੋਈ ਸੀ, ਪਰ ਪੰਜਾਬ ਵਿੱਚ ਇਸ ਦਾ ਪ੍ਰਭਾਵ 1980ਵਿਆਂ ਵਿੱਚ ਵਧਿਆ। ਭਾਰਤੀ ਦੂਰਦਰਸ਼ਨ (44) ਨੇ ਪਹਿਲਾਂ ਪੰਜਾਬੀ ਪ੍ਰੋਗਰਾਮ ਜਲੰਧਰ ਕੇਂਦਰ ਰਾਹੀਂ ਪੇਸ਼ ਕੀਤੇ। 2000 ਵਿੱਚ ਡੀਡੀ ਪੰਜਾਬੀ ਚੈਨਲ ਦੀ ਸ਼ੁਰੂਆਤ ਹੋਈ, ਜੋ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਸੰਭਾਲਣ ਵਾਲਾ ਪਹਿਲਾ ਸਮਰਪਿਤ ਚੈਨਲ ਸੀ। ਇਹ ਚੈਨਲ ਅੱਜ ਵੀ ਡੀਡੀ ਫਰੀ ਡਿਸ਼, ਕੇਬਲ ਅਤੇ ਡੀਟੀਐੱਚ ਰਾਹੀਂ ਭਾਰਤ ਤੋਂ ਲੈ ਕੇ ਕੈਨੇਡਾ, ਯੂਕੇ, ਅਮਰੀਕਾ ਅਤੇ ਆਸਟਰੇਲੀਆ ਤੱਕ ਪਹੁੰਚਦਾ ਹੈ।1990ਵਿਆਂ ਦੇ ਅਖੀਰ ਅਤੇ 2000ਵਿਆਂ ਵਿੱਚ ਪ੍ਰਾਈਵੇਟ ਚੈਨਲਾਂ ਦਾ ਉਭਾਰ ਹੋਇਆ। ਪੰਜਾਬੀ ਨੇ 2000 ਵਿੱਚ ਸ਼ੁਰੂਆਤ ਕੀਤੀ ਅਤੇ ਇਹ ਪੰਜਾਬੀ ਐਂਟਰਟੇਨਮੈਂਟ ਅਤੇ ਨਿਊਜ਼ ਵਿੱਚ ਅੱਗੇ ਰਿਹਾ। ਹੋਰ ਚੈਨਲ ਜਿਵੇਂ ਜ਼ੀ ਪੰਜਾਬ ਹਰਿਆਣਾ ਹਿਮਾਚਲ , ABP ਸਾਂਝਾ, ਟੀਵੀ ਪੰਜਾਬ, ਪੀਤਾਰਾ ਟੀਵੀ, ਜਸ ਪੰਜਾਬੀ ਅਤੇ ਨਿਊਜ਼ ਚੈਨਲ ਜਿਵੇਂ PTC ਨਿਊਜ਼, ਡੇਅ ਐਂਡ ਨਾਈਟ ਨਿਊਜ਼ ਨੇ ਪੰਜਾਬੀ ਪਰਿਵਾਰਾਂ ਵਿੱਚ ਜਗ੍ਹਾ ਬਣਾਈ। ਇਹਨਾਂ ਚੈਨਲਾਂ ਨੇ ਪੰਜਾਬੀ ਭਾਸ਼ਾ ਨੂੰ ਵਿਜ਼ੂਅਲ ਮੀਡੀਆ ਵਿੱਚ ਮਜ਼ਬੂਤ ਕੀਤਾ ਅਤੇ ਗਲੋਬਲ ਪੰਜਾਬੀ ਡਾਇਸਪੋਰਾ ਨੂੰ ਜੋੜਿਆ ਹੈ। ਸਰਕਾਰੀ ਟੈਲੀਵਿਜ਼ਨ ਡੀਡੀ ਪੰਜਾਬੀ ਦੀ ਭੂਮਿਕਾ ਅਤੇ ਰਾਏ ਡੀਡੀ ਪੰਜਾਬੀ ਨੂੰ ਪੰਜਾਬੀਅਤ ਦੀ ਆਵਾਜ਼ ਮੰਨਿਆ ਜਾਂਦਾ ਹੈ।

ਇਸ ਨੇ ਪਿਛਲੇ 25 ਸਾਲਾਂ ਵਿੱਚ ਪੰਜਾਬੀ ਸੱਭਿਆਚਾਰ, ਲੋਕ ਗੀਤ, ਸੂਫੀ ਸੰਗੀਤ, ਧਾਰਮਿਕ ਪ੍ਰੋਗਰਾਮ (ਗੁਰਬਾਣੀ, ਕੀਰਤਨ), ਖੇਤੀਬਾੜੀ ਸਲਾਹ, ਸਿੱਖਿਆ ਅਤੇ ਸਮਾਜਿਕ ਜਾਗਰੂਕਤਾ ਵਾਲੇ ਪ੍ਰੋਗਰਾਮ ਪੇਸ਼ ਕੀਤੇ ਹਨ। ਇਸ ਦੇ ਸਮਾਚਾਰ ਪ੍ਰੋਗਰਾਮ ਚਲੰਤ ਮਾਮਲਿਆਂ ਤੇ ਨਿਰਪੱਖਤਾ ਨਾਲ ਚਰਚਾ ਕਰਦੇ ਹਨ ਅਤੇ ਪੇਂਡੂ ਪੰਜਾਬ ਨੂੰ ਵਿਸ਼ੇਸ਼ ਧਿਆਨ ਦਿੰਦੇ ਹਨ।

ਅੱਜ ਡੀਡੀ ਪੰਜਾਬੀ ਨੂੰ ਸਰਕਾਰੀ ਚੈਨਲ ਹੋਣ ਕਾਰਨ ਨਿਰਪੱਖ ਅਤੇ ਸੱਭਿਆਚਾਰਕ ਰੂਪ ਵਿੱਚ ਮਜ਼ਬੂਤ ਮੰਨਿਆ ਜਾਂਦਾ ਹੈ। ਇਹ ਵਪਾਰੀ ਦਬਾਅ ਤੋਂ ਮੁਕਤ ਹੈ ਅਤੇ ਪੰਜਾਬੀ ਭਾਸ਼ਾ ਦੀ ਰਾਖੀ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਪਰ ਇਸ ਨੂੰ ਆਲੋਚਨਾ ਵੀ ਮਿਲਦੀ ਹੈ ਕਿ ਇਹ ਬਹੁਤ ਵਾਰ ਸਰਕਾਰੀ ਨੀਤੀਆਂ ਨੂੰ ਜ਼ਿਆਦਾ ਪ੍ਰਮੋਟ ਕਰਦਾ ਹੈ ਅਤੇ ਨੌਜਵਾਨਾਂ ਲਈ ਆਧੁਨਿਕ ਕੰਟੈਂਟ ਘੱਟ ਹੈ। ਫਿਰ ਵੀ, ਇਹ ਗਲੋਬਲ ਪੰਜਾਬੀ ਭਾਈਚਾਰੇ ਲਈ ਇੱਕ ਭਰੋਸੇਯੋਗ ਪਲੇਟਫਾਰਮ ਬਣਿਆ ਹੋਇਆ ਹੈ।

ਅੱਜ ਬਦਲਦੇ ਸਮੇਂ ਵਿੱਚ ਚੁਣੌਤੀਆਂ ਅਤੇ ਸੰਭਾਵਨਾਵਾਂਡਿਜੀਟਲ ਯੁੱਗ ਵਿੱਚ ਯੂਟਿਊਬ, ਫੇਸਬੁੱਕ ਅਤੇ ਓਟੀਟੀ ਪਲੇਟਫਾਰਮਾਂ ਨੇ ਟੈਲੀਵਿਜ਼ਨ ਨੂੰ ਚੁਣੌਤੀ ਦਿੱਤੀ ਹੈ। ਪਰ ਟੈਲੀਵਿਜ਼ਨ ਅਜੇ ਵੀ ਪੇਂਡੂ ਅਤੇ ਵੱਡੀ ਉਮਰ ਵਾਲੇ ਦਰਸ਼ਕਾਂ ਲਈ ਮੁੱਖ ਮਾਧਿਅਮ ਹੈ। ਚੁਣੌਤੀਆਂ ਵਿੱਚ ਫੇਕ ਨਿਊਜ਼, ਘੱਟ ਬੌਧਕ ਡੂੰਘਾਈ ਅਤੇ ਵਪਾਰੀ ਦਬਾਅ ਸ਼ਾਮਲ ਹਨ। ਅੱਜ ਭਵਿੱਖ ਲਈ ਉਮੀਦਾਂ ਵਿੱਚ ਡੀਡੀ ਪੰਜਾਬੀ ਨੂੰ ਹੋਰ ਆਧੁਨਿਕ ਅਤੇ ਨੌਜਵਾਨ-ਕੇਂਦਰਿਤ ਬਣਾਉਣਾ। ਅੱਜ ਪ੍ਰਾਈਵੇਟ ਚੈਨਲਾਂ ਨੂੰ ਨੈਤਿਕ ਪੱਤਰਕਾਰੀ, ਫੈਕਟ-ਚੈਕਿੰਗ ਅਤੇ ਇਨਕਲੂਸਿਵ ਨੈਰੇਟਿਵ ਅਪਣਾਉਣਾ। ਜਾਤੀਵਾਦ ਅਤੇ ਵੰਡ ਨੂੰ ਖਤਮ ਕਰਨ ਵਾਲੇ ਪ੍ਰੋਗਰਾਮਾਂ ਨੂੰ ਵਧਾਉਣਾ। ਡਿਜੀਟਲ ਇੰਟੀਗ੍ਰੇਸ਼ਨ ਰਾਹੀਂ ਗਲੋਬਲ ਪੰਜਾਬੀ ਨੂੰ ਜੋੜਨਾ ਅਤੇ ਅਸਲ ਸਮੱਸਿਆਵਾਂ (ਖੇਤੀ, ਨੌਜਵਾਨ ਪਰਵਾਸ, ਵਾਤਾਵਰਨ) ਤੇ ਫੋਕਸ ਹੈ। ਅੱਜ ਸਿੱਟੇ ਵਜੋਂ, ਬਦਲਦੇ ਸਮੇਂ ਵਿੱਚ ਪੰਜਾਬੀ ਟੈਲੀਵਿਜ਼ਨ ਮੀਡੀਆ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਜੇਕਰ ਇਹ ਸੱਭਿਆਚਾਰਕ ਰਾਖੀ, ਨਿਰਪੱਖਤਾ ਅਤੇ ਵਿਕਾਸ ਵਾਲੇ ਨੈਰੇਟਿਵ ਨੂੰ ਅਪਣਾਏ ਤਾਂ ਪੰਜਾਬੀ ਪਛਾਣ ਨੂੰ ਮਜ਼ਬੂਤ ਕਰ ਸਕਦਾ ਹੈ। ਨਹੀਂ ਤਾਂ ਵਪਾਰੀਕਰਨ ਅਤੇ ਸਨਸਨੀਖੇਜ਼ਤਾ ਨਾਲ ਭਾਸ਼ਾ ਅਤੇ ਸੱਭਿਆਚਾਰ ਕਮਜ਼ੋਰ ਹੋ ਸਕਦੇ ਹਨ। ਇਹ ਸਮਾਂ ਹੈ ਕਿ ਪੰਜਾਬੀ ਟੈਲੀਵਿਜ਼ਨ ਮੀਡੀਆ ਆਪਣੇ ਇਤਿਹਾਸਕ ਯੋਗਦਾਨ ਨੂੰ ਯਾਦ ਰੱਖ ਕੇ ਨਵੇਂ ਯੁੱਗ ਵਿੱਚ ਨਵੀਂ ਭੂਮਿਕਾ ਨਿਭਾਏ।




ਅੱਜ ਬਦਲਦੇ ਸਮੇਂ ਵਿੱਚ ਪੰਜਾਬੀ ਮੀਡੀਆ ਦੀ ਭੂਮਿਕਾ ਵਿਚ ਇਤਿਹਾਸਕ ਯੋਗਦਾਨ ਤੋਂ ਡਿਜੀਟਲ ਯੁੱਗ ਤੱਕ ਦਾ ਵਿਸਥਾਰਤ ਵਿਸ਼ਲੇਸ਼ਣ ਪੰਜਾਬੀ ਮੀਡੀਆ ਨੇ ਪਿਛਲੇ 70-75 ਸਾਲਾਂ ਵਿੱਚ ਪੰਜਾਬ ਦੀ ਭਾਸ਼ਾਈ, ਸੱਭਿਆਚਾਰਕ ਅਤੇ ਰਾਜਨੀਤਕ ਪਛਾਣ ਨੂੰ ਆਕਾਰ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਆਜ਼ਾਦੀ ਤੋਂ ਬਾਅਦ ਪ੍ਰਿੰਟ ਅਖਬਾਰਾਂ ਤੋਂ ਸ਼ੁਰੂ ਹੋ ਕੇ ਟੈਲੀਵਿਜ਼ਨ ਅਤੇ ਹੁਣ ਡਿਜੀਟਲ ਮੀਡੀਆ ਤੱਕ ਪਹੁੰਚ ਗਿਆ ਹੈ। ਖਾਸ ਕਰਕੇ ਪਿਛਲੇ ਇੱਕ ਦਹਾਕੇ (2015-2025) ਵਿੱਚ ਡਿਜੀਟਲ ਟਰਾਂਸਫਰਮੇਸ਼ਨ ਨੇ ਪੰਜਾਬੀ ਮੀਡੀਆ ਨੂੰ ਨਵੀਂ ਗਤੀ ਅਤੇ ਪਹੁੰਚ ਦਿੱਤੀ ਹੈ, ਪਰ ਨਾਲ ਹੀ ਨਵੀਆਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ ਜਿਵੇਂ ਫੇਕ ਨਿਊਜ਼, ਸਨਸਨੀਖੇਜ਼ਤਾ, ਬੌਧਕ ਗਰੀਬੀ ਅਤੇ ਵਪਾਰੀਕਰਨ।

ਅੱਜ ਪੂਰੇ ਪੰਜਾਬੀ ਮੀਡੀਆ ਦੇ ਇਤਿਹਾਸਕ ਪਿਛੋਕੜ ਤੋਂ ਲੈ ਕੇ ਆਧੁਨਿਕ ਡਿਜੀਟਲ ਯੁੱਗ ਦੇ ਵਿਸਥਾਰ ਨੂੰ ਕਵਰ ਕਰਦਾ ਹੈ, ਜਿਸ ਵਿੱਚ ਪ੍ਰਿੰਟ, ਟੈਲੀਵਿਜ਼ਨ ਅਤੇ ਡਿਜੀਟਲ ਮੀਡੀਆ ਸਾਰੇ ਸ਼ਾਮਲ ਹਨ। ਅੱਜ ਇਤਿਹਾਸਕ ਪਿਛੋਕੜ ਅਤੇ ਪ੍ਰਿੰਟ ਮੀਡੀਆ ਦਾ ਯੋਗਦਾਨ (1947-2010) ਪੰਜਾਬ ਵਿੱਚ ਪ੍ਰੈੱਸ ਦੀ ਸ਼ੁਰੂਆਤ 19ਵੀਂ ਸਦੀ ਵਿੱਚ ਹੋਈ ਸੀ, ਜਦੋਂ ਲੁਧਿਆਣਾ ਵਿੱਚ 1835 ਵਿੱਚ ਪਹਿਲੀ ਪੰਜਾਬੀ ਪ੍ਰਿੰਟਿੰਗ ਪ੍ਰੈੱਸ ਸਥਾਪਿਤ ਹੋਈ। ਬ੍ਰਿਟਿਸ਼ ਕਾਲ ਵਿੱਚ ਲਾਹੌਰ ਪ੍ਰੈੱਸ ਦਾ ਕੇਂਦਰ ਸੀ, ਜਿੱਥੇ ਧਾਰਮਿਕ ਅੰਦੋਲਨਾਂ (ਸਿੰਘ ਸਭਾ ਲਹਿਰ ਆਦਿ) ਨਾਲ ਜੁੜੇ ਅਖਬਾਰ ਛਪੇ। ਆਜ਼ਾਦੀ ਤੋਂ ਬਾਅਦ ਵੰਡ ਨੇ ਪੰਜਾਬੀ ਪ੍ਰੈੱਸ ਨੂੰ ਵੰਡ ਦਿੱਤਾ - ਪਾਕਿਸਤਾਨ ਵਿੱਚ ਪੰਜਾਬੀ ਨੂੰ ਮਾਨਤਾ ਨਾ ਮਿਲਣ ਕਾਰਨ ਇਹ ਘੱਟ ਰਹੀ, ਜਦਕਿ ਭਾਰਤ ਵਿੱਚ ਜਲੰਧਰ ਨੇ ਪ੍ਰੈੱਸ ਦਾ ਗੜ੍ਹ ਬਣਨਾ ਸ਼ੁਰੂ ਕੀਤਾ।ਪੰਜਾਬੀ ਸੂਬਾ ਲਹਿਰ (1950-1966) ਵਿੱਚ ਅਖਬਾਰਾਂ ਜਿਵੇਂ ਅਜੀਤ, ਚੜ੍ਹਦੀ ਕਲਾ ਅਕਾਲੀ ਪੱਤ੍ਰਿਕਾ ਪ੍ਰਭਾਤ ਅਤੇ ਨਵਾਂ ਜ਼ਮਾਨਾ ਨੇ ਪੰਜਾਬੀ ਗੁਰਮੁਖੀ ਲਿਪੀ ਅਤੇ ਰਾਜਨੀਤਕ ਪਛਾਣ ਨੂੰ ਮਜ਼ਬੂਤ ਕੀਤਾ ਹੈ। 1966 ਵਿੱਚ ਪੰਜਾਬੀ ਸੂਬੇ ਦੀ ਸਥਾਪਨਾ ਇਸ ਲਹਿਰ ਦੀ ਵੱਡੀ ਜਿੱਤ ਸੀ। 1980ਵਿਆਂ ਵਿੱਚ ਖਾਲਿਸਤਾਨ ਅੰਦੋਲਨ ਅਤੇ ਅੱਤਵਾਦ ਦੇ ਦੌਰ ਵਿੱਚ ਮੀਡੀਆ ਨੇ ਮਿਸ਼ਰਤ ਭੂਮਿਕਾ ਨਿਭਾਈ - ਕੁਝ ਨੇ ਸਰਕਾਰੀ ਨੈਰੇਟਿਵ ਨੂੰ ਸਮਰਥਨ ਦਿੱਤਾ, ਕੁਝ ਨੇ ਅਸਲ ਸਮੱਸਿਆਵਾਂ (ਖੇਤੀ ਸੰਕਟ, ਬੇਰੁਜ਼ਗਾਰੀ) ਉਜਾਗਰ ਕੀਤੀਆਂ।

ਅੱਜ ਇਸ ਦੌਰ ਵਿੱਚ ਵੀ ਜਲੰਧਰ ਪ੍ਰੈੱਸ ਤੇ ਆਲੋਚਨਾਵਾਂ ਹੋਈਆਂ ਕਿ ਇਸ ਨੇ ਸਨਸਨੀਖੇਜ਼ ਖ਼ਬਰਾਂ ਨਾਲ ਵਾਤਾਵਰਨ ਨੂੰ ਵਿਗਾੜਿਆ।ਪ੍ਰਿੰਟ ਮੀਡੀਆ ਨੇ ਪੰਜਾਬੀ ਭਾਸ਼ਾ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਜਿਉਂਦਾ ਰੱਖਿਆ, ਪਰ 2000ਵਿਆਂ ਵਿੱਚ ਵਪਾਰੀਕਰਨ ਨੇ ਇਸ ਨੂੰ ਪ੍ਰਭਾਵਿਤ ਕੀਤਾ ਵਾਹੁ ਵਾਹ ਵਾਲੀ ਪੱਤਰਕਾਰੀ, ਜਾਤੀਵਾਦੀ ਨੈਰੇਟਿਵ ਅਤੇ ਬੌਧਕ ਕੰਗਾਲੀ ਵਧੀ।

ਅੱਜ ਟੈਲੀਵਿਜ਼ਨ ਮੀਡੀਆ ਦਾ ਉਭਾਰ ਅਤੇ ਭੂਮਿਕਾ ਵਿਚ (1990-2020) ਟੈਲੀਵਿਜ਼ਨ ਨੇ ਪੰਜਾਬੀ ਮੀਡੀਆ ਨੂੰ ਵਿਜ਼ੂਅਲ ਰੂਪ ਦਿੱਤਾ। ਦੂਰਦਰਸ਼ਨ (44 ਪੰਜਾਬੀ, 2000 ਵਿੱਚ ਸ਼ੁਰੂ) ਨੇ ਸੱਭਿਆਚਾਰਕ ਪ੍ਰੋਗਰਾਮ (ਗੁਰਬਾਣੀ, ਲੋਕ ਗੀਤ, ਖੇਤੀਬਾੜੀ ਸਲਾਹ) ਨਾਲ ਪੰਜਾਬੀਅਤ ਨੂੰ ਸੰਭਾਲਿਆ। ਇਹ ਚੈਨਲ ਅੱਜ ਵੀ ਗਲੋਬਲ ਡਾਇਸਪੋਰਾ ਤੱਕ ਪਹੁੰਚਦਾ ਹੈ ਅਤੇ ਨਿਰਪੱਖਤਾ ਲਈ ਜਾਣਿਆ ਜਾਂਦਾ ਹੈ, ਹਾਲਾਂਕਿ ਸਰਕਾਰੀ ਪ੍ਰਭਾਵ ਦੀ ਆਲੋਚਨਾ ਵੀ ਹੈ।ਪ੍ਰਾਈਵੇਟ ਚੈਨਲਾਂ ਨੇ ਐਂਟਰਟੇਨਮੈਂਟ ਅਤੇ ਨਿਊਜ਼ ਨੂੰ ਵਧਾਇਆ।

ਅੱਜ ਇਸ TRP ਰੇਸ ਨੇ ਸਨਸਨੀਖੇਜ਼ਤਾ, ਰਾਜਨੀਤਕ ਪੱਖਪਾਤ (ਕੁਝ ਚੈਨਲ ਅਕਾਲੀ ਦਲ ਜਾਂ ਹੋਰ ਪਾਰਟੀਆਂ ਨਾਲ ਜੁੜੇ ਮੰਨੇ ਜਾਂਦੇ ਹਨ) ਅਤੇ ਜਾਤੀਵਾਦ ਨੂੰ ਵਧਾਇਆ। ਖੇਤੀ ਅੰਦੋਲਨ (2020-2021) ਵਿੱਚ ਕੁਝ ਚੈਨਲਾਂ ਨੇ ਫਾਰਮਰਾਂ ਦੇ ਨੈਰੇਟਿਵ ਨੂੰ ਸਮਰਥਨ ਦਿੱਤਾ, ਪਰ ਕਈ ਨੇ ਸਰਕਾਰੀ ਪੱਖ ਨੂੰ ਜ਼ਿਆਦਾ ਪ੍ਰਮੋਟ ਕੀਤਾ।3. ਪਿਛਲੇ ਇੱਕ ਦਹਾਕੇ ਵਿੱਚ ਡਿਜੀਟਲ ਮੀਡੀਆ ਦਾ ਉਭਾਰ ਅਤੇ ਆਧੁਨਿਕ ਪੱਤਰਕਾਰੀ (2015-2025)ਪਿਛਲੇ 10 ਸਾਲਾਂ ਵਿੱਚ ਪੰਜਾਬ ਵਿੱਚ ਡਿਜੀਟਲ ਮੀਡੀਆ ਨੇ ਤੇਜ਼ੀ ਨਾਲ ਵਿਕਾਸ ਕੀਤਾ ਹੈ।

ਅੱਜ ਸਮਾਰਟਫੋਨ ਅਤੇ ਇੰਟਰਨੈੱਟ ਦੀ ਪਹੁੰਚ (ਖਾਸ ਕਰਕੇ Jio ਦੇ ਆਉਣ ਨਾਲ 2016 ਤੋਂ) ਨੇ ਯੂਟਿਊਬ, ਫੇਸਬੁੱਕ ਅਤੇ ਇੰਸਟਾਗ੍ਰਾਮ ਨੂੰ ਮੁੱਖ ਮਾਧਿਅਮ ਬਣਾ ਦਿੱਤਾ। ਪੰਜਾਬੀ ਯੂਟਿਊਬ ਚੈਨਲਾਂ ਦੀ ਗਿਣਤੀ ਲੱਖਾਂ ਵਿੱਚ ਪਹੁੰਚ ਗਈ ਹੈ - ਨਿਊਜ਼ ਚੈਨਲਾਂ ਇਨਫਲੂਐਂਸਰਜ਼ (ਓਹੀ ਸਾਬੀ ਵਰਗੇ ਯੂਟਿਊਬਰਜ਼ ਜੋ ਰਾਜਨੀਤਕ ਅਤੇ ਸਮਾਜਿਕ ਮੁੱਦੇ ਚਰਚਾ ਕਰਦੇ ਹਨ), ਪੌਡਕਾਸਟ (ਕਾਕਾ ਬੱਲੀ ਵਰਗੇ) ਅਤੇ ਰੀਲਜ਼/ਸ਼ਾਰਟ ਵੀਡੀਓ ਨੇ ਨੌਜਵਾਨਾਂ ਨੂੰ ਜੋੜਿਆ।

ਅੱਜ ਡਿਜੀਟਲ ਪੱਤਰਕਾਰੀ ਨੇ ਕਈ ਸਕਾਰਾਤਮਕ ਬਦਲਾਅ ਲਿਆਂਦੇ ਹਨ ਤੇ ਤੇਜ਼ ਪਹੁੰਚ ਅਤੇ ਐਕਸੈਸਿਬਿਲਟੀ ਵਿੱਚ ਖੇਤੀ ਅੰਦੋਲਨ (2020-2021) ਵਿੱਚ ਫਾਰਮਰ ਯੂਨੀਅਨਾਂ ਨੇ ਆਪਣੇ ਯੂਟਿਊਬ ਚੈਨਲ ਅਤੇ ਲਾਈਵ ਸਟ੍ਰੀਮ ਨਾਲ ਮੁੱਖਧਾਰਾ ਮੀਡੀਆ ਨੂੰ ਚੁਣੌਤੀ ਦਿੱਤੀ। ਨਸ਼ਿਆਂ ਵਿਰੋਧੀ ਜਾਗਰੂਕਤਾ, ਨੌਜਵਾਨਾਂ ਦੇ ਵਿਦੇਸ਼ ਪਰਵਾਸ ਅਤੇ ਸਥਾਨਕ ਮੁੱਦੇ ਤੇ ਡੂੰਘੀ ਰਿਪੋਰਟਿੰਗ ਵਧੀ।

ਅੱਜ ਸਿਟੀਜ਼ਨ ਜਰਨਲਿਜ਼ਮ ਜੋਂ ਸੋਸ਼ਲ ਮੀਡੀਆ ਤੇ ਆਮ ਲੋਕ ਆਪਣੀਆਂ ਖ਼ਬਰਾਂ ਸਾਂਝੀਆਂ ਕਰਦੇ ਹਨ, ਜਿਸ ਨਾਲ ਪੇਂਡੂ ਪੰਜਾਬ ਦੇ ਮੁੱਦੇ (ਜਿਵੇਂ ਕਰਜ਼ੇ, ਆਤਮਹੱਤਿਆਵਾਂ) ਵਾਇਰਲ ਹੁੰਦੇ ਹਨ। ਹੁਣ ਅੱਜ ਪੰਜਾਬੀ ਭਾਸ਼ਾ ਦਾ ਵਿਸਥਾਰ ਅਤੇ ਰੀਲਜ਼ ਅਤੇ ਯੂਟਿਊਬ ਨੇ ਪੰਜਾਬੀ ਨੂੰ ਨੌਜਵਾਨਾਂ ਵਿੱਚ ਪ੍ਰਸਿੱਧ ਬਣਾਇਆ। ਸਰਕਾਰ ਨੇ ਵੀ ਪੰਜਾਬ ਇਨਫਲੂਐਂਸਰ ਐਂਪਾਵਰਮੈਂਟ ਪਾਲਿਸੀ 2023 ਜਾਰੀ ਕੀਤੀ ਤਾਂ ਜੋ ਇਨਫਲੂਐਂਸਰਜ਼ ਸੱਭਿਆਚਾਰ ਨੂੰ ਪ੍ਰਮੋਟ ਕਰਨਾ ਚਾਹੀਦਾ ਹੈ। ਪਰ ਅੱਜ ਚੁਣੌਤੀਆਂ ਵੀ ਬਹੁਤ ਹਨ ਅਤੇ ਫੇਕ ਨਿਊਜ਼ ਅਤੇ ਮਿਸਇਨਫਰਮੇਸ਼ਨ ਤੇ ਪੰਜਾਬ ਵਿੱਚ ਫੇਕ ਨਿਊਜ਼ ਨੇ ਨਸ਼ੇ, ਗੈਂਗਸਟਰ ਅਤੇ ਰਾਜਨੀਤਕ ਵਿਵਾਦਾਂ ਨੂੰ ਵਧਾਇਆ। ਪੰਜਾਬ ਪੁਲਿਸ ਨੇ ਵੈਲੇਂਟਾਈਨ ਵੀਕ ਵਰਗੇ ਕੈਂਪੇਨ ਚਲਾਏ ਫੇਕ ਨਿਊਜ਼ ਵਿਰੋਧੀ ਜਾਗਰੂਕਤਾ ਲਈ। ਯੂਟਿਊਬ ਅਤੇ ਵਟਸਐਪ ਗਰੁੱਪਾਂ ਵਿੱਚ ਵਾਇਰਲ ਫੇਕ ਵੀਡੀਓ ਨੇ ਹਿੰਸਾ ਅਤੇ ਨਫ਼ਰਤ ਵਧਾਈ ਹੈ। ਅੱਜ ਸਨਸਨੀਖੇਜ਼ਤਾ ਅਤੇ ਬੌਧਕ ਗਰੀਬੀ: ਹੈ ਅਤੇ ਬਹੁਤੇ ਯੂਟਿਊਬ ਚੈਨਲ ਥੰਬਨੇਲ ਅਤੇ ਟਾਈਟਲ ਨਾਲ ਵਿਊਜ਼ ਲਈ ਸਨਸਨੀਖੇਜ਼ ਕੰਟੈਂਟ ਬਣਾਉਂਦੇ ਹਨ। ਗੰਭੀਰ ਵਿਸ਼ਲੇਸ਼ਣ ਘੱਟ ਅਤੇ ਵਾਇਰਲ ਮਨੋਰੰਜਨ ਜ਼ਿਆਦਾ ਹੈ। ਅੱਜ ਪਲੇਟਫਾਰਮ ਡਿਪੈਂਡੈਂਸੀ ਵਿਚ ਅਲਗੋਰਿਦਮ ਨੇ ਪੱਤਰਕਾਰੀ ਨੂੰ ਪ੍ਰਭਾਵਿਤ ਕੀਤਾ - ਵੱਧ ਵਿਊਜ਼ ਵਾਲਾ ਕੰਟੈਂਟ ਪ੍ਰਮੋਟ ਹੁੰਦਾ ਹੈ, ਜਿਸ ਨਾਲ ਨੈਤਿਕਤਾ ਅਤੇ ਡੂੰਘਾਈ ਘੱਟਦੀ ਹੈ। ਇਥੇ ਜਾਤੀਵਾਦ ਅਤੇ ਵੰਡ ਅਤੇ ਡਿਜੀਟਲ ਮੀਡੀਆ ਵਿੱਚ ਵੀ ਜਾਤੀ ਵੋਟ ਬੈਂਕ ਅਤੇ ਧਰਮ ਵਾਲੇ ਨੈਰੇਟਿਵ ਚੱਲਦੇ ਹਨ, ਜਿਸ ਨਾਲ ਪੰਜਾਬੀਅਤ ਵੰਡੀ ਜਾਂਦੀ ਹੈ।

ਅੱਜ ਭਵਿੱਖ ਲਈ ਉਮੀਦਾਂ ਅਤੇ ਨੈਰੇਟਿਵਆਉਣ ਵਾਲੇ ਸਾਲਾਂ ਵਿੱਚ ਪੰਜਾਬੀ ਮੀਡੀਆ ਤੋਂ ਉਮੀਦਾਂ ਵਿੱਚ ਭਾਸ਼ਾ ਅਤੇ ਵਿਰਸੇ ਦੀ ਰਾਖੀ - ਡਿਜੀਟਲ ਪਲੇਟਫਾਰਮਾਂ ਰਾਹੀਂ ਨੌਜਵਾਨਾਂ ਨੂੰ ਜੋੜਨਾ। ਜ਼ਿੰਮੇਵਾਰ ਪੱਤਰਕਾਰੀ - ਫੈਕਟ-ਚੈਕਿੰਗ, ਨੈਤਿਕਤਾ ਅਤੇ ਡੂੰਘੀ ਰਿਪੋਰਟਿੰਗ ਅਤੇ ਏਕਤਾ ਵਾਲਾ ਨੈਰੇਟਿਵ - ਜਾਤੀਵਾਦ ਖਤਮ ਕਰਨਾ, ਅਸਲ ਮੁੱਦੇ (ਖੇਤੀ, ਨਸ਼ੇ, ਪਰਵਾਸ, ਵਾਤਾਵਰਨ) ਤੇ ਫੋਕਸ ਨਾਲ ਡਿਜੀਟਲ ਇੰਟੀਗ੍ਰੇਸ਼ਨ - ਪ੍ਰਿੰਟ, ਟੀਵੀ ਅਤੇ ਡਿਜੀਟਲ ਨੂੰ ਜੋੜ ਕੇ ਹਾਈਬ੍ਰਿਡ ਮਾਡਲ ਅਪਣਾਉਣਾ ਚਾਹੀਦਾ ਹੈ।

ਅੱਜ ਨਤੀਜੇ ਵਜੋਂ, ਬਦਲਦੇ ਸਮੇਂ ਵਿੱਚ ਪੰਜਾਬੀ ਮੀਡੀਆ ਨੂੰ ਆਪਣੇ ਇਤਿਹਾਸਕ ਯੋਗਦਾਨ ਨੂੰ ਯਾਦ ਰੱਖ ਕੇ ਨਵੇਂ ਯੁੱਗ ਵਿੱਚ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਜੇਕਰ ਇਹ ਫੇਕ ਨਿਊਜ਼ ਅਤੇ ਵਪਾਰੀਕਰਨ ਤੋਂ ਉੱਪਰ ਉੱਠ ਕੇ ਏਕਤਾ ਅਤੇ ਵਿਕਾਸ ਵਾਲਾ ਨੈਰੇਟਿਵ ਬਣਾਏ ਤਾਂ ਪੰਜਾਬੀ ਪਛਾਣ ਮਜ਼ਬੂਤ ਹੋਵੇਗੀ। ਨਹੀਂ ਤਾਂ ਵੰਡ ਅਤੇ ਕਮਜ਼ੋਰੀ ਵਧੇਗੀ। ਇਹ ਸਮਾਂ ਹੈ ਕਿ ਮੀਡੀਆ ਨਵੀਂ ਭੂਮਿਕਾ ਨਿਭਾਏ ਅਤੇ ਪੰਜਾਬ ਦੇ ਭਵਿੱਖ ਨੂੰ ਸੰਭਾਲੇ। ਇਸ ਦੀ ਸਾਰਥਿਕਤਾ ਹੀ ਪੰਜਾਬ ਦੀ ਪਹਿਚਾਣ ਹੈ।

# ਨਵੇਂ ਅਕਾਲੀ ਦਲ ਨੇ ਫਿਰ ਰਿੜਕਿਆ ਪਾਣੀ

ਕਮਲਜੀਤ ਸਿੰਘ ਬਨਵੈਤ
98147 34035

- ਮੀਟਿੰਗ ਵਿੱਚ ਗਿਆਨੀ ਹਰਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਇਆਲੀ ਨੇ ਕੱਢੀ ਦਿਲ ਦੀ ਭੜਾਸ
- ਵਾਰਿਸ ਪੰਜਾਬ ਸਮੇਤ ਹੋਰ ਪੰਥਕ ਧਿਰਾਂ ਨਾਲ ਰਲ ਕੇ ਤੁਰਨ ਲਈ ਕੀਤਾ ਪੰਜ ਮੈਂਬਰੀ ਕਮੇਟੀ ਦਾ ਗਠਨ
- ਕਾਂਗਰਸ ਹਾਈ ਕਮਾਂਡ ਨਾਲ ਮੀਟਿੰਗ ਕਰਕੇ ਬਾਹਰ ਆਏ ਪੰਜਾਬ ਦੇ ਕਾਂਗਰਸੀਆਂ ਦੀਆਂ ਖਾਖਾਂ ਦਿਸੀਆਂ ਲਾਲ
- ਮੀਟਿੰਗ 'ਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਵੜਿੰਗ ਨੂੰ ਖਿੱਚਿਆ
- ਨਵੇਂ ਅਕਾਲੀ ਦਲ ਨੂੰ ਪੰਜਾਬੀਅਤ ਤੋਂ ਦੂਰ ਰਹਿਣ ਦਾ ਪਛਤਾਵਾ, ਸ਼ੁਰੂ ਹੋਵੇਗੀ ਸੰਪਰਕ ਮੁਹਿੰਮ

ਪੱਤਰਕਾਰੀ ਦੇ ਕਈ ਦਹਾਕਿਆਂ ਦੇ ਸਫ਼ਰ ਦੌਰਾਨ ਬੜੀਆਂ ਸਾਰੀਆਂ ਪਾਰਟੀਆਂ ਨੂੰ ਜੰਮਦਿਆਂ, ਡੱਗ ਮਗਾਂਦਿਆਂ ਅਤੇ ਬਿਖਰਦਿਆਂ ਦੇਖਿਆ ਹੈ। ਕਈ ਡੱਕੇ ਡੋਲੇ ਖਾ ਕੇ ਇਵੇਂ ਡਿੱਗੀਆਂ ਕਿ ਮੁੜ ਉੱਠ ਨਹੀਂ ਸਕੀਆਂ। ਹੋਰ ਵਕਤ ਦੇ ਥਪੇੜੇ ਖਾ ਕੇ ਵੀ ਉੱਠਦੀਆਂ ਰਹੀਆਂ। ਨਵਾਂ ਅਕਾਲੀ ਦਲ ਹਾਲੇ ਉੱਠਣ, ਡਿੱਗਣ ਤੇ ਢਹਿਣ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਦਾਗ਼ੀ ਧੜੇ ਤੋਂ ਲੈ ਕੇ ਬਰਾਸਤਾ ਸੁਧਾਰ ਲਹਿਰ, ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਤੱਕ ਦਾ ਸਫ਼ਰ ਤੈਅ ਕਰਨ ਤੱਕ ਪੈਰ ਨਹੀਂ ਲੱਗ ਸਕੇ ਹਨ। ਦੂਜੇ ਬੰਨੇ ਪੰਜਾਬ ਕਾਂਗਰਸ ਆਪਣੇ ਥਪੇੜਿਆਂ ਨੇ ਭੰਨੀ ਪਈ ਹੈ। ਦਿੱਲੀ ਵਾਲੇ ਸਮਝਾ ਬੁਝਾਅ ਕੇ ਹੰਭ ਗਏ ਹਨ। ਪਿਛਲੇ ਦਿਨੀਂ ਦਿੱਲੀ ਹਾਈ ਕਮਾਨ ਨੇ ਕਲਾਸ ਲਈ ਤਾਂ ਸੱਭ ਦੀਆਂ ਖਾਖਾਂ ਲਾਲ ਹੋਈਆਂ ਪਈਆਂ ਸਨ ।

ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੀ ਦੋ ਦਿਨ ਪਹਿਲਾਂ ਹੋਈ ਮੀਟਿੰਗ ਵਿੱਚ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਸਮੇਤ ਸਭ ਨੇ ਆਪਣਾ ਗੁੱਭ ਗੁਲਾਟ ਕੱਢਿਆ। ਇੱਕ ਨਹੀਂ ਕਈ ਮਸਲੇ ਰਿੜਕੇ ਗਏ। ਕਈਆਂ ਵਿੱਚ ਗੰਭੀਰਤਾ ਦਿਸੀ ਜਦ ਕਿ ਹੋਰ ਹਵਾ ਵਿੱਚ ਉੱਡ ਗਏ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਪ੍ਰਧਾਨਗੀ ਬਚ ਗਈ ਹੈ। ਇਸ ਤੋਂ ਪਹਿਲੀ ਮੀਟਿੰਗ ਵਿੱਚ ਪ੍ਰਧਾਨ ਬਦਲਣ ਸਮੇਤ ਢਾਂਚਾ ਭੰਗ ਕਰਨ ਦੀ ਸਕੀਮ ਸਿਰੇ ਨਹੀਂ ਚੜ੍ਹੀ ਹੈ। ਗਿਆਨੀ ਹਰਪ੍ਰੀਤ ਸਿੰਘ ਦੀ ਮੀਡੀਆ ਇੰਟਰਵਿਊ ਨੂੰ ਲੈ ਕੇ ਤਿੱਖੇ ਸਵਾਲ ਤਾਂ ਹੋਏ ਪਰ ਉਹ ਆਪਣੇ ਸੁਭਾਅ ਦਾ ਹਿੱਸਾ ਕਹਿ ਕੇ ਟਾਲ ਗਏ। ਗਿਆਨੀ ਹਰਪ੍ਰੀਤ ਸਿੰਘ ਇਹ ਵੀ ਕਹਿ ਗਏ ਕਿ ਮੈਂ ਤਾਂ ਹਾਸਾ ਠੱਠਾ ਕਰਕੇ ਸਾਰ ਲੈਂਦਾ ਹਾਂ ਪਰ ਸਾਡੇ ਵਿੱਚ ਕਈ ਅਜਿਹੇ ਵੀ ਹਨ ਜਿਹੜੇ ਅੰਦਰ ਖ਼ਾਤੇ ਕੰਮ ਕਢਵਾ ਲੈਂਦੇ ਹਨ। ਮੀਟਿੰਗ ਵਿੱਚ ਕੇਵਲ ਦਲ ਦੇ ਉੱਪਰਲੇ 11 ਲੀਡਰ ਹੀ ਸ਼ਾਮਿਲ ਹੋਏ। ਜ਼ਿਲ੍ਹਾ ਪ੍ਰਧਾਨਾਂ ਨੂੰ ਸੱਦ ਲਿਆ ਜਾਂਦਾ ਤਾਂ ਲੱਸੀ ਵਿੱਚ ਪਾਣੀ ਪਾ ਕੇ ਲੜਾਈ ਵਧਾਉਣ ਵਾਲੀ ਗੱਲ ਹੋ ਜਾਣੀ ਸੀ।

ਮੀਟਿੰਗ ਵਿੱਚ ਪ੍ਰਧਾਨ ਦੀ ਸਲਾਹ ਲਈ ਇੱਕ ਪੰਜ ਮੈਂਬਰੀ ਕਮੇਟੀ ਦਾ ਗਠਨ ਕਰਨ ਉੱਤੇ ਚਰਚਾ ਤਾਂ ਤੁਰੀ ਪਰ ਸਿਰੇ ਨਹੀਂ ਚੜ੍ਹ ਸਕੀ। ਜ਼ਿਆਦਾਤਰ ਮਾਮਲੇ ਪਾਰਟੀ ਦੇ ਰਜਿਸਟਰਡ ਹੋਣ ਤੋਂ ਬਾਅਦ ਤੱਕ ਛੱਡ ਦਿੱਤੇ ਗਏ। ਗਿਆਨੀ ਹਰਪ੍ਰੀਤ ਸਿੰਘ ਨੇ ਇੱਕ ਅਹਿਮ ਮੁੱਦਾ ਜ਼ਰੂਰ ਉਠਾਇਆ ਕਿ ਟਿਕਟਾਂ ਦੇਣ ਵੇਲੇ 40 ਫ਼ੀਸਦੀ ਹਿੱਸਾ ਨੌਜਵਾਨਾਂ ਅਤੇ 35 ਫ਼ੀਸਦੀ ਹਿੱਸਾ ਮਹਿਲਾਵਾਂ ਲਈ ਰਾਖਵਾਂ ਰੱਖਿਆ ਜਾਵੇਗਾ। ਸਾਡੀ ਜਾਚੇ ਇਹ ਇਕ ਲੋਕ ਲੁਭਾਊ ਬਿਆਨ ਤੋਂ ਬਾਅਦ ਕੁਝ ਨਹੀਂ ਕਿਉਂਕਿ ਸਾਂਝ ਤਾਂ ਵਾਰਿਸ ਪੰਜਾਬ ਨਾਲ ਪਾਉਣ ਵੀ ਗੱਲ ਚੱਲ ਰਹੀ ਹੈ । ਚਰਚਾ ਤਾਂ ਇਸ ਮੁੱਦੇ 'ਤੇ ਵੀ ਹੋਈ ਕਿ ਵਾਰਿਸ ਪੰਜਾਬ ਨਾਲ ਬਗਲਗੀਰ ਹੋਣ ਵਾਸਤੇ ਦੋਹਾਂ ਧਿਰਾਂ ਦੀਆਂ ਪੰਜ ਪੰਜ ਮੈਂਬਰੀ ਕਮੇਟੀਆਂ ਬਣਾਈਆਂ ਜਾਣ । ਚੌਹਾਂ ਕਮੇਟੀਆਂ ਦੀ ਤਰਫ਼ੋਂ ਦੋ ਕੋਆਰਡੀਨੇਟਰ ਹੋਣ ਜਿਹੜੇ ਤਾਲਮੇਲ ਲਈ ਪੁੱਲ ਦਾ ਕੰਮ ਕਰਨ।

ਪੰਥਕ ਕੌਂਸਲ ਦੀ ਚੇਅਰਪਰਸਨ ਬੀਬੀ ਸਤਵੰਤ ਕੌਰ ਇਸ ਵਾਰ ਵੀ ਮੀਟਿੰਗ ਤੋਂ ਦੂਰ ਰਹੇ। ਉਹਨਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਕੇਵਲ ਪੰਥਕ ਜਥੇਬੰਦੀਆਂ ਨਾਲ ਜੁੜੇ ਮਾਮਲੇ ਹੀ ਦੇਖਣਗੇ। ਪੰਜ ਮੈਂਬਰੀ ਕਮੇਟੀ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਮਨਪ੍ਰੀਤ ਸਿੰਘ ਇਆਲੀ ਮੀਟਿੰਗ ਵਿੱਚ ਦੇਰ ਨਾਲ ਪੁੱਜੇ। ਸੂਤਰ ਦੱਸਦੇ ਹਨ ਕਿ ਇਆਲੀ ਨੇ ਇਸ ਵਾਰ ਖੁੱਲ੍ਹ ਕੇ ਦਿਲ ਹੌਲਾ ਕੀਤਾ। ਦੋ ਦਸੰਬਰ ਦੇ ਹੁਕਮਨਾਮੇ ਮੁਤਾਬਕ ਨਵੇਂ ਅਕਾਲੀ ਦਲ ਵਿੱਚ ਇੱਕ ਪਰਿਵਾਰ ਨੂੰ ਇੱਕ ਪ੍ਰਤੀਨਿੱਧਤਾ ਦੇਣ ਉੱਤੇ ਮੁੜ ਤੋਂ ਚਰਚਾ ਹੋਈ। ਇਹ ਵੀ ਸਹਿਮਤੀ ਬਣੀ ਕਿ ਇੱਕ ਪਰਿਵਾਰ ਵਿੱਚੋਂ ਮੂਹਰੇ ਆਏ ਦੋ ਮੈਂਬਰਾਂ ਵਿੱਚੋਂ ਇੱਕ ਆਪਣੇ ਆਪ ਪਾਸੇ ਹੋ ਜਾਵੇ ਤਾਂ ਅਨੁਸ਼ਾਸਨ ਵਧੇਰੇ ਮਜ਼ਬੂਤ ਹੋਵੇਗਾ। ਅਕਾਲੀ ਦਲ ਦੇ ਇੱਕ ਹੋਰ ਕੋਨੇ ਤੋਂ ਮਿਲੀ ਖ਼ਬਰ ਮੁਤਾਬਕ ਪੰਥਕ ਏਕਤਾ ਦਾ ਮੁੱਢ ਬੰਨਣ ਅਤੇ ਪੰਥਕ ਸ਼ਕਤੀ ਨੂੰ ਇੱਕ ਜੁਗਤ ਕਰਨ ਲਈ ਪੰਜ ਮੈਂਬਰੀ ਰਾਜਸੀ ਤਾਲਮੇਲ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਮਨਪ੍ਰੀਤ ਸਿੰਘ ਇਆਲੀ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸੁੱਚਾ ਸਿੰਘ ਛੋਟੇਪੁਰ ਅਤੇ ਗੁਰ ਪ੍ਰਤਾਪ ਸਿੰਘ ਵਡਾਲਾ ਮੈਂਬਰ ਹੋਣਗੇ। ਕਮੇਟੀ ਨੂੰ ਵਾਰਿਸ ਪੰਜਾਬ ਦੇ ਸਮੇਤ ਪੰਥਕ ਧਿਰਾਂ ਨਾਲ ਤਾਲਮੇਲ ਕਰਕੇ ਇੱਕ ਸਾਂਝਾ ਪੰਥਕ ਪਲੇਟਫਾਰਮ ਸਿਰਜਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਇਸੇ ਦੌਰਾਨ ਦਿੱਲੀ ਵੱਲੋਂ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਦੀ ਵੀ ਕਲਾਸ ਲਏ ਜਾਣ ਦੀ ਸੂਚਨਾ ਹੈ। ਮੀਟਿੰਗ ਵਿੱਚ ਪੰਜਾਬ ਤੋਂ ਮੂਹਰਲੀ ਕਤਾਰ ਦੇ ਕੇਵਲ ਸੱਤ ਲੀਡਰਾਂ ਨੂੰ ਸੱਦਿਆ ਗਿਆ ਸੀ। ਹਾਲੇ ਤੱਕ ਅੰਦਰ ਕੀ ਹੋਇਆ ਖੁੱਲ੍ਹ ਕੇ ਗੱਲ ਬਾਹਰ ਤਾਂ ਨਹੀਂ ਆਈ ਪਰ ਪੰਜਾਬ ਦੇ ਕਾਂਗਰਸੀ ਲੀਡਰਾਂ ਦੇ ਕੌਮੀ ਪ੍ਰਧਾਨ ਅਰਜੁਨ ਖੜਗੇ ਦੇ ਘਰੋਂ ਬਾਹਰ ਨਿਕਲਣ ਵੇਲੇ ਕਈਆਂ ਦੀਆਂ ਲੱਤਾਂ ਆਪਣਾ ਭਾਰ ਨਹੀਂ ਝੱਲ ਰਹੀਆਂ ਸਨ। ਮਾਮਲਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਵੜਿੰਗ ਆਪਸੀ ਫਸੇ ਸਿੰਗ ਬਾਹਰ ਨਾ ਨਿਕਲਣ ਦਾ ਹੈ। ਲੋੜ ਤਾਂ ਦੋਹਾਂ ਧਿਰਾਂ ਦਰਮਿਆਨ ਖਿੱਚੀ ਗਈ ਲਕੀਰ ਮੇਟਣ ਦੀ ਹੈ । ਮੀਟਿੰਗਾਂ ਤਾਂ ਦਿੱਲੀ ਵਾਲਿਆਂ ਨੇ ਪਹਿਲਾਂ ਵੀ ਬੜੀਆਂ ਕਰਕੇ ਦੇਖ ਲਈਆਂ ਹਨ। ਕਾਂਗਰਸ ਪੰਜਾਬ ਵਿੱਚ 2027 ਨੂੰ ਜਿੱਤਣ ਦੀ ਚੋਣ ਨਹੀਂ ਲੜ ਰਹੀ ਹੈ, ਸਗੋਂ ਮੁੱਖ ਮੰਤਰੀ ਦੀ ਕੁਰਸੀ ਬਿੱਲੀਆਂ ਵਿਚਾਲੇ ਰੋਟੀ ਦਾ ਟੁੱਕ ਬਣੀ ਹੋਈ ਹੈ। ਕਾਂਗਰਸ ਹਾਲੇ ਵੀ ਨਾ ਸੰਭਲੀ ਤਾਂ ਦੇਰ ਹੋ ਚੁੱਕੀ ਹੋਵੇਗੀ।

ਇਸ ਪੱਖੋਂ ਭਾਰਤੀ ਜਨਤਾ ਪਾਰਟੀ ਦਾ ਜ਼ਿਕਰ ਕਰਨਾ ਬਣਦਾ ਹੈ ਜਿਸ ਵਿੱਚ ਅਨੁਸ਼ਾਸਨਹੀਨਤਾ ਨਾਂ ਦੀ ਕੋਈ ਚੀਜ਼ ਨਹੀਂ ਹੈ। ਅੰਦਰੋਂ ਚਾਹੇ ਤਪਦੇ ਰਹਿਣ ਪਰ ਲੀਡਰ ਉੱਪਰ ਤੋਂ ਆਏ ਹੁਕਮ ਅੱਗੇ ਸਿਰ ਝੁਕਾਉਣਾ ਪੈਂਦਾ ਹੈ।

ਨਵੇਂ ਅਕਾਲੀ ਦਲ ਦੀ ਮੀਟਿੰਗ ਦੀ ਗੱਲ ਕਰੀਏ ਜਾਂ ਪੰਜਾਬ ਕਾਂਗਰਸ ਦੀ ਦਿੱਲੀ ਪਈ ਪੇਸ਼ੀ ਦੀ ਦੋਹਾਂ ਵਿੱਚ ਆਪਣੇ ਝਗੜੇ ਨਹੀਂ ਨਿਬੇੜੇ ਗਏ ਹਨ। ਇੱਕ ਪਾਰਟੀ ਦੀ ਕੀ ਗੱਲ ਕਰੀਏ ਸਾਰਿਆਂ ਨੂੰ ਝੰਡੀ ਵਾਲੀ ਕਾਰ ਵਿੱਚ ਝੂਟੇ ਲੈਣ ਦੀ ਪਈ ਹੋਈ ਹੈ, ਪੰਜਾਬ ਦੇ ਮੁੱਦੇ ਪੈਣ ਢੱਠੇ ਖੂਹ ਵਿੱਚ। ਇੱਕ ਜ਼ਮਾਨਾ ਸੀ ਜਦੋਂ ਸਿਆਸੀ ਲੀਡਰ ਆਪਣੀ ਪਛਾਣ ਬਣਾਉਂਦੇ ਸਨ ਤਾਂ ਪਾਰਟੀਆਂ ਉਹਨਾਂ ਨੂੰ ਅਹੁਦਿਆਂ ਨਾਲ ਨਿਵਾਜਦੀਆਂ ਸਨ। ਅੱਜ ਲੀਡਰ ਅਹੁਦੇ ਮੰਗ ਕੇ ਘਰੋਂ ਨਿਕਲਣਾ ਮੰਗ ਰਹੇ ਹਨ। ਪੈਸੇ ਦੇ ਜ਼ੋਰ ਨਾਲ ਅਹੁਦੇ ਤੇ ਟਿੱਕਟਾਂ ਦੋਵੇਂ ਮੁੱਲ ਵਿਕਦੇ ਹਨ। ਵਜ਼ੀਰੀਆਂ ਲਈ ਬੋਲੀ ਲੱਗਦੀ ਹੈ। ਮੁੱਖ ਮੰਤਰੀ ਦੀ ਕੁਰਸੀ ਦਾ ਭਾਅ ਤਾਂ ਹੁਣ ਕਿਸੇ ਤੋਂ ਲੁਕਿਆ ਨਹੀਂ ਰਹਿ ਗਿਆ ਹੈ। ਸਰਕਾਰਾਂ ਅਤੇ ਸਿਆਸੀ ਪਾਰਟੀਆਂ ਨੇ ਪੰਜਾਬ ਨੂੰ ਰੱਬ ਇਸ ਵੇਲੇ ਤਾਂ ਕਈ ਚਿਰ ਪਹਿਲਾਂ ਛੱਡ ਦਿੱਤਾ ਸੀ ਸਿਆਸਤ ਦੇ ਅਜਿਹੇ ਮੌਸਮ ਵਿੱਚ ਸਾਡਾ ਅੱਲਾ ਬੇਲੀ।

### ਲੁਧਿਆਣਾ ਕਤਲ ਕਾਂਡ !

# ਤਕਰਾਰ ਤੋਂ ਬਾਅਦ ਦੋਸਤ ਵੱਲੋਂ ਐਮ.ਬੀ.ਏ. ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

ਲੁਧਿਆਣਾ, 24 ਜਨਵਰੀ (ਚ.ਨ.ਸ): ਪੁਲਿਸ ਅਨੁਸਾਰ ਸ਼ੁੱਕਰਵਾਰ ਸ਼ਾਮ ਨੂੰ ਤਲਵਾੜਾ ਪਿੰਡ ਨੇੜੇ ਮਾਮੂਲੀ ਬਹਿਸ (ਤਕਰਾਰ) ਤੋਂ ਬਾਅਦ ਇੱਕ ਐਮ.ਬੀ.ਏ. ਵਿਦਿਆਰਥੀ ਦੀ ਉਸ ਦੇ ਹੀ ਇੱਕ ਦੋਸਤ ਵੱਲੋਂ ਕਥਿਤ ਤੌਰ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।ਕਤਲ ਦੇ ਪਿੱਛੇ ਦੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।ਮ੍ਰਿਤਕ ਦੀ ਪਛਾਣ 25 ਸਾਲਾ ਰਾਜਵੀਰ ਸਿੰਘ ਖਹਿਰਾ ਵਜੋਂ ਹੋਈ ਹੈ, ਜੋ ਪਿੰਡ ਥਰੀਕੇ ਦੇ ਜਗਜੀਤ ਨਗਰ ਦਾ ਰਹਿਣ ਵਾਲਾ ਸੀ।ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਤੇ ਐਮ.ਬੀ.ਏ. ਦੀ ਪੜ੍ਹਾਈ ਕਰ ਰਿਹਾ ਸੀ। ਪੀ.ਏ.ਯੂ.ਪੁਲਿਸ ਨੇ ਉਸ ਦੇ ਦੋਸਤ ਜੁਗਰਾਜ ਸਿੰਘ ਵਾਸੀ ਪਿੰਡ ਪਮਾਲ ਖ਼ਿਲਾਫ਼ ਐਫ.ਆਈ.ਆਰ. ਦਰਜ ਕਰ ਲਈ ਹੈ।ਪੀ.ਏ.ਯੂ. ਥਾਣੇ ਦੇ ਐਸ.ਐਚ.ਓ. ਇੰਸਪੈਕਟਰ ਵਿਜੇ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਮੁਲਜ਼ਮ ਨੇ ਮਾਮੂਲੀ ਤਕਰਾਰ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਨੂੰ ਨੇੜਿਓਂ ਗੋਲੀ ਮਾਰ ਦਿੱਤੀ।ਐਸ.ਐਚ.ਓ. ਨੇ ਕਿਹਾ ਕਿ ਗੋਲੀ ਉਸ ਦੇ ਪੇਟ ਦੇ ਆਰ-ਪਾਰ ਹੋ ਗਈ।ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਉਨ੍ਹਾਂ ਅੱਗੇ ਕਿਹਾ ਕਿ ਕਤਲ ਦੇ ਅਸਲ ਕਾਰਨਾਂ ਦਾ ਖੁਲਾਸਾ ਮੁਲਜ਼ਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੋਵੇਗਾ। ਕੁਮਾਰ ਨੇ ਦੱਸਿਆ ਕਿ ਮੁਲਜ਼ਮ ਨੂੰ ਫੜਨ ਲਈ ਛਾਪੇਮਾਰੀ ਜਾਰੀ ਹੈ।



# ਗੁਆਂਢੀ ਰਾਜਾਂ ਦੇ ਮੁਕਾਬਲੇ ਡੀਜ਼ਲ ਵਿਕਰੀ 'ਚ ਮੋਹਰੀ ਬਣਿਆ ਚੰਡੀਗੜ੍ਹ

ਜਲੰਧਰ, 24 ਜਨਵਰੀ (ਚ.ਨ.ਸ): ਤੇਲ ਡੀਲਰਾਂ ਵੱਲੋਂ ਸ਼ਿਕਾਇਤਾਂ ਕਰਨ ਤੋਂ ਬਾਅਦ ਪੰਜਾਬ ਸਰਕਾਰ ਨੇ ਤੇਲ ਦੀ ਗੈਰ-ਕਾਨੂੰਨੀ ਵਿਕਰੀ ਰੋਕਣ ਲਈ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ, ਜਿਸ ਤਹਿਤ ਸੂਬੇ ਭਰ ਦੇ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਹੋ ਰਹੀ ਤੇਲ ਵਿਕਰੀ ਰੋਕਣ ਲਈ ਸਖ਼ਤੀ ਨਾਲ ਕਾਰਵਾਈ ਕਰਨ ਲਈ ਹਦਾਇਤ ਦਿੱਤੀ ਹੈ ਪਰ ਚੰਡੀਗੜ੍ਹ ਸਾਲ 2016-17 ਦੇ ਮੁਕਾਬਲੇ ਸਾਲ 2024-25 ਵਿੱਚ ਡੀਜ਼ਲ ਦੀ ਸਭ ਤੋਂ ਜ਼ਿਆਦਾ 151 ਫ਼ੀਸਦੀ ਦੇ ਕਰੀਬ ਵਿਕਰੀ ਕਰਕੇ ਗੁਆਂਢੀ ਰਾਜਾਂ ਦੇ ਮੁਕਾਬਲੇ ਮੋਹਰੀ ਰਿਹਾ ਹੈ, ਜਦਕਿ ਪੰਜਾਬ ਡੀਜ਼ਲ ਦੀ ਵਿਕਰੀ ਵਿੱਚ ਪਛੜ ਗਿਆ ਹੈ ਤੇ ਉਸ ਦੀ ਵਿਕਰੀ ਸਿਰਫ਼ 5 ਫ਼ੀਸਦੀ ਹੋ ਸਕੀ ਹੈ।ਇਸ ਦਾ ਵੱਡਾ ਕਾਰਨ ਪੰਜਾਬ ਦੇ ਮੁਕਾਬਲੇ ਗੁਆਂਢੀ ਰਾਜਾਂ ਵਿੱਚ ਵੈਟ ਦੀ ਦਰ ਘੱਟ ਹੋਣ ਤੇ ਤੇਲ ਦੀ ਤਸਕਰੀ ਹੋਣ ਦੀ ਸ਼ੰਕਾ ਨੂੰ ਦੱਸਿਆ ਜਾ ਰਿਹਾ ਹੈ।ਡੀਜ਼ਲ ਦੀ ਵਿਕਰੀ ਦੇ ਆਏ ਤਾਜ਼ਾ ਅੰਕੜੇ ਵੀ ਪੰਜਾਬ ਵਿੱਚ ਪੈਟਰੋਲ ਪੰਪਾਂ ਦੀ ਹਾਲਤ ਦੱਸਦੇ ਹਨ ਕਿ ਕਿਸ ਤਰ੍ਹਾਂ ਨਾਲ ਕਦੇ ਪੰਜਾਬ ਡੀਜ਼ਲ ਦੀ ਵਿਕਰੀ ਸਭ ਤੋਂ ਮੋਹਰੀ ਹੁੰਦਾ ਸੀ ਪਰ ਹੁਣ ਡੀਜ਼ਲ ਦੀ ਵਿਕਰੀ ਵਿੱਚ ਬਾਕੀ ਗੁਆਂਢੀ ਰਾਜਾਂ ਤੋਂ ਪਛੜਦਾ ਨਜ਼ਰ ਆ ਰਿਹਾ ਹੈ।ਚੰਡੀਗੜ੍ਹ ਨੇ ਸਾਲ 2016-17 ਵਿੱਚ 102.07113 ਮੀਟ੍ਰਿਕ ਟਨ ਡੀਜ਼ਲ ਵੇਚਿਆ ਸੀ, ਜਦਕਿ ਸਾਲ 2024-25 ਵਿੱਚ ਚੰਡੀਗੜ੍ਹ ਦੀ ਡੀਜ਼ਲ ਵਿਕਰੀ 257.111116 ਮੀਟ੍ਰਿਕ ਟਨ ਦੇ ਨਾਲ ਕਰੀਬ 151 ਫ਼ੀਸਦੀ ਤੱਕ ਵੱਧ ਗਈ ਹੈ।ਇਸੇ ਤਰ੍ਹਾਂ ਨਾਲ ਜੰਮੂ-ਕਸ਼ਮੀਰ ਦੀ ਪਹਿਲਾਂ 585.23116 ਮੀਟ੍ਰਿਕ ਟਨ ਤੇ ਹੁਣ 941.553906 ਮੀਟ੍ਰਿਕ ਟਨ ਨਾਲ ਡੀਜ਼ਲ ਦੀ ਵਿਕਰੀ ਵਿੱਚ 60 ਫ਼ੀਸਦੀ ਦਾ ਵਾਧਾ ਹੋਇਆ ਹੈ।ਇਸੇ ਤਰ੍ਹਾਂ ਨਾਲ ਹਿਮਾਚਲ ਪ੍ਰਦੇਸ਼ ਵਿੱਚ ਪਹਿਲਾਂ ਡੀਜ਼ਲ ਦੀ ਵਿਕਰੀ 586.11294 ਮੀਟ੍ਰਿਕ ਟਨ ਤੇ ਹੁਣ 786.970892 ਮੀਟ੍ਰਿਕ ਟਨ ਨਾਲ 34 ਫ਼ੀਸਦੀ ਦੇ ਕਰੀਬ ਡੀਜ਼ਲ ਵਿਕਰੀ ਵਿੱਚ ਵਾਧਾ ਹੋਇਆ ਹੈ।ਪੰਜਾਬ ਦੀ 2016-17 ਵਿੱਚ ਡੀਜ਼ਲ ਦੀ ਵਿਕਰੀ 3348.47825 ਮੀਟ੍ਰਿਕ ਟਨ ਸੀ।ਇਹ ਸਾਲ 2024-25 ਵਿੱਚ ਸਿਰਫ਼ 3347.14776 ਮੀਟ੍ਰਿਕ ਟਨ 'ਤੇ ਹੀ ਟਿਕੀ ਹੋਈ ਸੀ ਤਾਂ ਇਸ ਤਰ੍ਹਾਂ ਨਾਲ ਪੰਜਾਬ ਦੇ ਪੈਟਰੋਲ ਪੰਪਾਂ ਦੀ ਵਿਕਰੀ ਵਿੱਚ ਵਾਧਾ ਤਾਂ ਕੀ ਹੋਣਾ ਸੀ, ਸਗੋਂ ਉਲਟਾ 5 ਫ਼ੀਸਦੀ ਦੇ ਕਰੀਬ ਡੀਜ਼ਲ ਦੀ ਵਿੱਕਰੀ ਘੱਟ ਗਈ।ਇਸ ਦਾ ਇੱਕ ਵੱਡਾ ਕਾਰਨ ਇਹ ਵੀ ਦੱਸਿਆ ਜਾਂਦਾ ਹੈ ਕਿ ਪੰਜਾਬ ਦੇ ਮੁਕਾਬਲੇ ਹਰਿਆਣਾ ਨੂੰ ਛੱਡ ਕੇ ਗੁਆਂਢੀ ਰਾਜਾਂ ਵਿੱਚ ਵੈਟ ਦੀਆਂ ਦਰਾਂ ਦਾ ਅੰਤਰ ਅਜੇ ਤੱਕ ਦੂਰ ਨਹੀਂ ਹੋ ਸਕਿਆ ਹੈ। ਜੰਮੂ-ਕਸ਼ਮੀਰ ਵਿੱਚ ਡੀਜ਼ਲ ਪੰਜਾਬ ਨਾਲੋਂ 4 ਰੁਪਏ ਤੋਂ ਲੈ ਕੇ 5 ਰੁਪਏ ਪ੍ਰਤੀ ਲੀਟਰ ਸਸਤਾ ਤੇ ਇਸੇ ਤਰ੍ਹਾਂ ਨਾਲ ਚੰਡੀਗੜ੍ਹ ਵਿੱਚ ਵੀ ਡੀਜ਼ਲ 4 ਤੋਂ 5 ਰੁਪਏ ਤੇ ਹਿਮਾਚਲ ਵਿੱਚ ਪੰਜਾਬ ਨਾਲੋਂ ਡੀਜ਼ਲ ਕਰੀਬ 4.50 ਰੁਪਏ ਪ੍ਰਤੀ ਮੀਟਰ ਸਸਤਾ ਹੈ।

# ਤਖ਼ਤ ਸ੍ਰੀ ਪਟਨਾ ਸਾਹਿਬ ਦੀਆਂ ਚੋਣਾਂ 'ਚ ਕਰੀਬ 8 ਫ਼ੀਸਦੀ ਗੈਰ-ਸਿੱਖਾਂ ਦੀਆਂ ਵੋਟਾਂ 'ਤੇ ਇਤਰਾਜ਼

ਖੰਨਾ, 24 ਜਨਵਰੀ (ਚ.ਨ.ਸ): ਤਖ਼ਤ ਸ੍ਰੀ ਪਟਨਾ ਸਾਹਿਬ ਦੀਆਂ 2026 ਵਿੱਚ ਹੋਣ ਵਾਲੀਆਂ ਚੋਣਾਂ ਵਿੱਚ 3637 ਵੋਟਾਂ ਵਿੱਚ 287 ਵੋਟਾਂ ਸੰਭਾਵਿਤ ਰੂਪ ਵਿੱਚ ਗੈਰ-ਸਿੱਖਾਂ ਦੀਆਂ ਬਣਾਏ ਜਾਣ 'ਤੇ ਸਿੱਖ ਹਲਕਿਆਂ ਵਿੱਚ ਰੋਸ ਹੈ।ਇਹ ਗਿਣਤੀ ਕਰੀਬ 7.9 ਫ਼ੀਸਦੀ ਬਣਦੀ ਹੈ।ਸਿੱਖ ਕਲੈਕਟਿਵ ਨਾਂਅ ਦੀ ਸੰਸਥਾ ਜੋ ਵਕਾਲਤ ਤੇ ਨਿਆਂਇਕ ਸਰਗਰਮੀਆਂ ਰਾਹੀਂ ਗੁਰਦੁਆਰਾ ਪ੍ਰਬੰਧ ਕਮੇਟੀਆਂ ਵਿੱਚ ਪਾਰਦਰਸ਼ਤਾ ਤੇ ਸੁਧਾਰ ਲਈ ਕੰਮ ਕਰਨ ਵਾਲਾ ਸਿੱਖ ਕਾਰਕੁੰਨਾਂ ਦਾ ਇੱਕ ਗਰੁੱਪ ਹੈ, ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੀਆਂ ਆਉਣ ਵਾਲੀਆਂ 2026 ਦੀਆਂ ਆਮ ਚੋਣਾਂ ਦੀ ਪ੍ਰਕਿਰਿਆ ਵਿੱਚ ਤੁਰੰਤ ਸੁਧਾਰ ਦੀ ਮੰਗ ਕੀਤੀ ਹੈ ਤੇ ਗੈਰ-ਸਿੱਖਾਂ ਦੀਆਂ ਵੋਟਾਂ ਹਟਾਉਣ ਲਈ ਕਿਹਾ ਹੈ।ਸੰਸਥਾ ਨੇ ਬਿਹਾਰ ਰਾਜ ਚੋਣ ਅਥਾਰਟੀ ਦੇ ਮੁੱਖ ਚੋਣ ਅਧਿਕਾਰੀ ਗਿਰਿਸ਼ ਸ਼ੰਕਰ (ਸੇਵਾ ਮੁਕਤ), ਜ਼ਿਲ੍ਹਾ ਤੇ ਸੈਸ਼ਨ ਜੱਜ ਪਟਨਾ ਰੂਪੇਸ਼ ਦੇਓ, (ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦੇ ਕਸਟੋਡੀਅਨ) ਤੇ ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦੇ ਜਨਰਲ ਸਕੱਤਰ ਨੂੰ ਵੱਖ-ਵੱਖ ਪੱਤਰਾਂ 'ਚ ਡਰਾਫ਼ਟ ਵੋਟਰ ਸੂਚੀਆਂ ਵਿੱਚ ਗੰਭੀਰ ਗ਼ਲਤੀਆਂ ਤੇ ਪਹਿਲੀ ਨਜ਼ਰ ਵਿੱਚ ਗੈਰ-ਸਿੱਖ ਵੋਟਰਾਂ ਦੀਆਂ ਤਿੰਨ ਹਲਕਿਆਂ ਵਿੱਚ 3,637 ਵਿੱਚੋਂ 287 ਵੋਟਾਂ ਸੰਭਾਵਿਤ ਰੂਪ ਵਿੱਚ ਗੈਰ-ਸਿੱਖਾਂ ਦੀਆਂ ਹੋਣ 'ਤੇ ਇਤਰਾਜ਼ ਜਤਾਇਆ ਹੈ।ਸੰਗਠਨ ਨੇ ਚਿਤਾਵਨੀ ਦਿੱਤੀ ਹੈ ਕਿ ਇਨ੍ਹਾਂ ਤਿੰਨਾਂ ਹਲਕਿਆਂ ਵਿੱਚ ਇੱਕੋ ਜਿਹੀਆਂ ਗ਼ਲਤੀਆਂ ਦਰਸਾਉਂਦੀਆਂ ਹਨ ਕਿ ਇਹ ਅਸਲ ਵਿੱਚ ਗ਼ਲਤੀਆਂ ਨਹੀਂ, ਸਗੋਂ ਵਿਆਪਕ ਨਾਕਾਮੀ ਹੈ।ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪੰਜ ਤਖ਼ਤਾਂ ਵਿੱਚੋਂ ਇੱਕ ਹੈ, ਜਿਸ ਦੀ ਦੁਨੀਆਂ ਭਰ ਦੇ ਸਿੱਖਾਂ 'ਚ ਅਥਾਹ ਸ਼ਰਧਾ ਹੈ।ਬੇਸ਼ੱਕ ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਹਰ ਧਰਮ ਦੇ ਲੋਕਾਂ ਲਈ ਦਰਸ਼ਨ-ਅਰਦਾਸ ਲਈ ਖੁੱਲ੍ਹੇ ਹਨ ਪਰ ਵੋਟ ਪਾਉਣਾ ਦਰਸ਼ਨ ਵਰਗਾ ਕੰਮ ਨਹੀਂ।ਇਸ ਨਾਲ ਨਿਰਧਾਰਿਤ ਹੁੰਦਾ ਹੈ ਕਿ ਸਿੱਖ ਧਾਰਮਿਕ ਸੰਸਥਾਵਾਂ, ਸੰਪੱਤੀਆਂ ਤੇ ਪ੍ਰਬੰਧ ਕੌਣ ਚਲਾਏਗਾ।ਸਿੱਖ ਕਲੈਕਟਿਵ ਦੇ ਕਨਵੀਨਰ ਜਗਮੋਹਨ ਸਿੰਘ ਨੇ ਕਿਹਾ ਕਿ ਅਯੋਗ ਲੋਕਾਂ ਦੀ ਕਮੇਟੀ ਵਿੱਚ ਸ਼ਮੂਲੀਅਤ ਨਾਲ ਸਿੱਖਾਂ ਦੀ ਧਾਰਮਿਕ ਖ਼ੁਦਮੁਖ਼ਤਿਆਰੀ ਕਮਜ਼ੋਰ ਹੋਵੇਗੀ ਤੇ ਸਿਰਫ਼ ਸਿੱਖ ਪ੍ਰਬੰਧ ਲਈ ਬਣੀ ਲੋਕਤੰਤਰਿਕ ਪ੍ਰਕਿਰਿਆ ਦੀ ਪਵਿੱਤਰਤਾ ਵੀ ਪ੍ਰਭਾਵਿਤ ਹੋਵੇਗੀ, ਕਿਉਂਕਿ ਅਜਿਹਾ ਹੋਣ ਨਾਲ ਕੱਲ੍ਹ ਨੂੰ ਕੋਈ ਗੈਰ ਸਿੱਖ ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦੀ ਪ੍ਰਧਾਨਗੀ ਦਾ ਦਾਅਵੇਦਾਰ ਵੀ ਹੋ ਸਕਦਾ ਹੈ।



### ਆਤਿਸ਼ੀ ਵੀਡੀਓ ਵਿਵਾਦ

# ਦਿੱਲੀ ਵਿਧਾਨ ਸਭਾ ਨੇ ਪੰਜਾਬ ਪੁਲਿਸ ਦੇ ਜਵਾਬ ਤੋਂ ਬਾਅਦ ਹੋਰ ਰਿਕਾਰਡ ਮੰਗੇ

ਜਲੰਧਰ, 24 ਜਨਵਰੀ (ਚ.ਨ.ਸ): ਆਤਿਸ਼ੀ ਵੀਡੀਓ ਵਿਵਾਦ ਦੇ ਸਬੰਧ ਵਿੱਚ ਪੰਜਾਬ ਪੁਲਿਸ ਵੱਲੋਂ ਦਿੱਤੇ ਗਏ ਵਿਸਤ੍ਰਿਤ ਜਵਾਬ ਤੋਂ ਇੱਕ ਦਿਨ ਬਾਅਦ ਦਿੱਲੀ ਵਿਧਾਨ ਸਭਾ ਨੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੂੰ ਇੱਕ ਨਵਾਂ ਪੱਤਰ ਜਾਰੀ ਕਰਦਿਆਂ ਜਲੰਧਰ ਪੁਲਿਸ ਕਮਿਸ਼ਨਰੇਟ ਤੋਂ ਹੋਰ ਰਿਕਾਰਡ ਤੇ ਰਿਪੋਰਟਾਂ ਦੀ ਮੰਗ ਕੀਤੀ ਹੈ। ਦਿੱਲੀ ਵਿਧਾਨ ਸਭਾ ਦੇ ਸਕੱਤਰ ਵੱਲੋਂ 23 ਜਨਵਰੀ ਨੂੰ ਜਾਰੀ ਕੀਤੇ ਗਏ ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਪੁਲਿਸ ਵੱਲੋਂ ਪਹਿਲਾਂ ਭੇਜਿਆ ਗਿਆ ਜਵਾਬ ਅਧੂਰਾ ਹੈ। ਵਿਧਾਨ ਸਭਾ ਨੇ ਨੋਟ ਕੀਤਾ ਕਿ 10 ਜਨਵਰੀ ਨੂੰ ਇੱਕ ਨੋਟਿਸ ਰਾਹੀਂ ਮੰਗੀ ਗਈ ਖਾਸ ਜਾਣਕਾਰੀ ਤੇ ਦਸਤਾਵੇਜ਼ ਅਜੇ ਵੀ ਲੋੜੀਂਦੇ ਹਨ।ਪੰਜਾਬ ਪੁਲਿਸ ਨੂੰ ਹੁਣ ਹਦਾਇਤ ਕੀਤੀ ਗਈ ਹੈ ਕਿ ਉਹ ਮੂਲ ਸ਼ਿਕਾਇਤ ਦੀਆਂ ਕਾਪੀਆਂ, ਐਫ.ਆਈ.ਆਰ., ਸੋਸ਼ਲ ਮੀਡੀਆ ਮਾਹਿਰਾਂ ਤੇ ਟੈਕਨੀਕਲ ਸੈਲ ਦੀਆਂ ਰਿਪੋਰਟਾਂ ਤੇ 28 ਜਨਵਰੀ ਤੱਕ ਪੰਜਾਬ ਫੋਰੈਂਸਿਕ ਸਾਇੰਸ ਲੈਬਾਰਟਰੀ ਦੇ ਨਤੀਜੇ ਮੁਹੱਈਆ ਕਰਵਾਉਣ।ਪੁਲਿਸ ਮੁਖੀ ਦੀਆਂ ਟਿੱਪਣੀਆਂ ਤੇ ਜਲੰਧਰ ਦੇ ਪੁਲਿਸ ਕਮਿਸ਼ਨਰ ਦੇ ਜਵਾਬ ਨੂੰ ਸਪੀਕਰ ਵਿਜੇਂਦਰ ਗੁਪਤਾ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ।ਆਪਣੀ ਪਿਛਲੀ ਪੇਸ਼ਕਾਰੀ ਵਿੱਚ ਪੰਜਾਬ ਡੀਜੀਪੀ ਦਫ਼ਤਰ ਤੇ ਜਲੰਧਰ ਪੁਲਿਸ ਨੇ ਐਫ.ਆਈ.ਆਰ. ਦਰਜ ਕਰਨ ਨੂੰ ਜਾਇਜ਼ ਠਹਿਰਾਉਂਦਿਆਂ ਦਾਅਵਾ ਕੀਤਾ ਸੀ ਕਿ ਫੋਰੈਂਸਿਕ ਵਿਸ਼ਲੇਸ਼ਣ ਨੇ ਪੁਸ਼ਟੀ ਕੀਤੀ ਹੈ ਕਿ ਵੀਡੀਓ ਨਾਲ ਛੇੜਛਾੜ ਕੀਤੀ ਗਈ ਸੀ।ਉਨ੍ਹਾਂ ਦਾ ਕਹਿਣਾ ਸੀ ਕਿ ਆਤਿਸ਼ੀ ਵੱਲੋਂ 'ਗੁਰੂ' ਸ਼ਬਦ ਕਦੇ ਨਹੀਂ ਵਰਤਿਆ ਗਿਆ ਸੀ, ਸਗੋਂ ਪੰਜਾਬ ਵਿੱਚ ਧਾਰਮਿਕ ਭਾਵਨਾਵਾਂ ਭੜਕਾਉਣ ਲਈ ਇਸ ਨੂੰ ਫੁਟੇਜ ਵਿੱਚ ਬਾਅਦ ਵਿੱਚ ਜੋੜਿਆ ਗਿਆ ਸੀ। ਪੰਜਾਬ ਪੁਲਿਸ ਨੇ ਦਲੀਲ ਦਿੱਤੀ ਕਿ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਨਹੀਂ ਹੋਈ ਹੈ ਕਿਉਂਕਿ ਸੰਪਾਦਿਤ ਕਲਿੱਪਾਂ ਨੂੰ ਸਦਨ ਤੋਂ ਬਾਹਰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪ੍ਰਸਾਰਿਤ ਕੀਤਾ ਗਿਆ ਸੀ ਤੇ ਇਹ ਦਿੱਲੀ ਵਿਧਾਨ ਸਭਾ ਦੇ ਅਧਿਕਾਰ ਅਧੀਨ ਪ੍ਰਕਾਸ਼ਿਤ ਨਹੀਂ ਸਨ।ਇਹ ਵਿਵਾਦ ਜਲੰਧਰ ਕਮਿਸ਼ਨਰੇਟ ਪੁਲਿਸ ਵੱਲੋਂ 7 ਜਨਵਰੀ ਨੂੰ 'ਆਪ' ਆਗੂ ਇਕਬਾਲ ਸਿੰਘ ਬੱਗਾ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਐਫ.ਆਈ.ਆਰ. ਤੋਂ ਬਾਅਦ ਸ਼ੁਰੂ ਹੋਇਆ ਸੀ।15 ਜਨਵਰੀ ਨੂੰ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਨੇ ਕਿਹਾ ਸੀ ਕਿ ਵੀਡੀਓ ਦਾ ਪ੍ਰਸਾਰ ਜਨਤਕ ਵਿਵਸਥਾ ਤੇ ਧਾਰਮਿਕ ਸਦਭਾਵਨਾ ਲਈ ਖ਼ਤਰਾ ਹੈ।ਸੂਚਨਾ ਤਕਨਾਲੋਜੀ ਨਿਯਮ, 2021 ਦਾ ਹਵਾਲਾ ਦਿੰਦੇ ਹੋਏ, ਅਦਾਲਤ ਨੇ ਮੈਟਾ ਐਕਸ ਤੇ ਟੈਲੀਗ੍ਰਾਮ ਨੂੰ ਨਿਰਧਾਰਤ ਯੂ.ਆਰ.ਐਲ.ਨਾਲ ਸਬੰਧਤ ਸਮੱਗਰੀ ਹਟਾਉਣ ਦੇ ਨਿਰਦੇਸ਼ ਦਿੱਤੇ ਸਨ।

# ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਸਬੰਧੀ ਸਮੂਹ ਅਧਿਕਾਰੀ ਮਿਹਨਤ ਤੇ ਲਗਨ ਨਾਲ ਆਪਣੀ ਡਿਊਟੀ ਨਿਭਾਉਣ: ਡੀ.ਸੀ. ਉੱਪਲ

ਗੁਰਦਾਸਪੁਰ, 24 ਜਨਵਰੀ (ਜਗੀਰ ਸਿੰਘ ਮੰਡ/ਨਾਹਰ): 26 ਜਨਵਰੀ ਨੂੰ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ, ਸਰਕਾਰੀ ਕਾਲਜ ਵਿਖੇ ਮਨਾਏ ਜਾ ਰਹੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਬੰਧੀ ਸਮੂਹ ਅਧਿਕਾਰੀ ਮਿਹਨਤ ਤੇ ਲਗਨ ਨਾਲ ਆਪਣੀ ਡਿਊਟੀ ਨਿਭਾਉਣ।ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਨੇ ਗਣਤੰਤਰ ਦਿਵਸ ਸਮਾਗਮ ਦੀਆਂ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਉਪਰੰਤ ਕੀਤਾ।ਸਰਕਾਰੀ ਕਾਲਜ ਵਿਖੇ ਫੁੱਲ ਡਰੈਸ ਰਿਹਰਸਲ ਉਪਰੰਤ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗਣਤੰਤਰ ਦਿਵਸ ਸਾਡਾ ਕੌਮੀ ਤਿਉਹਾਰ ਹੈ, ਇਸ ਲਈ ਸਮੂਹ ਅਧਿਕਾਰੀ ਪੂਰੀ ਮਿਹਨਤ ਤੇ ਸ਼ਿੱਦਤ ਨਾਲ ਆਪਣੇ ਵਿਭਾਗ ਨਾਲ ਸਬੰਧਤ ਡਿਊਟੀ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ।ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਸੁਰੱਖਿਆ ਪ੍ਰਬੰਧ, ਆਵਾਜਾਈ ਸਬੰਧੀ, ਸਾਫ਼-ਸਫ਼ਾਈ, ਮੈਡੀਕਲ ਸਹੂਲਤਾਂ ਤੇ ਸਮਾਗਮ ਦੌਰਾਨ ਅਨੁਸ਼ਾਸਨ ਬਰਕਰਾਰ ਰੱਖਣ ਸਬੰਧੀ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ।ਡਿਪਟੀ ਕਮਿਸ਼ਨਰ ਨੇ ਸਾਰੇ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਨਾਲ ਡਿਊਟੀਆਂ ਨਿਭਾਉਣ ਤੇ ਗਣਤੰਤਰ ਦਿਵਸ ਸਮਾਗਮ ਨੂੰ ਸਫਲ ਬਣਾਉਣ ਲਈ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਕਿਹਾ।ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਗਣਤੰਤਰ ਦਿਵਸ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਸਹਾਇਕ ਕਮਿਸ਼ਨਰ (ਜਨਰਲ) ਅਦਿੱਤਿਆ ਗੁਪਤਾ, ਐਸ.ਪੀ. ਜੁਗਰਾਜ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਨਾਬਾਲਗ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਪੰਜਾਬੀ ਮੂਲ ਦਾ ਨੌਜਵਾਨ ਗ੍ਰਿਫ਼ਤਾਰ

ਟੋਰਾਂਟੋ, 24 ਜਨਵਰੀ (ਚ.ਨ.ਸ): ਕੈਨੇਡਾ ਵਿੱਚ ਪੰਜਾਬੀ ਮੂਲ ਦੇ ਇੱਕ 22 ਸਾਲਾ ਨੌਜਵਾਨ ਨੂੰ ਇੱਕ ਹੋਟਲ ਦੇ ਕਮਰੇ ਵਿੱਚ ਛੇ ਨਾਬਾਲਗਾਂ ਨਾਲ ਪਾਏ ਜਾਣ ਤੋਂ ਬਾਅਦ ਜਿਨਸੀ ਸ਼ੋਸ਼ਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।ਅਲਬਰਟਾ ਦੇ ਲੈਥਬ੍ਰਿਜ ਕਸਬੇ ਦੀ ਪੁਲਿਸ ਨੇ ਵੀਰਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਦੱਸਿਆ ਕਿ ਟੈਬਰ ਨਿਵਾਸੀ ਯੁਵਰਾਜ ਸਿੰਘ (22) 'ਤੇ ਜਿਨਸੀ ਹਮਲੇ, ਜਿਨਸੀ ਦਖਲ-ਅੰਦਾਜ਼ੀ ਤੇ ਪੁਲਿਸ ਅਧਿਕਾਰੀ ਦੇ ਕੰਮ ਵਿੱਚ ਰੁਕਾਵਟ ਪਾਉਣ ਦੇ ਦੋਸ਼ ਲਗਾਏ ਗਏ ਹਨ।ਇਹ ਗ੍ਰਿਫ਼ਤਾਰੀ ਇੱਕ ਸਾਲ ਪੁਰਾਣੀ ਘਟਨਾ ਨਾਲ ਸਬੰਧਤ ਹੈ।24 ਅਪ੍ਰੈਲ, 2025 ਨੂੰ ਪੁਲਿਸ ਇੱਕ ਹੋਟਲ ਦੇ ਕਮਰੇ ਵਿੱਚ ਸਮਾਨ ਦੀ ਬ੍ਰਾਮਦਗੀ ਲਈ ਗਈ ਸੀ, ਜਿੱਥੇ ਉਨ੍ਹਾਂ ਨੇ ਯੁਵਰਾਜ ਸਿੰਘ ਨੂੰ ਇੱਕ ਲੜਕੇ ਤੇ ਪੰਜ ਲੜਕੀਆਂ (ਉਮਰ 12 ਤੋਂ 14 ਸਾਲ) ਸਮੇਤ ਪਾਇਆ।ਉਦੋਂ ਮੁਲਜ਼ਮ ਨੇ ਆਪਣੀ ਉਮਰ ਗਲਤ ਦੱਸ ਕੇ ਪੁਲਿਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਸੀ।ਜਾਂਚ ਵਿੱਚ ਸਾਹਮਣੇ ਆਇਆ ਕਿ ਉਸ ਨੇ ਇਨ੍ਹਾਂ ਬੱਚਿਆਂ ਨਾਲ ਸੋਸ਼ਲ ਮੀਡੀਆ ਰਾਹੀਂ ਸੰਪਰਕ ਬਣਾਇਆ ਸੀ ਤੇ ਉਨ੍ਹਾਂ ਨੂੰ ਸ਼ਰਾਬ ਮੁਹੱਈਆ ਕਰਵਾਈ ਸੀ।ਇੱਕ 12 ਸਾਲਾ ਬੱਚੀ ਨੇ ਉਸ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਸਨ।ਇਸ ਤੋਂ ਬਾਅਦ ਮੁਲਜ਼ਮ ਦੇਸ਼ ਛੱਡ ਕੇ ਫ਼ਰਾਰ ਹੋ ਗਿਆ ਸੀ ਤੇ ਉਸ ਖ਼ਿਲਾਫ਼ ਕੈਨੇਡਾ-ਵਿਆਪੀ ਵਾਰੰਟ ਜਾਰੀ ਕੀਤਾ ਗਿਆ ਸੀ।19 ਜਨਵਰੀ, 2026 ਨੂੰ ਕੈਨੇਡਾ ਵਾਪਸ ਆਉਂਦੇ ਹੀ ਉਸ ਨੂੰ ਵੈਨਕੂਵਰ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ।ਫਿਲਹਾਲ ਉਹ ਬ੍ਰਿਟਿਸ਼ ਕੋਲੰਬੀਆ ਵਿੱਚ ਪੁਲਿਸ ਹਿਰਾਸਤ ਵਿੱਚ ਹੈ ਤੇ ਉਸ ਨੂੰ ਅਲਬਰਟਾ ਲਿਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ।

# ਖ਼ਾਲਸਾ ਕਾਲਜ ਵਿਖੇ ਕਵੀ ਦਿਲਪ੍ਰੀਤ ਕਾਹਲੋਂ ਦਾ ਕਾਵਿ ਸੰਗ੍ਰਹਿ 'ਸਰਦਲ ਤੋਂ ਸਰਦਲ ਤੱਕ' ਦਾ ਲੋਕ ਅਰਪਣ ਤੇ ਸਾਹਿਤਕ ਚਰਚਾ



ਗੜ੍ਹਦੀਵਾਲਾ, 24 ਜਨਵਰੀ (ਗੌਰਵ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਅਦਾਰੇ ਖ਼ਾਲਸਾ ਕਾਲਜ ਗੜ੍ਹਦੀਵਾਲਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਭਾਸ਼ਾ ਕਲਚਰ ਕਲੱਬ, ਸਾਹਿਤ ਸਭਾ ਦਸੂਹਾ ਗੜ੍ਹਦੀਵਾਲਾ (ਰਜਿ:) ਤੇ ਪ੍ਰਗਤੀਸ਼ੀਲ ਲੇਖਕ ਸੰਘ, ਹੁਸ਼ਿਆਰਪੁਰ ਦੇ ਸਹਿਯੋਗ ਨਾਲ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਕਵੀ ਦਿਲਪ੍ਰੀਤ ਕਾਹਲੋਂ ਦੇ ਪਲੇਠੇ ਕਾਵਿ ਸੰਗ੍ਰਹਿ 'ਸਰਦਲ ਤੋਂ ਸਰਦਲ ਤੱਕ' ਦਾ ਲੋਕ ਅਰਪਣ ਤੇ ਸਾਹਿਤਕ ਚਰਚਾ ਸਮਾਗਮ ਕਰਵਾਇਆ ਗਿਆ।ਇਸ ਸਾਹਿਤਕ ਸਮਾਗਮ ਵਿੱਚ ਇਲਾਕੇ ਦੇ ਨਾਮਵਰ ਸਾਹਿਤਕਾਰਾਂ, ਅਧਿਆਪਕਾਂ, ਵਿਦਿਆਰਥੀਆਂ ਤੇ ਸਾਹਿਤ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ।ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਸੁਰਜੀਤ ਜੱਜ (ਪ੍ਰਧਾਨ ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ), ਵਾਈਸ ਪ੍ਰਿੰਸੀਪਲ ਸੰਜੀਵ ਸਿੰਘ, ਪ੍ਰੋ.ਸੰਧੂ ਵਰਿਆਣਵੀ (ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ), ਸੁਰਿੰਦਰ ਸਿੰਘ ਨੇਕੀ (ਜਨਰਲ ਸਕੱਤਰ ਸਾਹਿਤ ਸਭਾ ਦਸੂਹਾ-ਗੜ੍ਹਦੀਵਾਲਾ ਰਜਿ.), ਪ੍ਰੋ. ਬਲਦੇਵ ਸਿੰਘ ਬੱਲੀ (ਪ੍ਰਧਾਨ ਪ੍ਰਗਤੀਸ਼ੀਲ ਲੇਖਕ ਸੰਘ ਹੁਸ਼ਿਆਰਪੁਰ), ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ (ਜਨਰਲ ਸਕੱਤਰ ਪ੍ਰਗਤੀਸ਼ੀਲ ਲੇਖਕ ਸੰਘ ਹੁਸ਼ਿਆਰਪੁਰ), ਜਗਦੀਸ਼ ਰਾਣਾ, ਡਾ. ਜਸਵੰਤ ਰਾਏ (ਖੋਜ ਅਫ਼ਸਰ, ਭਾਸ਼ਾ ਵਿਭਾਗ ਹੁਸ਼ਿਆਰਪੁਰ) ਸ਼ਾਮਲ ਹੋਏ। ਪੰਜਾਬੀ ਵਿਭਾਗ ਦੇ ਮੁਖੀ ਡਾ. ਦਿਲਬਾਰਾ ਸਿੰਘ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਅੰਦਰ ਸਾਹਿਤਕ ਰੁਚੀਆਂ ਪੈਦਾ ਕਰਨ ਲਈ ਸਹਾਇਕ ਸਿੱਧ ਹੁੰਦੇ ਹਨ। ਪ੍ਰੋ. ਸੁਰਜੀਤ ਜੱਜ ਨੇ ਕਵਿਤਾ ਦੀ ਬਣਤਰ ਤੇ ਬੁਣਤਰ ਬਾਰੇ ਜਾਣਕਾਰੀ ਦਿੱਤੀ ਤੇ ਕਾਹਲੋਂ ਦੀ ਕਵਿਤਾ ਵਿਚਲੇ ਸਾਹਿਤਕ ਗੁਣਾਂ ਦੀ ਵਿਆਖਿਆ ਕੀਤੀ। ਪ੍ਰੋ. ਬਲਦੇਵ ਸਿੰਘ ਬੱਲੀ ਨੇ ਕਿਹਾ ਕਿ ਦਿਲਪ੍ਰੀਤ ਸਿੰਘ ਕਾਹਲੋਂ ਚੇਤਨਾ, ਸੰਵੇਦਨਾ ਤੇ ਅਨੁਭਵ ਦਾ ਕਵੀ ਹੈ। ਡਾ. ਅਰਮਨਪ੍ਰੀਤ ਸਿੰਘ ਨੇ ਪੁਸਤਕ ਉਪਰ ਆਪਣਾ ਪੇਪਰ ਪੇਸ਼ ਕਰਦਿਆਂ ਕਿਹਾ ਕਿ ਕਾਵਿ ਸੰਗ੍ਰਹਿ 'ਸਰਦਲ ਤੋਂ ਸਰਦਲ ਤੱਕ' ਆਧੁਨਿਕ ਪੰਜਾਬੀ ਕਵਿਤਾ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਹੈ, ਜੋ ਮਨੁੱਖੀ ਜੀਵਨ ਦੇ ਸੰਘਰਸ਼, ਸੰਵੇਦਨਸ਼ੀਲਤਾ ਤੇ ਸਮਾਜਿਕ ਸੱਚਾਈਆਂ ਨੂੰ ਬੜੀ ਪ੍ਰਭਾਵਸ਼ਾਲੀ ਢੰਗ ਨਾਲ ਉਜਾਗਰ ਕਰਦਾ ਹੈ।

# 50 ਤੱਕ ਗਿਣਤੀ ਨਾ ਲਿਖ ਸਕਣ ਕਾਰਨ ਪਿਓ ਨੇ 4 ਸਾਲਾ ਧੀ ਨੂੰ ਮੌਤ ਦੇ ਘਾਟ ਉਤਾਰਿਆ

ਫਰੀਦਾਬਾਦ, 24 ਜਨਵਰੀ (ਚ.ਨ.ਸ): ਫਰੀਦਾਬਾਦ ਦੇ ਝਾਰਸੈਂਤਲੀ ਪਿੰਡ ਵਿੱਚ ਇੱਕ ਬੇਹੱਦ ਖੌਫਨਾਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਪਿਤਾ ਨੇ ਆਪਣੀ ਸਾਢੇ ਚਾਰ ਸਾਲ ਦੀ ਮਾਸੂਮ ਧੀ ਨੂੰ ਸਿਰਫ਼ ਇਸ ਕਰਕੇ ਕੁੱਟ-ਕੁੱਟ ਕੇ ਮਾਰ ਦਿੱਤਾ ਕਿਉਂਕਿ ਉਹ 50 ਤੱਕ ਗਿਣਤੀ (ਨੰਬਰ) ਨਹੀਂ ਲਿਖ ਸਕੀ ਸੀ।ਪੁਲਿਸ ਅਨੁਸਾਰ ਮੁਲਜ਼ਮ ਦੀ ਪਛਾਣ ਕ੍ਰਿਸ਼ਨਾ ਜੈਸਵਾਲ (31) ਵਜੋਂ ਹੋਈ ਹੈ, ਜੋ ਮੂਲ ਰੂਪ ਵਿੱਚ ਉਤਰ ਪ੍ਰਦੇਸ਼ ਦੇ ਸੋਨਭੱਦਰ ਜ਼ਿਲ੍ਹੇ ਦਾ ਰਹਿਣ ਵਾਲਾ ਹੈ ਤੇ ਇੱਥੇ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਸੀ।ਕ੍ਰਿਸ਼ਨਾ ਤੇ ਉਸਦੀ ਪਤਨੀ ਨਿੱਜੀ ਕੰਪਨੀਆਂ ਵਿੱਚ ਕੰਮ ਕਰਦੇ ਸਨ।ਪਤਨੀ ਦਿਨ ਵੇਲੇ ਕੰਮ 'ਤੇ ਜਾਂਦੀ ਸੀ, ਜਦਕਿ ਕ੍ਰਿਸ਼ਨਾ ਰਾਤ ਦੀ ਡਿਊਟੀ ਕਰਦਾ ਸੀ ਤੇ ਦਿਨ ਵੇਲੇ ਬੱਚਿਆਂ ਦੀ ਦੇਖਭਾਲ ਕਰਦਾ ਸੀ।ਉਹ ਆਪਣੀ ਧੀ ਨੂੰ ਘਰ ਵਿੱਚ ਹੀ ਪੜ੍ਹਾਉਂਦਾ ਸੀ। 21 ਜਨਵਰੀ ਨੂੰ ਮੁਲਜ਼ਮ ਨੇ ਆਪਣੀ ਧੀ ਨੂੰ 50 ਤੱਕ ਗਿਣਤੀ ਲਿਖਣ ਲਈ ਕਿਹਾ।ਜਦੋਂ ਬੱਚੀ ਅਜਿਹਾ ਨਾ ਕਰ ਸਕੀ ਤਾਂ ਉਸ ਨੇ ਆਪਣਾ ਆਪਾ ਗੁਆ ਦਿੱਤਾ ਤੇ ਉਸ ਨੂੰ ਬੇਰਹਿਮੀ ਨਾਲ ਕੁੱਟਿਆ, ਜਿਸ ਨਾਲ ਉਸ ਦੀ ਮੌਤ ਹੋ ਗਈ।ਸ਼ਾਮ ਨੂੰ ਜਦੋਂ ਪਤਨੀ ਘਰ ਪਰਤੀ ਤਾਂ ਉਸ ਨੇ ਬੱਚੀ ਨੂੰ ਮ੍ਰਿਤਕ ਹਾਲਤ ਵਿੱਚ ਦੇਖਿਆ ਤੇ ਤੁਰੰਤ ਪੁਲਿਸ ਨੂੰ ਸੂਚਨਾ ਦਿੱਤੀ।ਫਰੀਦਾਬਾਦ ਪੁਲਿਸ ਦੇ ਬੁਲਾਰੇ ਯਸ਼ਪਾਲ ਨੇ ਦੱਸਿਆ ਕਿ ਮੁਲਜ਼ਮ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ।ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੋਂ ਉਸ ਨੂੰ ਇੱਕ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ।

# 'ਆਪ' ਦਾ ਹੋਇਆ ਵੱਡਾ ਇਕੱਠ

### ☛ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਦਿੱਤੀ ਭਰਪੂਰ ਜਾਣਕਾਰੀ: ਪੰਨੂੰ

ਬਟਾਲਾ, 24 ਜਨਵਰੀ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਮੁੱਖ ਮੰਤਰੀ ਸਿਹਤ ਯੋਜਨਾ ਅੱਜ ਤੋਂ ਲਾਗੂ ਹੋਣ ਜਾ ਰਹੀ ਹੈ। ਜਿਸ ਦੀ ਜਾਣਕਾਰੀ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ ਇੱਕ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ, ਪਾਰਟੀ ਵਰਕਰਾਂ ਦੇ ਵੱਡੇ ਇਕੱਠ ਵਿੱਚ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਪੰਜਾਬ ਇੱਕ ਅਜਿਹਾ ਸੂਬਾ ਹੈ ਜਿਸ ਵਿੱਚ ਇਹ ਯੋਜਨਾ ਲਾਗੂ ਕੀਤੀ ਗਈ।ਇਸ ਵਿੱਚ ਕਰੀਬ 25 ਬਿਮਾਰੀਆਂ ਦੇ ਇਲਾਜ ਵਾਸਤੇ 10 ਲੱਖ ਦਾ ਮੁਫ਼ਤ ਇਲਾਜ ਪੰਜਾਬ ਸਰਕਾਰ ਵੱਲੋਂ ਕਰਵਾਇਆ ਜਾਵੇਗਾ।ਉਨ੍ਹਾਂ ਦੱਸਿਆ ਪੰਜਾਬ ਸਰਕਾਰ ਵੱਲੋਂ ਸਿਹਤ ਬੀਮਾ ਯੋਜਨਾ ਵਿੱਚ ਕਿਸੇ ਨਾਲ ਵੀ ਭੇਦਭਾਵ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਸਾਡੇ ਵਿੱਚ ਪਾੜਾ ਪਾ ਕੇ ਆਪਣਾ ਕਰਨ ਨੂੰ ਤਰਜੀਹ ਦਿੰਦੇ ਸਨ ਪਰ ਪੰਜਾਬ ਸਰਕਾਰ ਹਰ ਯੋਜਨਾ ਹਰ ਵਿਅਕਤੀ ਤੱਕ ਪਹੁੰਚਦੀ ਕੀਤੀ ਜਾ ਰਹੀ ਹੈ।ਉਨ੍ਹਾਂ ਅਖੀਰ ਵਿੱਚ ਪੰਜਾਬ ਸਰਕਾਰ ਦੀ 10 ਲੱਖ ਸਿਹਤ ਬੀਮਾ ਯੋਜਨਾ ਸਬੰਧੀ ਧੰਨਵਾਦ ਕੀਤਾ।ਇਸ ਮੌਕੇ ਹਲਕਾ ਸੰਗਠਨ ਇੰਚਾਰਜ ਗਗਨਦੀਪ ਸਿੰਘ ਪੰਨੂੰ, ਚੇਅਰਮੈਨ ਗੁਰਪ੍ਰੀਤ ਸਿੰਘ ਜਾਂਗਲਾ, ਹਲਕਾ ਕੋਆਰਡੀਨੇਟਰ ਮੰਗਲ ਸਿੰਘ, ਹਲਕਾ ਕੋਆਰਡੀਨੇਟਰ ਕਰਮਜੀਤ ਸਿੰਘ, ਹਲਕਾ ਕੋਆਰਡੀਨੇਟਰ ਰਵਿੰਦਰ ਸਿੰਘ, ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ, ਬਲਾਕ ਪ੍ਰਧਾਨ ਰਘਬੀਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਪਲਵਿੰਦਰ ਸਿੰਘ, ਬਲਾਕ ਪ੍ਰਧਾਨ ਅਮਨਦੀਪ ਸਿੰਘ, ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ, ਬਲਾਕ ਪ੍ਰਧਾਨ ਜਸਬੀਰ ਸਿੰਘ, ਬਲਾਕ ਪ੍ਰਧਾਨ ਜੁਗਰਾਜ ਸਿੰਘ, ਬਲਾਕ ਪ੍ਰਧਾਨ ਸਰਬਜੀਤ ਸਿੰਘ, ਬਲਾਕ ਪ੍ਰਧਾਨ ਰਜਿੰਦਰ ਸਿੰਘ, ਬਲਾਕ ਪ੍ਰਧਾਨ ਸੁਰਜਨ ਸਿੰਘ, ਬਲਾਕ ਪ੍ਰਧਾਨ ਪਰਮਜੀਤ ਸਿੰਘ, ਬਲਾਕ ਪ੍ਰਧਾਨ ਮਨਜਿੰਦਰ ਸਿੰਘ, ਬਲਾਕ ਪ੍ਰਧਾਨ ਰਾਮ ਸਿੰਘ ਤੇ ਹਲਕੇ ਦੇ ਪੰਚ ਸਰਪੰਚ ਤੇ ਮੋਹਤਬਰ ਹਾਜ਼ਰ ਰਹੇ।



# ਡਿਗਰੀ ਕਾਲਜ 'ਚ ਸੱਤ ਦਿਨਾਂ ਕੈਂਪ ਦੀ ਸਫ਼ਲਤਾ ਨਾਲ ਸਮਾਪਤੀ

ਬਟਾਲਾ, 24 ਜਨਵਰੀ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਸ੍ਰੀ ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ ਵਿਖੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਤੇ ਪ੍ਰੈਜ਼ੀਡੈਂਟ ਡਾ. ਹਰਜਿੰਦਰ ਪਾਲ ਕੌਰ ਦੀ ਅਗਵਾਈ ਹੇਠ ਕਾਲਜ ਦੇ ਐਨ.ਐਸ.ਐਸ. ਯੂਨਿਟ ਵੱਲੋਂ ਸੱਤ ਦਿਨਾਂ 16 ਤੋਂ 22 ਜਨਵਰੀ ਤੱਕ ਦਾ ਵਿਸ਼ੇਸ਼ ਕੈਂਪ ਉਤਸ਼ਾਹ ਤੇ ਸਫਲਤਾ ਨਾਲ ਆਯੋਜਤ ਕੀਤਾ ਗਿਆ ਸੀ, ਜਿਸ ਦੇ ਅੰਤਰਗਤ ਵਲੰਟੀਅਰਾਂ ਨੇ ਕੈਂਪ 'ਚ ਸਰਗਰਮੀ ਨਾਲ ਸਮਾਜਿਕ ਕਾਰਜਾਂ ਵਿੱਚ ਹਿੱਸਾ ਲਿਆ।ਕੈਂਪ ਦੌਰਾਨ ਪਿੰਡ ਪੰਧੇਰ ਦੇ ਸਰਕਾਰੀ ਸਕੂਲ ਵਿੱਚ ਸਰਪੰਚ ਅਨੂਪ ਸਿੰਘ ਦੀ ਸਹਿਮਤੀ ਨਾਲ ਐਨ.ਐਸ.ਐਸ. ਵਲੰਟੀਅਰਾਂ ਨੇ ਫਲਦਾਰ ਬੂਟੇ ਲਗਾਏ। ਯੋਗਾ ਤੇ ਧਿਆਨ ਸਵੱਛਤਾ ਅਭਿਆਨ ਤੇ ਵਿਅਕਤੀਗਤ ਵਿਕਾਸ ਵਰਗੀਆਂ ਗਤੀਵਿਧੀਆਂ ਕੀਤੀਆਂ, ਜਿਨ੍ਹਾਂ ਨਾਲ ਵਿਦਿਆਰਥੀਆਂ 'ਚ ਆਤਮ ਵਿਸ਼ਵਾਸ ਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕੀਤਾ।ਐਨ.ਐਸ.ਐਸ. ਕੈਂਪ ਜੋ ਕਿ 16 ਤੋਂ 22 ਜਨਵਰੀ ਤੱਕ ਸਫਲਤਾ ਪੂਰਵਕ ਮੁਕੰਮਲ ਹੋਇਆ। ਵਿਦਿਆਰਥੀਆਂ ਨੇ ਗਣਤੰਤਰ ਦਿਵਸ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰਿੰ. ਡਾ. ਅਨਮੋਲਦੀਪ ਕੌਰ ਨੇ ਵਲੰਟੀਅਰਾਂ ਦੇ ਸਮਰਪਣ ਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਦੀ ਪ੍ਰਸ਼ੰਸਾ ਕੀਤੀ।ਸਮਾਰੋਹ ਦੌਰਾਨ ਕੈਂਪ ਵਿੱਚ ਹਿੱਸਾ ਲੈਣ ਵਾਲੇ ਸਰਗਰਮ ਵਲੰਟੀਅਰਾਂ ਨੂੰ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ ਤੇ ਅੰਤ ਵਿੱਚ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਹੀ ਵੰਡੀ ਗਈ।ਪ੍ਰੋ. ਅਫਸਰ ਦਵਿੰਦਰ ਕੌਰ ਵੱਲੋਂ ਸਾਰੇ ਸਹਿਯੋਗੀ ਅਧਿਆਪਕ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।



# ਸਾਲਾਨਾ ਸਮਾਗਮ ਤੇ ਭੰਡਾਰਾ 28 ਨੂੰ

ਗੜ੍ਹਦੀਵਾਲਾ, 24 ਜਨਵਰੀ (ਗੌਰਵ): ਦਰਬਾਰ ਸਾਈਂ ਡੋਗਰ ਸ਼ਾਹ ਸਾਬਰ ਚਿਸ਼ਤੀ ਦੇ ਦਰਬਾਰ 'ਤੇ ਸਾਲਾਨਾ ਭੰਡਾਰਾ ਤੇ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਮੁਕੰਮਲ ਕਰ ਦਿੱਤੀਆਂ ਗਈਆਂ ਹਨ।ਇਸ ਮੌਕੇ 'ਤੇ ਜਾਣਕਾਰੀ ਦਿੰਦੇ ਹੋਏ ਗੱਦੀਨਸ਼ੀਨ ਸਾਈਂ ਨਸੀਬ ਚੰਦ ਸਾਬਰ ਚਿਸ਼ਤੀ ਤੇ ਪੰਡਿਤ ਰਾਜੇਸ਼ ਕੁਮਾਰ ਸ਼ਰਮਾ ਨੇ ਦੱਸਿਆ ਦਿਨ ਬੁੱਧਵਾਰ, 28 ਜਨਵਰੀ ਦਰਬਾਰ 'ਤੇ ਚਾਦਰ ਦੀ ਰਸਮ ਸਵੇਰੇ 8 ਵਜੇ ਤੇ ਚਾਹ-ਪਕੌੜਿਆਂ ਦਾ ਲੰਗਰ 9 ਵਜੇ ਤੇ 1 ਵਜੇ ਦੁਪਹਿਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ਉਨ੍ਹਾਂ ਨੇ ਦੱਸਿਆ ਕਿ ਡਾ. ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਤੇ ਡਾ. ਰਵਜੋਤ ਸਿੰਘ ਕੈਬਨਿਟ ਮੰਤਰੀ ਵਿਸ਼ੇਸ਼ ਤੌਰ 'ਤੇ ਦਰਬਾਰ ਵਿੱਚ ਹਾਜ਼ਰੀ ਲਗਵਾਉਣਗੇ।

# ਪ੍ਰੈਸ ਕਲੱਬ ਰਾਹੋਂ ਦੀ ਮੀਟਿੰਗ

ਰਾਹੋਂ, 24 ਜਨਵਰੀ (ਸੰਜੀਵ ਕੁਮਾਰ ਬੋਬੀ): ਸ਼ਹੀਦ ਭਗਤ ਸਿੰਘ ਪ੍ਰੈਸ ਕਲੱਬ ਰਾਹੋਂ ਦੀ ਇੱਕ ਵਿਸ਼ੇਸ਼ ਮੀਟਿੰਗ ਫਿਲੌਰ ਰੋਡ ਰਾਹੋਂ ਵਿਖੇ ਬੁਲਾਈ ਗਈ, ਜਿਸ ਵਿੱਚ ਪ੍ਰੈਸ ਕਲੱਬ ਦੇ ਕਮੇਟੀ ਮੈਂਬਰਾਂ ਨੇ ਭਾਗ ਲਿਆ।ਇਸ ਮੀਟਿੰਗ ਵਿੱਚ ਸਰਬ ਨਾਲ ਨਰੇਸ਼ ਪ੍ਰਭਾਕਰ ਨੂੰ ਪ੍ਰੈਸ ਕਲੱਬ ਰਾਹੋਂ ਦਾ ਪ੍ਰਧਾਨ ਬਣਾਇਆ ਗਿਆ। ਇਸ ਮੌਕੇ 'ਤੇ ਉਨ੍ਹਾਂ ਗੱਲਬਾਤ ਕਰਦੇ ਹੋਏ ਕਿਹਾ ਕਿ ਜੋ ਕਲੱਬ ਦੇ ਮੈਂਬਰਾਂ ਵੱਲੋਂ ਮੈਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਮੈਂ ਉਸ ਨੂੰ ਤਨ ਮਨ ਨਾਲ ਨਿਭਾਵਾਂਗਾ ਤੇ ਪ੍ਰੈਸ ਕਲੱਬ ਦੇ ਮੈਂਬਰਾਂ ਨੂੰ ਨਾਲ ਲੈ ਕੇ ਕਲੱਬ ਦੀ ਬੇਹਤਰੀ ਲਈ ਕੰਮ ਕਰਾਂਗਾ। ਉਨ੍ਹਾਂ ਕਿਹਾ ਕਿ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਲੋਕਾਂ ਦੀ ਮਦਦ ਕਰਨਾ ਤੇ ਲੋਕਾਂ ਨੂੰ ਇਨਸਾਫ ਦਿਵਾਉਣਾ ਤੇ ਸ਼ਹਿਰ ਵਿੱਚੋਂ ਪਹਿਲ ਦੇ ਆਧਾਰ 'ਤੇ ਨਸ਼ੇ ਨੂੰ ਖਤਮ ਕਰਵਾਉਣਾ ਉਨ੍ਹਾਂ ਦੀ ਪਹਿਲ ਹੋਵੇਗੀ।ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ 26 ਜਨਵਰੀ ਨੂੰ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਕਾਪੀ ਪੈਨ ਤੇ ਲੱਡੂ ਵੰਡੇ ਜਾਣਗੇ। ਪ੍ਰੈਸ ਕਲੱਬ ਦੇ ਮੈਂਬਰ ਵੱਲੋਂ ਨਰੇਸ਼ ਪ੍ਰਭਾਕਰ ਪ੍ਰਧਾਨ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ 'ਤੇ ਸੰਜੀਵ ਕੁਮਾਰ ਬੌਬੀ, ਬਲਵਿੰਦਰ ਸਿੰਘ, ਆਸ਼ੂ ਦਿੱਗਵਾ, ਰੋਹਿਤ ਜੈਨ, ਭਾਗ ਸਿੰਘ, ਸਰਬਜੀਤ ਸਿੰਘ ਹਾਜ਼ਰ ਸਨ।



# ਡੀ.ਸੀ. ਗੁਲਪ੍ਰੀਤ ਸਿੰਘ ਔਲਖ ਵੱਲੋਂ ਗਣਤੰਤਰ ਦਿਵਸ ਸਮਾਗਮ ਲਈ ਫੁੱਲ ਡਰੈਸ ਰਿਹਰਸਲ ਦਾ ਨਿਰੀਖਣ



ਨਵਾਂਸ਼ਹਿਰ, 24 ਜਨਵਰੀ (ਸੁਖਦੇਵ ਸਿੰਘ ਉੜਾਪੜ): ਦੇਸ਼ ਦੇ 77ਵੇਂ ਗਣਤੰਤਰ ਦਿਵਸ ਦੇ ਮੱਦੇਨਜ਼ਰ ਸਥਾਨਕ ਆਈ.ਟੀ.ਆਈ. ਗਰਾਊਂਡ ਵਿਖੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੀਆਂ ਤਿਆਰੀਆਂ ਸਬੰਧੀ ਫੁੱਲ ਡਰੈਸ ਰਿਹਰਸਲ ਕੀਤੀ ਗਈ, ਜਿਸ ਦਾ ਨਿਰੀਖਣ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਕੀਤਾ ਗਿਆ।ਗਣਤੰਤਰ ਦਿਵਸ ਦੀ ਫੁੱਲ ਡਰੈਸ ਰਿਹਰਸਲ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਕੌਮੀ ਝੰਡਾ ਵੀ ਲਹਿਰਾਇਆ ਗਿਆ। ਇਸ ਉਪਰੰਤ ਉਨ੍ਹਾਂ ਨੇ ਐਸ.ਐਸ.ਪੀ. ਤੁਸ਼ਾਰ ਗੁਪਤਾ ਸਮੇਤ ਪਰੇਡ ਵਿੱਚ ਸ਼ਾਮਲ ਟੁਕੜੀਆਂ ਦਾ ਨਿਰੀਖਣ ਕੀਤਾ।ਪਰੇਡ ਕਮਾਂਡਰ ਦੀ ਅਗਵਾਈ ਵਿੱਚ ਮਾਰਚ ਪਾਸਟ ਵਿੱਚ ਸ਼ਾਮਲ ਪੰਜਾਬ ਪੁਲਿਸ (ਪੁਰਸ਼ ਤੇ ਮਹਿਲਾ) ਟੁਕੜੀਆਂ ਤੋਂ ਇਲਾਵਾ ਜਵਾਹਰ ਨਵੋਦਿਆ ਵਿਦਿਆਲਿਆ, ਪੋਜੇਵਾਲ, ਕੈਂਬਰਿਜ ਇੰਟਰਨੈਸ਼ਨਲ ਸਕੂਲ ਕਰੀਹਾ, ਕਿਰਪਾਲ ਸਾਗਰ ਅਕੈਡਮੀ ਦਰਿਆਪੁਰ ਤੇ ਸਾਂਝ ਕੇਂਦਰ (ਸਟੂਡੈਂਟ ਪੁਲਿਸ ਕੈਡਿਟ) ਦੇ ਵਿਦਿਆਰਥੀਆਂ ਨੇ ਮੁੱਖ ਮਹਿਮਾਨ ਨੂੰ ਸਲਾਮੀ ਦਿੱਤੀ ਜਦਕਿ ਕੇ.ਸੀ. ਪਬਲਿਕ ਸਕੂਲ ਨਵਾਂਸ਼ਹਿਰ ਦੇ ਵਿਦਿਆਰਥੀਆਂ ਨੇ ਬੈਂਡ ਰਾਹੀਂ ਮਨਮੋਹਕ ਧੁਨਾਂ ਵਜਾਈਆਂ।ਫੁੱਲ ਡਰੈਸ ਰਿਹਰਸਲ ਦੌਰਾਨ ਸੀ.ਐਮ. ਦੀ ਯੋਗਸ਼ਾਲਾ ਰਾਹੀਂ ਯੋਗਾ ਟ੍ਰੇਨਰਾਂ ਤੇ ਵਿਦਿਆਰਥੀਆਂ ਨੇ ਯੋਗ ਦੀ ਮਹੱਤਤਾ ਤੇ ਯੋਗਾ ਨਾਲ ਸਿਹਤਮੰਦ ਜੀਵਨ ਦਾ ਸੰਦੇਸ਼ ਦਿੱਤਾ।ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲੰਗੜੋਆ ਅਤੇ ਸਕਾਲਰ ਪਬਲਿਕ ਸਕੂਲ, ਜਾਡਲਾ ਦੇ ਵਿਦਿਆਰਥੀਆਂ ਨੇ ਕੋਰਿਓਗ੍ਰਾਫੀ ਤੇ ਗੁਰੂ ਰਾਮਦਾਸ ਇੰਟਰਨੈਸ਼ਨਲ ਪਬਲਿਕ ਸਕੂਲ, ਮੱਲਪੁਰ ਦੇ ਵਿਦਿਆਰਥੀਆਂ ਨੇ ਮਾਰਸ਼ਲ ਖੇਡ ਗੱਤਕੇ ਦੀ ਪੇਸ਼ਕਾਰੀ ਕੀਤੀ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਸਾਰੇ ਸਬੰਧਤ ਵਿਭਾਗਾਂ ਨੂੰ ਗਣਤੰਤਰ ਦਿਵਸ ਸਮਾਰੋਹ ਨੂੰ ਬੇਮਿਸਾਲ ਬਣਾਉਣ ਲਈ ਸੁਹਿਰਦ ਯਤਨ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

# ਪੁਲਿਸ ਵੱਲੋਂ 4 ਭਗੌੜੇ ਦੋਸ਼ੀ ਗ੍ਰਿਫ਼ਤਾਰ



ਟਾਂਡਾ ਉੜਮੁੜ, 24 ਜਨਵਰੀ (ਅਰਜੁਨ ਜੈਨ): ਥਾਣਾ ਟਾਂਡਾ ਪੁਲਿਸ ਥਾਣੇ ਵਿੱਚ ਦਰਜ ਵੱਖ-ਵੱਖ ਮੁਕੱਦਮਿਆਂ ਵਿੱਚ ਲੋੜੀਂਦੇ 4 ਭਗੌੜੇ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ।ਭਗੌੜੇ ਮੁਲਜ਼ਮਾਂ ਦੀ ਪਛਾਣ ਪ੍ਰਿੰਸ ਪੁੱਤਰ ਸੁਰਜੀਤ ਸਿੰਘ ਵਾਸੀ ਖੱਖ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ, ਅਵਤਾਰ ਸਿੰਘ ਉਰਫ ਘੋਦਾ ਪੁੱਤਰ ਪਰਮਜੀਤ ਸਿੰਘ ਵਾਸੀ ਖੱਖ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ, ਯੁਵਰਾਜ ਸਿੰਘ ਉਰਫ ਲਾਲਾ ਪੁੱਤਰ ਸਤਨਾਮ ਸਿੰਘ ਵਾਸੀ ਖੱਖ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ, ਅਕਾਸ਼ਦੀਪ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਖੱਖ ਥਾਣਾ ਟਾਂਡਾ ਵਜੋਂ ਹੋਈ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸਐਚਓ ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਾੜੇ ਅਨਸਰਾਂ 'ਤੇ ਕਾਬੂ ਪਾਉਣ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਆਪ੍ਰੇਸ਼ਨ ਪ੍ਰਹਾਰ ਤਹਿਤ ਡੀਐਸਪੀ ਟਾਂਡਾ ਦਵਿੰਦਰ ਸਿੰਘ ਬਾਜਵਾ ਦੀ ਸਰਪ੍ਰਸਤੀ ਹੇਠ ਟਾਂਡਾ ਪੁਲਿਸ ਨੇ ਥਾਣਾ ਟਾਂਡਾ ਵਿਖੇ ਦਰਜ ਵੱਖ-ਵੱਖ ਮੁਕੱਦਮਿਆਂ 'ਚ ਲੋੜੀਂਦੇ ਭਗੌੜੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਉਕਤ ਭਗੌੜੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਜੇਲ੍ਹ ਭੇਜਿਆ ਗਿਆ।

# ਪੁਲਿਸ ਵੱਲੋਂ 2 ਪਿਸਟਲ, 2 ਮੈਗਜ਼ੀਨ ਤੇ 6 ਰੌਂਦਾਂ ਸਮੇਤ 2 ਦੋਸ਼ੀ ਗ੍ਰਿਫ਼ਤਾਰ

ਕਾਹਨੂੰਵਾਨ, 24 ਜਨਵਰੀ (ਕੁਲਜੀਤ ਸਿੰਘ ਖੋਖਰ): ਮਾਣਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਵੱਲੋਂ ਗੈਂਗਸਟਰ ਖ਼ਿਲਾਫ਼ ਚਲਾਏ ਗਏ ਆਪ੍ਰੇਸ਼ਨ ਪ੍ਰਹਾਰ ਤਹਿਤ ਮਾਣਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੁਰਦਾਸਪੁਰ ਪੁਲਿਸ ਵੱਲੋਂ ਗੈਰ ਕਾਨੂੰਨੀ ਹਥਿਆਰਾਂ ਵਿਰੁੱਧ ਕਾਰਵਾਈ ਕਰਦੇ ਹੋਏ ਥਾਣਾ ਕਾਹਨੂੰਵਾਨ ਦੀ ਪੁਲਿਸ ਪਾਰਟੀ ਵੱਲੋਂ ਦੌਰਾਨੇ ਗਸ਼ਤ ਸ਼ੱਕ ਦੇ ਆਧਾਰ 'ਤੇ 1 ਨੌਜਵਾਨ ਸਾਹਿਲ ਉਰਫ ਭਕੂ ਨੂੰ ਕਾਬੂ ਕਰਕੇ ਚੈਕਿੰਗ ਕੀਤੀ, ਜੋ ਚੈਕਿੰਗ ਦੌਰਾਨ ਉਸ ਕੋਲੋਂ 1 ਪਿਸਟਲ .32 ਬੋਰ ਸਮੇਤ ਮੈਗਜ਼ੀਨ ਤੇ 4 ਰੌਂਦ ਬ੍ਰਾਮਦ ਕੀਤੇ ਗਏ। ਜਿਸ 'ਤੇ ਦੋਸ਼ੀ ਦੇ ਖ਼ਿਲਾਫ ਮੁਕੱਦਮਾ ਨੰਬਰ 07, ਮਿਤੀ 21.01.2026 ਜੁਰਮ 25-54-59 ਅਸਲ੍ਹਾ ਐਕਟ ਥਾਣਾ ਕਾਹਨੂੰਵਾਨ ਵਿਖੇ ਦਰਜ ਕੀਤਾ ਗਿਆ। ਉਕਤ ਦੋਸ਼ੀ ਦੀ ਪੁੱਛ-ਗਿੱਛ ਕਰਨ 'ਤੇ ਉਸਨੇ ਫਰਦ ਇਨਸਾਫ ਕੀਤਾ ਕਿ ਇਹ ਪਿਸਟਲ ਅਜੇ ਕੁਮਾਰ ਵਾਸੀ ਕਾਹਨੂੰਵਾਨ ਕੋਲੋਂ ਲਿਆ ਸੀ, ਜਿਸ ਦੀ ਪੁੱਛ-ਗਿੱਛ ਦੇ ਆਧਾਰ 'ਤੇ ਦੋਸ਼ੀ ਅਜੇ ਕੁਮਾਰ ਨੂੰ ਹਸਬ-ਜ਼ਾਬਤਾ ਗ੍ਰਿਫਤਾਰ ਕਰਕੇ ਉਸ ਕੋਲੋਂ 1 ਪਿਸਟਲ .32 ਬੋਰ ਸਮੇਤ ਮੈਗਜ਼ੀਨ ਤੇ 2 ਰੌਂਦ ਬ੍ਰਾਮਦ ਕੀਤੇ ਗਏ। ਦੋਸ਼ੀਆਂ ਦਾ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ ਤੇ ਇਨ੍ਹਾਂ ਦੇ ਬੈਕਵਰਡ ਤੇ ਫਾਰਵਰਡ ਲਿੰਕਸ ਨੂੰ ਵੈਰੀਫਾਈ ਕੀਤਾ ਜਾਵੇਗਾ।ਮੁਕੱਦਮਾ ਦੀ ਤਫਤੀਸ਼ ਜਾਰੀ ਹੈ।



# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸਿਹਤ ਦੇ ਖੇਤਰ 'ਚ ਇਤਿਹਾਸਿਕ ਕਦਮ: ਜਸਵਿੰਦਰਪਾਲ ਸਿੰਘ ਜ਼ਿਲ੍ਹਾ ਪ੍ਰਧਾਨ

ਕਾਹਨੂੰਵਾਨ, 24 ਜਨਵਰੀ (ਕੁਲਜੀਤ ਸਿੰਘ ਖੋਖਰ): ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਮੌਜੂਦਗੀ 'ਚ ਮੋਹਾਲੀ ਵਿਖੇ ਲਾਂਚ ਕੀਤੀ ਗਈ ਸਿਹਤ ਬੀਮਾ ਯੋਜਨਾ ਨੂੰ ਲੈ ਕੇ ਪਾਰਟੀ ਦੇ ਐਸਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਬੀਤੇ ਦਿਨ ਸਿਹਤ ਦੇ ਖੇਤਰ ਵਿੱਚ ਇਤਿਹਾਸ ਦੀ ਸਭ ਤੋਂ ਵੱਡੀ ਤੇ ਕ੍ਰਾਂਤੀਕਾਰੀ ਯੋਜਨਾ ਦੀ ਸ਼ੁਰੂਆਤ ਹੋਈ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹੁਣ ਪੰਜਾਬ ਦੇ ਹਰ ਪਰਿਵਾਰ ਨੂੰ 10 ਲੱਖ ਤੱਕ ਦਾ ਪੂਰੀ ਤਰ੍ਹਾਂ ਨਗਦੀ ਰਹਿਤ ਇਲਾਜ ਦੀ ਸਵਿਧਾ ਮਿਲੇਗੀ। ਉਨ੍ਹਾਂ ਦੱਸਿਆ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਈ ਹੈ ਉਦੋਂ ਤੋਂ ਹੀ ਆਮ ਲੋਕਾਂ ਦੀ ਸਿਹਤ ਸਭ ਤੋਂ ਉੱਚੀ ਤਰਜੀਹ ਦੇ ਰਹੀ ਹੈ। ਇਸ ਤੋਂ ਪਹਿਲਾਂ ਸੂਬੇ ਭਰ ਵਿੱਚ ਪਹਿਲੀ ਵਾਰ ਮੁਹੱਲਾ ਕਲੀਨਿਕ ਘਰੋਂ-ਘਰ ਇਲਾਜ ਦੀ ਸਹੂਲਤ ਪਹੁੰਚਾਉਣ ਦਾ ਕੰਮ ਵੀ ਕੀਤਾ ਗਿਆ ਹੈ।ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦੇ ਤਹਿਤ ਪੰਜਾਬ ਦੇ ਲਗਭਗ 65 ਲੱਖ ਪਰਿਵਾਰਾਂ ਨਾਲ ਸਬੰਧ ਰੱਖਦੇ ਕਰੀਬ ਤਿੰਨ ਕਰੋੜ ਤੋਂ ਵੱਧ ਨਾਗਰਿਕਾਂ ਨੂੰ ਲਾਭ ਮਿਲੇਗਾ।ਹੁਣ ਕਿਸੇ ਵੀ ਪੰਜਾਬੀ ਨੂੰ ਆਰਥਿਕ ਤੰਗੀ ਕਾਰਨ ਇਲਾਜ ਤੋਂ ਵਾਂਝਾ ਨਹੀਂ ਰਹਿਣਾ ਪਵੇਗਾ।ਉਹਨਾਂ ਨੇ ਅਖੀਰ ਵਿੱਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਦੀ ਜੋੜੀ ਪੰਜਾਬ ਨੂੰ ਸਿਹਤਮੰਦ ਤਾਕਤਵਾਰ ਆਤਮ ਨਿਰਭਰ ਰਾਜ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਇਤਿਹਾਸਿਕ ਫੈਸਲੇ ਲੈ ਰਹੀ ਹੈ। ਮੁੱਖ ਮੰਤਰੀ ਸਿਹਤ ਯੋਜਨਾ ਇਸ ਗੱਲ ਦਾ ਸਬੂਤ ਹੈ ਕਿ ਆਮ ਆਦਮੀ ਪਾਰਟੀ ਜੋ ਕਹਿੰਦੀ ਹੈ ਉਹ ਕਰਕੇ ਦਿਖਾਉਂਦੀ ਹੈ।



*ਇੱਕ ਘੰਟੇ 'ਚ ਦੋ ਹਾਦਸੇ*

# 5 ਗੱਡੀਆਂ ਆਪਸ 'ਚ ਭਿੜੀਆਂ, ਤਿੰਨ ਕਾਰਾਂ, ਇੱਕ ਟਰੱਕ ਦਾ ਭਾਰੀ ਨੁਕਸਾਨ

ਭੋਗਪੁਰ, 24 ਜਨਵਰੀ (ਅਮਰਜੀਤ ਸਿੰਘ ਸੈਣੀ): ਅੱਜ ਹਲਕਾ ਆਦਮਪੁਰ ਦੇ ਭੋਗਪੁਰ ਵਿਚ



ਲਗਾਤਾਰ ਇੱਕ ਘੰਟੇ 'ਚ 2 ਹਾਦਸੇ ਵਾਪਰੇ ਹਨ, ਜਿਨ੍ਹਾਂ ਵਿੱਚ 4 ਗੱਡੀਆਂ ਦਾ ਭਾਰੀ ਨੁਕਸਾਨ ਹੋਇਆ, 3 ਕਾਰਾਂ, ਇੱਕ ਟਰੱਕ ਸ਼ਾਮਲ ਹੈ। ਟਰੱਕ ਜਲੰਧਰ ਸਾਈਡ ਤੋਂ ਪਠਾਨਕੋਟ ਵੱਲ ਨੂੰ ਜਾ ਰਿਹਾ ਸੀ ਅਤੇ ਕਾਰ ਪਠਾਨਕੋਟ ਤੋਂ ਜਲੰਧਰ ਵੱਲ ਆ ਰਹੀ ਸੀ। ਟਰੱਕ ਕਾਰ ਨਾਲ ਦੂਜੇ ਪਾਸੇ ਜਾ ਕੇ ਟਕਰਾਇਆ। ਕਾਰ ਬੁਰੀ ਤਰ੍ਹਾਂ ਬਰਬਾਦ ਹੋ ਗਈ ਅਤੇ ਟਰੱਕ ਵੀ ਜੀਟੀ ਰੋਡ 'ਤੇ ਪਲਟੀ ਖਾ ਗਿਆ। ਉਧਰ ਨਾਲ ਹੀ ਡੱਲੀ ਚੌਕ 'ਚ ਤਿੰਨ ਗੱਡੀਆਂ ਆਪਸ ਵਿੱਚ ਟਕਰਾਈਆਂ, 2 ਕਾਰਾਂ ਇੱਕ ਬਲੈਰੋ ਗੱਡੀ ਦੋ ਕਾਰਾਂ ਦਾ ਭਾਰੀ ਨੁਕਸਾਨ ਹੋਇਆ। ਭੋਗਪੁਰ ਲਗਾਤਾਰ ਹਾਦਸੇ ਵਾਪਰ ਰਹੇ ਹਨ। ਲੋਕਾਂ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕੇ ਜੀਟੀ ਰੋਡ 'ਤੇ ਬੱਸਾਂ ਖੜ੍ਹਦੀਆਂ ਹਨ ਤੇ ਟਰੈਫਿਕ ਜਾਮ ਰਹਿੰਦੀ ਹੈ, ਬੱਸਾਂ ਬੱਸ ਅੱਡੇ ਵਿੱਚ ਭੇਜੀਆਂ ਜਾਣ ਤਾਂ ਬੱਸ ਅੱਡਾ ਚਾਲੂ ਕੀਤਾ ਜਾਵੇ। ਤਾਂ ਜੋ ਹੋ ਰਹੇ ਲਗਾਤਾਰ ਹਾਦਸਿਆਂ ਨੂੰ ਠੱਲ ਪਾਈ ਜਾ ਸਕੇ।

# ਸ੍ਰੀ ਨਨਕਾਣਾ ਸਾਹਿਬ 'ਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕ ਤੇ ਹੋਰਨਾਂ 'ਤੇ ਪਤੰਗਬਾਜ਼ੀ ਕਰਨ 'ਤੇ ਰੋਕ ਲਗਾਈ

ਅੰਮ੍ਰਿਤਸਰ, 24 ਜਨਵਰੀ (ਚ.ਨ.ਸ): ਲਹਿੰਦੇ ਪੰਜਾਬ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ 'ਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕ ਅਤੇ ਹੋਰਨਾਂ 'ਤੇ ਪਤੰਗਬਾਜ਼ੀ ਕਰਨ 'ਤੇ ਸਖਤੀ ਨਾਲ ਰੋਕ ਲਗਾਈ ਗਈ ਹੈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਮੁਹੰਮਦ ਤਸਲੀਮ ਅਖਤਰ ਰਾਓ ਵੱਲੋਂ ਜਾਰੀ ਆਦੇਸ਼ਾਂ ਮੁਤਾਬਕ ਸ੍ਰੀ ਨਨਕਾਣਾ ਸਾਹਿਬ 'ਚ ਪਤੰਗਬਾਜ਼ੀ ਕਰਦਿਆਂ ਪਹਿਲੀ ਵਾਰ ਫੜੇ ਜਾਣ 'ਤੇ 50 ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ। ਹਿਰਾਸਤ 'ਚ ਲਏ ਗਏ ਨੌਜਵਾਨ ਦੀ ਉਮਰ 18 ਸਾਲ ਤੋਂ ਘੱਟ ਹੋਣ'ਤੇ ਜੁਰਮਾਨੇ ਦੀ ਰਕਮ ਉਸਦੇ ਮਾਪਿਆਂ ਜਾਂ ਕਾਨੂੰਨ ਪ੍ਰਸਤਾਂ ਤੋਂ ਵਸੂਲੀ ਜਾਵੇਗੀ, ਜਦਕਿ ਦੂਜੀ ਵਾਰ ਪਤੰਗਬਾਜ਼ੀ ਕਰਦਿਆਂ ਫੜੇ ਜਾਣ 'ਤੇ 7 ਸਾਲ ਦੀ ਕੈਦ ਅਤੇ 50 ਲੱਖ ਰੁਪਏ ਤਕ ਦਾ ਜੁਰਮਾਨਾ ਕੀਤਾ ਜਾਵੇਗਾ। ਜੁਰਮਾਨੇ ਦੀ ਅਦਾਇਗੀ ਨਾ ਕਰ ਸਕਣ 'ਤੇ ਸਜ਼ਾ ਵਿਚ 2 ਸਾਲ ਦਾ ਵਾਧਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਨਨਕਾਣਾ ਸਾਹਿਬ 'ਚ ਪਤੰਗਬਾਜ਼ੀ ਕਰਦੇ ਕੁਝ ਨੌਜਵਾਨਾਂ ਨੂੰ ਪਤੰਗਾਂ ਸਮੇਤ ਹਿਰਾਸਤ ਵਿਚ ਲਿਆ ਗਿਆ ਹੈ। ਡਿਪਟੀ ਕਮਿਸ਼ਨਰ ਰਾਓ ਨੇ ਕਿ ਪੰਜਾਬ ਕਾਈਟ ਫਲਾਇੰਗ ਰੈਗੂਲੇਸ਼ਨ ਐਕਟ 2025 ਦੇ ਅਨੁਸਾਰ ਬਿਨ੍ਹਾਂ ਇਜਾਜ਼ਤ ਪਤੰਗ ਉਡਾਉਣ ਜਾਂ ਗੈਰ ਕਾਨੂੰਨੀ ਤੌਰ 'ਤੇ ਪਤੰਗ ਬਣਾਉਣ, ਸਟੋਰ ਕਰਨ ਜਾਂ ਵੇਚਣ 'ਤੇ ਲਗਾਈ ਪਾਬੰਦੀ ਦੇ ਚਲਦਿਆਂ ਉਲੰਘਣਾਵਾਂ ਲਈ ਸਖਤ ਸਜ਼ਾਵਾਂ ਤੈਅ ਕੀਤੀਆਂ ਗਈਆਂ ਹਨ। ਜੇਕਰ ਬੱਚੇ ਨਿਯਮਾਂ ਦੀ ਉਲੰਘਣਾ ਕਰਦੇ ਪਾਏ ਗਏ ਤਾਂ ਉਨ੍ਹਾਂ ਖਿਲਾਫ਼ ਜੁਵੇਨਾਈਲ ਜਸਟਿਸ ਸਿਸਟਮ ਐਕਟ 2018 ਦੇ ਤਹਿਤ ਕਾਰਵਾਈ ਕੀਤੀ ਜਾਵੇਗੀ। ਇਸਦੇ ਨਾਲ ਹੀ ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ 6,7 ਅਤੇ 8 ਫਰਵਰੀ ਨੂੰ ਲਾਹੌਰ 'ਚ ਬਸੰਤ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਲਾਹੌਰ 'ਚ ਬਸੰਤ ਮੌਕੇ ਨਿਰਧਾਰਿਤ ਥਾਵਾਂ 'ਤੇ ਆਤਿਸ਼ਬਾਜ਼ੀ ਕੀਤੀ ਜਾਵੇਗੀ ਅਤੇ ਤਿੰਨ ਦਿਨਾਂ ਲਈ ਸਿਰਫ ਸੂਤੀ ਧਾਗਿਆਂ ਨਾਲ ਪਤੰਗ ਉਡਾਉਣ ਦੀ ਇਜਾਜ਼ਤ ਹੋਵੇਗੀ।



# ਪਾਕਿ-ਤੁਰਕੀ ਦੀ ਗੰਦੀ ਖੇਡ, ਅਜ਼ਰਬਾਈਜਾਨ ਨੂੰ ਬਣਾ ਰਹੇ ਖ਼ਾਲਿਸਤਾਨ ਦਾ ਨਵਾਂ ਸੈਂਟਰ

ਨਵੀਂ ਦਿੱਲੀ, 24 ਜਨਵਰੀ (ਚ.ਨ.ਸ): 'ਆਪ੍ਰੇਸ਼ਨ ਸਿੰਦੂਰ' 'ਚ ਬੁਰੀ ਤਰ੍ਹਾਂ ਹਾਰਨ ਦੇ ਬਾਵਜੂਦ ਪਾਕਿਸਤਾਨ ਭਾਰਤ ਵਿਰੋਧੀ ਗਤੀਵਿਧੀਆਂ ਤੋਂ ਬਾਜ਼ ਨਹੀਂ ਆ ਰਿਹਾ। ਉਹ ਇਨ੍ਹੀਂ ਦਿਨੀਂ ਖਾਲਿਸਤਾਨੀ ਅੱਤਵਾਦੀਆਂ ਨੂੰ ਸ਼ਹਿ ਦੇਣ 'ਚ ਜੁਟਿਆ ਹੋਇਆ ਹੈ। ਉਹ ਇਹ ਖੇਡ ਅਜ਼ਰਬਾਈਜਾਨ ਦੀ ਧਰਤੀ ਤੋਂ ਖੇਡ ਰਿਹਾ ਹੈ। ਅਜ਼ਰਬਾਈਜਾਨ ਖਾਲਿਸਤਾਨੀਆਂ ਦਾ ਨਵਾਂ ਟਿਕਾਣਾ ਬਣਦਾ ਦਿਖ ਰਿਹਾ ਹੈ। ਪਿਛਲੇ ਦਿਨੀਂ ਪਾਕਿਸਤਾਨ ਅਤੇ ਤੁਰਕੀ ਦੇ ਨਾਲ ਮਿਲ ਕੇ ਇੱਥੇ ਇੱਕ ਸੰਮੇਲਨ ਹੋਇਆ। ਇਸ 'ਚ ਭਾਰਤ ਖਿਲਾਫ ਖਾਲਿਸਤਾਨ ਦੀ ਗੱਲ ਨੂੰ ਅੰਤਰਰਾਸ਼ਟਰੀ ਮੰਚ 'ਤੇ ਲੈ ਜਾਣ ਦੀ ਕੋਸ਼ਿਸ਼ ਕੀਤੀ ਗਈ। ਇਹ ਸੰਮੇਲਨ ਸਿਰਫ਼ ਕੋਈ ਸਾਧਾਰਨ ਮੀਟਿੰਗ ਨਹੀਂ ਸੀ, ਸਗੋਂ ਇਕ ਸੋਚੀ-ਸਮਝੀ ਰਣਨੀਤੀ ਦਾ ਹਿੱਸਾ ਲੱਗਦਾ ਹੈ, ਜਿਸ 'ਚ ਮਨੁੱਖੀ ਅਧਿਕਾਰਾਂ ਦੀ ਭਾਸ਼ਾ ਦੀ ਵਰਤੋਂ ਕਰ ਕੇ ਭਾਰਤ ਦਾ ਅਕਸ ਖਰਾਬ ਕਰਨ ਤੇ ਖਾਲਿਸਤਾਨੀ ਤੱਤਾਂ ਨੂੰ ਜਗ੍ਹਾ ਦੇਣ ਦੀ ਕੋਸ਼ਿਸ਼ ਹੋਈ। 16 ਜਨਵਰੀ ਨੂੰ



ਬਾਕੂ 'ਚ 'ਭਾਰਤ 'ਚ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਖਿਲਾਫ ਨਸਲਵਾਦ ਅਤੇ ਹਿੰਸਾ : ਜ਼ਮੀਨੀ ਹਕੀਕਤ' ਨਾਂ ਤੋਂ ਇਹ ਪ੍ਰੋਗਰਾਮ ਹੋਇਆ। ਇਸ ਨੂੰ ਅਜ਼ਰਬਾਈਜਾਨ ਸਰਕਾਰ ਨਾਲ ਜੁੜੇ 'ਬਾਕੂ ਇਨੀਸ਼ੀਏਟਿਵ ਗਰੁੱਪ' ਨੇ ਆਯੋਜਿਤ ਕੀਤਾ। ਸੰਮੇਲਨ 'ਚ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਵੀ ਪਹੁੰਚੇ, ਜਿਸ ਤੋਂ ਸਾਫ ਦਿਖਿਆ ਕਿ ਇਸ ਦੇ ਪਿੱਛੇ ਸਰਕਾਰੀ ਸਮਰਥਨ ਹੈ। ਖਾਲਿਸਤਾਨੀ ਪੱਖ ਤੋਂ ਕੈਨੇਡਾ ਅਤੇ ਬ੍ਰਿਟੇਨ ਦੇ ਕਈ ਨਾਂ ਆਏ। ਕੈਨੇਡਾ ਤੋਂ ਮੋਨਿੰਦਰ ਸਿੰਘ ਅਤੇ ਪ੍ਰਭਜੋਤ ਸਿੰਘ ਵਾਰਿੰਗ, ਬ੍ਰਿਟੇਨ ਤੋਂ ਦਬਿੰਦਰਜੀਤ ਸਿੰਘ ਸਿੱਧੂ, ਜਸਵਿੰਦਰ ਸਿੰਘ ਖਤਕਰ ਅਤੇ ਐਵਰੀਥਿੰਗਸ 13 ਗਰੁੱਪ ਦੇ ਰਣਵੀਰ ਸਿੰਘ ਸ਼ਾਮਲ ਹੋਏ। ਇਹ ਉਹੀ ਲੋਕ ਹਨ, ਜਿਨ੍ਹਾਂ ਖਿਲਾਫ ਪੱਛਮੀ ਦੇਸ਼ਾਂ 'ਚ ਹੁਣ ਸਖ਼ਤੀ ਵਧ ਰਹੀ ਹੈ। ਸੰਮੇਲਨ ਦੀ ਸ਼ੁਰੂਆਤ 'ਚ 2023 'ਚ ਕੈਨੇਡਾ 'ਚ ਮਾਰੇ ਗਏ ਹਰਦੀਪ ਸਿੰਘ ਨਿੱਝਰ ਲਈ ਇੱਕ ਮਿੰਟ ਦਾ ਮੌਨ ਰੱਖ ਕੇ ਹੋਈ। ਉਸ ਨੂੰ ਸ਼ਹੀਦ ਦੱਸ ਕੇ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਵੀਡੀਓ ਤੇ ਪੁਰਾਣੀਆਂ ਤਸਵੀਰਾਂ ਦਿਖਾਈਆਂ ਗਈਆਂ, ਜਿਨ੍ਹਾਂ 'ਚ ਭਾਰਤ ਦੀਆਂ ਅੱਤਵਾਦ ਵਿਰੋਧੀ ਕਾਰਵਾਈਆਂ ਨੂੰ ਨਸਲਵਾਦ ਤੇ ਨਸਲਕੁਸ਼ੀ ਦਾ ਨਾਂ ਦਿੱਤਾ ਗਿਆ।

# 26 ਵਰ੍ਹਿਆਂ 'ਚ ਬਜਟ ਪੇਸ਼ ਨਹੀਂ ਕਰ ਸਕੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਅੰਮ੍ਰਿਤਸਰ, 24 ਜਨਵਰੀ (ਚ.ਨ.ਸ): ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਸੇਵਾ ਸੰਭਾਲ ਤੇ ਉਥੋਂ ਦੇ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਕਾਇਮ ਕੀਤੀ ਗਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ. ਐਸ. ਜੀ.ਪੀ.ਸੀ.) ਖਰਚਿਆਂ ਦੇ ਭੁਗਤਾਨ ਲਈ ਪਿਛਲੇ 26 ਵਰ੍ਹਿਆਂ 'ਚ ਆਪਣਾ ਬਜਟ ਪੇਸ਼ ਨਹੀਂ ਕਰ ਸਕੀ ਹੈ ਅਤੇ ਉਹ ਗੋਲਕਾਂ 'ਚ ਚੜ੍ਹਾਵੇ ਦੀ ਇਕੱਠੀ ਹੋਈ ਮਾਇਆ ਨਾਲ ਗੁਰਦੁਆਰਿਆਂ ਨਾਲ ਸਬੰਧਤ ਸੇਵਾ ਕਾਰਜ ਕਰ ਰਹੀ ਹੈ। ਕਮੇਟੀ ਦਾ ਮੁੱਖ ਦਫਤਰ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਵਿਖੇ ਸਥਾਪਤ ਕੀਤਾ ਗਿਆ ਹੈ। ਹਸਨ ਅਬਦਾਲ ਤੋਂ ਸਾਡੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸਿੱਖ ਆਗੂ ਸਤਵੰਤ ਸਿੰਘ ਨੇ ਦੱਸਿਆ ਕਿ ਪਾਕਿ ਗੁਰਦੁਆਰਾ ਕਮੇਟੀ ਗੋਲਕਾਂ 'ਚ ਇਕੱਠੀ ਹੋਈ ਚੜ੍ਹਾਵੇ ਦੀ ਰਕਮ ਨਾਲ ਲੰਗਰ, ਕੜਾਹ ਪ੍ਰਸਾਦਿ, ਪਿੰਨੀ ਪ੍ਰਸਾਦਿ ਸਮੇਤ ਵੱਖ ਵੱਖ ਗੁਰਦੁਆਰਾ ਸਾਹਿਬ 'ਚ ਨਿਯੁਕਤ 70 ਤੋਂ ਵੱਧ ਵਧੇਰੇ ਗ੍ਰੰਥੀ ਸਿੰਘਾਂ, ਕੀਰਤਨੀਆਂ, ਸੇਵਾਦਾਰਾਂ ਆਦਿ ਦੀਆਂ ਤਨਖਾਹਾਂ ਦੇ ਰਹੀ ਹੈ। ਜਿਸਦੇ ਲਈ ਬਕਾਇਦਾ ਲੰਗਰ,ਪਿੰਨੀ ਪ੍ਰਸਾਦਿ, ਕੜਾਹ ਪ੍ਰਸਾਦਿ ਅਤੇ ਰਹਿਤ ਮਰਿਆਦਾ ਕਮੇਟੀਆਂ ਬਣਾਈਆਂ ਗਈਆਂ ਹਨ, ਜੋ ਵੱਖ ਵੱਖ ਖਰਚਿਆਂ ਦਾ ਹਿਸਾਬ ਰੱਖਦੀਆਂ ਹਨ। ਗੁਰਦੁਆਰਾ ਕਮੇਟੀ ਵੱਲੋਂ ਹੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਸਮੇਤ ਬਾਕੀ ਗੁਰਦੁਆਰਿਆਂ ਦੀਆਂ ਗੋਲਕਾਂ 'ਚ ਇਕੱਠੀ ਹੋਣ ਵਾਲੀ ਚੜ੍ਹਾਵੇ ਦੀ ਰਕਮ ਦਾ ਸਾਰਾ ਹਿਸਾਬ ਕਿਤਾਬ ਰੱਖਿਆ ਜਾਂਦਾ ਹੈ। ਨਿਯਮਾਂ ਮੁਤਾਬਕ ਗੋਲਕਾਂ ਦੀ ਰਕਮ 'ਚੋਂ ਯਾਤਰੂਆਂ ਦੇ ਲੰਗਰ, ਰਿਹਾਇਸ਼, ਮੈਡੀਕਲ ਆਦਿ ਸੁਵਿਧਾਵਾਂ 'ਤੇ ਖਰਚ ਕਰਨ ਬਾਅਦ ਬਾਕੀ ਬਚੀ ਰਕਮ ਕਮੇਟੀ ਦੇ ਹਬੀਬ ਬੈਂਕ ਲਿਮਟਿਡ, ਲਾਹੌਰ ਸਿਵਲ ਲਾਈਨਜ਼ ਸਮੇਤ ਬਾਕੀ ਬੈਂਕ ਖਾਤਿਆਂ 'ਚ ਜਮ੍ਹਾ ਕਰਵਾਈ ਜਾਂਦੀ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਲਾਹੌਰ ਸਮੇਤ ਪਾਕਿ ਦੇ 18 ਕਾਰਜਸ਼ੀਲ ਗੁਰਦੁਆਰਿਆਂ 'ਚੋਂ 16 ਵਿਚ ਚੜ੍ਹਾਵੇ ਲਈ ਗੋਲਕਾਂ ਮੌਜੂਦ ਹਨ। ਸਤਵੰਤ ਸਿੰਘ ਨੇ ਕਿਹਾ ਕਿ ਗੁਰਦੁਆਰਿਆਂ ਦੇ ਅੰਦਰ ਸਿੱਖ ਰਹਿਤ ਮਰਿਆਦਾ ਨਾਲ ਸਬੰਧਤ ਸਾਰੇ ਖਰਚੇ ਕਮੇਟੀ ਵੱਲੋਂ ਕੀਤੇ ਜਾਂਦੇ ਹਨ,ਜਦਕਿ ਪੱਕੇ ਗ੍ਰੰਥੀ ਸਿੰਘਾਂ ਅਤੇ ਮੁਸਲਿਮ ਕੇਅਰ ਟੇਕਰਜ਼ (ਮੈਨੇਜਰਾਂ) ਸਮੇਤ ਹੋਰ ਸਹਾਇਕ ਅਮਲੇ ਦੀਆਂ ਤਨਖਾਹਾਂ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਦਿੱਤੀਆਂ ਜਾ ਰਹੀਆਂ ਹਨ। ਦੱਸਣਯੋਗ ਹੈ ਕਿ 11 ਅਪ੍ਰੈਲ 1999 ਨੂੰ ਹੋਂਦ 'ਚ ਆਈ ਪਾਕਿ ਗੁਰਦੁਆਰਾ ਕਮੇਟੀ ਵੱਲੋਂ ਪਾਕਿ 'ਚ ਹੋਣ ਵਾਲੇ ਸਾਰੇ ਧਾਰਮਿਕ ਸਮਾਗਮ ਈ.ਟੀ.ਪੀ.ਬੀ. ਨਾਲ ਸਾਂਝੇ ਤੌਰ 'ਤੇ ਮਿਲ ਕੇ ਕਰਵਾਏ ਜਾਂਦੇ ਹਨ।



# ਸ੍ਰੀ ਹਰਿਮੰਦਰ ਸਾਹਿਬ 'ਚ ਤਿੰਨ ਖੰਭਿਆਂ ਨੂੰ ਪੁਰਾਤਨ ਨਿਸ਼ਾਨੀ ਵਜੋਂ ਰੱਖਿਆ ਹੋਇਆ ਹੈ

ਅੰਮ੍ਰਿਤਸਰ, 24 ਜਨਵਰੀ (ਚ.ਨ.ਸ): ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਪਹਿਲੀ ਵਾਰ ਬਿਜਲਈ ਰੌਸ਼ਨੀ ਲਈ ਸਰੋਵਰ ਕਿਨਾਰੇ ਪੁਰਾਤਨ ਸਮਿਆਂ ਸੰਨ 1897 ਵਿਚ ਫਰੀਦਕੋਟ ਦੀ ਰਿਆਸਤ ਵੱਲੋਂ ਲਗਾਏ ਅਤੇ ਮੌਜੂਦ ਸਮੇਂ ਵਿਚ ਮੌਜੂਦ ਤਿੰਨ ਵਿਰਾਸਤੀ ਖੰਭਿਆਂ ਵਿਚੋਂ ਕੁਝ ਦਿਨ ਪਹਿਲਾਂ ਪ੍ਰਬੰਧਕਾਂ ਵੱਲੋਂ ਬੁੰਗਾ ਰਾਮਗੜ੍ਹੀਆ ਨੇੜੇ ਲਗੇ ਇਕ ਖੰਭੇ ਨੂੰ ਉਤਾਰ ਦਿੱਤੇ ਜਾਣ ਬਾਅਦ ਚਰਚਾ ਦਾ ਵਿਸ਼ਾ ਬਣਿਆ, ਵਿਰਾਸਤੀ ਬਿਜਲੀ ਖੰਭਾ ਮੁਰੰਮਤ ਉਪਰੰਤ ਮੁੜ ਸਥਾਪਿਤ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਕੁਝ ਖੰਭੇ ਉਦੋਂ ਫਰੀਦਕੋਟ ਰਿਆਸਤ ਦੇ ਰਾਜਾ ਸ. ਬਿਕਰਮ ਸਿੰਘ ਵੱਲੋਂ ਸੇਵਾ ਭਾਵ ਨਾਲ ਇਥੇ ਬਿਜਲੀ ਰੌਸ਼ਨੀ ਲਈ ਲਗਵਾਏ ਗਏ ਸਨ, ਇਸ ਲਈ ਇਨ੍ਹਾਂ ਦੀ ਵਿਰਾਸਤੀ ਮਹੱਤਤਾ ਸਮਝੀ ਜਾਂਦੀ ਹੈ। ਇਸ ਵੇਲੇ ਇਨ੍ਹਾਂ ਪੁਰਾਤਨ ਖੰਭਿਆਂ ਵਿਚੋਂ ਇਸ ਖੰਭੇ ਸਮੇਤ ਕੇਵਲ ਤਿੰਨ ਖੰਭੇ, ਜੋ ਬਾਬਾ ਦੀਪ ਸਿੰਘ ਜੀ ਦੇ ਸਥਾਨ ਦੇ ਨੇੜੇ ਅਤੇ ਕੜਾਹ ਪ੍ਰਸ਼ਾਦਿ ਵਾਲੇ ਕੋਨੇ 'ਤੇ ਸਰੋਵਰ ਕਿਨਾਰੇ ਲੱਗੇ ਹੋਏ ਸਨ, ਵਿਚੋਂ ਬੁੰਗਾ ਰਾਮਗੜ੍ਹੀਆ ਵਾਲਾ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਜਦੋਂ ਕਰੀਬ ਮਹੀਨਾ ਪਹਿਲਾਂ ਮੁਰੰਮਤ ਲਈ ਉਤਾਰਿਆ ਗਿਆ ਸੀ ਤਾਂ ਸ਼ੋਸ਼ਲ ਮੀਡੀਆ 'ਤੇ ਇਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੀ ਕਈ ਲੋਕਾਂ ਵੱਲੋਂ ਕਾਫੀ ਅਲੋਚਨਾ ਕੀਤੀ ਗਈ ਸੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਮੌਕੇ 'ਤੇ ਜਾ ਕੇ ਜਾਣਕਾਰੀ ਹਾਸਲ ਕੀਤੀ ਸੀ। ਜ਼ਿਕਰਯੋਗ ਹੈ ਕਿ ਹੁਣ ਭਾਵੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅਤੇ ਪਰਿਕਰਮਾ ਵਿਚ ਲੋੜੀਂਦੀ ਰੌਸ਼ਨੀ ਲਈ ਹੋਰ ਕਈ ਯੰਤਰ ਲੱਗੇ ਹੋਏ ਹਨ ਤੇ ਇਨ੍ਹਾਂ ਪੁਰਾਤਨ ਖੰਭਿਆਂ ਦੀ ਰੌਸ਼ਨੀ ਲਈ ਹੁਣ ਵਰਤੋਂ ਨਹੀਂ ਕੀਤੀ ਜਾ ਰਹੀ ਪਰ ਵਿਰਾਸਤੀ ਹੋਣ ਕਾਰਨ ਇਨ੍ਹਾਂ ਬਚੇ ਤਿੰਨ ਖੰਭਿਆਂ ਨੂੰ ਪੁਰਾਤਨ ਨਿਸ਼ਾਨੀ ਵਜੋਂ ਉਸੇ ਹਾਲਤ ਵਿਚ ਰੱਖਿਆ ਹੋਇਆ ਹੈ।



# ਪਿਮਟ 'ਚ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ

ਮੰਡੀ ਗੋਬਿੰਦਗੜ੍ਹ, 24 ਜਨਵਰੀ (ਸੂਦ): ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਅਲੌੜ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਉਤਸ਼ਾਹ ਅਤੇ ਰਵਾਇਤੀ ਜੋਸ਼ ਨਾਲ ਮਨਾਇਆ ਗਿਆ। ਕੈਂਪਸ ਨੂੰ ਪੀਲੇ ਰੰਗ ਦੀਆਂ ਸਜਾਵਟਾਂ ਨਾਲ ਸਜਾਇਆ ਗਿਆ, ਜਿਸ ਨਾਲ ਪੂਰੇ ਮਾਹੌਲ ਵਿੱਚ ਬਸੰਤ ਦੀ ਭਾਵਨਾ ਆਈ। ਪ੍ਰੋਗਰਾਮ ਦੀ ਸ਼ੁਰੂਆਤ ਦੇਵੀ ਸਰਸਵਤੀ ਦੀ ਪੂਜਾ ਅਤੇ ਪ੍ਰਾਰਥਨਾ ਨਾਲ ਹੋਈ। ਸੰਸਥਾ ਦੀ ਡਾਇਰੈਕਟਰ ਡਾ. ਨਿਸ਼ੀ ਬਾਲਾ ਨੇ ਬਸੰਤ ਪੰਚਮੀ ਦੇ ਸ਼ੁਭ ਮੌਕੇ 'ਤੇ ਪ੍ਰਾਰਥਨਾ ਕਰਦਿਆ ਵਿਦਿਆਰਥੀਆਂ ਦੇ ਉੱਜਵਲ ਭਵਿੱਖ, ਗਿਆਨ, ਬੁੱਧੀ ਅਤੇ ਰਚਨਾਤਮਕਤਾ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਬਸੰਤ ਪੰਚਮੀ ਗਿਆਨ, ਸਕਾਰਾਤਮਕ ਊਰਜਾ ਅਤੇ ਨਵੀਂ ਸ਼ੁਰੂਆਤ ਦਾ ਪ੍ਰਤੀਕ ਹੈ ਅਤੇ ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਦੇ ਨਾਲ-ਨਾਲ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਰਹਿਣਾ ਚਾਹੀਦਾ ਹੈ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਆਪਸੀ ਸਦਭਾਵਨਾ, ਟੀਮ ਭਾਵਨਾ ਅਤੇ ਭਾਰਤੀ ਤਿਉਹਾਰਾਂ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਸੀ। ਉਨ੍ਹਾਂ ਇਸ ਦਿਹਾੜੇ ਦੀ ਵਧਾਈ ਵੀ ਦਿੱਤੀ। ਇਸ ਮੌਕੇ ਵਿਦਿਆਰਥੀਆਂ, ਫੈਕਲਟੀ ਤੇ ਸਟਾਫ ਮੈਂਬਰਾਂ ਨੂੰ ਪ੍ਰਸ਼ਾਦ ਵੀ ਵੰਡਿਆ ਗਿਆ।



# ਪਹਿਲੀ ਵਾਰ 'ਐਟ ਹੋਮ' ਸਮਾਰੋਹ 'ਚ ਰਾਜਪਾਲ ਕਟਾਰੀਆ ਦੀ ਇਤਿਹਾਸਕ ਮੌਜੂਦਗੀ

ਫਾਜ਼ਿਲਕਾ, 24 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸਰਹੱਦੀ ਜ਼ਿਲ੍ਹਾ ਫਾਜ਼ਿਲਕਾ ਲਈ ਇਹ ਇੱਕ ਇਤਿਹਾਸਕ ਮੌਕਾ ਹੋਣ ਜਾ ਰਿਹਾ ਹੈ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਗਣਤੰਤਰ ਦਿਵਸ ਦੇ ਮੌਕੇ 'ਤੇ ਰਾਜਧਾਨੀ ਚੰਡੀਗੜ੍ਹ ਨੂੰ ਛੱਡ ਕੇ ਪਹਿਲੀ ਵਾਰ ਸਰਹੱਦੀ ਜ਼ਿਲ੍ਹਾ ਫਾਜ਼ਿਲਕਾ ਵਿੱਚ 'ਐਟ ਹੋਮ' ਸਮਾਰੋਹ ਦੀ ਮੇਜ਼ਬਾਨੀ ਕਰਨਗੇ। ਇਹ ਸ਼ਾਇਦ ਪਹਿਲਾ ਮੌਕਾ ਹੋਵੇਗਾ ਜਦੋਂ 'ਐਟ ਹੋਮ' ਵਰਗਾ ਪ੍ਰਤਿਸ਼ਠਿਤ ਸਮਾਗਮ ਰਾਜ ਦੀ ਰਾਜਧਾਨੀ ਤੋਂ ਬਾਹਰ, ਫਾਜ਼ਿਲਕਾ ਜਿਹੇ ਕਿਸੇ ਸਰਹੱਦੀ ਜ਼ਿਲ੍ਹੇ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਫਾਜ਼ਿਲਕਾ ਦੇ ਸਮਾਜਸੇਵੀ ਕਰਨ ਗਿੱਲ੍ਹੋਤਰਾ ਨੇ ਕਿਹਾ ਕਿ ਇਸ ਕਦਮ ਨੂੰ ਸਰਕਾਰ ਵੱਲੋਂ ਸਰਹੱਦੀ ਜ਼ਿਲ੍ਹਿਆਂ ਪ੍ਰਤੀ ਸੰਵੇਦਨਸ਼ੀਲਤਾ ਅਤੇ ਸਨਮਾਨ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਇਸ ਗੌਰਵਮਈ ਸਮਾਰੋਹ ਨਾਲ ਸ਼ਹਿਰ ਵਾਸੀਆਂ ਵਿੱਚ ਉਤਸ਼ਾਹ ਅਤੇ ਖੁਸ਼ੀ ਦੀ ਲਹਿਰ ਦੌੜ ਗਈ ਹੈ। ਟੀਮ ਕੇ.ਜੀ.ਐਫ ਨੇ ਦੱਸਿਆ ਕਿ ਇਸ ਵਿਸ਼ੇਸ਼ ਆਯੋਜਨ ਨੂੰ ਲੈ ਕੇ ਪ੍ਰਸ਼ਾਸਨਿਕ ਪੱਧਰ 'ਤੇ ਤਿਆਰੀਆਂ ਜ਼ੋਰਾਂ 'ਤੇ ਹਨ। ਰਾਜਪਾਲ ਦੀ ਮੌਜੂਦਗੀ ਨਾ ਸਿਰਫ਼ ਫਾਜ਼ਿਲਕਾ ਸਗੋਂ ਪੂਰੇ ਸਰਹੱਦੀ ਖੇਤਰ ਲਈ ਮਾਣ ਦੀ ਗੱਲ ਹੈ।ਗਣਤੰਤਰ ਦਿਵਸ ਦੇ ਮੌਕੇ 'ਤੇ ਆਯੋਜਿਤ ਹੋਣ ਵਾਲਾ ਇਹ 'ਐਟ ਹੋਮ' ਸਮਾਰੋਹ ਰਾਸ਼ਟਰੀ ਏਕਤਾ, ਦੇਸ਼ਭਗਤੀ ਅਤੇ ਸਰਹੱਦੀ ਖੇਤਰਾਂ ਦੇ ਮਹੱਤਵ ਨੂੰ ਉਜਾਗਰ ਕਰੇਗਾ। ਸਮਾਰੋਹ ਵਿੱਚ ਸਥਾਨਕ ਲੋਕ ਪ੍ਰਤੀਨਿੱਧੀਆਂ, ਪ੍ਰਸ਼ਾਸਨਿਕ ਅਧਿਕਾਰੀਆਂ ਤੇ ਵਿਸ਼ੇਸ਼ ਮਹਿਮਾਨਾਂ ਦੀ ਭਾਗੀਦਾਰੀ ਦੀ ਸੰਭਾਵਨਾ ਹੈ।



# ਕੰਟੋਨਮੈਂਟ ਬੋਰਡ ਸਟੇਡੀਅਮ ਵਿਖੇ ਹੋਈ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੀ ਫੁੱਲ ਡਰੈਸ ਰਿਹਰਸਲ

**☛ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਲਹਿਰਾਉਣਗੇ ਰਾਸ਼ਟਰੀ ਝੰਡਾ**

ਫਿਰੋਜ਼ਪੁਰ, 24 ਜਨਵਰੀ (ਤਿਵਾੜੀ): ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਣਤੰਤਰ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਵਾਰ 26 ਜਨਵਰੀ ਨੂੰ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਸਵੇਰੇ 09:58 ਵਜੇ ਫ਼ਿਰੋਜ਼ਪੁਰ ਛਾਉਣੀ ਵਿਖੇ ਸਥਿਤ ਕੰਟੋਨਮੈਂਟ ਬੋਰਡ ਸਟੇਡੀਅਮ ਵਿਖੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਸਮਾਗਮ ਦੀ ਫੁੱਲ ਡਰੈਸ ਰਿਹਰਸਲ ਹੋਣ ਉਪਰੰਤ ਮੀਟਿੰਗ ਕਰਨ ਮੌਕੇ ਦਿੱਤੀ। ਗਣਤੰਤਰ ਦਿਵਸ ਦੇ ਸਮਾਗਮ ਦੀ ਫੁੱਲ ਡਰੈਸ ਰਿਹਰਸਲ ਦੌਰਾਨ ਐਸ. ਡੀ.ਐਮ ਫਿਰੋਜ਼ਪੁਰ ਸ੍ਰੀਮਤੀ ਲਿੰਦਿਆ ਆਈ.ਏ.ਐਸ ਨੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਉਨ੍ਹਾਂ ਪਰੇਡ ਦਾ ਨਿਰੀਖਣ ਕੀਤਾ ਤੇ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਮੌਕੇ ਸਹਾਇਕ ਕਮਿਸ਼ਨਰ ਰਾਜਬੀਰ ਸਿੰਘ ਵੀ ਉਨ੍ਹਾਂ ਦੇ ਨਾਲ ਹਾਜ਼ਰ ਸਨ। ਇਸ ਦੌਰਾਨ ਪਰੇਡ ਕਮਾਂਡਰ ਕਰਨ ਸ਼ਰਮਾ ਦੀ ਅਗਵਾਈ ਵਿਚ ਵੱਖ-ਵੱਖ ਟੁਕੜੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਇਸ ਮੌਕੇ ਵੱਖ ਵੱਖ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਨੇ ਸੱਭਿਆਚਾਰਕ ਤੇ ਦੇਸ਼ਭਗਤੀ ਨਾਲ ਸਬੰਧਿਤ ਕੋਰਿਓਗ੍ਰਾਫੀਆਂ ਵੀ ਪੇਸ਼ ਕੀਤੀਆਂ। ਰਿਹਰਸਲ ਉਪਰੰਤ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਦੇਸ਼ ਭਗਤੀ ਦੀ ਭਾਵਨਾ ਨਾਲ ਕਰਨ ਦੀ ਹਦਾਇਤ ਕੀਤੀ ਤੇ ਕਿਹਾ ਕਿ ਉਹ ਸਮਾਗਮ ਦੀ ਸਫ਼ਲਤਾ ਲਈ ਤਨੋ-ਮਨੋ ਸਹਿਯੋਗ ਪਾਉਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ.) ਨਿਧੀ ਕੁਮੁਦ ਬੰਬਾਹ, ਵਧੀਕ ਡਿਪਟੀ ਕਮਿਸ਼ਨਰ (ਵਿ) ਸ. ਅਰਵਿੰਦ ਕੁਮਾਰ ਤੋਂ ਇਲਾਵਾ ਸਮੂਹ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।



# ਸਰਕਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਖ਼ਿਲਾਫ਼ ਬੋਲਣ ਦੀ ਬਜਾਏ ਪੰਜਾਬ ਦੇ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਵੇ: ਜਥੇ. ਕਰਨੈਲ ਸਿੰਘ ਪੰਜੋਲੀ

ਸ੍ਰੀ ਫਤਿਹਗੜ੍ਹ ਸਾਹਿਬ, 24 ਜਨਵਰੀ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਧਰਮ ਦੀ ਦੁਨੀਆ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਇੱਕ ਅਜਿਹੀ ਜਥੇਬੰਦੀ ਹੈ, ਜਿਸ ਥਾਂ ਸੰਗਤੀ ਪ੍ਰਬੰਧ ਹੈ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਾਹਿਬ ਤੋਂ ਬਾਅਦ ਇਸ ਸੰਸਥਾ ਨੂੰ ਕੋਈ ਉਨ੍ਹਾਂ ਵਰਗਾ ਪ੍ਰਧਾਨ ਨਹੀਂ ਮਿਲ ਸਕਿਆ।ਉਹਨਾਂ ਕਿਹਾ ਕਿ ਜਥੇਦਾਰ ਟੌਹੜਾ ਦਾ ਕੱਦ ਵੱਡਾ ਹੋਣ ਕਰਕੇ ਅਕਾਲੀ ਲੀਡਰਸ਼ਿਪ ਦਾ ਸ਼੍ਰੋਮਣੀ ਕਮੇਟੀ ਵਿੱਚ ਕਿਸੇ ਵੀ ਦਾ ਇਸ ਤਰ੍ਹਾਂ ਦਾ ਦਖਲ ਵੀ ਨਹੀਂ ਸੀ, ਜਿਸ ਤਰ੍ਹਾਂ ਦਾ ਹੁਣ ਦਿੱਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਜਿੱਥੇ ਹੁਣ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸੂਲਾਂ ਦੀ ਸੇਜ ਹੈ ਤੇ ਇੱਕ ਪਾਸੇ ਪੰਥ ਜਵਾਬ ਤਲਬੀ ਕਰਦਾ ਹੈ, ਦੂਜੇ ਪਾਸੇ ਅਕਾਲੀ ਆਗੂ ਅਪਣੀਆਂ ਵੋਟਾਂ ਵੇਖਦੇ ਹਨ ਤੇ ਪਹਿਲਾਂ ਤਾਂ ਪ੍ਰਧਾਨ ਦੋ ਪੁੜਾਂ ਦੀ ਚੱਕੀ ਵਿੱਚ ਪਿਸਦਾ ਸੀ, ਤੀਜਾ ਹੁਣ ਭਗਵੰਤ ਮਾਨ ਨੇ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਿਰੁੱਧ ਜੰਗ ਸ਼ੁਰੂ ਕਰ ਰੱਖੀ ਹੈ।ਜਥੇਦਾਰ ਪੰਜੋਲੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਜਿੰਨੀ ਐਨਰਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਿਰੁੱਧ ਬੋਲਣ 'ਤੇ ਲਗਾਈ ਜਾ ਰਹੀ ਹੈ। ਉਨੀ ਹੀ ਤਾਕਤ ਪੰਜਾਬ ਦੇ ਹਾਲਾਤਾਂ ਨੂੰ ਸੁਧਾਰਨ 'ਤੇ ਲਗਾਈ ਜਾਵੇ ਤਾਂ ਜੋ ਪੰਜਾਬ ਦੇ ਲੰਮੇ ਸਮੇਂ ਤੋਂ ਲਟਕ ਰਹੇ ਮਸਲਿਆਂ ਨੂੰ ਹੱਲ ਕਰਵਾਉਂਦਿਆਂ ਹੋਇਆਂ ਦਿੱਲੀ ਤਖਤ ਵਿਰੁੱਧ ਜੰਗ ਲੜਨ, ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ, ਚੰਡੀਗੜ੍ਹ ਦਾ ਮਸਲਾ, ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੈ, ਪਾਣੀਆਂ ਦਾ ਮਸਲਾ, ਪੰਜਾਬ ਦੀ ਆਰਥਿਕ ਹਾਲਾਤ ਖਰਾਬ ਦਾ ਮਸਲਾ, ਸਕੂਲਾਂ ਵਿੱਚ ਅਧਿਆਪਕ ਦੀ ਘਾਟ, ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ, ਸੜਕਾਂ ਟੁੱਟੀਆਂ ਦਾ ਮਸਲਾ, ਮੁਲਾਜ਼ਮਾਂ ਨੂੰ ਤਨਖਾਹ ਨਾ ਮਿਲਣ, ਪੈਨਸ਼ਨਾਂ ਨੂੰ ਪੈਨਸ਼ਨ ਨਾ ਮਿਲਣ, ਬੇਰੁਜ਼ਗਾਰੀ ਕਾਰਨ ਬੱਚੇ ਵਿਦੇਸ਼ਾਂ ਨੂੰ ਜਾਣ, ਨਸ਼ਿਆਂ ਦੀ ਸਪਲਾਈ ਲਾਇਨ ਨਾ ਟੁੱਟਣਾ, ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਵਿੱਚ ਵਾਧਾ, ਰੋਜ਼ਾਨਾ ਕਤਲੋ ਗਾਰਦ ਦੀਆਂ ਘਟਨਾਵਾਂ ਵਾਪਰਨੀਆਂ, ਲੋਕਾਂ ਤੋਂ ਫਿਰੌਤੀਆਂ ਲਈ ਧਮਕੀਆਂ ਮਿਲਣਾ ਤੇ ਸੱਭ ਤੋਂ ਵੱਡਾ ਮਸਲਾ ਫੈਡਰਲ ਢਾਂਚੇ ਦਾ ਹੈ, ਉਹ ਲੜਾਈ ਲੜੀ ਜਾਵੇ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਇੱਕ ਸ਼ਰੀਫ਼ ਆਦਮੀ ਹਨ, ਉਹਨਾਂ ਵਿਰੁੱਧ ਕੀਤੀ ਜਾ ਰਹੀ ਬੇਲੋੜੀ ਬਿਆਨਬਾਜ਼ੀ ਦੀ ਸਖਤ ਸ਼ਬਦਾਂ ਵਿੱਚ ਆਲੋਚਨਾ ਕਰਦਿਆਂ ਕਿਹਾ ਕਿ ਐਡਵੋਕੇਟ ਧਾਮੀ ਵੱਲੋਂ ਇਹ ਕਹਿਣਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਨਿਮਾਣੇ ਵਰਕਰ ਤੇ ਸਿਪਾਹੀ ਹਨ, ਇਹ ਵੀ ਇੱਕ ਵੱਡੀ ਮਾਣ ਵਾਲੀ ਗੱਲ ਹੈ।ਉਨ੍ਹਾਂ ਕਿਹਾ ਕਿ ਧਾਮੀ ਸਾਹਿਬ ਨੇ ਸ਼੍ਰੋਮਣੀ ਅਕਾਲੀ ਦੱਲ ਰਾਹੀਂ ਬਹੁਤ ਪੰਥਕ ਸੇਵਾ ਕੀਤੀ ਹੈ।



# ਸਵਾਮੀ ਪ੍ਰੇਮਾਨੰਦ ਮਹਾਂਵਿਦਿਆਲਿਆ ਵਿਖੇ ਬਸੰਤ ਪੰਚਮੀ ਮੌਕੇ ਕਿਤਾਬ ਪ੍ਰਦਰਸ਼ਨੀ ਲਗਾਈ

ਮੁਕੇਰੀਆਂ, 24 ਜਨਵਰੀ (ਧਰਮ ਚੰਦ): ਸਵਾਮੀ ਪ੍ਰੇਮਾਨੰਦ ਮਹਾਂਵਿਦਿਆਲਿਆ ਵਿਖੇ ਬਸੰਤ ਪੰਚਮੀ ਦੇ ਪਾਵਨ ਤਿਉਹਾਰ ਦੇ ਅਵਸਰ 'ਤੇ ਕਾਲਜ ਲਾਇਬ੍ਰੇਰੀ ਵੱਲੋਂ ਇੱਕ ਵਿਸ਼ਾਲ ਕਿਤਾਬ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਡਾ.ਸਮੀਰ ਸ਼ਰਮਾ ਵੱਲੋਂ ਵਿੱਦਿਆ ਦੀ ਦੇਵੀ ਮਾਂ ਸਰਸਵਤੀ ਦੀ ਤਸਵੀਰ ਅੱਗੇ ਦੀਪ ਜਵਾਲਿਤ ਕਰਕੇ ਅਤੇ ਫੁੱਲ ਭੇਂਟ ਕਰਕੇ ਕੀਤੀ ਗਈ । ਇਸ ਉਪਰੰਤ ਮਾਂ ਸਰਸਵਤੀ ਤੋਂ ਵਿੱਦਿਆ,ਬੁੱਧੀ ਅਤੇ ਸਤਿਕਾਰਮਈ ਜੀਵਨ ਦੀ ਕਾਮਨਾ ਕੀਤੀ ਗਈ।ਇਸ ਕਿਤਾਬ ਪ੍ਰਦਰਸ਼ਨੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਕਿਤਾਬਾਂ ਪੜ੍ਹਨ ਦੀ ਆਦਤ ਨੂੰ ਉਤਸ਼ਾਹਿਤ ਕਰਨਾ ਤੇ ਗਿਆਨ, ਬੁੱਧੀਮਤਾ ਤੇ ਬੌਧਿਕ ਵਿਕਾਸ ਨੂੰ ਪ੍ਰੋਤਸ਼ਾਹਿਤ ਕਰਨਾ ਸੀ। ਪ੍ਰਦਰਸ਼ਨੀ ਵਿੱਚ ਅਕਾਦਮਿਕ, ਰੈਫਰੈਂਸ, ਸਾਹਿਤਕ ਤੇ ਸਾਰਵਜਨਿਕ ਦਿਲਚਸਪੀ ਵਾਲੀਆਂ ਕਿਤਾਬਾਂ ਦੀ ਵਿਸ਼ਾਲ ਰੇਂਜ ਪ੍ਰਦਰਸ਼ਿਤ ਕੀਤੀ ਗਈ, ਜਿਸ ਵਿਚ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਖਾਸ ਰੁਚੀ ਦਿਖਾਈ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਿਤਾਬਾਂ ਵਿਦਿਆਰਥੀ ਜੀਵਨ ਦੀ ਸਭ ਤੋਂ ਵੱਡੀ ਦੌਲਤ ਹੁੰਦੀਆਂ ਹਨ। ਕਿਤਾਬਾਂ ਰਾਹੀਂ ਹੀ ਮਨੁੱਖ ਆਪਣੇ ਵਿਚਾਰਾਂ ਨੂੰ ਵਿਸ਼ਾਲ ਕਰਦਾ ਹੈ ਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦਾ ਹੈ। ਅਜਿਹੀਆਂ ਪ੍ਰਦਰਸ਼ਨੀਆਂ ਵਿਦਿਆਰਥੀਆਂ ਨੂੰ ਗਿਆਨ ਨਾਲ ਜੋੜਨ ਦਾ ਮਹੱਤਵਪੂਰਨ ਸਾਧਨ ਹਨ ।ਇਸ ਪ੍ਰੋਗਰਾਮ ਦਾ ਸਫਲ ਆਯੋਜਨ ਡਾ. ਪ੍ਰਦੀਪ ਸੰਗਰ (ਲਾਇਬ੍ਰੇਰੀਅਨ), ਪ੍ਰੋ. ਤਰਨਦੀਪ ਕੌਰ (ਇੰਚਾਰਜ, ਲਾਇਬ੍ਰੇਰੀ ਕਮੇਟੀ) ਪ੍ਰੋ. ਪਵਨ ਕੁਮਾਰ ਸਿੰਗਲਾ, ਪ੍ਰੋ. ਪੰਕਜ ਸਰੀਨ, ਪ੍ਰੋ.ਅਰਵਿੰਦ ਚੌਹਾਨ, ਪ੍ਰੋ. ਰੇਖਾ ਰਾਣੀ ਦੀ ਦੇਖ ਰੇਖ ਹੇਠ ਕੀਤਾ ਗਿਆ।



# ਬਸੰਤ ਪੰਚਮੀ 'ਤੇ ਸੁਰੱਖਿਅਤ ਜਸ਼ਨ ਤੇ ਰਚਨਾਤਮਕ ਗਤੀਵਿਧੀਆਂ



ਜੈਤੋ, 24 ਜਨਵਰੀ (ਸੰਜੀਵ ਗੋਇਲ ਸੰਜੂ): ਅਲਾਇੰਸ ਇੰਟਰਨੈਸ਼ਨਲ ਸਕੂਲ, ਜੈਤੋ ਵਿਖੇ ਬਸੰਤ ਪੰਚਮੀ ਬਹੁਤ ਉਤਸ਼ਾਹ ਨਾਲ ਮਨਾਈ।ਪ੍ਰਿੰਸੀਪਲ ਗੁਰਸੇਵਕ ਕੌਰ ਮਾਨ ਅਤੇ ਪ੍ਰਬੰਧਨ ਕਮੇਟੀ ਦੇ ਮੈਂਬਰਾਂ ਨੇ ਬੱਚਿਆਂ ਵਿੱਚ ਚੀਨੀ ਧਾਗੇ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕੀਤੀ ਤੇ ਸੁਰੱਖਿਅਤ ਸੂਤੀ ਧਾਗੇ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ। ਅਧਿਆਪਕਾਂ ਨੇ ਸਮਝਾਇਆ ਕਿ ਚੀਨੀ ਧਾਗਾ ਮਨੁੱਖਾਂ, ਪੰਛੀਆਂ ਤੇ ਜਾਨਵਰਾਂ ਲਈ ਬਹੁਤ ਖਤਰਨਾਕ ਹੈ। ਕਿੰਡਰਗਾਰਟਨ ਵਿੱਚ ਛੋਟੇ ਬੱਚਿਆਂ ਲਈ ਇੱਕ ਰਚਨਾਤਮਕ ਪਤੰਗ ਬਣਾਉਣ ਦੀ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਬੱਚਿਆਂ ਨੇ ਰੰਗੀਨ ਪਤੰਗਾਂ ਬਣਾਈਆਂ ਤੇ ਸਜਾਈਆਂ। ਸਾਰੇ ਬੱਚਿਆਂ ਨੇ ਇਸ ਗਤੀਵਿਧੀ ਵਿੱਚ ਬਹੁਤ ਉਤਸ਼ਾਹ ਤੇ ਖੁਸ਼ੀ ਨਾਲ ਹਿੱਸਾ ਲਿਆ। ਇਸ ਪ੍ਰੋਗਰਾਮ ਦਾ ਉਦੇਸ਼ ਬੱਚਿਆਂ ਵਿੱਚ ਰਚਨਾਤਮਕਤਾ, ਸੁਰੱਖਿਆ ਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਸੀ। ਪੂਰੇ ਸਕੂਲ ਨੇ ਬਸੰਤ ਪੰਚਮੀ ਨੂੰ ਖੁਸ਼ੀ, ਸਿੱਖਣ ਤੇ ਜਾਗਰੂਕਤਾ ਨਾਲ ਮਨਾਇਆ।

# ਟਰੱਸਟ ਦੀ 'ਹੜ੍ਹ ਪ੍ਰਭਾਵਿਤ ਵਿਆਹ ਯੋਜਨਾ' ਤਹਿਤ 300 ਧੀਆਂ ਦੇ ਵਿਆਹਾਂ ਦੀ ਜ਼ਿੰਮੇਵਾਰੀ ਸਾਡੀ: ਡਾ.ਉਬਰਾਏ

*'21 ਹੋਰ ਧੀਆਂ ਨੂੰ ਵਿਆਹਾਂ ਲਈ ਇੱਕ-ਇੱਕ ਲੱਖ ਰੁਪਏ ਦੇ ਚੈੱਕ ਦਿੱਤੇ'*

ਮੱਖੂ/ਫਿਰੋਜ਼ਪੁਰ, 24 ਜਨਵਰੀ (ਹਰਪਾਲ ਸਿੰਘ ਖਾਲਸਾ): ਆਪਣੀ ਵਿਲੱਖਣ ਸੇਵਾ ਕਾਰਜ ਸ਼ੈਲੀ ਤੇ ਖੁੱਲ੍ਹ ਦਿਲੀ ਕਾਰਨ ਪੂਰੀ ਦੁਨੀਆਂ ਅੰਦਰ ਆਪਣੀ ਨਿਵੇਕਲੀ ਪਛਾਣ ਬਣਾ ਚੁੱਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਟਰੱਸਟ ਦੇ ਬਾਨੀ ਡਾ. ਐਸ.ਪੀ.ਸਿੰਘ ਉਬਰਾਏ ਦੀ ਸਰਪ੍ਰਸਤੀ ਹੇਠ ਟਰੱਸਟ ਵੱਲੋਂ ਸ਼ੁਰੂ ਕੀਤੀ ਗਈ 'ਹੜ੍ਹ ਪ੍ਰਭਾਵਿਤ ਵਿਆਹ ਯੋਜਨਾ' ਤਹਿਤ ਅੱਜ ਫਿਰੋਜ਼ਪੁਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰ ਨਾਲ ਸੰਬੰਧਤ ਵੱਖ-ਵੱਖ ਪਿੰਡਾਂ ਦੇ ਪਰਿਵਾਰਾਂ ਦੀਆਂ 21 ਹੋਰਨਾਂ ਧੀਆਂ ਦੇ ਵਿਆਹਾਂ ਲਈ ਸਹਾਇਤਾ ਦੇ ਰੂਪ 'ਚ ਇੱਕ-ਇੱਕ ਲੱਖ ਰੁਪਏ ਦੇ ਚੈੱਕ ਸ਼ਗਨ ਵਜੋਂ ਦਿੱਤੇ ਗਏ।ਇਸ ਸੇਵਾ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਉਚੇਚੇ ਤੌਰ 'ਤੇ ਡਾ ਐਸ ਪੀ ਸਿੰਘ ਉਬਰਾਏ, ਜ਼ੀਰਾ ਵਿਧਾਇਕ ਨਰੇਸ਼ ਕਟਾਰੀਆ, ਡਾ. ਕਮਲ ਬਾਗ਼ੀ ਸਿਆਟਲ ਯੂ ਐਸ ਏ ਤੋਂ ਪਹੁੰਚੀ ਟਰੱਸਟ ਦੀ ਟੀਮ, ਪੰਜਾਬ ਪ੍ਰਧਾਨ ਗੁਰਬਿੰਦਰ ਸਿੰਘ ਬਰਾੜ, ਨਗਰ ਕੌਂਸਲ ਮੱਖੂ ਦੇ ਪ੍ਰਧਾਨ ਨਰਿੰਦਰ ਮੋਹਨ ਕਟਾਰੀਆ ਵੱਲੋਂ ਸਰਹੱਦੀ ਸ਼ਹਿਰ ਫਿਰੋਜ਼ਪੁਰ ਦੇ ਮੱਖੂ ਵਿਖੇ ਬਲੂ ਮੂਨ ਕਿਕਟ ਅਕੈਡਮੀ ਵਿਖੇ ਅਕੈਡਮੀ ਦੇ ਸਰਪ੍ਰਸਤ ਕੌਂਸਲਰ ਮਨਜਿੰਦਰ ਸਿੰਘ ਮਿੰਟੂ ਤੇ ਕੌਂਸਲਰ ਗਗਨਦੀਪ ਕੌਰ ਦੇ ਵਿਸ਼ੇਸ਼ ਸਹਿਯੋਗ ਨਾਲ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਟਰੱਸਟ ਦੀ ਟੀਮ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਡਾ.ਐਸ.ਪੀ.ਸਿੰਘ ਉਬਰਾਏ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਕਰਨ ਦੇ ਫ਼ੈਸਲੇ ਤਹਿਤ ਅੱਜ ਜ਼ਿਲ੍ਹਾ ਫਿਰੋਜ਼ਪੁਰ ਵਿੱਚ 21 ਧੀਆਂ ਅੰਮ੍ਰਿਤਸਰ ਦੀਆਂ, 8 ਧੀਆਂ ਤਰਨਤਾਰਨ ਦੀਆਂ, 27 ਧੀਆਂ ਦੇ ਪਰਿਵਾਰਾਂ ਨੂੰ ਵਿਆਹਾਂ ਵਾਸਤੇ ਇੱਕ-ਇੱਕ ਲੱਖ ਰੁਪਏ ਦੇਣ ਉਪਰੰਤ ਹੁਣ ਤੱਕ ਟਰੱਸਟ ਵੱਲੋਂ ਕੁਲ 92 ਧੀਆਂ ਦੇ ਵਿਆਹ ਮੁਕੰਮਲ ਹੋ ਜਾਣਗੇ, ਜਦ ਕਿ 28 ਜਨਵਰੀ ਨੂੰ ਫ਼ਾਜ਼ਿਲਕਾ ਖੇਤਰ ਦੀਆਂ 24 ਹੋਰਨਾਂ ਧੀਆਂ ਦੇ ਵਿਆਹਾਂ ਦਾ ਖਰਚ ਵੀ ਉਨ੍ਹਾਂ ਦੇ ਮਾਪਿਆਂ ਨੂੰ ਦੇ ਦਿੱਤਾ ਜਾਵੇਗਾ। ਡਾ. ਉਬਰਾਏ ਨੇ ਇਹ ਵੀ ਦੱਸਿਆ ਕਿ ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਖੇਤਰ ਦੀਆਂ ਧੀਆਂ ਦੇ ਵਿਆਹਾਂ ਵਾਸਤੇ 3 ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਹੈ, ਜਿਸ ਸਦਕਾ ਟਰੱਸਟ 300 ਧੀਆਂ ਦੇ ਵਿਆਹਾਂ 'ਤੇ ਇੱਕ-ਇਕ ਲੱਖ ਰੁਪਏ ਸ਼ਗਨ ਵਜੋਂ ਦੇ ਕੇ ਆਪਣੀ ਜ਼ਿੰਮੇਵਾਰੀ ਨਿਭਾਵੇਗਾ। ਇਸ ਵੱਡੇ ਸੇਵਾ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਸਿਆਟਲ (ਯੂ.ਐਸ.ਏ.) ਦੀ ਸਮੂਹ ਸਾਧ ਸੰਗਤ ਵੱਲੋਂ ਪਾਏ ਗਏ ਵਿਸ਼ੇਸ਼ ਯੋਗਦਾਨ ਲਈ ਡਾ.ਉਬਰਾਏ ਨੇ ਉਨ੍ਹਾਂ ਦਾ ਦਿਲੋਂ ਧੰਨਵਾਦ ਕਰਦਿਆਂ ਦੱਸਿਆ ਕਿ ਟਰੱਸਟ ਦੀ ਸਿਆਟਲ ਇਕਾਈ ਦੇ ਅਹੁਦੇਦਾਰ ਵੀ ਉਚੇਚੇ ਤੌਰ 'ਤੇ ਅਮਰੀਕਾ ਤੋਂ ਆ ਕੇ ਅੱਜ ਦੇ ਵਿਆਹ ਸਮਾਗਮਾਂ ਦਾ ਹਿੱਸਾ ਬਣੇ ਹਨ। ਇਸ ਮੌਕੇ ਡਾ. ਐਸ ਪੀ ਸਿੰਘ ਉਬਰਾਏ ਦੀਆਂ ਸੇਵਾਵਾਂ ਤੋਂ ਪ੍ਰਭਾਵਿਤ ਹੋ ਕੇ ਡਾ. ਕਮਲ ਬਾਗੀ ਵੱਲੋਂ ਵੀ ਵਿਆਹ ਵਾਲੀਆਂ ਧੀਆਂ ਨੂੰ ਏ ਬੀ ਐਚ ਹੈਲਥ ਕਾਰਡ ਭੇਟ ਕੀਤੇ ਗਏ, ਜਿਸ ਨਾਲ ਇਹਨਾਂ ਧੀਆ ਦੇ ਪੰਜ ਮੈਂਬਰਾਂ ਲਈ ਇੱਕ ਸਾਲ ਲਈ ਓਪੀਡੀ ਫਰੀ ਹੋਵੇਗੀ



# ਡਾ. ਸੰਦੀਪ ਸਿੰਘ ਵੱਲੋਂ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ

ਮੰਡੀ ਗੋਬਿੰਦਗੜ੍ਹ, 24 ਜਨਵਰੀ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਸ਼ਹੀਦ ਭਗਤ ਸਿੰਘ ਮਿਊਜ਼ੀਅਮ ਅਤੇ ਹੈਰੀਟੇਜ ਸਟਰੀਟ ਦਾ ਵੀ ਦੌਰਾ ਕੀਤਾ ਜਿੱਥੇ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਮਹਾਨ ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ ਦੇ ਜੀਵਨ, ਵਿਚਾਰਾਂ ਅਤੇ ਬਲੀਦਾਨ ਬਾਰੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਸ਼ਹੀਦ ਭਗਤ ਸਿੰਘ ਦੀ ਵਿਰਾਸਤ ਨੂੰ ਸੰਭਾਲ ਕੇ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਭਗਤੀ, ਹਿੰਮਤ ਤੇ ਨਿਸ਼ਕਾਮ ਸੇਵਾ ਦੇ ਮੁੱਲਾਂ ਨਾਲ ਪ੍ਰੇਰਿਤ ਕੀਤਾ ਜਾ ਸਕੇ। ਇਸ ਮੌਕੇ ਉਨ੍ਹਾਂ ਨਵ-ਨਿਯੁਕਤ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨਾਲ ਵੀ ਮੁਲਾਕਾਤ ਕੀਤੀ ਅਤੇ ਸ਼ਹੀਦ-ਏ-ਆਜ਼ਮ ਦੇ ਮਹਾਨ ਬਲੀਦਾਨ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਖਟਕੜ ਕਲਾਂ ਦੀ ਇਤਿਹਾਸਕ ਤੇ ਰਾਸ਼ਟਰੀ ਮਹੱਤਤਾ ਨੂੰ ਯਾਦਗਾਰੀ ਅਤੇ ਪ੍ਰੇਰਨਾ ਦੇ ਕੇਂਦਰ ਵਜੋਂ ਉਜਾਗਰ ਕੀਤਾ। ਇਸ ਮੌਕੇ ਉਨ੍ਹਾਂ ਨਾਲ ਡਾਇਰੈਕਟਰ ਓਪਰੇਸ਼ਨਜ਼ ਇੰਜ. ਅਰੁਣ ਮਲਿਕ, ਸਹਾਇਕ ਡਾਇਰੈਕਟਰ ਮੀਡੀਆ ਅਵਤਾਰ ਸਿੰਘ, ਲੋਕ ਸੰਪਰਕ ਅਫ਼ਸਰ ਪਰਮਵੀਰ ਸਿੰਘ ਜਨਾਗਲ ਅਤੇ ਸਹਾਇਕ ਪ੍ਰੋਫ਼ੈਸਰ ਸਨੀ ਸੂਰਿਆਵੰਸ਼ੀ ਵੀ ਮੌਜੂਦ ਸਨ। ਇਹ ਦੌਰਾ ਸ਼ਹੀਦ ਭਗਤ ਸਿੰਘ ਦੀ ਅਮਰ ਵਿਰਾਸਤ ਪ੍ਰਤੀ ਸਨਮਾਨ ਤੇ ਸ਼ਰਧਾ ਦਾ ਪ੍ਰਤੀਕ ਹੈ, ਜਿਨ੍ਹਾਂ ਦਾ ਜਨਮ ਸਥਾਨ ਅੱਜ ਵੀ ਦੇਸ਼ ਦੀ ਆਜ਼ਾਦੀ ਦੀ ਲੜਾਈ ਦਾ ਪ੍ਰੇਰਕ ਪ੍ਰਤੀਕ ਹੈ।



# ਨੈਸ਼ਨਲ ਡਿਗਰੀ ਕਾਲਜ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ



ਫਾਜ਼ਿਲਕਾ, 24 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਬੀਤੇ ਦਿਨ ਇਲਾਕੇ ਦੇ ਪ੍ਰਸਿੱਧ ਸਿੱਖਿਆ ਸੰਸਥਾਨ ਨੈਸ਼ਨਲ ਡਿਗਰੀ ਕਾਲਜ ਚੁਆੜਿਆਂ ਵਾਲੀ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਪਤੰਗ ਉਡਾਉਣ ਅਤੇ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਬੜੇ ਜ਼ੋਰ ਸ਼ੋਰ ਨਾਲ ਗਤੀਵਿਧੀਆਂ ਵਿੱਚ ਭਾਗ ਲਿਆ ਅਤੇ ਤਿਉਹਾਰ ਦਾ ਆਨੰਦ ਮਾਣਿਆ। ਪ੍ਰਿੰਸੀਪਲ ਡਾਕਟਰ ਰਚਨਾ ਮਹਿਰੋਕ ਨੇ ਵਿਦਿਆਰਥੀਆਂ ਨੂੰ ਇਸ ਤਿਉਹਾਰ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਤਿਉਹਾਰ ਹਿੰਦੂ ਕਲੰਡਰ ਦੇ ਅਨੁਸਾਰ ਮਾਘ ਮਹੀਨੇ ਦੇ ਪੰਜਵੇਂ ਦਿਨ ਮਨਾਇਆ ਜਾਂਦਾ ਹੈ ਅਤੇ ਇਹ ਤਿਉਹਾਰ ਪੰਜਾਬ ਵਿੱਚ ਬਹਾਰ ਰੁੱਤ ਦੇ ਆਉਣ ਦਾ ਜਸ਼ਨ ਹੈ ਜੋ ਕਿ ਸਰਸਵਤੀ ਮਾਤਾ ਦੀ ਪੂਜਾ ਤੇ ਸਰੋਂ ਦੇ ਪੀਲੇ ਫੁੱਲਾਂ ਦੇ ਖਿੜਨ ਨਾਲ ਮਨਾਇਆ ਜਾਂਦਾ ਹੈ। ਜਿਸ ਵਿੱਚ ਲੋਕ ਪੀਲੇ ਕੱਪੜੇ ਪਾਉਂਦੇ ਹਨ, ਪਤੰਗ ਉਡਾਉਂਦੇ ਹਨ ਅਤੇ ਮੇਲੇ ਲਾਉਂਦੇ ਹਨ। ਅਖੀਰ ਵਿੱਚ ਪ੍ਰਿੰਸੀਪਲ ਮੈਡਮ ਨੇ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਹੋਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ ।ਇਸ ਮੌਕੇ ਸਮੂਹ ਸਟਾਫ ਵੀ ਸ਼ਾਮਿਲ ਸਨ।

# ਦਸਤਾਰ ਸਿੱਖਾਂ ਦੀ ਪਹਿਚਾਣ, ਇੱਜ਼ਤ ਅਤੇ ਅਟੁੱਟ ਵਿਰਾਸਤ



ਵਿੰਕਲਜੀਤ ਸਿੰਘ ਸਰਾ
95014778899

**ਦਸਤਾਰ**, ਜਿਸਨੂੰ ਆਮ ਬੋਲੀ ਵਿੱਚ ਪੱਗ ਕਿਹਾ ਜਾਂਦਾ ਹੈ, ਸਿੱਖਾਂ ਲਈ ਸਿਰਫ਼ ਸਿਰ ਢੱਕਣ ਦਾ ਸਾਧਨ ਨਹੀ ਸਗੋ ਇਹ ਇੱਕ ਨਿਸ਼ਾਨੀ ਹੈ ਸਿੱਖੀ ਦੀ, ਇੱਜ਼ਤ ਦੀ, ਨਿਡਰਤਾ ਅਤੇ ਜ਼ਿੰਮੇਵਾਰੀ ਦੀ। ਦਸਤਾਰ ਸਿੱਖ ਦੀ ਪਹਿਚਾਣ ਹੈ ਜਿੱਥੇ ਵੀ ਦਸਤਾਰ ਦਿਖਾਈ ਦਿੰਦੀ ਹੈ ਓਥੇ ਲੋਕ ਸਿਰਫ਼ ਇੱਕ ਮਨੁੱਖ ਨਹੀ ਸਗੋ ਇੱਕ ਸਿਧਾਂਤ ਨੂੰ ਵੇਖਦੇ ਹਨ। ਇਹੀ ਕਾਰਨ ਹੈ ਕਿ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਚਾਹੇ ਉਹ ਰੇਲਗੱਡੀ, ਬੱਸ ਜਾਂ ਕੋਈ ਹੋਰ ਜਨਤਕ ਸਥਾਨ, ਦਸਤਾਰਧਾਰੀ ਸਿੱਖ ਦੀ ਹਾਜ਼ਰੀ ਨਾਲ ਲੋਕ ਖ਼ਾਸ ਕਰਕੇ ਮਹਿਲਾਵਾਂ ਆਪਣੇ ਆਪ ਨੂੰ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੀਆਂ ਹਨ। ਇਹ ਭਰੋਸਾ ਅਚਾਨਕ ਨਹੀ ਬਣਿਆ ਇਹ ਸਦੀਆਂ ਦੀ ਕਮਾਈ ਹੋਈ ਇੱਜ਼ਤ ਦਾ ਨਤੀਜਾ ਹੈ।

## ਦਸਤਾਰ ਦਾ ਅਰਥ, ਇੱਜ਼ਤ ਤੋਂ ਜ਼ਿੰਮੇਵਾਰੀ ਤੱਕ

ਪੁਰਾਤਨ ਭਾਰਤ ਵਿੱਚ ਪੱਗ ਸਿਰਫ਼ ਰਾਜਿਆਂ, ਨਵਾਬਾਂ ਜਾਂ ਉੱਚ ਵਰਗ ਦੇ ਲੋਕਾਂ ਦੀ ਨਿਸ਼ਾਨੀ ਮੰਨੀ ਜਾਂਦੀ ਸੀ। ਆਮ ਮਨੁੱਖ ਲਈ ਪੱਗ ਬੰਨ੍ਹਣਾ ਸੁਪਨੇ ਵਰਗਾ ਸੀ। ਪਰ ਸਿੱਖ ਧਰਮ ਨੇ ਇਸ ਧਾਰਣਾ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਗੁਰੂ ਸਾਹਿਬਾਨ ਨੇ ਦਸਤਾਰ ਨੂੰ ਹਰ ਮਨੁੱਖ ਦਾ ਹੱਕ ਬਣਾਇਆ ਤਾਂ ਜੋ ਕੋਈ ਵੀ ਆਪਣੇ ਆਪ ਨੂੰ ਦੂਜੇ ਤੋਂ ਘੱਟ ਨਾ ਸਮਝੇ। ਇਸ ਤਰ੍ਹਾਂ ਦਸਤਾਰ ਬਰਾਬਰੀ ਦੀ ਘੋਸ਼ਣਾ ਬਣੀ। ਦਸਤਾਰ ਬੰਨ੍ਹਣ ਦਾ ਅਰਥ ਹੈ ਕਿ ਇਹ ਵਿਅਕਤੀ ਆਪਣੇ ਸਿਰ ਉੱਤੇ ਸਿਰਫ਼ ਕੱਪੜਾ ਨਹੀ, ਸਗੋਂ ਸੱਚ, ਨਿਆਂ ਅਤੇ ਮਨੁੱਖਤਾ ਦੀ ਜ਼ਿੰਮੇਵਾਰੀ ਚੁੱਕ ਰਿਹਾ ਹੈ। ਇਸ ਲਈ ਸਿੱਖ ਇਤਿਹਾਸ ਵਿੱਚ ਦਸਤਾਰ ਹਮੇਸ਼ਾ ਕੁਰਬਾਨੀ ਨਾਲ ਜੁੜੀ ਰਹੀ ਹੈ। ਜਿੱਥੇ ਦਸਤਾਰ ਹੈ ਓਥੇ ਜ਼ੁਲਮ ਦੇ ਖਿਲਾਫ਼ ਆਵਾਜ਼ ਹੈ।

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਤਾਰ ਨੂੰ ਤਾਜ ਬਣਾਉਣ ਵਾਲੇ

ਸਿੱਖ ਇਤਿਹਾਸ ਵਿੱਚ ਦਸਤਾਰ ਨੂੰ ਸੱਭ ਤੋਂ ਉੱਚਾ ਦਰਜਾ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ। 1699 ਵਿੱਚ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਗੁਰੂ ਸਾਹਿਬ ਨੇ ਆਮ ਲੋਕਾਂ ਨੂੰ ਸੰਤ-ਸਿਪਾਹੀ ਬਣਾਇਆ। ਦਸਤਾਰ ਹੁਣ ਸਿਰਫ਼ ਧਾਰਮਿਕ ਨਿਸ਼ਾਨ ਨਹੀ ਰਹੀ ਇਹ ਸੰਘਰਸ਼ ਅਤੇ ਰੱਖਿਆ ਦਾ ਤਾਜ ਬਣ ਗਈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਫੌਜ ਤਿਆਰ ਕੀਤੀ ਜਿਸਦਾ ਮਕਸਦ ਕਿਸੇ ਰਾਜ ਦੀ ਲਾਲਸਾ ਨਹੀ ਸਗੋ ਗਰੀਬ, ਕਮਜ਼ੋਰ ਅਤੇ ਨਿਰਦੋਸ਼ ਦੀ ਰੱਖਿਆ ਸੀ।

## ਦਸਤਾਰ ਅਤੇ ਸਮਾਜਿਕ ਭਰੋਸਾ

ਅੱਜ ਵੀ ਭਾਰਤ ਹੀ ਨਹੀ ਸਗੋ ਵਿਦੇਸ਼ਾਂ ਵਿੱਚ ਵੀ ਜਿੱਥੇ ਕਾਨੂੰਨ ਜਾਂ ਪ੍ਰਬੰਧ ਪੂਰੀ ਤਰ੍ਹਾਂ ਮੌਜੂਦ ਨਹੀ ਓਥੇ ਦਸਤਾਰਧਾਰੀ ਸਿੱਖ ਨੂੰ ਲੋਕ ਭਰੋਸੇ ਦੀ ਨਿਗਾਹ ਨਾਲ ਵੇਖਦੇ ਹਨ। ਮਹਿਲਾਵਾਂ ਵੱਲੋਂ ਇਹ ਕਹਿਣਾ ਕਿ "ਦਸਤਾਰ ਵਾਲਾ ਬੰਦਾ ਨੇੜੇ ਹੋਵੇ ਤਾਂ ਡਰ ਨਹੀ ਲੱਗਦਾ" ਇਹ ਸਿੱਖੀ ਦੀ ਸਭ ਤੋਂ ਵੱਡੀ ਪ੍ਰਮਾਣਿਕਤਾ ਹੈ। ਇਹ ਭਰੋਸਾ ਤਦ ਹੀ ਬਣਦਾ ਹੈ ਜਦੋਂ ਕੋਈ ਕੌਮ ਆਪਣਾ ਆਚਰਨ ਸਦੀਆਂ ਤੱਕ ਇਕੋ ਜਿਹਾ ਰੱਖੇ। ਪਰ ਇੱਥੇ ਇੱਕ ਸਖ਼ਤ ਸੱਚ ਵੀ ਹੈ। ਜਿੱਥੇ ਦਸਤਾਰ ਇੱਜ਼ਤ ਦਾ ਪ੍ਰਤੀਕ ਹੈ ਓਥੇ ਦਸਤਾਰਧਾਰੀ ਉੱਤੇ ਉਤਨੀ ਹੀ ਵੱਡੀ ਨੈਤਿਕ ਜ਼ਿੰਮੇਵਾਰੀ ਵੀ ਆਉਂਦੀ ਹੈ। ਜੇ ਦਸਤਾਰ ਪਹਿਨ ਕੇ ਕੋਈ ਗਲਤ ਕੰਮ ਕਰਦਾ ਹੈ ਤਾਂ ਉਹ ਸਿਰਫ਼ ਆਪਣਾ ਨਹੀ ਪੂਰੀ ਸਿੱਖ ਕੌਮ ਦਾ ਨੁਕਸਾਨ ਕਰਦਾ ਹੈ।

## ਦਸਤਾਰ ਦੀ ਲਾਜ ਅਤੇ ਅੱਜ ਦਾ ਸਵਾਲ

ਅੱਜ ਦੁੱਖ ਦੀ ਗੱਲ ਇਹ ਹੈ ਕਿ ਅਸੀ ਕਈ ਵਾਰ ਗੁਰੂ ਸਾਹਿਬ ਦੇ ਨਾਮ ਅਤੇ ਦਸਤਾਰ ਨੂੰ ਆਪਣੀ ਕਰਤੂਤਾਂ ਨਾਲ ਲਾਜ ਲਗਾ ਰਹੇ ਹਾਂ। ਦਸਤਾਰ ਸਾਨੂੰ ਉੱਚਾ ਚੁੱਕਣ ਲਈ ਸੀ ਪਰ ਅਸੀ ਕਈ ਵਾਰ ਇਸਨੂੰ ਸਿਰਫ਼ ਦਿਖਾਵੇ ਦੀ ਪਹਿਚਾਣ ਬਣਾ ਕੇ ਛੱਡ ਦਿੱਤਾ ਹੈ। ਦਸਤਾਰ ਬੰਨ੍ਹ ਕੇ ਵੀ ਜੇ ਆਚਰਨ ਸਿੱਖੀ ਵਾਲਾ ਨਾ ਹੋਵੇ ਤਾਂ ਇਹ ਦਸਤਾਰ ਦੀ ਬੇਅਦਬੀ ਹੀ ਹੈ।

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਖ਼ਾਲਸਾ ਫੌਜ, ਗਰੀਬ, ਗਊ ਅਤੇ ਧਰਮ ਦੀ ਰੱਖਿਆ

ਸਿੱਖ ਇਤਿਹਾਸ ਵਿੱਚ ਜੇ ਕੋਈ ਸਭ ਤੋਂ ਕਰਾਂਤੀਕਾਰੀ ਕਦਮ ਮੰਨਿਆ ਜਾਂਦਾ ਹੈ ਤਾਂ ਉਹ ਹੈ ਖ਼ਾਲਸਾ ਪੰਥ ਦੀ ਸਾਜਨਾ। ਇਹ ਸਿਰਫ਼ ਇੱਕ ਧਾਰਮਿਕ ਘਟਨਾ ਨਹੀ ਸੀ ਸਗੋਂ ਇੱਕ ਸਮਾਜਕ, ਨੈਤਿਕ ਅਤੇ ਫੌਜੀ ਇਨਕਲਾਬ ਸੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਦੁਨੀਆ ਨੂੰ ਇੱਕ ਐਸੀ ਫੌਜ ਦਿੱਤੀ ਜੋ ਤਾਕਤ ਲਈ ਨਹੀ ਸਗੋ ਨਿਆਂ ਅਤੇ ਰੱਖਿਆ ਲਈ ਖੜ੍ਹੀ ਹੋਈ।

## ਖ਼ਾਲਸਾ ਦੀ ਸਾਜਨਾ: ਡਰ ਤੋਂ ਨਿਡਰਤਾ ਤੱਕ

ਉਸ ਸਮੇਂ ਦਾ ਭਾਰਤੀ ਸਮਾਜ ਡਰ ਅਤੇ ਅਨਿਆਂ ਨਾਲ ਘਿਰਿਆ ਹੋਇਆ ਸੀ। ਇੱਕ ਪਾਸੇ ਮੁਗਲ ਹਕੂਮਤ ਦਾ ਜ਼ੁਲਮ, ਦੂਜੇ ਪਾਸੇ ਜਾਤੀ-ਪਾਤੀ ਅਤੇ ਧਾਰਮਿਕ ਭੇਦਭਾਵ। ਆਮ ਮਨੁੱਖ ਕੋਲ ਨਾ ਇੱਜ਼ਤ ਸੀ ਨਾ ਹੀ ਆਪਣੇ ਹੱਕਾਂ ਦੀ ਰੱਖਿਆ ਦਾ ਸਾਧਨ। ਇਨ੍ਹਾਂ ਹਾਲਾਤਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਮ ਲੋਕਾਂ ਨੂੰ ਸੰਤ-ਸਿਪਾਹੀ ਬਣਾਉਣ ਦਾ ਸੰਕਲਪ ਲਿਆ। ਪੰਜ ਪਿਆਰੇ ਸਾਹਿਬਾਨ ਦੀ ਚੋਣ ਸਿਰਫ਼ ਹਿੰਮਤ ਦੀ ਨਹੀ ਸਗੋ ਬਰਾਬਰੀ ਦੀ ਪ੍ਰਤੀਕ ਸੀ। ਵੱਖ-ਵੱਖ ਜਾਤਾਂ ਅਤੇ ਇਲਾਕਿਆਂ ਤੋਂ ਆਏ ਪੰਜ ਪਿਆਰੇ ਇਸ ਗੱਲ ਦਾ ਪ੍ਰਮਾਣ ਸਨ ਕਿ ਖ਼ਾਲਸਾ ਵਿੱਚ ਕੋਈ ਉੱਚਾ-ਨੀਵਾਂ ਨਹੀ। ਅੰਮ੍ਰਿਤ ਛਕਾ ਕੇ, ਕੇਸ ਅਤੇ ਦਸਤਾਰ ਨੂੰ ਅਟੁੱਟ ਅੰਗ ਬਣਾਕੇ ਗੁਰੂ ਸਾਹਿਬ ਨੇ ਸਿੱਖ ਨੂੰ ਡਰ ਰਹਿਤ ਜੀਵਨ ਦੀ ਦਾਤ ਦਿੱਤੀ।

## ਦਸਤਾਰ ਅਤੇ ਖ਼ਾਲਸਾ, ਤਾਜ ਨਹੀਂ, ਜ਼ਿੰਮੇਵਾਰੀ

ਖ਼ਾਲਸਾ ਫੌਜ ਦਾ ਹਰ ਸਿਪਾਹੀ ਦਸਤਾਰ ਬੰਨ੍ਹਦਾ ਸੀ। ਇਹ ਦਸਤਾਰ ਰਾਜਗੀ ਤਾਜ ਨਹੀ ਸੀ ਸਗੋ ਜ਼ਿੰਮੇਵਾਰੀ ਦਾ ਤਾਜ ਸੀ। ਦਸਤਾਰਧਾਰੀ ਖ਼ਾਲਸਾ ਨੂੰ ਸਾਫ਼ ਸੁਨੇਹਾ ਦਿੱਤਾ ਗਿਆ ਕਿ ਉਸ ਦੀ ਤਲਵਾਰ ਕਦੇ ਵੀ ਨਿਰਦੋਸ਼ ਉੱਤੇ ਨਹੀ ਚੱਲੇਗੀ। ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਕਿ ਸਿੱਖ ਦੀ ਫੌਜੀ ਤਾਕਤ ਦਾ ਮਕਸਦ ਕਿਸੇ ਰਾਜ ਨੂੰ ਜਿੱਤਣਾ ਨਹੀ, ਸਗੋ ਜ਼ੁਲਮ ਦਾ ਖ਼ਾਤਮਾ ਕਰਨਾ ਹੈ। "ਸਰਬੱਤ ਦਾ ਭਲਾ" ਖ਼ਾਲਸਾ ਦੀ ਆਤਮਾ ਬਣੀ। ਇਸ ਦਾ ਅਰਥ ਇਹ ਸੀ ਕਿ ਖ਼ਾਲਸਾ ਸਿਰਫ਼ ਸਿੱਖਾਂ ਲਈ ਨਹੀ ਸਗੋ ਹਰ ਧਰਮ, ਹਰ ਵਰਗ ਦੇ ਦਬੇ-ਕੁਚਲੇ ਲੋਕਾਂ ਲਈ ਲੜੇਗਾ।

## ਗਰੀਬ, ਗਊ ਅਤੇ ਨਿਰਦੋਸ਼ ਦੀ ਰੱਖਿਆ

ਸਿੱਖ ਪਰੰਪਰਾ ਵਿੱਚ ਅਕਸਰ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਫੌਜ ਨੂੰ "ਗਰੀਬ, ਗਊ ਅਤੇ ਧਰਮ" ਦੀ ਰੱਖਿਆ ਦਾ ਸੰਦੇਸ਼ ਦਿੱਤਾ। ਇੱਥੇ "ਗਊ"ਸਿਰਫ਼ ਇੱਕ ਜਾਨਵਰ ਨਹੀ, ਸਗੋ ਨਿਰਦੋਸ਼ ਜੀਵਨ ਦੀ ਪ੍ਰਤੀਕ ਹੈ। ਖ਼ਾਲਸਾ ਨੂੰ ਸਿਖਾਇਆ ਗਿਆ ਕਿ ਤਾਕਤਵਰ ਬਣ ਕੇ ਵੀ ਨਿਮਰ ਰਹਿਣਾ ਹੈ ਅਤੇ ਤਲਵਾਰ ਚੁੱਕ ਕੇ ਵੀ ਮਨੁੱਖਤਾ ਨਹੀ ਭੁੱਲਣੀ। ਇਸੇ ਲਈ ਸਿੱਖ ਯੁੱਧਾਂ ਵਿੱਚ ਅਕਸਰ ਵੇਖਿਆ ਜਾਂਦਾ ਹੈ ਕਿ ਖ਼ਾਲਸਾ ਫੌਜ ਨੇ ਜ਼ਖ਼ਮੀ ਦੁਸ਼ਮਣਾਂ ਨੂੰ ਪਾਣੀ ਪਿਲਾਇਆ, ਔਰਤਾਂ ਅਤੇ ਬੱਚਿਆਂ ਦੀ ਪੂਰੀ ਸੁਰੱਖਿਆ ਕੀਤੀ। ਇਹ ਗੱਲ ਉਸ ਸਮੇਂ ਦੇ ਯੁੱਧ ਨਿਯਮਾਂ ਤੋਂ ਕਈ ਸਦੀਆਂ ਅੱਗੇ ਦੀ ਸੋਚ ਸੀ।

## ਖ਼ਾਲਸਾ ਫੌਜ ਨਹੀਂ, ਚਰਿੱਤਰ ਦੀ ਤਿਆਰੀ

ਗੁਰੂ ਗੋਬਿੰਦ ਸਿੰਘ ਜੀ ਲਈ ਫੌਜ ਤਿਆਰ ਕਰਨਾ ਸਿਰਫ਼ ਹਥਿਆਰ ਸਿਖਾਉਣ ਤੱਕ ਸੀਮਿਤ ਨਹੀ ਸੀ। ਖ਼ਾਲਸਾ ਦੀ ਤਿਆਰੀ ਚਰਿੱਤਰ ਦੀ ਤਿਆਰੀ ਸੀ। ਸੱਚ ਬੋਲਣਾ, ਜ਼ੁਲਮ ਦੇ ਖਿਲਾਫ਼ ਖੜ੍ਹਾ ਹੋਣਾ ਅਤੇ ਲੋੜ ਪਏ ਤਾਂ ਆਪਣਾ ਸਿਰ ਕੁਰਬਾਨ ਕਰ ਦੇਣਾ ਇਹ ਸਾਰੀਆਂ ਖ਼ੂਬੀਆਂ ਖ਼ਾਲਸਾ ਦੇ ਜੀਵਨ ਦਾ ਹਿੱਸਾ ਬਣਾਈਆਂ ਗਈਆਂ। ਇਸ ਸੰਦਰਭ ਵਿੱਚ ਦਸਤਾਰ ਦੀ ਮਹੱਤਤਾ ਹੋਰ ਵਧ ਜਾਂਦੀ ਹੈ। ਦਸਤਾਰ ਸਿੱਖ ਨੂੰ ਹਰ ਪਲ ਯਾਦ ਦਿਵਾਂਦੀ ਹੈ ਕਿ ਉਹ ਗੁਰੂ ਦਾ ਸਿਪਾਹੀ ਹੈ ਕੋਈ ਆਮ ਵਿਅਕਤੀ ਨਹੀ। ਉਸਦਾ ਹਰ ਕਦਮ ਸਿੱਖ ਇਤਿਹਾਸ ਦਾ ਪਰਛਾਵਾਂ ਹੈ। ਸਵਾਲ ਕੀ ਅਸੀ ਉਸ ਖ਼ਾਲਸਾ ਦੇ ਵਾਰਸ ਹਾਂ ? ਅੱਜ ਜਦੋਂ ਅਸੀ ਪਿੱਛੇ ਮੁੜ ਕੇ ਵੇਖਦੇ ਹਾਂ ਤਾਂ ਇੱਕ ਕੌੜਾ ਸਵਾਲ ਉੱਠਦਾ ਹੈ ਕੀ ਅਸੀ ਅੱਜ ਵੀ ਉਸੇ ਖ਼ਾਲਸਾ ਦੀ ਸੰਤਾਨ ਹਾਂ, ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੋਚਿਆ ਸੀ ? ਦਸਤਾਰ ਅਜੇ ਵੀ ਸਾਡੇ ਸਿਰਾਂ 'ਤੇ ਹੈ, ਪਰ ਕੀ ਉਹੀ ਜ਼ਿੰਮੇਵਾਰੀ ਸਾਡੇ ਦਿਲਾਂ ਵਿੱਚ ਵੀ ਹੈ ? ਇਸ ਭਾਗ ਦਾ ਮਕਸਦ ਸਿਰਫ਼ ਇਤਿਹਾਸ ਦੱਸਣਾ ਨਹੀ ਸਗੋ ਆਤਮ-ਚਿੰਤਨ ਕਰਵਾਉਣਾ ਹੈ। ਕਿਉਂਕਿ ਜੇ ਦਸਤਾਰ ਸਿਰ 'ਤੇ ਰਹਿ ਕੇ ਦਿਲ ਵਿੱਚ ਗੁਰੂ ਦੀ ਆਗਿਆ ਨਾ ਹੋਵੇ ਤਾਂ ਅਸੀ ਖ਼ਾਲਸਾ ਦੇ ਅਸਲ ਮਕਸਦ ਤੋਂ ਦੂਰ ਹੋ

## ਦਸਤਾਰਧਾਰੀ ਸਿੱਖ ਅਤੇ ਸਮਾਜਿਕ ਸੁਰੱਖਿਆ, ਭਰੋਸੇ ਦੀ ਇਤਿਹਾਸਕ ਕਮਾਈ

ਦੁਨੀਆ ਵਿੱਚ ਕੁਝ ਹੀ ਐਸੀ ਪਹਿਚਾਣਾਂ ਹਨ ਜੋ ਕਿਸੇ ਮਨੁੱਖ ਨੂੰ ਬਿਨਾਂ ਬੋਲੇ ਹੀ ਜਾਣੂ ਕਰਵਾ ਦਿੰਦੀਆਂ ਹਨ। ਦਸਤਾਰਧਾਰੀ ਸਿੱਖ ਉਹਨਾਂ ਵਿੱਚੋਂ ਇੱਕ ਹੈ। ਜਦੋਂ ਕੋਈ ਦਸਤਾਰ ਵਾਲਾ ਸਿੱਖ ਕਿਸੇ ਰੇਲਗੱਡੀ, ਬੱਸ, ਹਵਾਈ ਅੱਡੇ ਜਾਂ ਕਿਸੇ ਹੋਰ ਜਨਤਕ ਥਾਂ 'ਤੇ ਦਾਖ਼ਲ ਹੁੰਦਾ ਹੈ, ਤਾਂ ਅਕਸਰ ਲੋਕ ਖ਼ਾਸ ਕਰਕੇ ਮਹਿਲਾਵਾਂ, ਬਜ਼ੁਰਗ ਅਤੇ ਕਮਜ਼ੋਰ ਵਰਗ ਆਪਣੇ ਆਪ ਨੂੰ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਹਨ। ਇਹ ਭਰੋਸਾ ਕਿਸੇ ਪ੍ਰਚਾਰ ਦਾ ਨਤੀਜਾ ਨਹੀ, ਸਗੋ ਸਦੀਆਂ ਦੇ ਆਚਰਨ ਅਤੇ ਕੁਰਬਾਨੀ ਦੀ ਕਮਾਈ ਹੈ। ਭਰੋਸਾ ਕਿਵੇਂ ਬਣਦਾ ਹੈ ? ਭਰੋਸਾ ਕਦੇ ਵੀ ਇੱਕ ਦਿਨ ਵਿੱਚ ਨਹੀ ਬਣਦਾ। ਇਹ ਤਦ ਬਣਦਾ ਹੈ ਜਦੋਂ ਇੱਕ ਕੌਮ ਪੀੜ੍ਹੀ ਦਰ ਪੀੜ੍ਹੀ ਆਪਣੇ ਅਮਲ ਨਾਲ ਸਾਬਤ ਕਰੇ ਕਿ ਉਹ ਨਿਰਦੋਸ਼ ਦੇ ਨਾਲ ਖੜ੍ਹੀ ਹੈ। ਸਿੱਖ ਇਤਿਹਾਸ ਇਸਦਾ ਸਪੱਸ਼ਟ ਪ੍ਰਮਾਣ ਹੈ। ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਅੱਜ ਤੱਕ, ਦਸਤਾਰਧਾਰੀ ਸਿੱਖ ਨੂੰ ਹਮੇਸ਼ਾ ਰੱਖਿਆ ਕਰਨ ਵਾਲੇ ਦੇ ਰੂਪ ਵਿੱਚ ਵੇਖਿਆ ਗਿਆ। ਚਾਹੇ ਮੁਗਲ ਦੌਰ ਦੇ ਜ਼ੁਲਮ ਹੋਣ ਚਾਹੇ ਅਫ਼ਗਾਨ ਹਮਲਾਵਰਾਂ ਦੇ ਹਮਲੇ ਜਾਂ ਫਿਰ ਆਧੁਨਿਕ ਸਮੇਂ ਦੀਆਂ ਕੁਦਰਤੀ ਆਫ਼ਤਾਂ ਹਰ ਥਾਂ ਦਸਤਾਰਧਾਰੀ ਸਿੱਖ ਅੱਗੇ ਖੜ੍ਹਾ ਨਜ਼ਰ ਆਉਂਦਾ ਹੈ। ਇਹੀ ਕਾਰਨ ਹੈ ਕਿ ਲੋਕਾਂ ਦੇ ਮਨ ਵਿੱਚ ਇਹ ਧਾਰਣਾ ਬਣੀ ਕਿ "ਜੇ ਦਸਤਾਰ ਵਾਲਾ ਨੇੜੇ ਹੈ, ਤਾਂ ਕੋਈ ਅਨਿਆਂ ਨਹੀ ਹੋਵੇਗਾ।

## ਮਹਿਲਾਵਾਂ ਅਤੇ ਦਸਤਾਰਧਾਰੀ ਸਿੱਖ

ਸਮਾਜ ਵਿੱਚ ਮਹਿਲਾਵਾਂ ਦੀ ਸੁਰੱਖਿਆ ਹਮੇਸ਼ਾ ਇੱਕ ਵੱਡਾ ਮਸਲਾ ਰਹੀ ਹੈ। ਇੱਥੇ ਦਸਤਾਰਧਾਰੀ ਸਿੱਖ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਕਈ ਮਹਿਲਾਵਾਂ ਆਪਣੇ ਤਜਰਬੇ ਸਾਂਝੇ ਕਰਦੀਆਂ ਹਨ ਕਿ ਅਕੇਲੇ ਸਫ਼ਰ ਦੌਰਾਨ ਜਾਂ ਕਿਸੇ ਅਣਜਾਣ ਥਾਂ 'ਤੇ ਦਸਤਾਰਧਾਰੀ ਸਿੱਖ ਦੀ ਮੌਜੂਦਗੀ ਉਨ੍ਹਾਂ ਲਈ ਮਨੋਵਿਗਿਆਨਕ ਸਹਾਰਾ ਬਣੀ। ਇਹ ਕੋਈ ਇਤਫ਼ਾਕ ਨਹੀ। ਸਿੱਖੀ ਵਿੱਚ ਮਹਿਲਾ ਨੂੰ "ਮਾਂ" , "ਭੈਣ" ਅਤੇ "ਧੀ" ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ "ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ" ਸਿੱਖ ਮਨ ਵਿੱਚ ਡੂੰਘੇ ਵੱਸੇ ਹੋਏ ਹਨ। ਇਸੀ ਸੋਚ ਨੇ ਦਸਤਾਰਧਾਰੀ ਸਿੱਖ ਨੂੰ ਇਹ ਸਿਖਾਇਆ ਕਿ ਮਹਿਲਾ ਦੀ ਰੱਖਿਆ ਕਰਨਾ ਸਿਰਫ਼ ਕਾਨੂੰਨੀ ਫ਼ਰਜ਼ ਨਹੀ ਸਗੋ ਧਾਰਮਿਕ ਕਰਤੱਬ ਹੈ।

## ਦਸਤਾਰ ਨੈਤਿਕ ਨਿਗਰਾਨੀ ਦਾ ਪ੍ਰਤੀਕ

ਦਸਤਾਰ ਸਿੱਖ ਲਈ ਸਿਰਫ਼ ਪਹਿਚਾਣ ਨਹੀ ਸਗੋ ਇੱਕ ਨੈਤਿਕ ਨਿਗਰਾਨੀ ਹੈ। ਜਦੋਂ ਕੋਈ ਦਸਤਾਰ ਬੰਨ੍ਹਦਾ ਹੈ ਤਾਂ ਉਹ ਆਪਣੇ ਆਪ ਨੂੰ ਜਨਤਾ ਸਾਹਮਣੇ ਜਵਾਬਦੇਹ ਬਣਾਂਦਾ ਹੈ। ਉਹ ਜਾਣਦਾ ਹੈ ਕਿ ਉਸਦੀ ਇੱਕ ਗਲਤ ਕਰਤੂਤ ਪੂਰੀ ਕੌਮ ਨੂੰ ਸ਼ਰਮਿੰਦਗੀ ਵਿੱਚ ਪਾ ਸਕਦੀ ਹੈ। ਇਸੇ ਲਈ ਪੁਰਾਣੇ ਸਮਿਆਂ ਵਿੱਚ ਦਸਤਾਰਧਾਰੀ ਸਿੱਖ ਆਪਣਾ ਆਚਰਨ ਬਹੁਤ ਸੰਭਾਲ ਕੇ ਰੱਖਦਾ ਸੀ। ਝੂਠ, ਧੋਖਾ, ਅਨਿਆਂ ਇਹ ਸਭ ਦਸਤਾਰ ਨਾਲ ਮੇਲ ਨਹੀ ਖਾਂਦੇ। ਦਸਤਾਰ ਸਿੱਖ ਨੂੰ ਹਰ ਪਲ ਯਾਦ ਦਿਵਾਂਦੀ ਰਹਿੰਦੀ ਹੈ ਕਿ ਉਹ ਗੁਰੂ ਦਾ ਨੁਮਾਇੰਦਾ ਹੈ।

## ਆਧੁਨਿਕ ਸਮੇਂ ਵਿੱਚ ਦਸਤਾਰ ਦੀ ਪਰਖ

ਅੱਜ ਦੇ ਸਮੇਂ ਵਿੱਚ ਜਿੱਥੇ ਸਮਾਜਕ ਮੁੱਲਾਂ ਵਿੱਚ ਗਿਰਾਵਟ ਆ ਰਹੀ ਹੈ ਦਸਤਾਰਧਾਰੀ ਸਿੱਖ ਦੀ ਪਰਖ ਹੋਰ ਵੀ ਕਠਿਨ ਹੋ ਗਈ ਹੈ। ਇੱਕ ਪਾਸੇ ਦਸਤਾਰ ਅਜੇ ਵੀ ਭਰੋਸੇ ਦੀ ਨਿਸ਼ਾਨੀ ਹੈ ਦੂਜੇ ਪਾਸੇ ਕੁਝ ਗਿਣਤੀ ਦੇ ਲੋਕ ਆਪਣੀਆਂ ਗਲਤੀਆਂ ਨਾਲ ਇਸ ਭਰੋਸੇ ਨੂੰ ਠੇਸ ਪਹੁੰਚਾ ਰਹੇ ਹਨ। ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਗਲਤੀ ਦਸਤਾਰ ਦੀ ਨਹੀ, ਗਲਤੀ ਦਸਤਾਰ ਪਹਿਨਣ ਵਾਲੇ ਦੇ ਕਰਮਾਂ ਦੀ ਹੈ। ਪਰ ਸਮਾਜ ਦੋਸ਼ ਵਿਅਕਤੀ ਨਹੀ, ਪਹਿਚਾਣ ਨੂੰ ਦਿੰਦਾ ਹੈ। ਇਸੇ ਲਈ ਦਸਤਾਰਧਾਰੀ ਉੱਤੇ ਜ਼ਿੰਮੇਵਾਰੀ ਦੋਗੁਣੀ ਹੋ ਜਾਂਦੀ ਹੈ।

## ਦਸਤਾਰ ਅਤੇ ਕਾਨੂੰਨ ਤੋਂ ਪਰੇ ਇੱਜ਼ਤ

ਦਿਲਚਸਪ ਗੱਲ ਇਹ ਹੈ ਕਿ ਕਈ ਥਾਵਾਂ 'ਤੇ ਦਸਤਾਰਧਾਰੀ ਸਿੱਖ ਦੀ ਗੱਲ ਨੂੰ ਕਾਨੂੰਨ ਤੋਂ ਵੀ ਉੱਪਰ ਮੰਨਿਆ ਜਾਂਦਾ ਹੈ। ਲੋਕ ਅਕਸਰ ਕਹਿੰਦੇ ਹਨ "ਸਿੱਖ ਝੂਠ ਨਹੀ ਬੋਲਦਾ" ਇਹ ਭਰੋਸਾ ਕਾਨੂੰਨੀ ਦਸਤਾਵੇਜ਼ਾਂ ਨਾਲ ਨਹੀ, ਸਗੋ ਚਰਿੱਤਰ ਦੀ ਪੂੰਜੀ ਨਾਲ ਬਣਦਾ ਹੈ। ਪਰ ਇਹੀ ਥਾਂ ਸਾਡੇ ਲਈ ਖ਼ਤਰੇ ਦੀ ਘੰਟੀ ਵੀ ਹੈ। ਜੇ ਅਸੀ ਇਸ ਭਰੋਸੇ ਨੂੰ ਗਵਾ ਦਿੱਤਾ ਤਾਂ ਦੁਬਾਰਾ ਕਮਾਉਣਾ ਸਦੀਆਂ ਲੈ ਸਕਦਾ ਹੈ। ਸਵਾਲ ਅਸੀ ਦਸਤਾਰ ਦੇ ਕਾਬਲ ਹਾਂ ? ਸਵਾਲ ਇਹ ਨਹੀ ਕਿ ਦਸਤਾਰ ਕਿੰਨੀ ਪਵਿੱਤਰ ਹੈ, ਉਹ ਤਾਂ ਹੈ ਹੀ। ਅਸਲ ਸਵਾਲ ਇਹ ਹੈ ਕਿ ਕੀ ਅਸੀ ਉਸ ਦਸਤਾਰ ਦੇ ਕਾਬਲ ਆਚਰਨ ਕਰ ਰਹੇ ਹਾਂ ? ਜੇ ਅੱਜ ਵੀ ਕੋਈ ਮਹਿਲਾ ਦਸਤਾਰ ਵਾਲੇ ਨੂੰ ਵੇਖ ਕੇ ਸੁਰੱਖਿਅਤ ਮਹਿਸੂਸ ਕਰਦੀ ਹੈ ਤਾਂ ਇਹ ਸਿੱਖੀ ਦੀ ਜਿੱਤ ਹੈ। ਪਰ ਜੇ ਕਿਤੇ ਵੀ ਇਹ ਭਰੋਸਾ ਟੁੱਟਦਾ ਹੈ, ਤਾਂ ਇਹ ਸਾਡੇ ਲਈ ਚੇਤਾਵਨੀ ਹੈ।

## ਕੁਰਬਾਨੀਆਂ ਦੀ ਕਹਾਣੀ, ਗੁਰੂ ਸਾਹਿਬਾਨ ਤੋਂ ਬਾਬਾ ਬੰਦਾ ਸਿੰਘ ਬਹਾਦੁਰ ਤੱਕ

ਦਸਤਾਰ ਸਿੱਖਾਂ ਨੂੰ ਵਿਰਸੇ ਵਿੱਚ ਨਹੀ ਮਿਲੀ। ਇਹ ਕਿਸੇ ਰਾਜ ਦੀ ਬਖ਼ਸ਼ਿਸ਼ ਨਹੀ ਸੀ ਨਾ ਹੀ ਕਿਸੇ ਸਮਾਜਕ ਸਮਝੌਤੇ ਦਾ ਨਤੀਜਾ। ਦਸਤਾਰ ਲਹੂ ਨਾਲ ਲਿਖੀ ਗਈ ਇਤਿਹਾਸਕ ਅਮਾਨਤ ਹੈ। ਇਸ ਦੇ ਹਰ ਵੱਟ ਵਿੱਚ ਕੁਰਬਾਨੀ, ਸਬਰ ਅਤੇ ਸ਼ਹੀਦੀ ਦੀ ਕਹਾਣੀ ਵੱਸਦੀ ਹੈ। ਜੇ ਅੱਜ ਅਸੀ ਦਸਤਾਰ ਸਿਰ ਉੱਤੇ ਮਾਣ ਨਾਲ ਬੰਨ੍ਹਦੇ ਹਾਂ ਤਾਂ ਇਸ ਪਿੱਛੇ ਗੁਰੂ ਸਾਹਿਬਾਨ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦੁਰ ਤੱਕ ਅਣਗਿਣਤ ਸ਼ਹੀਦਾਂ ਦੀ ਆਤਮਾ ਖੜ੍ਹੀ ਹੈ।

## ਕੁਰਬਾਨੀ ਦੀ ਬੁਨਿਆਦ

ਸਿੱਖ ਇਤਿਹਾਸ ਦੀ ਸ਼ੁਰੂਆਤ ਹੀ ਤਿਆਗ ਅਤੇ ਸੱਚ ਨਾਲ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਤਲਵਾਰ ਨਹੀ ਚੁੱਕੀ ਪਰ ਸੱਚ ਦੀ ਐਸੀ ਤਲਵਾਰ ਚੁੱਕੀ, ਜਿਸਨੇ ਜ਼ੁਲਮ ਦੀ ਨੀਂਹ ਹਿਲਾ ਦਿੱਤੀ। ਉਨ੍ਹਾਂ ਨੇ ਜਾਤ-ਪਾਤ, ਧਾਰਮਿਕ ਪਾਖੰਡ ਅਤੇ ਜ਼ੁਲਮ ਦੇ ਖਿਲਾਫ਼ ਆਵਾਜ਼ ਉਠਾਈ। ਗੁਰੂ ਸਾਹਿਬ ਨੇ ਸਿਖਾਇਆ ਕਿ ਅਸਲੀ ਧਰਮ ਮਨੁੱਖਤਾ ਹੈ। ਇਹੀ ਵਿਚਾਰ ਅੱਗੇ ਚੱਲ ਕੇ ਦਸਤਾਰ ਅਤੇ ਖ਼ਾਲਸਾ ਦੀ ਰੂਹ ਬਣਿਆ।

## ਮੋੜ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ

ਸਿੱਖ ਇਤਿਹਾਸ ਦਾ ਸਭ ਤੋਂ ਵੱਡਾ ਮੋੜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਆਇਆ। ਇਹ ਇਤਿਹਾਸ ਦੀ ਪਹਿਲੀ ਵਾਰ ਸੀ ਜਦੋਂ ਕਿਸੇ ਧਾਰਮਿਕ ਗੁਰੂ ਨੇ ਸੱਚ ਲਈ ਆਪਣੀ ਜਾਨ ਕੁਰਬਾਨ ਕੀਤੀ। ਤੱਤੀ ਤਵੀ 'ਤੇ ਬੈਠ ਕੇ ਵੀ ਗੁਰੂ ਸਾਹਿਬ ਨੇ ਆਪਣੇ ਸਿਧਾਂਤਾਂ ਨਾਲ ਸਮਝੌਤਾ ਨਹੀ ਕੀਤਾ। ਇਹ ਸ਼ਹੀਦੀ ਸਿੱਖਾਂ ਲਈ ਸਪੱਸ਼ਟ ਸੰਦੇਸ਼ ਸੀ ਕਿ ਸੱਚ ਦੀ ਰੱਖਿਆ ਲਈ ਜਾਨ ਵੀ ਦੇਣੀ ਪਏ ਤਾਂ ਪਿੱਛੇ ਨਹੀ ਹਟਣਾ। ਇਸ ਸ਼ਹੀਦੀ ਤੋਂ ਬਾਅਦ ਦਸਤਾਰ ਸਿਰਫ਼ ਆਤਮਕ ਨਿਸ਼ਾਨ ਨਹੀ ਰਹੀ, ਇਹ ਸੰਘਰਸ਼ ਦੀ ਪਹਿਚਾਣ ਬਣ ਗਈ।

## ਧਰਮ ਲਈ ਕੁਰਬਾਨੀ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ

ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਮਨੁੱਖਤਾ ਦੇ ਇਤਿਹਾਸ ਵਿੱਚ ਅਦੁੱਤੀ ਹੈ। ਗੁਰੂ ਸਾਹਿਬ ਨੇ ਕਿਸੇ ਸਿੱਖ ਦੀ ਨਹੀ ਸਗੋ ਕਸ਼ਮੀਰੀ ਪੰਡਤਾਂ ਦੀ ਧਾਰਮਿਕ ਆਜ਼ਾਦੀ ਲਈ ਆਪਣਾ ਸੀਸ ਦਿੱਤਾ। ਇਹ ਕੁਰਬਾਨੀ ਇਸ ਗੱਲ ਦਾ ਪ੍ਰਮਾਣ ਹੈ ਕਿ ਸਿੱਖ ਧਰਮ ਸਿਰਫ਼ ਆਪਣੇ ਲਈ ਨਹੀ ਸਗੋ ਸਰਬੱਤ ਦੇ ਭਲੇ ਲਈ ਖੜ੍ਹਾ ਹੈ। ਇਸ ਸ਼ਹੀਦੀ ਨੇ ਦਸਤਾਰ ਨੂੰ ਨਵਾਂ ਅਰਥ ਦਿੱਤਾ ਹੁਣ ਇਹ ਧਰਮ ਦੀ ਰੱਖਿਆ ਦਾ ਪ੍ਰਤੀਕ ਬਣ ਗਈ।

## ਅਦੁੱਤੀ ਕੁਰਬਾਨੀਆਂ ਚਮਕੌਰ ਅਤੇ ਸਰਹਿੰਦ

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਚਮਕੌਰ ਦੀ ਗੜ੍ਹੀ ਵਿੱਚ ਸਿਰਫ਼ ਚਾਲੀ ਸਿੱਖਾਂ ਨਾਲ ਲੱਖਾਂ ਦੀ ਫੌਜ ਦਾ ਮੁਕਾਬਲਾ ਕਰਨਾ ਅਤੇ ਗੁਰੂ ਸਾਹਿਬ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਇਹ ਸਭ ਦਸਤਾਰ ਦੀ ਕੀਮਤ ਦੱਸਦੇ ਹਨ। ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਵਿੱਚ ਦੀਵਾਰ ਵਿੱਚ ਚਿਣਿਆ ਜਾਣਾ ਅਤੇ ਫਿਰ ਵੀ ਮਾਤਾ ਗੁਜਰੀ ਜੀ ਦਾ ਅਟੱਲ ਵਿਸ਼ਵਾਸ ਇਹ ਸਿੱਖੀ ਦੀ ਆਤਮਾ ਹੈ। ਦਸਤਾਰ ਇਹ ਯਾਦ ਦਿਵਾਂਦੀ ਹੈ ਕਿ ਇਹ ਪਹਿਚਾਣ ਮਾਂਵਾਂ ਦੇ ਕਲੇਜੇ ਫਾੜ ਕੇ ਬਣੀ ਹੈ।

## ਇਨਸਾਫ਼ ਦਾ ਪ੍ਰਤੀਕ ਬਾਬਾ ਬੰਦਾ ਸਿੰਘ ਬਹਾਦੁਰ

ਬਾਬਾ ਬੰਦਾ ਸਿੰਘ ਬਹਾਦੁਰ ਸਿੱਖ ਇਤਿਹਾਸ ਦਾ ਉਹ ਸੂਰਮਾ ਹੈ, ਜਿਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ 'ਤੇ ਜ਼ੁਲਮ ਦੇ ਕੇਂਦਰ ਸਰਹਿੰਦ ਨੂੰ ਢਾਹ ਦਿੱਤਾ। ਉਸਨੇ ਪਹਿਲੀ ਵਾਰ ਗਰੀਬ ਕਿਸਾਨ ਨੂੰ ਜ਼ਮੀਨ ਦਾ ਮਾਲਕ ਬਣਾਇਆ। ਇਹ ਸਿਰਫ਼ ਫੌਜੀ ਜਿੱਤ ਨਹੀ ਸੀ ਸਗੋਂ ਸਮਾਜਕ ਇਨਕਲਾਬ ਸੀ। ਬਾਬਾ ਬੰਦਾ ਸਿੰਘ ਬਹਾਦੁਰ ਦੀ ਸ਼ਹੀਦੀ ਅਕਲਪਨੀਯ ਹੈ। ਉਸਦੇ ਪੁੱਤਰ ਨੂੰ ਉਸਦੀ ਅੱਖਾਂ ਸਾਹਮਣੇ ਕਤਲ ਕੀਤਾ ਗਿਆ ਪਰ ਫਿਰ ਵੀ ਉਸਨੇ ਆਪਣਾ ਧਰਮ ਨਹੀ ਛੱਡਿਆ। ਇਹ ਕੁਰਬਾਨੀ ਦਸਤਾਰ ਨੂੰ ਅਮਰ ਕਰ ਗਈ।

## ਅੱਜ ਦੀ ਪੀੜ੍ਹੀ ਅਤੇ ਟੁੱਟਦਾ ਸਬੰਧ

ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਅੱਜ ਦੀ ਪੀੜ੍ਹੀ ਨੂੰ ਇਹ ਕਹਾਣੀਆਂ ਅਕਸਰ ਨਹੀ ਦੱਸੀਆਂ ਜਾਂਦੀਆਂ। ਸਕੂਲਾਂ, ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਵਿੱਚ ਇਤਿਹਾਸ ਸਿਰਫ਼ ਰਸਮਾਂ ਤੱਕ ਸੀਮਿਤ ਰਹਿ ਗਿਆ ਹੈ। ਦਸਤਾਰ ਬੰਨ੍ਹੀ ਜਾਂਦੀ ਹੈ ਪਰ ਉਸਦੀ ਕੀਮਤ ਨਹੀ ਸਮਝਾਈ ਜਾਂਦੀ।

## ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖ ਰਾਜ, ਤਾਕਤ ਨਾਲ ਨਿਆਂ, ਦਸਤਾਰ ਨਾਲ ਮਰਯਾਦਾ

ਸਿੱਖ ਇਤਿਹਾਸ ਵਿੱਚ ਜੇ ਕਿਸੇ ਦੌਰ ਨੂੰ ਰਾਜਨੀਤਕ ਤੌਰ 'ਤੇ ਚਰਮ ਉੱਚਾਈ ਮੰਨਿਆ ਜਾਂਦਾ ਹੈ ਤਾਂ ਉਹ ਹੈ ਮਹਾਰਾਜਾ ਰਣਜੀਤ ਸਿੰਘ ਦਾ ਦੌਰ। ਪਰ ਇਹ ਰਾਜ ਸਿਰਫ਼ ਤਾਕਤ ਫੌਜ ਜਾਂ ਜਿੱਤਾਂ ਦੀ ਕਹਾਣੀ ਨਹੀ ਸੀ। ਇਹ ਇੱਕ ਐਸਾ ਰਾਜ ਸੀ, ਜਿਸਦੀ ਨੀਂਹ ਸਿੱਖੀ ਦੇ ਸਿਧਾਂਤਾਂ ਨਿਆਂ, ਬਰਾਬਰੀ ਅਤੇ ਸਰਬੱਤ ਦੇ ਭਲੇ 'ਤੇ ਟਿਕੀ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਦੀ ਦਸਤਾਰ ਸਿਰਫ਼ ਰਾਜਸੀ ਪਹਿਚਾਣ ਨਹੀ ਸੀ ਸਗੋ ਇੱਕ ਨੈਤਿਕ ਮਰਿਆਦਾ ਦੀ ਨਿਸ਼ਾਨੀ ਸੀ।

## ਜ਼ੁਲਮ ਤੋਂ ਮੁਕਤੀ ਸਿੱਖ ਰਾਜ ਦੀ ਸਥਾਪਨਾ

ਅਠਾਰਵੀ ਸਦੀ ਦੇ ਅਖੀਰ ਤੱਕ ਪੰਜਾਬ ਜ਼ੁਲਮ, ਲੁੱਟ ਅਤੇ ਅਰਾਜਕਤਾ ਦਾ ਕੇਂਦਰ ਬਣਿਆ ਹੋਇਆ ਸੀ। ਅਫ਼ਗਾਨ ਹਮਲਾਵਰਾਂ ਅਤੇ ਕਮਜ਼ੋਰ ਮੁਗਲ ਪ੍ਰਬੰਧ ਨੇ ਆਮ ਲੋਕਾਂ ਦੀ ਜ਼ਿੰਦਗੀ ਦੁੱਭਰ ਕਰ ਦਿੱਤੀ ਸੀ। ਇਨ੍ਹਾਂ ਹਾਲਾਤਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਮਿਸਲਾਂ ਨੂੰ ਇਕੱਠਾ ਕਰਕੇ ਇੱਕ ਮਜ਼ਬੂਤ ਸਿੱਖ ਰਾਜ ਦੀ ਸਥਾਪਨਾ ਕੀਤੀ। ਇਹ ਰਾਜ ਕਿਸੇ ਧਰਮਿਕ ਬਦਲੇ ਲਈ ਨਹੀ, ਸਗੋ ਸਥਿਰਤਾ ਅਤੇ ਨਿਆਂ ਲਈ ਸੀ।

## ਦਸਤਾਰ ਅਤੇ ਰਾਜਨੀਤਕ ਨਿਮਰਤਾ

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀ ਸਭ ਤੋਂ ਵੱਡੀ ਖ਼ੂਬੀ ਉਸਦੀ ਨਿਮਰਤਾ ਸੀ। ਭਾਵੇਂ ਉਹ ਇੱਕ ਸਮਰਾਟ ਸੀ ਪਰ ਉਸਨੇ ਕਦੇ ਆਪਣੇ ਆਪ ਨੂੰ ਗੁਰੂ ਤੋਂ ਉੱਪਰ ਨਹੀ ਸਮਝਿਆ। ਦਰਬਾਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਅਤੇ ਦਸਤਾਰਧਾਰੀ ਸਿੱਖਾਂ ਦੀ ਮਰਯਾਦਾ ਇਸ ਗੱਲ ਦਾ ਪ੍ਰਮਾਣ ਸੀ ਕਿ ਰਾਜ ਵੀ ਗੁਰੂ ਦੇ ਅਧੀਨ ਹੈ। ਮਹਾਰਾਜਾ ਰਣਜੀਤ ਸਿੰਘ ਦੀ ਦਸਤਾਰ ਸਾਨੂੰ ਇਹ ਸਿਖਾਉਂਦੀ ਹੈ ਕਿ ਤਾਕਤ ਜਦੋਂ ਨਿਮਰਤਾ ਨਾਲ ਮਿਲਦੀ ਹੈ ਤਦ ਹੀ ਨਿਆਂ ਪੈਦਾ ਹੁੰਦਾ ਹੈ।

## ਸਿੱਖ ਰਾਜ ਦੀ ਵਿਸ਼ੇਸ਼ਤਾ ਧਾਰਮਿਕ ਬਰਾਬਰੀ

ਸਿੱਖ ਰਾਜ ਦੀ ਇੱਕ ਅਨੋਖੀ ਵਿਸ਼ੇਸ਼ਤਾ ਇਹ ਸੀ ਕਿ ਇੱਥੇ ਕਿਸੇ ਵੀ ਧਰਮ ਨਾਲ ਭੇਦਭਾਵ ਨਹੀ ਕੀਤਾ ਗਿਆ। ਹਿੰਦੂ, ਮੁਸਲਮਾਨ ਅਤੇ ਹੋਰ ਧਰਮਾਂ ਦੇ ਲੋਕ ਉੱਚ ਅਹੁਦਿਆਂ 'ਤੇ ਸੇਵਾ ਨਿਭਾਉਂਦੇ ਸਨ। ਮਸੀਤਾਂ ਅਤੇ ਮੰਦਰਾਂ ਦੀ ਰੱਖਿਆ ਕੀਤੀ ਗਈ। ਇਹ ਗੱਲ ਸਾਫ਼ ਕਰਦੀ ਹੈ ਕਿ ਸਿੱਖ ਰਾਜ ਧਾਰਮਿਕ ਸਹਿਣਸ਼ੀਲਤਾ ਦਾ ਪ੍ਰਤੀਕ ਸੀ। ਇਸ ਸੰਦਰਭ ਵਿੱਚ ਦਸਤਾਰ ਸਿੱਖ ਦੀ ਨਹੀ ਸਗੋ ਨਿਆਂ ਦੀ ਪਹਿਚਾਣ ਬਣ ਗਈ ਸੀ।

## ਫੌਜੀ ਤਾਕਤ, ਪਰ ਨੈਤਿਕ ਸੀਮਾਵਾਂ ਨਾਲ

ਮਹਾਰਾਜਾ ਰਣਜੀਤ ਸਿੰਘ ਦੀ ਫੌਜ ਉਸ ਸਮੇਂ ਦੀ ਸਭ ਤੋਂ ਅਨੁਸ਼ਾਸਿਤ ਫੌਜਾਂ ਵਿੱਚੋਂ ਇੱਕ ਸੀ। ਯੂਰਪੀ ਅਫ਼ਸਰਾਂ ਤੋਂ ਤਰਬੀਅਤ ਲੈ ਕੇ ਵੀ ਸਿੱਖ ਫੌਜ ਨੇ ਆਪਣੀ ਸਿੱਖੀ



ਮਰਯਾਦਾ ਨਹੀ ਛੱਡੀ। ਯੁੱਧ ਦੌਰਾਨ ਔਰਤਾਂ, ਬੱਚਿਆਂ ਅਤੇ ਧਾਰਮਿਕ ਸਥਾਨਾਂ ਨੂੰ ਨੁਕਸਾਨ ਪਹੁੰਚਾਉਣਾ ਮਨ੍ਹਾਂ ਸੀ। ਇਹ ਗੱਲ ਦਸਤਾਰ ਦੀ ਅਸਲ ਆਤਮਾ ਨੂੰ ਦਰਸਾਉਂਦੀ ਹੈ ਤਾਕਤ ਹੋਣ ਦੇ ਬਾਵਜੂਦ ਸੰਯਮ।

## ਗਰੀਬਾਂ ਲਈ ਰਾਜ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਕਿਸਾਨਾਂ ਅਤੇ ਗਰੀਬ ਵਰਗ ਲਈ ਨਿਆਂ ਪ੍ਰਧਾਨ ਸੀ। ਜ਼ਮੀਨ ਸੁਧਾਰ, ਟੈਕਸ ਵਿੱਚ ਨਰਮੀ ਅਤੇ ਲੋਕਾਂ ਦੀ ਸਿੱਧੀ ਸੁਣਵਾਈ ਇਹ ਸਭ ਗੱਲਾਂ ਦੱਸਦੀਆਂ ਹਨ ਕਿ ਇਹ ਰਾਜ ਸਿਰਫ਼ ਇਲਾਈਟ ਲਈ ਨਹੀ ਸੀ। ਇਹੀ ਕਾਰਨ ਹੈ ਕਿ ਆਮ ਲੋਕ ਸਿੱਖ ਰਾਜ ਨੂੰ ਆਪਣੇ ਰਾਜ ਵਜੋਂ ਮੰਨਦੇ ਸਨ। ਦਸਤਾਰਧਾਰੀ ਸਿੱਖ ਅਧਿਕਾਰੀ ਲੋਕਾਂ ਲਈ ਡਰ ਨਹੀ ਸਗੋਂ ਸਹਾਰਾ ਸਨ।

## ਸਿੱਖ ਰਾਜ ਦਾ ਪਤਨ ਅਤੇ ਸਬਕ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦਾ ਪਤਨ ਇਸ ਗੱਲ ਦੀ ਚੇਤਾਵਨੀ ਹੈ ਕਿ ਜਦੋਂ ਅੰਦਰੂਨੀ ਫੁੱਟ, ਲਾਲਚ ਅਤੇ ਅਹੰਕਾਰ ਆ ਜਾਂਦਾ ਹੈ ਤਾਂ ਸਭ ਤੋਂ ਮਜ਼ਬੂਤ ਰਾਜ ਵੀ ਡਿੱਗ ਸਕਦਾ ਹੈ। ਦਸਤਾਰ ਸਿਰ 'ਤੇ ਰਹੀ ਪਰ ਕਈ ਥਾਵਾਂ 'ਤੇ ਉਸਦੀ ਮਰਿਆਦਾ ਟੁੱਟੀ। ਇਹ ਸਾਡੇ ਲਈ ਅੱਜ ਵੀ ਇੱਕ ਸਬਕ ਹੈ ਦਸਤਾਰ ਤਦ ਹੀ ਬਚੀ ਰਹੇਗੀ, ਜਦੋਂ ਉਸਦੇ ਅਸੂਲ ਬਚੇ ਰਹਿਣਗੇ। ਅੱਜ ਦਾ ਸਿੱਖ ਸਮਾਜ, ਠੇਕੇਦਾਰੀ, ਗੋਲਕ ਅਤੇ ਗਿਰਦੀ ਹੋਈ ਜ਼ਿੰਮੇਵਾਰੀ : ਸਿੱਖ ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਜਦੋਂ ਵੀ ਸਿੱਖ ਕੌਮ ਨੇ ਗੁਰੂ ਦੇ ਸਿਧਾਂਤਾਂ ਨਾਲ ਜੁੜ ਕੇ ਜੀਵਨ ਜੀਵਿਆ, ਉਹ ਅਟੱਲ ਰਹੀ। ਪਰ ਜਦੋਂ ਗੁਰੂ ਦੀ ਸੋਚ ਤੋਂ ਦੂਰ ਹੋ ਕੇ ਸਿਰਫ਼ ਰਸਮਾਂ ਅਤੇ ਤਾਕਤ ਦੇ ਪਿੱਛੇ ਲੱਗੀ ਤਾਂ ਗਿਰਾਵਟ ਆਈ। ਅੱਜ ਦਾ ਸਿੱਖ ਸਮਾਜ ਇੱਕ ਐਸੇ ਹੀ ਸੰਵੇਦਨਸ਼ੀਲ ਦੌਰ ਵਿੱਚੋਂ ਲੰਘ ਰਿਹਾ ਹੈ, ਜਿੱਥੇ ਦਸਤਾਰ ਤਾਂ ਸਿਰਾਂ 'ਤੇ ਹੈ ਪਰ ਉਸਦੀ ਅਸਲ ਆਤਮਾ ਗੁੰਮ ਹੋ ਰਹੀ ਹੈ।

## ਸਿੱਖ ਧਰਮ ਦੀ ਠੇਕੇਦਾਰੀ, ਸੇਵਾ ਤੋਂ ਸਵਾਰਥ ਤੱਕ

ਅੱਜ ਇੱਕ ਵੱਡੀ ਸਮੱਸਿਆ ਹੈ ਸਿੱਖ ਧਰਮ ਦੀ ਠੇਕੇਦਾਰੀ। ਕੁਝ ਗਿਣਤੀ ਦੇ ਲੋਕ ਅਤੇ ਸੰਸਥਾਵਾਂ ਆਪਣੇ ਆਪ ਨੂੰ ਸਿੱਖੀ ਦੇ ਇਕੱਲੇ ਰਖਵਾਲੇ ਸਮਝਣ ਲੱਗ ਪਏ ਹਨ। ਗੁਰੂ ਘਰ ਦੀ ਸੇਵਾ ਜੋ ਕਦੇ ਨਿਸ਼ਕਾਮਤਾ ਦਾ ਪ੍ਰਤੀਕ ਸੀ ਅੱਜ ਕੁਰਸੀ ਅਤੇ ਕਬਜ਼ੇ ਦਾ ਸਾਧਨ ਬਣ ਗਈ ਹੈ। ਗੁਰਦੁਆਰਿਆਂ ਦੀ ਪ੍ਰਬੰਧਕੀ ਸੇਵਾ ਅਸਲ ਵਿੱਚ ਗੁਰੂ ਦੀ ਸੇਵਾ ਹੈ ਪਰ ਜਦੋਂ ਇਹ ਸੇਵਾ ਨਿੱਜੀ ਲਾਭ ਸਿਆਸਤ ਅਤੇ ਅਹੁਦਿਆਂ ਦੀ ਦੌੜ ਵਿੱਚ ਬਦਲ ਜਾਵੇ ਤਾਂ ਗੁਰੂ ਦੇ ਨਾਮ ਨਾਲ ਅਨਿਆਂ ਹੋਣ ਲੱਗ ਪੈਂਦਾ ਹੈ। ਇਹ ਸਭ ਕੁਝ ਦਸਤਾਰ ਦੀ ਮਰਯਾਦਾ ਨੂੰ ਵੀ ਠੇਸ ਪਹੁੰਚਾਉਂਦਾ ਹੈ, ਕਿਉਂਕਿ ਅਕਸਰ ਇਹ ਠੇਕੇਦਾਰੀ ਦਸਤਾਰ ਦੀ ਓਟ ਹੇਠ ਕੀਤੀ ਜਾਂਦੀ ਹੈ। ਗੋਲਕ ਅਮਾਨਤ ਜਾਂ ਨਿੱਜੀ ਖਜ਼ਾਨਾ ? ਗੁਰੂ ਘਰ ਦੀ ਗੋਲਕ ਸਿੱਖ ਕੌਮ ਦੀ ਸਾਂਝੀ ਅਮਾਨਤ ਹੈ। ਇਹ ਪੈਸਾ ਗਰੀਬਾਂ ਦੀ ਮਦਦ, ਸਿੱਖਿਆ, ਸਿਹਤ ਅਤੇ ਪੰਥਕ ਉੱਠਾਣ ਲਈ ਵਰਤਿਆ ਜਾਣਾ ਚਾਹੀਦਾ ਸੀ। ਪਰ ਅੱਜ ਦੁੱਖ ਦੀ ਗੱਲ ਇਹ ਹੈ ਕਿ ਗੋਲਕ ਪਾਰਦਰਸ਼ਤਾ ਤੋਂ ਬਿਨਾਂ ਵਰਤੀ ਜਾਂਦੀ ਹੈ। ਸਵਾਲ ਇਹ ਨਹੀ ਕਿ ਪੈਸਾ ਕਿੰਨਾ ਇਕੱਠਾ ਹੁੰਦਾ ਹੈ ਸਵਾਲ ਇਹ ਹੈ ਕਿ ਉਹ ਕਿੱਥੇ ਲੱਗਦਾ ਹੈ। ਜਦੋਂ ਨੌਜਵਾਨਾਂ ਨੂੰ ਸਿੱਖ ਇਤਿਹਾਸ ਨਹੀ ਪੜ੍ਹਾਇਆ ਜਾਂਦਾ ਨਸ਼ਿਆਂ ਖ਼ਿਲਾਫ਼ ਢੁੱਕਵੀ ਮੁਹਿੰਮ ਨਹੀ ਚਲਾਈ ਜਾਂਦੀ ਅਤੇ ਗਰੀਬ ਸਿੱਖ ਇਲਾਜ ਲਈ ਤਰਸਦੇ ਹਨ ਤਾਂ ਗੋਲਕ ਦੇ ਉਦੇਸ਼ 'ਤੇ ਸਵਾਲ ਖੜ੍ਹੇ ਹੁੰਦੇ ਹਨ।

## ਦਸਤਾਰ ਦੀ ਓਟ ਹੇਠ ਗਲਤ ਕਰਮ

ਦਸਤਾਰ ਸਿੱਖ ਲਈ ਇੱਜ਼ਤ ਦਾ ਤਾਜ ਹੈ ਪਰ ਸਭ ਤੋਂ ਵੱਡਾ ਦੁੱਖ ਉਸ ਵੇਲੇ ਹੁੰਦਾ ਹੈ ਜਦੋਂ ਕੁਝ ਲੋਕ ਇਸ ਤਾਜ ਦੀ ਓਟ ਹੇਠ ਗਲਤ ਕੰਮ ਕਰਦੇ ਹਨ। ਇਹ ਗਲਤੀਆਂ ਸਿਰਫ਼ ਵਿਅਕਤੀਗਤ ਨਹੀ ਰਹਿੰਦੀਆਂ ਇਹ ਪੂਰੀ ਕੌਮ ਦੀ ਸਾਖ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਜਦੋਂ ਦਸਤਾਰਧਾਰੀ ਵਿਅਕਤੀ ਅਨਿਆਂ, ਧੋਖੇ ਜਾਂ ਹਿੰਸਾ ਨਾਲ ਜੁੜਿਆ ਨਜ਼ਰ ਆਉਂਦਾ ਹੈ ਤਾਂ ਸਮਾਜ ਉਸਨੂੰ ਵਿਅਕਤੀ ਨਹੀ ਸਿੱਖੀ ਦਾ ਪ੍ਰਤੀਨਿੱਧੀ ਸਮਝਦਾ ਹੈ। ਇਸ ਨਾਲ ਉਹ ਭਰੋਸਾ ਟੁੱਟਦਾ ਹੈ ਜੋ ਸਦੀਆਂ ਵਿੱਚ ਬਣਿਆ ਸੀ।

## ਅਸਲ ਜੜ੍ਹ ਸਿੱਖਿਆ ਦੀ ਕਮੀ

ਇਸ ਗਿਰਾਵਟ ਦੀ ਸਭ ਤੋਂ ਵੱਡੀ ਵਜ੍ਹਾ ਹੈ ਸਿੱਖਿਆ ਦੀ ਕਮੀ ਖ਼ਾਸ ਕਰਕੇ ਗੁਰਮਤਿ ਅਤੇ ਸਿੱਖ ਇਤਿਹਾਸ ਦੀ। ਅੱਜ ਕਈ ਨੌਜਵਾਨ ਦਸਤਾਰ ਬੰਨ੍ਹਦੇ ਤਾਂ ਹਨ ਪਰ ਉਹਨਾਂ ਨੂੰ ਨਹੀ ਪਤਾ ਕਿ ਇਹ ਕਿਉਂ ਬੰਨ੍ਹੀ ਜਾਂਦੀ ਹੈ। ਜਦੋਂ ਅਰਥ ਗੁੰਮ ਹੋ ਜਾਂਦਾ ਹੈ ਤਾਂ ਰਸਮ ਖਾਲੀ ਹੋ ਜਾਂਦੀ ਹੈ। ਗੁਰਦੁਆਰਿਆਂ ਵਿੱਚ ਕਥਾ ਤਾਂ ਹੁੰਦੀ ਹੈ ਪਰ ਅਕਸਰ ਉਹ ਅਜਿਹੀ ਭਾਸ਼ਾ ਵਿੱਚ ਜੋ ਨੌਜਵਾਨ ਨਹੀ ਸਮਝਦੇ। ਸਕੂਲਾਂ ਵਿੱਚ ਸਿੱਖ ਇਤਿਹਾਸ ਸਿਰਫ਼ ਤਾਰੀਖ਼ਾਂ ਤੱਕ ਸੀਮਿਤ ਰਹਿ ਗਿਆ ਹੈ ਕੁਰਬਾਨੀਆਂ ਦੀ ਰੂਹ ਗਾਇਬ ਹੈ।

## ਗੁਰੂ ਸਾਹਿਬ ਦੇ ਨਾਮ ਦੀ ਲਾਜ

ਸਭ ਤੋਂ ਗੰਭੀਰ ਗੱਲ ਇਹ ਹੈ ਕਿ ਜਦੋਂ ਅਸੀ ਗੁਰੂ ਸਾਹਿਬ ਦੇ ਨਾਮ ਨਾਲ ਜੁੜ ਕੇ ਗਲਤ ਕਰਮ ਕਰਦੇ ਹਾਂ ਤਾਂ ਅਸੀ ਸਿਰਫ਼ ਆਪਣੇ ਆਪ ਨੂੰ ਨਹੀ ਗੁਰੂ ਸਾਹਿਬ ਨੂੰ ਵੀ ਬਦਨਾਮ ਕਰਦੇ ਹਾਂ। ਗੁਰੂ ਦਾ ਨਾਮ ਸਾਡੀ ਢਾਲ ਨਹੀ ਸਾਡੀ ਜ਼ਿੰਮੇਵਾਰੀ ਹੈ। ਦਸਤਾਰ ਬੰਨ੍ਹ ਕੇ ਗੁਰੂ ਦਾ ਸਿੱਖ ਬਣਨਾ ਅਸਾਨ ਹੈ ਪਰ ਗੁਰੂ ਦੇ ਸਿੱਖ ਵਾਂਗ ਜੀਉਣਾ ਸਭ ਤੋਂ ਔਖਾ ਕੰਮ ਹੈ।

## ਆਤਮ-ਚਿੰਤਨ ਦੀ ਲੋੜ

ਮਕਸਦ ਦੋਸ਼ ਲਗਾਉਣਾ ਨਹੀ, ਸਗੋ ਆਤਮ-ਚਿੰਤਨ ਕਰਵਾਉਣਾ ਹੈ। ਜੇ ਅਸੀ ਅੱਜ ਆਪਣੇ ਆਪ ਨੂੰ ਨਹੀ ਟੋਕਾਂਗੇ ਤਾਂ ਇਤਿਹਾਸ ਸਾਨੂੰ ਟੋਕੇਗਾ। ਸਿੱਖੀ ਨੂੰ ਬਚਾਉਣ ਲਈ ਸਾਨੂੰ ਨਵੇਂ ਨਾਅਰਿਆਂ ਦੀ ਨਹੀ ਪੁਰਾਣੇ ਅਸੂਲਾਂ ਦੀ ਵਾਪਸੀ ਚਾਹੀਦੀ ਹੈ। ਨਵੀ ਪੀੜ੍ਹੀ, ਸਿੱਖਿਆ ਦੀ ਕਮੀ ਅਤੇ ਜ਼ਿੰਮੇਵਾਰੀ ਕਿਸ ਦੀ ? ਅੱਜ ਦਾ ਸਭ ਤੋਂ ਗੰਭੀਰ ਸਵਾਲ ਇਹ ਨਹੀ ਕਿ ਨਵੀ ਪੀੜ੍ਹੀ ਦਸਤਾਰ ਤੋਂ ਦੂਰ ਕਿਉਂ ਹੋ ਰਹੀ ਹੈ ਸਗੋ ਇਹ ਹੈ ਕਿ ਅਸੀਂ ਉਸਨੂੰ ਦਸਤਾਰ ਦਾ ਅਰਥ ਕਿਉਂ ਨਹੀ ਸਮਝਾ ਸਕੇ। ਨੌਜਵਾਨਾਂ ਨੂੰ ਦੋਸ਼ ਦੇਣਾ ਆਸਾਨ ਹੈ ਪਰ ਜੇ ਸਿੱਖਿਆ, ਪ੍ਰੇਰਣਾ ਅਤੇ ਸਹੀ ਮਾਰਗਦਰਸ਼ਨ ਨਹੀ ਦਿੱਤਾ ਗਿਆ ਤਾਂ ਦੂਰੀ ਪੈਦਾ ਹੋਣਾ ਕੁਦਰਤੀ ਹੈ। ਇਹ ਭਾਗ ਸਾਨੂੰ ਇਹ ਸੋਚਣ ਲਈ ਮਜਬੂਰ ਕਰਦਾ ਹੈ ਕਿ ਗਲਤੀ ਕਿਸ ਦੀ ਹੈ ਨੌਜਵਾਨਾਂ ਦੀ ਜਾਂ ਸਾਡੀ?

## ਨਵੀਂ ਪੀੜ੍ਹੀ ਦੀ ਹਕੀਕਤ

ਅੱਜ ਦਾ ਨੌਜਵਾਨ ਇੱਕ ਗਲੋਬਲ ਦੁਨੀਆ ਵਿੱਚ ਜੀਅ ਰਿਹਾ ਹੈ। ਉਸਦੇ ਸਾਹਮਣੇ ਸੋਸ਼ਲ ਮੀਡੀਆ, ਪੱਛਮੀ ਸੱਭਿਆਚਾਰ, ਕਰੀਅਰ ਦੀ ਦੌੜ ਅਤੇ ਪਹਿਚਾਣ ਦੇ ਸਵਾਲ ਹਨ। ਜੇ ਉਸਨੂੰ ਸਿੱਖੀ ਸਿਰਫ਼ ਪਾਬੰਦੀਆਂ ਅਤੇ ਰਸਮਾਂ ਦੇ ਰੂਪ ਵਿੱਚ ਮਿਲੇ ਤਾਂ ਉਹ ਉਸ ਨਾਲ ਜੁੜੇਗਾ ਨਹੀਂ। ਨੌਜਵਾਨ ਸਵਾਲ ਪੁੱਛਦਾ ਹੈ "ਕਿਉ ?" ਕਿਉ ਕੇਸ ? ਕਿਉ ਦਸਤਾਰ? ਕਿਉ ਮਰਯਾਦਾ? ਜੇ ਅਸੀ "ਕਿਉ"ਦਾ ਜਵਾਬ ਨਹੀ ਦਿੰਦੇ, ਤਾਂ ਉਹ ਦੂਜੇ ਪਾਸੇ ਜਵਾਬ ਲੱਭ ਲੈਂਦਾ ਹੈ।

## ਸਿੱਖਿਆ ਰਸਮਾਂ ਨਹੀਂ, ਸਮਝ

ਸਿੱਖੀ ਦੀ ਸਿੱਖਿਆ ਅਕਸਰ ਰਸਮਾਂ ਤੱਕ ਸੀਮਿਤ ਕਰ ਦਿੱਤੀ ਗਈ ਹੈ। ਅਸੀ ਬੱਚਿਆਂ ਨੂੰ ਦਸਤਾਰ ਬੰਨ੍ਹਣਾ ਸਿਖਾਉਂਦੇ ਹਾਂ ਪਰ ਦਸਤਾਰ ਜੀਉਣਾ ਨਹੀ ਸਿਖਾਉਂਦੇ। ਅਸੀ ਉਨ੍ਹਾਂ ਨੂੰ ਇਤਿਹਾਸ ਦੀਆਂ ਤਾਰੀਖ਼ਾਂ ਦੱਸਦੇ ਹਾਂ ਪਰ ਕੁਰਬਾਨੀਆਂ ਦਾ ਦਰਦ ਮਹਿਸੂਸ ਨਹੀ ਕਰਵਾਂਦੇ।

## ਸਿੱਖਿਆ ਦਾ ਅਸਲ ਮਕਸਦ ਇਹ ਹੋਣਾ ਚਾਹੀਦਾ ਹੈ ਕਿ ਨੌਜਵਾਨ ਸਮਝੇ

ਦਸਤਾਰ ਇੱਜ਼ਤ ਕਿਵੇਂ ਬਣੀ, ਇਹ ਕੁਰਬਾਨੀਆਂ ਨਾਲ ਕਿਵੇਂ ਕਮਾਈ ਗਈ ਅਤੇ ਅੱਜ ਇਸਨੂੰ ਨਿਭਾਉਣ ਦੀ ਜ਼ਿੰਮੇਵਾਰੀ ਕੀ ਹੈ ਜਦੋਂ ਸਮਝ ਆਉਂਦੀ ਹੈ ਤਦ ਹੀ ਗਰੂਰ ਪੈਦਾ ਹੁੰਦਾ ਹੈ ਜ਼ਬਰਦਸਤੀ ਨਹੀ।

## ਘਰ ਦੀ ਭੂਮਿਕਾ,ਪਹਿਲਾ ਗੁਰਦੁਆਰਾ ਸਾਹਿਬ

ਨਵੀ ਪੀੜ੍ਹੀ ਦੀ ਤਿਆਰੀ ਘਰ ਤੋਂ ਸ਼ੁਰੂ ਹੁੰਦੀ ਹੈ। ਮਾਪੇ ਜੇ ਆਪਣੇ ਆਪ ਦਸਤਾਰ ਦੀ ਮਰਯਾਦਾ ਨਹੀ ਨਿਭਾਉਂਦੇ ਤਾਂ ਬੱਚੇ ਸਿਰਫ਼ ਕਹੇ ਨਾਲ ਨਹੀ ਮੰਨਦੇ। ਬੱਚੇ ਉਪਦੇਸ਼ ਨਹੀ, ਉਦਾਹਰਨ ਵੇਖਦੇ ਹਨ। ਜੇ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਹੈ ਸੱਚੀ ਕਮਾਈ ਹੈ, ਨਸ਼ਿਆਂ ਤੋਂ ਦੂਰੀ ਹੈ ਅਤੇ ਸੇਵਾ ਦਾ ਮਾਹੌਲ ਹੈ ਤਾਂ ਬੱਚਾ ਆਪ ਹੀ ਸਿੱਖੀ ਨਾਲ ਜੁੜਦਾ ਹੈ। ਦਸਤਾਰ ਘਰ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਜਿਉਂਦੀ ਨਜ਼ਰ ਆਉਣੀ ਚਾਹੀਦੀ ਹੈ।

## ਗੁਰਦੁਆਰੇ ਅਤੇ ਸੰਸਥਾਵਾਂ, ਨੌਜਵਾਨਾਂ ਤੋਂ ਦੂਰੀ

ਦੁੱਖ ਦੀ ਗੱਲ ਇਹ ਹੈ ਕਿ ਕਈ ਗੁਰਦੁਆਰੇ ਅਤੇ ਸਿੱਖ ਸੰਸਥਾਵਾਂ ਨੌਜਵਾਨਾਂ ਦੀ ਭਾਸ਼ਾ ਨਹੀ ਸਮਝਦੀਆਂ। ਕਥਾਵਾਂ ਅਕਸਰ ਅਜਿਹੀ ਸ਼ੈਲੀ ਵਿੱਚ ਹੁੰਦੀਆਂ ਹਨ ਜੋ ਨੌਜਵਾਨਾਂ ਲਈ ਦੂਰ ਲੱਗਦੀਆਂ ਹਨ। ਉਨ੍ਹਾਂ ਦੇ ਸਵਾਲਾਂ ਨੂੰ ਕਈ ਵਾਰ "ਬੇਅਦਬੀ"ਕਹਿ ਕੇ ਟਾਲ ਦਿੱਤਾ ਜਾਂਦਾ ਹੈ। ਜਦਕਿ ਸਿੱਖੀ ਸਵਾਲਾਂ ਤੋਂ ਡਰਦੀ ਨਹੀ। ਗੁਰੂ ਨਾਨਕ ਦੇਵ ਜੀ ਨੇ ਤਾਂ ਪੂਰੇ ਸਮਾਜ ਨੂੰ ਸਵਾਲਾਂ ਨਾਲ ਹੀ ਜਗਾਇਆ ਸੀ। ਜੇ ਅਸੀ ਨੌਜਵਾਨਾਂ ਨੂੰ ਪੁੱਛਣ ਦਾ ਮੌਕਾ ਨਹੀ ਦੇਵਾਂਗੇ ਤਾਂ ਉਹ ਸੁਣਨਾ ਵੀ ਛੱਡ ਦੇਣਗੇ।

## ਨਸ਼ੇ ਅਤੇ ਦਿਸ਼ਾਹੀਣਤਾ

ਨਵੀ ਪੀੜ੍ਹੀ ਦੇ ਸਾਹਮਣੇ ਸਭ ਤੋਂ ਵੱਡਾ ਖ਼ਤਰਾ ਨਸ਼ਾ ਅਤੇ ਮਾਨਸਿਕ ਦਿਸ਼ਾਹੀਣਤਾ ਹੈ। ਇੱਥੇ ਸਿੱਖ ਸੰਸਥਾਵਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਦਸਤਾਰ ਸਿਰਫ਼ ਪਹਿਚਾਣ ਨਹੀ ਸਗੋ ਅਨੁਸ਼ਾਸਨ ਅਤੇ ਮਕਸਦ ਦਾ ਪ੍ਰਤੀਕ ਹੈ। ਜੇ ਨੌਜਵਾਨ ਨੂੰ ਜੀਵਨ ਦਾ ਮਕਸਦ ਨਹੀ ਮਿਲਦਾ ਤਾਂ ਉਹ ਗਲਤ ਰਾਹਾਂ 'ਤੇ ਚਲਾ ਜਾਂਦਾ ਹੈ। ਸਿੱਖ ਇਤਿਹਾਸ ਅਜਿਹੀਆਂ ਅਣਗਿਣਤ ਕਹਾਣੀਆਂ ਨਾਲ ਭਰਿਆ ਪਿਆ ਹੈ ਜੋ ਨੌਜਵਾਨਾਂ ਨੂੰ ਪ੍ਰੇਰਿਤ ਕਰ ਸਕਦੀਆਂ ਹਨ ਪਰ ਅਸੀ ਉਹ ਕਹਾਣੀਆਂ ਉਨ੍ਹਾਂ ਤੱਕ ਪਹੁੰਚਾਈਆਂ ਨਹੀਂ। ਜ਼ਿੰਮੇਵਾਰੀ ਕਿਸ ਦੀ ? ਅੰਤ ਵਿੱਚ ਸਵਾਲ ਇਹ ਹੈ ਕਿ ਜ਼ਿੰਮੇਵਾਰੀ ਕਿਸ ਦੀ ਹੈ ? ਮਾਪਿਆਂ ਦੀ, ਗੁਰਦੁਆਰਿਆਂ ਦੀ, ਸਿੱਖ ਸੰਸਥਾਵਾਂ ਦੀ ਜਾਂ ਪੂਰੀ ਕੌਮ ਦੀ ? ਸੱਚ ਇਹ ਹੈ ਕਿ ਜ਼ਿੰਮੇਵਾਰੀ ਸਾਂਝੀ ਹੈ। ਨਵੀ ਪੀੜ੍ਹੀ ਨੂੰ ਦਸਤਾਰ ਦੇ ਕਾਬਲ ਬਣਾਉਣਾ ਸਿਰਫ਼ ਉਨ੍ਹਾਂ ਦਾ ਕੰਮ ਨਹੀ ਸਾਡਾ ਫਰਜ਼ ਹੈ।

## ਦਿਲੋਂ ਦਸਤਾਰ ਦੀ ਵਾਪਸੀ

ਦਸਤਾਰ ਦੀ ਵਾਪਸੀ ਜ਼ਬਰਦਸਤੀ ਨਾਲ ਨਹੀ ਹੋ ਸਕਦੀ। ਇਹ ਤਦ ਹੀ ਸੰਭਵ ਹੈ ਜਦੋਂ ਨੌਜਵਾਨ ਦਸਤਾਰ ਵਿੱਚ ਆਪਣੇ ਲਈ ਇੱਜ਼ਤ ਮਕਸਦ ਅਤੇ ਸਹਾਰਾ ਵੇਖੇ। ਜਦੋਂ ਉਹ ਸਮਝੇ ਕਿ ਦਸਤਾਰ ਦਬਾਉਂਦੀ ਨਹੀ ਉੱਚਾ ਚੁੱਕਦੀ ਹੈ।

## ਦਸਤਾਰ ਦੀ ਬੇਅਦਬੀ ਨਹੀਂ, ਅਸਲ ਅਰਥਾਂ ਦੀ ਵਾਪਸੀ

ਅੱਜ ਅਕਸਰ ਇਹ ਸੁਣਨ ਨੂੰ ਮਿਲਦਾ ਹੈ ਕਿ ਦਸਤਾਰ ਦੀ ਬੇਅਦਬੀ ਹੋ ਰਹੀ ਹੈ। ਕਈ ਲੋਕ ਇਸ ਬੇਅਦਬੀ ਨੂੰ ਸਿਰਫ਼ ਬਾਹਰੀ ਰੂਪ ਫੈਸ਼ਨ, ਲਾਪਰਵਾਹੀ ਜਾਂ ਅਣਜਾਣਪਣ ਤੱਕ ਸੀਮਿਤ ਕਰ ਦਿੰਦੇ ਹਨ। ਪਰ ਸੱਚ ਇਹ ਹੈ ਕਿ ਦਸਤਾਰ ਦੀ ਸਭ ਤੋਂ ਵੱਡੀ ਬੇਅਦਬੀ ਉਸ ਵੇਲੇ ਹੁੰਦੀ ਹੈ ਜਦੋਂ ਦਸਤਾਰ ਸਿਰ 'ਤੇ ਹੋਵੇ ਪਰ ਗੁਰੂ ਦੀ ਸੋਚ ਦਿਲ ਵਿੱਚ ਨਾ ਹੋਵੇ। ਇਹ ਭਾਗ ਸਾਨੂੰ ਇਹ ਸਮਝਾਉਂਦਾ ਹੈ ਕਿ ਦਸਤਾਰ ਦੀ ਇੱਜ਼ਤ ਬਾਹਰੀ ਦਿਖਾਵੇ ਨਾਲ ਨਹੀ ਸਗੋ ਅੰਦਰੂਨੀ ਅਰਥਾਂ ਨਾਲ ਜੁੜੀ ਹੋਈ ਹੈ।

## ਦਸਤਾਰ ਰਸਮ ਨਹੀਂ, ਸੰਕਲਪ

ਦਸਤਾਰ ਕੋਈ ਰਸਮ ਨਹੀ ਜੋ ਸਿਰਫ਼ ਵਾਰਸੇ ਵਿੱਚ ਮਿਲ ਜਾਵੇ। ਇਹ ਇੱਕ ਸੰਕਲਪ ਹੈ ਸੱਚ 'ਤੇ ਟਿਕੇ ਰਹਿਣ ਦਾ, ਨਿਆਂ ਲਈ ਖੜ੍ਹਾ ਹੋਣ ਦਾ ਅਤੇ ਨਿਰਦੋਸ਼ ਦੀ ਰੱਖਿਆ ਕਰਨ ਦਾ। ਜਦੋਂ ਅਸੀ ਦਸਤਾਰ ਨੂੰ ਸਿਰਫ਼ ਰਿਵਾਇਤ ਬਣਾਉਂਦੇ ਹਾਂ ਤਾਂ ਉਹ ਆਪਣੀ ਤਾਕਤ ਗਵਾ ਲੈਂਦੀ ਹੈ। ਸਿੱਖ ਇਤਿਹਾਸ ਵਿੱਚ ਦਸਤਾਰ ਕਦੇ ਵੀ ਫੈਸ਼ਨ ਦਾ ਹਿੱਸਾ ਨਹੀ ਰਹੀ। ਇਹ ਹਮੇਸ਼ਾ ਸੰਘਰਸ਼, ਤਿਆਗ ਅਤੇ ਅਨੁਸ਼ਾਸਨ ਨਾਲ ਜੁੜੀ ਰਹੀ ਹੈ। ਇਸ ਲਈ ਅਸਲ ਬੇਅਦਬੀ ਇਹ ਨਹੀ ਕਿ ਕੋਈ ਦਸਤਾਰ ਨਹੀ ਬੰਨ੍ਹਦਾ, ਸਗੋਂ ਇਹ ਹੈ ਕਿ ਕੋਈ ਦਸਤਾਰ ਬੰਨ੍ਹ ਕੇ ਵੀ ਗੁਰੂ ਦੇ ਅਸੂਲਾਂ ਦੇ ਵਿਰੁੱਧ ਜਿਉਂਦਾ ਹੈ।

## ਬਾਹਰੀ ਚਿੰਨ੍ਹਾਂ ਤੋਂ ਅੰਦਰੂਨੀ ਬਦਲਾਅ ਤੱਕ

ਸਿੱਖੀ ਦਾ ਮਕਸਦ ਕਦੇ ਵੀ ਸਿਰਫ਼ ਬਾਹਰੀ ਚਿੰਨ੍ਹਾਂ ਤੱਕ ਸੀਮਿਤ ਨਹੀ ਰਿਹਾ। ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕੀਤਾ ਸੀ ਕਿ ਜੇ ਅੰਦਰ ਸੱਚ ਨਹੀ ਤਾਂ ਬਾਹਰ ਦੀ ਸਾਫ਼-ਸੁਥਰਾਈ ਵੀ ਖਾਲੀ ਹੈ। ਦਸਤਾਰ ਵੀ ਇਸੀ ਗੱਲ ਦਾ ਪ੍ਰਤੀਕ ਹੈ ਅੰਦਰ ਦੀ ਪਵਿੱਤ੍ਰਤਾ ਬਾਹਰ ਦੀ ਪਹਿਚਾਣ ਬਣੇ। ਜਦੋਂ ਅਸੀ ਸਾਰਾ ਧਿਆਨ ਸਿਰਫ਼ ਦਸਤਾਰ ਦੇ ਰੰਗ ਸਟਾਈਲ ਜਾਂ ਤਰੀਕੇ 'ਤੇ ਕੇਂਦਰਿਤ ਕਰ ਲੈਂਦੇ ਹਾਂ ਤਾਂ ਅਸੀ ਅਸਲ ਮਕਸਦ ਤੋਂ ਦੂਰ ਹੋ ਜਾਂਦੇ ਹਾਂ। ਦਸਤਾਰ ਦਾ ਅਸਲ ਅਰਥ ਇਹ ਹੈ ਕਿ ਦਸਤਾਰਧਾਰੀ ਦਾ ਚਰਿੱਤਰ ਵੀ ਉਸੇ ਤਰ੍ਹਾਂ ਉੱਚਾ ਹੋਵੇ ਜਿਵੇਂ ਦਸਤਾਰ ਸਿਰ 'ਤੇ ਉੱਚੀ ਬੰਨ੍ਹੀ ਹੁੰਦੀ ਹੈ।

## ਦਸਤਾਰ ਅਤੇ ਨੌਜਵਾਨ ਦਬਾਅ ਨਹੀਂ, ਪ੍ਰੇਰਣਾ

ਨੌਜਵਾਨਾਂ ਵਿੱਚ ਦਸਤਾਰ ਪ੍ਰਤੀ ਦੂਰੀ ਦਾ ਇੱਕ ਕਾਰਨ ਇਹ ਵੀ ਹੈ ਕਿ ਕਈ ਵਾਰ ਦਸਤਾਰ ਨੂੰ ਦਬਾਅ ਦੇ ਸਾਧਨ ਵਜੋਂ ਪੇਸ਼ ਕੀਤਾ ਜਾਂਦਾ ਹੈ। "ਇਹ ਸਾਡੀ ਰਵਾਇਤ ਹੈ, ਇਸ ਲਈ ਕਰਨੀ ਹੀ ਹੈ" ਇਹ ਤਰੀਕਾ ਨੌਜਵਾਨਾਂ ਨੂੰ ਜੋੜਦਾ ਨਹੀ ਦੂਰ ਕਰਦਾ ਹੈ।

## ਦਸਤਾਰ ਨੂੰ ਪ੍ਰੇਰਣਾ ਬਣਾਉਣ ਲਈ ਜ਼ਰੂਰੀ ਹੈ ਕਿ ਨੌਜਵਾਨ ਸਮਝਣ

ਦਸਤਾਰ ਨੇ ਸਿੱਖ ਨੂੰ ਦੁਨੀਆ ਵਿੱਚ ਕੀ ਦਿੱਤਾ, ਇਸ ਨੇ ਉਸਨੂੰ ਕਿਵੇਂ ਨਿਡਰ ਬਣਾਇਆ ਅਤੇ ਅੱਜ ਦੇ ਸਮੇਂ ਵਿੱਚ ਇਹ ਕਿਵੇਂ ਸਹਾਰਾ ਬਣ ਸਕਦੀ ਹੈ, ਜਦੋਂ ਦਸਤਾਰ ਪ੍ਰੇਰਣਾ ਬਣਦੀ ਹੈ ਤਾਂ ਉਹ ਆਪਣੇ ਆਪ ਸਵੀਕਾਰ ਕੀਤੀ ਜਾਂਦੀ ਹੈ।

## ਦਸਤਾਰ ਦੀ ਬੇਅਦਬੀ ਦਾ ਅਸਲ ਰੂਪ

ਅਸਲ ਬੇਅਦਬੀ ਉਹ ਹੈ ਜਦੋਂ ਦਸਤਾਰ ਦੀ ਓਟ ਹੇਠ ਧੋਖਾ ਕੀਤਾ ਜਾਵੇ, ਗੁਰੂ ਦੇ ਨਾਮ 'ਤੇ ਸਵਾਰਥ ਪੂਰੇ ਕੀਤੇ ਜਾਣ, ਗੋਲਕ ਨੂੰ ਨਿੱਜੀ ਖਜ਼ਾਨਾ ਬਣਾਇਆ ਜਾਵੇ ਜਾਂ ਦਸਤਾਰ ਪਹਿਨ ਕੇ ਅਨਿਆਂ ਕੀਤਾ ਜਾਵੇ, ਇਹ ਸਭ ਕੁਝ ਦਸਤਾਰ ਦੀ ਰੂਹ ਨੂੰ ਠੇਸ ਪਹੁੰਚਾਉਂਦਾ ਹੈ। ਦਸਤਾਰ ਦੀ ਰੱਖਿਆ ਲਈ ਸਭ ਤੋਂ ਪਹਿਲਾਂ ਆਚਰਨ ਦੀ ਸੁਧਾਰ ਜ਼ਰੂਰੀ ਹੈ।

## ਦਸਤਾਰ ਦੀ ਵਾਪਸੀ ਕਿਵੇਂ ਸੰਭਵ?

ਦਸਤਾਰ ਦੀ ਵਾਪਸੀ ਨਾਅਰਿਆਂ ਨਾਲ ਨਹੀ ਸਗੋਂ ਅਮਲ ਨਾਲ ਹੋਵੇਗੀ। ਕੁਝ ਅਹੰਕਾਰਕ ਕਦਮ ਇਹ ਹੋ ਸਕਦੇ ਹਨ ਗੁਰਦੁਆਰਿਆਂ ਵਿੱਚ ਸਿੱਖ ਇਤਿਹਾਸ ਅਤੇ ਗੁਰਮਤਿ ਦੀ ਸਮਝ ਵਾਲੀ ਸਿੱਖਿਆ, ਨੌਜਵਾਨਾਂ ਲਈ ਖੁੱਲ੍ਹਾ ਸੰਵਾਦ, ਨਾ ਕਿ ਡਾਂਟ, ਗੁਰੂ ਘਰ ਦੀ ਗੋਲਕ ਵਿੱਚ ਪਾਰਦਰਸ਼ਤਾ, ਦਸਤਾਰਧਾਰੀਆਂ ਲਈ ਨੈਤਿਕ ਮਿਆਰਾਂ ਦੀ ਖੁੱਲ੍ਹੀ ਗੱਲਬਾਤ, ਇਸ ਤਰ੍ਹਾਂ ਦਸਤਾਰ ਫਿਰ ਤੋਂ ਇੱਜ਼ਤ ਦਾ ਕੇਂਦਰ ਬਣ ਸਕਦੀ ਹੈ।

## ਦਸਤਾਰ ਡਰ ਦੀ ਨਹੀਂ, ਆਸ ਦੀ ਨਿਸ਼ਾਨੀ

ਦਸਤਾਰ ਨੂੰ ਡਰ ਨਾਲ ਨਹੀ ਆਸ ਨਾਲ ਜੋੜਨਾ ਜ਼ਰੂਰੀ ਹੈ। ਇਹ ਆਸ ਕਿ ਜਿੱਥੇ ਦਸਤਾਰ ਹੋਵੇਗੀ, ਓਥੇ ਨਿਆਂ ਹੋਵੇਗਾ, ਜਿੱਥੇ ਦਸਤਾਰ ਹੋਵੇਗੀ, ਓਥੇ ਨਿਰਦੋਸ਼ ਸੁਰੱਖਿਅਤ ਹੋਵੇਗਾ। ਦਸਤਾਰ ਸਾਨੂੰ ਇਹ ਯਾਦ ਦਿਵਾਂਦੀ ਹੈ ਕਿ ਅਸੀ ਸਿਰਫ਼ ਆਪਣੇ ਨਹੀ, ਦੂਜਿਆਂ ਲਈ ਵੀ ਜੀਉਂਦੇ ਹਾਂ।

## ਹੱਲ, ਸੁਝਾਅ ਅਤੇ ਅਗਲੀ ਪੀੜ੍ਹੀ ਲਈ ਰਾਹ, ਦਸਤਾਰ ਨੂੰ ਮੁੜ ਜੀਉਣਾ

ਦਸਤਾਰ ਬਾਰੇ ਗੱਲ ਕਰਦੇ ਹੋਏ ਅਸੀ ਇਤਿਹਾਸ, ਕੁਰਬਾਨੀਆਂ, ਗਿਰਾਵਟ ਅਤੇ ਸਮੱਸਿਆਵਾਂ ਨੂੰ ਵੇਖ ਲਿਆ। ਪਰ ਸਿੱਖੀ ਸਿਰਫ਼ ਸ਼ਿਕਾਇਤਾਂ ਦਾ ਧਰਮ ਨਹੀ ਇਹ ਹੱਲ ਅਤੇ ਕਰਮ ਦਾ ਮਾਰਗ ਹੈ। ਗੁਰੂ ਸਾਹਿਬਾਨ ਨੇ ਸਾਨੂੰ ਹਮੇਸ਼ਾ ਇਹ ਸਿਖਾਇਆ ਕਿ ਹਨੇਰੇ ਨੂੰ ਕੋਸਣ ਦੀ ਥਾਂ ਦੀਵਾ ਬਾਲਿਆ ਜਾਵੇ। ਇਸ ਆਖ਼ਰੀ ਭਾਗ ਦਾ ਮਕਸਦ ਇਹੀ ਹੈ ਦਸਤਾਰ ਨੂੰ ਸਿਰਫ਼ ਯਾਦਾਂ ਵਿੱਚ ਨਹੀ, ਰੋਜ਼ਾਨਾ ਜੀਵਨ ਵਿੱਚ ਮੁੜ ਜਿਉਣਾ।

## ਸਿੱਖਿਆ ਦੀ ਕ੍ਰਾਂਤੀ, ਜੜ੍ਹ ਤੋਂ ਬਦਲਾਅ

ਦਸਤਾਰ ਦੀ ਵਾਪਸੀ ਦਾ ਸਭ ਤੋਂ ਪਹਿਲਾ ਕਦਮ ਸਿੱਖਿਆ ਹੈ। ਪਰ ਇਹ ਸਿੱਖਿਆ ਰੱਟੇਬਾਜ਼ੀ ਵਾਲੀ ਨਹੀ, ਸਮਝ ਵਾਲੀ ਹੋਣੀ ਚਾਹੀਦੀ ਹੈ। ਗੁਰਦੁਆਰਿਆਂ ਵਿੱਚ ਨਿਯਮਤ ਸਿੱਖ ਇਤਿਹਾਸ ਕਲਾਸਾਂ, ਨੌਜਵਾਨਾਂ ਲਈ ਗੁਰਬਾਣੀ ਦਾ ਅਰਥ ਸਮਝਾਉਣ ਵਾਲੇ ਸੈਸ਼ਨ, ਆਧੁਨਿਕ ਮੀਡੀਆ (ਵੀਡੀਓ, ਪਾਡਕਾਸਟ, ਡਿਜ਼ੀਟਲ ਕੋਰਸ) ਦੀ ਵਰਤੋਂ, ਜਦੋਂ ਨੌਜਵਾਨ ਸਮਝਣਗੇ ਕਿ ਦਸਤਾਰ ਉਨ੍ਹਾਂ ਨੂੰ ਕੀ ਦਿੰਦੀ ਹੈ ਤਾਂ ਉਹ ਉਸਨੂੰ ਮਾਣ ਨਾਲ ਅਪਣਾਉਣਗੇ।

## ਘਰ ਤੋਂ ਸ਼ੁਰੂਆਤ, ਅਮਲ ਦੀ ਸਿੱਖਿਆ

ਦਸਤਾਰ ਦੀ ਇੱਜ਼ਤ ਘਰ ਤੋਂ ਸ਼ੁਰੂ ਹੁੰਦੀ ਹੈ। ਮਾਪਿਆਂ ਨੂੰ ਸਮਝਣਾ ਪਵੇਗਾ ਕਿ ਬੱਚਿਆਂ ਨੂੰ ਸਿਰਫ਼ ਕਹਿਣ ਨਾਲ ਨਹੀ ਦਿਖਾ ਕੇ ਸਿਖਾਇਆ ਜਾਂਦਾ ਹੈ। ਸੱਚੀ ਕਮਾਈ, ਨਸ਼ਿਆਂ ਤੋਂ ਦੂਰੀ, ਸੇਵਾ ਅਤੇ ਸਾਂਝ ਜੇ ਘਰ ਵਿੱਚ ਦਸਤਾਰ ਜੀਉਂਦੀ ਨਜ਼ਰ ਆਉਂਦੀ ਹੈ ਤਾਂ ਬੱਚੇ ਉਸਨੂੰ ਭਾਰ ਨਹੀ ਮਾਣ ਸਮਝਣਗੇ।

## ਗੁਰਦੁਆਰਾ ਪ੍ਰਬੰਧ ਵਿੱਚ ਪਾਰਦਰਸ਼ਤਾ

ਗੁਰੂ ਘਰ ਦੀ ਗੋਲਕ ਸਿੱਖ ਕੌਮ ਦੀ ਅਮਾਨਤ ਹੈ। ਇਸ ਲਈ: ਖੁੱਲ੍ਹਾ ਹਿਸਾਬ, ਸਿੱਖਿਆ, ਸਿਹਤ ਅਤੇ ਨੌਜਵਾਨ ਪ੍ਰੋਗਰਾਮਾਂ ਵਿੱਚ ਨਿਵੇਸ਼, ਠੇਕੇਦਾਰੀ ਦੀ ਥਾਂ ਸੇਵਾ ਦਾ ਮਾਡਲ, ਜਦੋਂ ਗੁਰਦੁਆਰਾ ਸੱਚਮੁੱਚ ਸੇਵਾ ਦਾ ਕੇਂਦਰ ਬਣੇਗਾ, ਤਾਂ ਦਸਤਾਰ ਦੀ ਇੱਜ਼ਤ ਆਪਣੇ ਆਪ ਵਧੇਗੀ।

## ਦਸਤਾਰਧਾਰੀਆਂ ਲਈ ਨੈਤਿਕ ਮਿਆਰ

ਦਸਤਾਰ ਪਹਿਨਣ ਵਾਲੇ ਲਈ ਕੁਝ ਨੈਤਿਕ ਮਿਆਰ ਖੁਦ ਹੀ ਸਵੀਕਾਰ ਕਰਨੇ ਪੈਣਗੇ: ਝੂਠ ਅਤੇ ਧੋਖੇ ਤੋਂ ਦੂਰੀ, ਮਹਿਲਾਵਾਂ ਪ੍ਰਤੀ ਪੂਰਾ ਸਤਿਕਾਰ, ਕਾਨੂੰਨ ਅਤੇ ਨਿਆਂ ਦੀ ਪਾਲਣਾ, ਦਸਤਾਰ ਤਦ ਹੀ ਬਚੇਗੀ, ਜਦੋਂ ਦਸਤਾਰਧਾਰੀ ਉਸਦੇ ਕਾਬਲ ਬਣੇਗਾ।

## ਨੌਜਵਾਨਾਂ ਨਾਲ ਸੰਵਾਦ, ਟਕਰਾਅ ਨਹੀਂ

ਨੌਜਵਾਨਾਂ ਦੇ ਸਵਾਲਾਂ ਤੋਂ ਡਰਨਾ ਨਹੀ। ਉਨ੍ਹਾਂ ਨਾਲ ਗੱਲਬਾਤ ਕਰੋ ਉਨ੍ਹਾਂ ਦੀ ਸੁਣੋ। ਖੁੱਲ੍ਹੇ ਫੋਰਮ, ਯੂਥ ਕੈਂਪ, ਮੈਂਟਰਸ਼ਿਪ ਪ੍ਰੋਗਰਾਮ, ਸਿੱਖੀ ਸੰਵਾਦ ਨਾਲ ਫੁੱਲਦੀ ਹੈ ਦਬਾਅ ਨਾਲ ਨਹੀ।

## ਇਤਿਹਾਸ ਨੂੰ ਜਿਉਂਦਾ ਬਣਾਉਣਾ

ਸਿੱਖ ਇਤਿਹਾਸ ਨੂੰ ਸਿਰਫ਼ ਯਾਦਗਾਰੀ ਦਿਨਾਂ ਤੱਕ ਸੀਮਿਤ ਨਾ ਰੱਖਿਆ ਜਾਵੇ। ਨਾਟਕ, ਡਾਕੂਮੈਂਟਰੀਆਂ, ਇਤਿਹਾਸਕ ਯਾਤਰਾਵਾਂ, ਨੌਜਵਾਨਾਂ ਲਈ ਕਹਾਣੀ ਰੂਪ ਵਿੱਚ ਇਤਿਹਾਸ, ਜਦੋਂ ਇਤਿਹਾਸ ਜਿਉਂਦਾ ਬਣਦਾ ਹੈ ਤਾਂ ਦਸਤਾਰ ਆਪ ਜਿਉਂਦੀ ਹੈ।

## ਦਸਤਾਰ ਸਿਰਫ਼ ਸਿੱਖਾਂ ਲਈ ਨਹੀਂ

ਦਸਤਾਰ ਦਾ ਸੰਦੇਸ਼ ਸਿਰਫ਼ ਸਿੱਖਾਂ ਤੱਕ ਸੀਮਿਤ ਨਹੀ। ਇਹ ਦੁਨੀਆ ਨੂੰ ਦੱਸਦੀ ਹੈ ਕਿ: ਤਾਕਤ ਨਿਆਂ ਨਾਲ ਹੋਵੇ, ਧਰਮ ਮਨੁੱਖਤਾ ਲਈ ਹੋਵੇ ਅਤੇ ਪਹਿਚਾਣ ਜ਼ਿੰਮੇਵਾਰੀ ਨਾਲ ਆਵੇ, ਇਸ ਲਈ ਦਸਤਾਰ ਅੱਜ ਵੀ ਗਲੋਬਲ ਸੰਦੇਸ਼ ਹੈ।

## ਦਸਤਾਰ ਸਾਡਾ ਇਮਤਿਹਾਨ ਹੈ

ਦਸਤਾਰ ਸਾਡਾ ਗਰੂਰ ਨਹੀ, ਸਾਡਾ ਇਮਤਿਹਾਨ ਹੈ। ਇਹ ਹਰ ਰੋਜ਼ ਸਾਨੂੰ ਪੁੱਛਦੀ ਹੈ: "ਕੀ ਤੂੰ ਮੇਰੇ ਕਾਬਲ ਜੀ ਰਿਹਾ ਹੈਂ ?"ਜੇ ਅਸੀ ਇਸ ਸਵਾਲ ਦਾ ਜਵਾਬ ਆਪਣੇ ਕਰਮਾਂ ਨਾਲ ਦੇ ਸਕੀਏ, ਤਾਂ ਦਸਤਾਰ ਕਦੇ ਨਹੀ ਡਿੱਗੇਗੀ। ਦਸਤਾਰ ਸਿਰਫ਼ ਸਿੱਖਾਂ ਦੀ ਪਹਿਚਾਣ ਨਹੀ, ਸਗੋ ਮਨੁੱਖਤਾ ਦੀ ਜ਼ਿੰਮੇਵਾਰੀ ਹੈ। ਇਸਨੂੰ ਬਚਾਉਣ ਦਾ ਇਕੋ ਰਾਹ ਹੈ ਗੁਰੂ ਦੇ ਰਾਹ 'ਤੇ ਮੁੜ ਚੱਲਣਾ।

੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

ਜ਼ੋਨਓ: ਮਾਡਲ ਟਾਊਨ ਜਲੰਧਰ, ਫੋਨ. 0181-5015610

ਸੋਧ

27-02-2026 ਦੀ ਨਿਲਾਮੀ ਲਈ 24-01-2026 ਦੀ "ਦ ਇੰਡੀਅਨ ਐਕਸਪ੍ਰੈਸ ਅਤੇ ਰੋਜ਼ਾਨਾ ਚੜ੍ਹਦੀਕਲਾ" ਵਿੱਚ ਪ੍ਰਕਾਸ਼ਿਤ ਵਿਕਰੀ ਨੋਟਿਸ ਦਾ ਹਵਾਲਾ। ਜੋਤੀ ਭਗਤ ਚੀਫ ਮੈਨੇਜਰ ਨੂੰ ਜੀ.ਟੀ.ਬੀ.ਨਗਰ ਜਲੰਧਰ ਦੀ ਬਜਾਏ ਫੁੱਟਬਾਲ ਚੌਂਕ ਜਲੰਧਰ ਪੜ੍ਹਿਆ ਜਾਣਾ ਚਾਹੀਦਾ ਹੈ।

ਅਧਿਕਾਰਤ ਅਧਿਕਾਰੀ

੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਇੱਕ ਅਦਾਰਾ)

੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
PUNJAB & SIND BANK
(A GOVT. OF INDIA UNDERTAKING)

ਜ਼ੋਨਲ ਦਫਤਰ ਮੋਗਾ

### ਸਰਫਾਇਸੀ ਐਕਟ ਦੀ ਧਾਰਾ 13(8) ਤਹਿਤ ਸੂਚਨਾ

ਵਿਸ਼ਾ: ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ("ਸਰਫੇਸੀ ਐਕਟ") ਦੀ ਧਾਰਾ 13(8) ਦੇ ਤਹਿਤ ਤੁਹਾਡੇ ਕੋਲ ਨਿਹਿਤ ਅਧਿਕਾਰ ਦੇ ਸੰਦਰਭ ਵਿੱਚ ਮੁਕਤੀ ਲਈ ਨੋਟਿਸ, ਜੋ ਕਿ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹਿਆ ਜਾਂਦਾ ਹੈ।

ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਨਿਮਨ ਹਸਤਾਖਰੀ ਨੇ ਖਾਤੇ ਦੇ ਵਿਰੁੱਧ ਦੱਸੀ ਗਈ ਮਿਤੀ 'ਤੇ ਸਰਫੇਸੀ ਐਕਟ ਦੀ ਧਾਰਾ 13(2) ਦੇ ਤਹਿਤ ਇੱਕ ਮੰਗ ਨੋਟਿਸ ਜਾਰੀ ਕੀਤਾ ਹੈ। ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਬੈਂਕ ਦੀਆਂ ਦੇਣਦਾਰੀਆਂ ਨਿਭਾਉਣ ਵਿੱਚ ਅਸਫਲ ਰਹੇ ਹਨ, ਇਸ ਲਈ, ਅਧਿਕਾਰਤ ਅਧਿਕਾਰੀ ਵਜੋਂ ਨਿਮਨ ਹਸਤਾਖਰਿਤ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੀ ਧਾਰਾ 13(4) ਦੇ ਅਧੀਨ ਆਪਣੀ ਸ਼ਕਤੀ ਦੀ ਵਰਤੋਂ ਕਰਦੇ ਹੋਏ, ਉਪਰੋਕਤ ਕਰਜ਼ਦਾਰਾ ਅਤੇ ਜ਼ਾਮਨਾਂ ਤੋਂ ਬੈਂਕ ਦੇ ਬਕਾਇਆ ਕਰਜ਼ਿਆਂ ਦੀ ਪ੍ਰਾਪਤੀ ਲਈ ਈ-ਨਿਲਾਮੀ ਰਾਹੀਂ ਹੇਠਾਂ ਦੱਸੇ ਅਨੁਸਾਰ ਜਾਇਦਾਦਾਂ, ਸੁਰੱਖਿਅਤ ਸੰਪਤੀਆਂ ਵੇਚਣ ਦਾ ਫੈਸਲਾ ਕੀਤਾ ਹੈ।

ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਦਾ ਧਿਆਨ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੀ ਧਾਰਾ 13(8) ਵੱਲ ਸੱਦਾ ਦਿੱਤਾ ਜਾਂਦਾ ਹੈ, ਜੋ ਕਿ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹਿਆ ਜਾਂਦਾ ਹੈ, ਉਪਲਬਧ ਸਮੇਂ (ਭਾਵ 30 ਦਿਨ) ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ। ਕਿਰਪਾ ਕਰਕੇ ਧਿਆਨ ਦਿਓ ਕਿ ਧਾਰਾ 13(8) ਦੇ ਤਹਿਤ ਤੁਹਾਡਾ ਅਧਿਕਾਰ ਜਨਤਕ ਨਿਲਾਮੀ ਲਈ ਨੋਟਿਸ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਖਤਮ ਹੋ ਜਾਵੇਗਾ ਜਾਂ ਸੁਰੱਖਿਅਤ ਸੰਪਤੀ ਦੇ ਲੀਜ਼, ਅਸਾਈਨਮੈਂਟ ਜਾਂ ਵਿਕਰੀ ਦੁਆਰਾ ਟ੍ਰਾਂਸਫਰ ਲਈ ਜਨਤਕ ਜਾਂ ਨਿੱਜੀ ਸੰਧੀ ਤੋਂ ਹਵਾਲਾ ਜਾਂ ਟੈਂਡਰ ਮੰਗੇ ਜਾਣਗੇ।

| ਲੜੀ ਨੰ. | ਕਰਜ਼ਦਾਰ(ਾਂ)/ਜ਼ਾਮਨ(ਾਂ)/ ਗਿਰਵੀਕਾਰ(ਾਂ) ਅਤੇ ਸ਼ਾਖਾ ਦਾ ਨਾਮ | ਅਚੱਲ ਸਪੱਤੀ/ਆਂ ਦੇ ਵੇਰਵੇ | ਵਿਕ੍ਰੀ ਮੁੜ ਪ੍ਰਾਪਤੀ ਸੂਚਨਾ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ | ਰਾਖਵੀਂ ਕੀਮਤ |
|---|---|---|---|---|---|---|
| 1. | ਬੀ/ਓ : ਜੀਐਨਸੀ ਮੋਗਾ<br>1. ਮੈਸਰਜ਼ ਗੁਰੂ ਐਂਟਰਪ੍ਰਾਈਜ਼, (ਕਰਜ਼ਦਾਰ) ਪ੍ਰੋਪ. ਸ਼੍ਰੀਮਤੀ ਗੁਰਲੀਨ ਕੌਰ, ਬਾਬਾ ਜੀਵਨ ਸਿੰਘ ਨਗਰ, ਮੋਗਾ। 2. ਸ਼੍ਰੀਮਤੀ ਗੁਰਲੀਨ ਕੌਰ (ਪ੍ਰੋਪਰਾਈਟਰ), ਵਾਸੀ ਨੇੜੇ ਨੇਸਲੇ ਕੰਪਾਊਂਡ, ਗੇਟ ਨੰਬਰ 2, ਬਾਬਾ ਜੀਵਨ ਸਿੰਘ ਨਗਰ, ਮੋਗਾ। 3. ਸ੍ਰੀ ਅੰਮ੍ਰਿਤਪਾਲ ਸਿੰਘ ਪੁੱਤਰ ਕੁਲਦੀਪ ਸਿੰਘ (ਜ਼ਾਮਨ), ਵਾਸੀ ਨੇੜੇ ਨੇਸਲੇ ਕੰਪਾਊਂਡ, ਗੇਟ ਨੰਬਰ 2 ਬਾਬਾ ਜੀਵਨ ਸਿੰਘ ਨਗਰ, ਮੋਗਾ। 4. ਕੁਲਦੀਪ ਸਿੰਘ ਪੁੱਤਰ ਕਰਤਾਰ ਸਿੰਘ (ਜ਼ਾਮਨ), ਵਾਸੀ ਨੇੜੇ ਨੇਸਲੇ ਕੰਪਾਊਂਡ, ਗੇਟ ਨੰ 2, ਬਾਬਾ ਜੀਵਨ ਸਿੰਘ ਨਗਰ, ਮੋਗਾ। 5. ਗੁਰਜੀਤ ਸਿੰਘ ਪੁੱਤਰ ਗੁਰਚਰਨ ਸਿੰਘ (ਜ਼ਾਮਨ), ਮਕਾਨ ਨੰ. 309, ਵਾਰਡ ਨੰ. 20, ਅਗਵਾਰ ਹਾਕਮ ਕਾ, ਮੋਗਾ। | 01 ਕਨਾਲ 0 ਮਰਲੇ ਦੀ ਜਾਇਦਾਦ, ਜੋ ਕਿ 3ਕੇ-9ਐਮ ਦਾ 20/69 ਹਿੱਸਾ ਹੈ, ਜੋ ਕਿ ਵਿੱਚ ਖਸਰਾ ਨੰਬਰ 15//11/1(3-9), ਖੇਵਟ ਨੰਬਰ 2095, ਖਤੌਨੀ ਨੰਬਰ 2787, ਜਮ੍ਹਾਂਬੰਦੀ 2003-04 ਅਨੁਸਾਰ, ਮੋਗਾ ਵਿਖੇ ਸਥਿਤ, ਕੁਲਦੀਪ ਸਿੰਘ ਦੀ ਮਲਕੀਅਤ, ਵਿਕਰੀ ਡੀਡ ਨੰਬਰ 7194 ਮਿਤੀ 14.12.2006 ਅਨੁਸਾਰ ਸਬ-ਰਜਿਸਟਰਾਰ ਮੋਗਾ ਦੇ ਦਫ਼ਤਰ ਵਿੱਚ ਰਜਿਸਟਰਡ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: ਉੱਤਰ: ਗਲੀ, ਦੱਖਣ: ਸੇਮ ਨਾਲਾ, ਪੂਰਬ: ਹੋਰ, ਪੱਛਮ: ਕੁਲਦੀਪ ਸਿੰਘ। | 22.01.2026 | 07.09.2015 | Rs. 60,73,359.25 as on 31.12.2025 +ਅਗਲੇਰੇ ਵਿਆਜ ਅਤੇ ਲਾਗਤਾਂ। ਵਸੂਲੀ ਛੱਡ ਕੇ ਜੇਕਰ ਕੋਈ ਹੋਵੇ। | Rs. 12,95,000/- |
| 2. | ਬੀ/ਓ : ਰੇਲਵੇ ਰੋਡ, ਮੋਗਾ<br>1. ਮੈਸਰਜ਼ ਦੇਵ ਆਟੋਮੋਬਾਈਲਜ਼ ਦੁਆਰਾ ਪ੍ਰੋਪ. (ਕਰਜ਼ਦਾਰ) ਸ੍ਰੀ ਦਵਿੰਦਰ ਕੁਮਾਰ ਪੁੱਤਰ ਮੋਹਨ ਲਾਲ, ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। 2. ਸ੍ਰੀ ਦਵਿੰਦਰ ਕੁਮਾਰ ਪੁੱਤਰ ਮੋਹਨ ਲਾਲ (ਮਾਲਕ), ਪੁਰਾਣੀ ਅਨਾਜ ਮੰਡੀ ਨੇੜੇ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। 3. ਸ੍ਰੀ ਪਰਦੀਪ ਕੁਮਾਰ ਪੁੱਤਰ ਮੋਹਨ ਲਾਲ (ਜ਼ਾਮਨ), ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। 4. ਸ਼੍ਰੀਮਤੀ ਮਮਤਾ ਰਾਣੀ ਪਤਨੀ ਦਵਿੰਦਰ ਕੁਮਾਰ (ਜ਼ਾਮਨ), ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। 5. ਸ੍ਰੀ ਧਰਮਿੰਦਰ ਸਿੰਘ ਧਾਲੀਵਾਲ ਪੁੱਤਰ ਸਤਪਾਲ ਸਿੰਘ (ਜ਼ਾਮਨ), ਪੱਟੀ ਪਥੂਈ, ਪਿੰਡ ਅਤੇ ਡਾਕਖਾਨਾ ਲੋਪੋਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। | 1 ਕਨਾਲ ਮਾਪ 16ਕੇ-0ਐਮ ਦੀ ਜ਼ਮੀਨ ਦੇ 20/320 ਹਿੱਸੇ ਵਾਲੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਜਿਸ ਵਿੱਚ ਖਸਰਾ ਨੰਬਰ 182/ /19(8-0), 182//20(8-0), ਖੇਵਟ ਨੰਬਰ 216, ਖਤੌਨੀ ਨੰਬਰ 317 ਸਾਲ 2006-07 ਲਈ ਜਮ੍ਹਾਂਬੰਦੀ ਅਨੁਸਾਰ, ਲੋਪੋਂ, ਪੱਟੀ ਮਾਲਦੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦੇ ਖੇਤਰ ਵਿੱਚ ਸਥਿਤ, ਪਰਦੀਪ ਕੁਮਾਰ ਪੁੱਤਰ ਮੋਹਨ ਲਾਲ ਦੀ ਮਲਕੀਅਤ ਹੈ ਜੋ ਵਾਸਿਕਾ ਨੰਬਰ 348 ਮਿਤੀ 19.07.2011 ਨੂੰ ਸਬ ਰਜਿਸਟਰਾਰ ਬੱਧਨੀ ਕਲਾਂ ਦੇ ਦਫ਼ਤਰ ਵਿੱਚ ਰਜਿਸਟਰਡ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: ਉੱਤਰ: ਦਵਿੰਦਰ ਕੁਮਾਰ, ਦੱਖਣ: ਮਨਜੀਤ ਕੁਮਾਰ, ਪੂਰਬ: ਕੇਵਲ ਸਿੰਘ, ਪੱਛਮ: ਸੜਕ। | 22.01.2026 | 06.04.2021 | Rs. 51,72,343.98 as on 31.12.2025 +ਅਗਲੇਰੇ ਵਿਆਜ ਅਤੇ ਲਾਗਤਾਂ। ਵਸੂਲੀ ਛੱਡ ਕੇ ਜੇਕਰ ਕੋਈ ਹੋਵੇ। | Rs. 25,00,000/- |
| 3. | ਆਰਆਰ ਮੋਗਾ<br>1. ਸ਼੍ਰੀ ਹੇਮੰਤ ਕੁਮਾਰ ਸਿੰਗਲਾ ਪੁੱਤਰ ਰਾਜਿੰਦਰ ਕੁਮਾਰ (ਕਰਜ਼ਦਾਰ), ਵਾਸੀ ਮਕਾਨ ਨੰਬਰ 1279, ਵਾਰਡ ਨੰਬਰ 1, ਗਲੀ ਨੰਬਰ 8, ਜਵਾਹਰ ਨਗਰ, ਮੋਗਾ। 2. ਸ਼੍ਰੀਮਤੀ ਰਜਨੀ ਸਿੰਗਲਾ ਪਤਨੀ ਹੇਮੰਤ ਕੁਮਾਰ ਸਿੰਗਲਾ (ਸਹਿ-ਕਰਜ਼ਦਾਰ), ਵਾਸੀ ਮਕਾਨ ਨੰਬਰ 1279, ਵਾਰਡ ਨੰਬਰ 1, ਗਲੀ ਨੰਬਰ 8, ਜਵਾਹਰ ਨਗਰ, ਮੋਗਾ। 3. ਅਮਰਜੀਤ ਸਿੰਘ ਗਿੱਲ ਪੁੱਤਰ ਰਣਜੀਤ ਸਿੰਘ ਗਿੱਲ (ਜ਼ਾਮਨ), ਵਾਸੀ ਮਕਾਨ ਨੰਬਰ 827, ਵਾਰਡ ਨੰਬਰ 30, ਕੋਟਕਪੂਰਾ ਰੋਡ, ਨੇੜੇ ਦੇਵ ਹੋਟਲ, ਮੋਗਾ। | 8 ਮਰਲੇ ਮਾਪ ਜੋ ਕਿ 2 ਕਨਾਲ 2 ਮਰਲੇ ਜ਼ਮੀਨ ਦੇ 8/42 ਹਿੱਸੇ ਦੀ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਜਿਸਦਾ ਖਸਰਾ ਨੰਬਰ 145/5//5/2(2-2), ਖੇਵਟ ਨੰਬਰ 169 ਅਨੁਸਾਰ, ਖਤੌਨੀ ਨੰਬਰ 182 ਜਮ੍ਹਾਂਬੰਦੀ ਅਨੁਸਾਰ ਸਾਲ 2007-08, ਮੋਗਾ ਮਹਿਲਾ ਸਿੰਘ II ਦੇ ਖੇਤਰ ਵਿੱਚ ਸਥਿਤ, ਮੋਗਾ ਵਿਕਰੀ ਡੀਡ ਨੰਬਰ 5763 ਮਿਤੀ 06.02.2015 ਅਨੁਸਾਰ ਹੇਮੰਤ ਕੁਮਾਰ ਸਿੰਗਲਾ ਪੁੱਤਰ ਰਾਜਿੰਦਰ ਕੁਮਾਰ ਦੇ ਨਾਮ 'ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਮਹਿੰਦਰ ਸਿੰਘ, ਦੱਖਣ: ਸੂਰਤ ਸਿੰਘ, ਪੂਰਬ: ਚੰਨਣ ਸਿੰਘ, ਪੱਛਮ: ਗਲੀ (ਵਿਕਰੀ ਡੀਡ ਵਿੱਚ ਪ੍ਰਦਾਨ ਕੀਤੇ ਅਨੁਸਾਰ)। | 22.01.2026 | 07.10.2016 | Rs. 38,03,113.56 as on 31.12.2025 +ਅਗਲੇਰੇ ਵਿਆਜ ਅਤੇ ਲਾਗਤਾਂ। ਵਸੂਲੀ ਛੱਡ ਕੇ ਜੇਕਰ ਕੋਈ ਹੋਵੇ। | Rs. 7,80,000/- |

ਉਪਰੋਕਤ ਸਾਰੀਆਂ ਸੰਪੱਤੀਆਂ ਦੀ ਈ-ਨਿਲਾਮੀ ਦੀ ਮਿਤੀ ਅਤੇ ਸਮਾਂ : 27.02.2026 ਬਾਅਦ ਦੁਪਹਿਰ 12.00 ਤੋਂ 02.00 ਵਜੇ ਤੱਕ
ਉਪਰੋਕਤ ਸਾਰੀਆਂ ਸੰਪੱਤੀਆਂ ਦੀ ਬੋਲੀ ਪੇਸ਼ ਕਰਨ ਦੀ ਆਖ਼ਰੀ ਮਿਤੀ ਅਤੇ ਸਮਾਂ : 26.02.2026 ਸ਼ਾਮ 05.00 ਵਜੇ ਤੱਕ
ਉਪਰੋਕਤ ਸਾਰੀਆਂ ਸੰਪੱਤੀਆਂ ਦੀ ਜਾਂਚ ਦੀ ਮਿਤੀ : 26.02.2026 ਸਵੇਰੇ 10.00 ਤੋਂ ਸ਼ਾਮ 05.00 ਵਜੇ ਵਿਚਕਾਰ

ਮਿਤੀ: 23.01.2026 ਸਥਾਨ: ਮੋਗਾ ਅਧਿਕਾਰਤ ਅਧਿਕਾਰ

# ਮਲੋਟ ਵਿੱਚ ਗਰੀਬ ਪਰਿਵਾਰ ਦੀ ਝੁੱਗੀ ਨੂੰ ਅੱਗ

## ਧੀ ਦੇ ਵਿਆਹ ਲਈ ਰੱਖਿਆ ਸਾਰਾ ਸਮਾਨ ਸੜ ਕੇ ਸੁਆਹ

ਮਲੋਟ, 25 ਜਨਵਰੀ (ਅਮਨਦੀਪ ਸਿੰਘ ਮਹਿਰਾ): ਮਲੋਟ



ਸ਼ਹਿਰ ਦੇ ਪਟੇਲ ਨਗਰ ਨੇੜੇ ਡੇਰਾ ਬਾਬਾ ਪ੍ਰੇਮ ਦਾਸ ਦੀ ਗਲੀ ਨੰਬਰ 4 ਵਿੱਚ ਇੱਕ ਗਰੀਬ ਪਰਿਵਾਰ ਦੀ ਝੁੱਗੀ ਨੂੰ ਅਚਾਨਕ ਅੱਗ ਲੱਗ ਗਈ, ਜਿਸ ਕਾਰਨ ਘਰ ਵਿੱਚ ਪਿਆ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ। ਖੁਸ਼ਕਿਸਮਤੀ ਨਾਲ ਘਟਨਾ ਸਮੇਂ ਪਰਿਵਾਰ ਘਰ ਵਿੱਚ ਮੌਜੂਦ ਨਹੀ ਸੀ, ਨਹੀ ਤਾਂ ਵੱਡਾ ਜਾਨੀ ਨੁਕਸਾਨ ਵੀ ਹੋ ਸਕਦਾ ਸੀ। ਪੀੜਤ ਪਰਿਵਾਰ ਦੀ ਮਹਿਲਾ ਪ੍ਰਵੀਨਾ ਪਤਨੀ ਦੀਪਕ ਨੇ ਦੱਸਿਆ ਕਿ ਉਹ ਪਰਿਵਾਰ ਸਮੇਤ ਅਹਿਲਨਾਬਾਦ ਲੋੜੀ ਮੰਗਣ ਅਤੇ ਰਿਸ਼ਤੇਦਾਰਾਂ ਦੇ ਵਿਆਹਾਂ ਦਾ ਸੱਦਾ ਦੇਣ ਗਏ ਹੋਏ ਸਨ।

ਇਸ ਦੌਰਾਨ ਉਨ੍ਹਾਂ ਨੂੰ ਫੋਨ ਰਾਹੀ ਸੂਚਨਾ ਮਿਲੀ ਕਿ ਉਨ੍ਹਾਂ ਦੀ ਝੁੱਗੀ ਨੂੰ ਅੱਗ ਲੱਗ ਗਈ ਹੈ। ਅੱਗ ਕਾਰਨ ਬਾਂਸਾਂ ਅਤੇ ਫੂਸ ਦੀ ਛੱਤ ਵਾਲੀ ਝੁੱਗੀ ਪੂਰੀ ਤਰ੍ਹਾਂ ਸੜ ਗਈ ਅਤੇ ਅੰਦਰ ਪਿਆ ਕੱਪੜਾ, ਦਾਜ ਦਾ ਸਮਾਨ ਅਤੇ ਹੋਰ ਜ਼ਰੂਰੀ ਸਮਾਨ ਸੁਆਹ ਹੋ ਗਿਆ। ਪਰਿਵਾਰ ਦੀ ਮੈਂਬਰ ਸਵੀਨਾ ਰਾਣੀ ਨੇ ਦੱਸਿਆ ਕਿ ਉਹ ਸ਼ਾਦੀਆਂ ਵਿੱਚ ਢੋਲ ਵਜਾ ਕੇ ਆਪਣਾ ਗੁਜ਼ਾਰਾ ਕਰਦੇ ਹਨ। ਪਰਿਵਾਰ ਵਿੱਚ ਚਾਰ ਧੀਆਂ ਅਤੇ ਦੋ ਪੁੱਤਰ ਹਨ। ਵੱਡੀ ਧੀ ਦੀ ਉਮਰ ਕਰੀਬ 20 ਸਾਲ ਹੈ, ਜਿਸ ਦਾ ਵਿਆਹ 9 ਫਰਵਰੀ ਨੂੰ ਨਿਧਾਰਤ ਹੈ। ਵਿਆਹ ਲਈ ਇਕੱਠਾ ਕੀਤਾ ਸਾਰਾ ਸਮਾਨ ਅੱਗ ਦੀ ਭੇਟ ਚੜ੍ਹ ਗਿਆ। ਇਸ ਦੁਖਦਾਈ ਘਟਨਾ ਤੋਂ ਬਾਅਦ ਪਰਿਵਾਰ ਵੱਲੋਂ ਕੈਬਨਟ ਮੰਤਰੀ ਡਾ. ਬਲਜੀਤ ਕੌਰ ਕੋਲ ਆਰਥਿਕ ਮਦਦ ਦੀ ਗੁਹਾਰ ਲਗਾਈ ਗਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਐਡਵੋਕੇਟ ਅਮਨ ਨਾਇਕ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਖੁਦ ਕੈਬਨਟ ਮੰਤਰੀ ਡਾ. ਬਲਜੀਤ ਕੌਰ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਉਹ ਖੁਦ ਘਰ ਦੇ ਹਾਲਾਤ ਵੇਖਣ ਪਹੁੰਚੀਆਂ।

ਕੈਬਨਟ ਮੰਤਰੀ ਡਾ. ਬਲਜੀਤ ਕੌਰ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਜ਼ਾਹਰ ਕਰਦੇ ਹੋਏ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਧੀ ਦੇ ਵਿਆਹ ਲਈ ਸਰਕਾਰ ਵੱਲੋਂ ਹਰ ਸੰਭਵ ਮਦਦ ਕੀਤੀ ਜਾਵੇਗੀ ਅਤੇ ਸ਼ਗਨ ਸਕੀਮ ਸਮੇਤ ਹੋਰ ਆਰਥਿਕ ਸਹਾਇਤਾ ਵੀ ਦਿੱਤੀ ਜਾਵੇਗੀ।

# ਗਣਤੰਤਰ ਦਿਵਸ ਸਮਾਗਮ ਦੀ ਰਿਹਰਸਲ ਹੋਈ



ਤਲਵਾੜਾ, 24 ਜਨਵਰੀ (ਚ.ਨ.ਸ.): ਭਾਖੜਾ ਬਿਆਸ ਪ੍ਰਬੰਧ ਬੋਰਡ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਗਣਤੰਤਰ ਦਿਵਸ ਕੌਮੀ ਜ਼ਜਬੇ, ਉਤਸਾਹ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸਮਾਗਮ ਬੀਬੀਐਮਬੀ ਟਾਊਨਸ਼ਿਪ ਦੇ ਨਰਸਰੀ ਗਰਾਊਂਡ ਵਿਚ ਹੋਵੇਗਾ ਜਿਸ ਮੌਕੇ ਮੁੱਖ ਇੰਜਨੀਅਰ ਸ੍ਰੀ ਰਾਕੇਸ਼ ਕੁਮਾਰ ਗੁਪਤਾ ਵੱਲੋਂ ਸਵੇਰੇ 9:30 ਵਜੇ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ ਅਤੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਸਬੰਧੀ ਅੱਜ ਸਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ ਇੱਥੇ ਹੋਈ ਜਿਸ ਵਿਚ ਵਿਦਿਆਰਥੀਆਂ ਨੇ ਦੇਸ਼ ਭਗਤੀ ਅਤੇ ਪੰਜਾਬ ਦੇ ਵਿਰਾਸਤੀ ਰੰਗ ਪੇਸ਼ ਕੀਤੇ। ਇਸ ਮੌਕੇ ਰਿਹਸਲ ਦਾ ਮੁਆਇਨਾ ਕਰਦਿਆਂ ਕਾਰਜਕਾਰੀ ਇੰਜਨੀਅਰ ਸ੍ਰੀ ਵਿਨੈ ਕੁਮਾਰ ਨੇ ਸਾਰੇ ਸਕੂਲਾਂ ਨੂੰ ਕਿਹਾ ਕਿ ਉਹ ਸਮਾਗਮ ਵਿਚ ਪੂਰੀ ਤਿਆਰੀ ਨਾਲ ਆਉਣ ਅਤੇ ਇਸ ਕੌਮੀ ਤਿਓਹਾਰ ਨੂੰ ਪੂਰੇ ਉਤਸਾਹ ਨਾਲ ਮਨਾਇਆ ਜਾਵੇ।

ਇਸ ਮੌਕੇ ਐਸਡੀਓ ਸ੍ਰੀ ਧੀਰਜ ਕੁਮਾਰ ਅਤੇ ਸ੍ਰੀ ਗੋਪਾਲ, ਜੂਨੀਅਰ ਇੰਜਨੀਅਰ ਸ੍ਰੀ ਗੁਲਸ਼ਨ ਕੁਮਾਰ, ਸ੍ਰੀ ਰਾਜੂ, ਸ੍ਰੀ ਜਟਿਨ ਅਤੇ ਸ੍ਰੀ ਬਲਜੀਤ ਸਿੰਘ ਵੀ ਵਿਸੇਸ਼ ਤੌਰ ਤੇ ਹਾਜਰ ਰਹੇ।

# ਡਾ. ਰਾਜਕੁਮਾਰ ਜੱਸਲ ਨੂੰ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ

## ਅੰਬੇਡਕਰ ਲੋਕ ਭਲਾਈ ਕਲੱਬ ਮੰਦਿਰ ਬੋਪੁਰ ਦਾ ਸਰਬਸੰਮਤੀ ਨਾਲ ਪ੍ਰਧਾਨ ਬਣਾਇਆ



ਖਨੌਰੀ, 24 ਜਨਵਰੀ, (ਓਮਪ੍ਰਕਾਸ਼ ਮੁਆਲ): ਨਜ਼ਦੀਕੀ ਪਿੰਡ ਬੋਪੁਰ ਵਿਚ ਸਮੂਹ ਰਵਿਦਾਸੀਆ ਭਾਈਚਾਰੇ ਦੇ ਲੋਕਾਂ ਦੀ ਇਕ ਵਿਸ਼ੇਸ਼ ਮੀਟਿੰਗ ਗੁਰੂ ਰਵਿਦਾਸ ਮੰਦਿਰ ਬੇਗਮਪੁਰਾ ਧਰਮ ਅਸਥਾਨ ਡੇਰਾ ਬੋਪੁਰ ਦੇ ਮੁੱਖ ਸੰਚਾਲਕ ਸ੍ਰੀ ਮਾਨ ਸੰਤ ਬਾਬਾ ਜਗਦੀਸ ਦਾਸ ਜੀ ਮੰਡਵੀ ਵਾਲਿਆਂ ਦੀ ਅਗਵਾਈ ਹੇਠਾਂ ਹੋਈ। ਜਿਸ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649 ਵੇ ਜਨਮ ਦਿਹਾੜੇ ਨੂੰ ਸ਼ਰਧਾ ਪੂਰਵਕ ਮਨਾਉਣ ਲਈ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਡਾਕਟਰ ਰਾਜਕੁਮਾਰ ਜੱਸਲ ਨੂੰ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ, ਅੰਬੇਡਕਰ ਲੋਕ ਭਲਾਈ ਕਲੱਬ ਦਾ ਪ੍ਰਧਾਨ ਸਰਬਸੰਮਤੀ ਨਾਲ ਬਣਾਇਆ ਗਿਆ।

ਇਸ ਮੌਕੇ ਸ੍ਰੀ ਜੱਸਲ ਨੇ ਕਿਹਾ ਕਿ ਪਹਿਲਾ ਪ੍ਰਧਾਨ ਜਗਸੀਰ ਸਿੰਘ ਦੀ ਅਗਵਾਈ ਹੇਠ ਬਹੁਤ ਵਧੀਆ ਕੰਮ ਹੋਏ ਹਨ। ਹੁਣ ਉਨ੍ਹਾਂ ਨੂੰ ਜੋ ਜਿੰਮੇਵਾਰੀ ਦਿੱਤੀ ਗਈ ਹੈ, ਉਸ ਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਪੂਰਾ ਕੀਤਾ ਜਾਵੇਗ। ਬੱਚਿਆਂ ਨੂੰ ਜਾਗ੍ਰਿਤ ਕੀਤਾ ਜਾਵੇਗਾ। ਡੇਰੇ ਦੇ ਮੁਖੀ ਬਾਬਾ ਜਗਦੀਸ਼ ਜੀ ਦੀ ਕ੍ਰਿਪਾ ਨਾਲ ਡੇਰੇ ਵਿੱਚ ਕੰਮ ਕੀਤੇ ਜਾਣਗੇ। ਡੇਰੇ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੁੰਦੀਆਂ ਹਨ। ਇਸ ਮੌਕੇ ਨਵੇਂ ਚੁਣੇ ਪ੍ਰਧਾਨ ਡਾਕਟਰ ਰਾਜਕੁਮਾਰ ਜੱਸਲ ਵੱਲੋ ਸਾਰਿਆ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਡਾਕਟਰ ਰਾਜਕੁਮਾਰ ਜੱਸਲ ਨੂੰ ਬਾਬਾ ਜਗਜੀਸ ਦਾਸ ਜੀ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਡੀ.ਆਈ.ਜੀ ਨਾਨਕ ਸਿੰਘ ਨੇ ਖਾਨਪੁਰ ਨਜ਼ਦੀਕ ਰੇਲਵੇ ਟਰੈਕ ਉਤੇ ਵਾਪਰੀ ਘਟਨਾ ਦਾ ਲਿਆ ਜਾਇਜ਼ਾ

## ਘਟਨਾ ਸਬੰਧੀ ਗੁੰਮਰਾਹਕੁੰਨ ਤੇ ਤੱਥਹੀਣ ਪੋਸਟਾਂ ਪਾਉਣ ਤੋਂ ਕੀਤਾ ਜਾਵੇ ਗੁਰੇਜ਼, ਐਸ.ਐਸ.ਪੀ ਸ਼ੁਭਮ ਅਗਰਵਾਲ

ਫਤਹਿਗੜ੍ਹ ਸਾਹਿਬ, 24 ਜਨਵਰੀ: (ਹਰਪ੍ਰੀਤ ਕੌਰ ਟਿਵਾਣਾ): ਡੀ.ਆਈ.ਜੀ ਰੂਪਨਗਰ ਰੇਂਜ



ਨਾਨਕ ਸਿੰਘ ਨੇ ਸਰਹਿੰਦ ਦੇ ਰੇਲਵੇ ਟਰੈਕ 'ਤੇ ਬੀਤੀ ਰਾਤ ਹੋਏ ਧਮਾਕੇ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਇਸ ਘਟਨਾ ਦੇ ਕਾਰਨਾਂ ਦੀ ਜਾਂਚ ਅਤੇ ਘਟਨਾ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਪੂਰੀ ਤਰ੍ਹਾਂ ਮੁਸਤੈਦ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਬੀਤੀ ਰਾਤ ਵਾਪਰੀ ਇਸ ਘਟਨਾ ਬਾਰੇ ਸੂਚਨਾ ਮਿਲਦਿਆਂ ਹੀ ਜਿਲ੍ਹਾ ਪੁਲਿਸ ਦੀਆਂ ਟੀਮਾਂ ਨੇ ਮੁਸਤੈਦੀ ਦਿਖਾਉਦਿਆਂ ਵੱਖ-ਵੱਖ ਪਹਿਲੂਆਂ ਨੂੰ ਆਧਾਰ ਬਣਾ ਕੇ ਜਾਂਚ ਸ਼ੁਰੂ ਕਰ ਦਿੱਤੀ ਸੀ ਅਤੇ ਇੰਟਰ ਏਜੰਸੀ ਨਾਲ ਵੀ ਤਾਲਮੇਲ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

ਡੀ.ਆਈ.ਜੀ ਨੇ ਦੱਸਿਆ ਕਿ ਇਸ ਘਟਨਾ ਵਿੱਚ ਕਿਸੇ ਵੀ ਕਿਸਮ ਦਾ ਕੋਈ ਜਾਨੀ ਅਤੇ ਨਾ ਹੀ ਬਹੁਤਾ ਮਾਲੀ ਨੁਕਸਾਨ ਹੋਇਆ ਹੈ। ਉਨ੍ਹਾਂ ਦੱਸਿਆ ਕਿ ਰੇਲ ਇੰਜਣ ਦੇ ਡਰਾਈਵਰ ਦੇ ਮਾਮੂਲੀ ਸੱਟ ਲੱਗੀ ਸੀ ਅਤੇ ਉਹ ਖਤਰੇ ਤੋਂ ਬਾਹਰ ਹੈ ਤੇ ਗੱਲਬਾਤ ਕਰ ਰਿਹਾ ਹੈ।ਡੀ.ਆਈ.ਜੀ ਨਾਨਕ ਸਿੰਘ ਨੇ ਦੱਸਿਆ ਕਿ ਗੱਡੀ ਅਤੇ ਟਰੈਕ ਨੂੰ ਵੀ ਕੋਈ ਬਹੁਤਾ ਨੁਕਸਾਨ ਨਹੀ ਪਹੁੰਚਿਆ। ਉਨ੍ਹਾਂ ਕਿਹਾ ਕਿ ਪੁਲਿਸ ਗਣਤੰਤਰ ਦਿਵਸ ਮੌਕੇ ਕਾਫ਼ੀ ਚੌਕਸ ਹੈ ਅਤੇ ਇਸ ਘਟਨਾ ਦੇ ਹਰ ਪਹਿਲੂ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

ਇਸ ਮੌਕੇ ਜਿਲ੍ਹਾ ਪੁਲਿਸ ਮੁਖੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਰਾਤ ਕਰੀਬ 10 ਵਜੇ ਰੇਲਵੇ ਦੀ ਫੁਟ ਪਲੇਟਿੰਗ ਗੱਡੀ (ਪੈਟਰੋਲਿੰਗ), ਜੋ ਕਿ ਮੰਡੀ ਗੋਬਿੰਦਗੜ੍ਹ ਤੋਂ ਸਰਹਿੰਦ ਵੱਲ ਆ ਰਹੀ ਸੀ ਅਤੇ ਜਦੋਂ ਉਹ ਰਾਤ ਪਿੰਡ ਖਾਨਪੁਰ ਨੇੜਲੇ ਰੇਲਵੇ ਟਰੈਕ, ਜੋ ਕਿ ਸਰਹਿੰਦ ਰੇਲਵੇ ਸਟੇਸ਼ਨ ਤੋਂ ਕਾਫ਼ੀ ਦੂਰ ਹੈ, 'ਤੇ ਪੁੱਜੀ ਤਾਂ ਉਥੇ ਇੱਕ ਲੋਅ ਇੰਟੈਸਟੀ ਧਮਾਕਾ ਹੋਇਆ ਜਿਸ ਕਾਰਨ ਕਿਸੇ ਵੀ ਤਰ੍ਹਾਂ ਦਾ ਜਾਨੀ ਜਾਂ ਮਾਲੀ ਨੁਕਸਾਨ ਨਹੀ ਹੋਇਆ। ਉਨ੍ਹਾਂ ਦੱਸਿਆ ਕਿ ਰੇਲਵੇ ਟਰੈਕ ਥੋੜਾ ਨੁਕਸਾਨਗ੍ਰਸਤ ਹੋਇਆ ਸੀ ਪਰ ਹੁਣ ਉਸਨੂੰ ਦਰੁਸਤ ਕਰਵਾਇਆ ਜਾ ਚੁੱਕਾ ਹੈ ਤੇ ਰੇਲਵੇ ਆਵਾਜਾਈ ਆਮ ਵਾਂਗ ਚੱਲ ਰਹੀ ਹੈ।

ਐਸ.ਐਸ.ਪੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਜਿਲ੍ਹਾ ਫਤਹਿਗੜ੍ਹ ਸਾਹਿਬ ਦੀ ਪੁਲਿਸ, ਜੀ.ਆਰ.ਪੀ, ਆਰ.ਪੀ.ਐਫ, ਫੋਰੈਂਸਿਕ ਟੀਮਾਂ ਘਟਨਾ ਸਥਾਨ 'ਤੇ ਪੁੱਜੀਆਂ ਤੇ ਇਸ ਸਬੰਧੀ ਐਫ.ਆਈ.ਆਰ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਗੱਡੀ ਦਾ ਸ਼ੀਸ਼ਾ ਨੁਕਸਾਨਗ੍ਰਸਤ ਹੋਇਆ ਸੀ ਅਤੇ ਡਰਾਈਵਰ ਦੇ ਮਾਮੂਲੀ ਸੱਟ ਹੀ ਲੱਗੀ ਸੀ।ਉਨ੍ਹਾਂ ਕਿਹਾ ਕਿ ਜਾਂਚ ਟੀਮਾਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਪੜਤਾਲ ਕਰ ਰਹੀਆਂ ਹਨ ਅਤੇ ਜਲਦੀ ਹੀ ਦੋਸ਼ੀ ਸਲਾਖਾਂ ਪਿੱਛੇ ਹੋਣਗੇ।

ਇਸ ਦੌਰਾਨ ਐਸ.ਐਸ.ਪੀ ਸ਼ੁਭਮ ਅਗਰਵਾਲ ਨੇ ਸਖਤ ਸ਼ਬਦਾਂ ਵਿੱਚ ਤਾੜਨਾ ਦਿੰਦਿਆਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਇਸ ਘਟਨਾ ਸਬੰਧੀ ਗੁੰਮਰਾਹਕੁੰਨ ਤੇ ਤੱਥਹੀਣ ਪੋਸਟਾਂ ਅਪਲੋਡ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ਼ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਐਸ.ਐਸ.ਪੀ ਸ਼ੁਭਮ ਅਗਰਵਾਲ ਨੇ ਕਿਹਾ ਕਿ ਗਣਤੰਤਰ ਦਿਵਸ ਦੇ ਮੱਦੇਨਜ਼ਰ ਜਿਲ੍ਹੇ 'ਚ ਸੀਨੀਅਰ ਪੁਲਿਸ ਅਫਸਰਾਂ ਦੀ ਅਗਵਾਈ ਹੇਠ 24 ਘੰਟੇ ਪੁਲਿਸ ਟੀਮਾਂ ਸਰਗਰਮ ਹਨ ਤੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਅਮਨ ਤੇ ਕਾਨੂੰਨ ਭੰਗ ਕਰਨ ਦੀ ਆਗਿਆ ਨਹੀ ਦਿੱਤੀ ਜਾਵੇਗੀ।

ਇਸ ਮੌਕੇ ਡੀ.ਐਸ.ਪੀ ਜਸਕੀਰਤ ਸਿੰਘ ਤੇ ਕੁਲਬੀਰ ਸਿੰਘ ਸਮੇਤ ਹੋਰ ਪੁਲਿਸ ਅਧਿਕਾਰੀ ਵੀ ਮੌਜੂਦ ਸਨ।

# ਆਈਟੀ ਸਿਟੀ ਅਲਾਟੀਆਂ 'ਤੇ ਐਨਹੈਸਮੈਂਟ ਚਾਰਜ ਲੋਕਾਂ ਨਾਲ ਧੋਖਾ: ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਕਿਹਾ:

## ਗਮਾਡਾ ਖੁਦ ਭਰੇ ਐਨਹਾਂਸਮੈਂਟ ਦੇ ਪੈਸੇ

ਮੋਹਾਲੀ, 24 ਦਸੰਬਰ (ਹਰਦੀਪ ਕੌਰ): ਏਅਰਪੋਰਟ ਰੋਡ ਸਥਿਤ ਗਮਾਡਾ ਦੀ ਆਈਟੀ ਸਿਟੀ ਸਕੀਮ ਦੇ ਅਲਾਟੀਆਂ 'ਤੇ 7845 ਰੁਪਏ ਪ੍ਰਤੀ ਵਰਗ ਗਜ ਐਨਹੈਸਮੈਂਟ ਚਾਰਜ ਲਗਾਉਣ ਦੇ ਫ਼ੈਸਲੇ ਦੀ ਮੋਹਾਲੀ ਦੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੇ ਕੜੀ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਇਸ ਫ਼ੈਸਲੇ ਨੂੰ ਰਾਜ ਸਰਕਾਰ ਅਤੇ ਗਮਾਡਾ ਦੀ ਲੋਕ ਵਿਰੋਧੀ ਨੀਤੀ ਕਰਾਰ ਦਿੰਦਿਆਂ ਕਿਹਾ ਕਿ ਇਹ ਅਲਾਟੀਆਂ 'ਤੇ ਸਿੱਧਾ ਆਰਥਿਕ ਪ੍ਰਹਾਰ ਹੈ।

ਡਿਪਟੀ ਮੇਅਰ ਨੇ ਕਿਹਾ ਕਿ 22 ਜਨਵਰੀ ਨੂੰ ਅਸਟੇਟ ਅਫ਼ਸਰ (ਪਲਾਟ) ਵੱਲੋਂ ਜਾਰੀ ਪੱਤਰ ਸਾਫ਼ ਕਰਦਾ ਹੈ ਕਿ ਗਮਾਡਾ ਹੁਣ ਵਿਕਾਸ ਅਥਾਰਟੀ ਨਹੀ, ਬਲਕਿ ਇੱਕ ਪ੍ਰਾਪਰਟੀ ਡੀਲਰ ਵਾਂਗ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ 12 ਜਨਵਰੀ ਨੂੰ ਹੋਈ ਗਮਾਡਾ ਅਥਾਰਟੀ ਦੀ 38ਵੀਂ ਮੀਟਿੰਗ ਵਿੱਚ 'ਆਈਟੀ ਸਿਟੀ ਸਕੀਮ ਅਧੀਨ ਮੌਜੂਦਾ ਅਲਾਟੀਆਂ/ਟ੍ਰਾਂਸਫ਼ਰੀਆਂ ਤੋਂ ਵਾਧੂ ਕੀਮਤ ਦੀ ਵਸੂਲੀ ਦੇ ਏਜੰਡੇ ਨੂੰ ਮਨਜ਼ੂਰੀ ਦੇ ਕੇ ਲੋਕਾਂ 'ਤੇ ਵੱਡਾ ਆਰਥਿਕ ਬੋਝ ਲਾਇਆ ਗਿਆ ਹੈ।

ਕੁਲਜੀਤ ਸਿੰਘ ਬੇਦੀ ਨੇ ਕਿਹਾ



ਕਿ ਸਾਲ 2018 ਵਿੱਚ ਆਈਟੀ ਸਿਟੀ ਸਕੀਮ ਲਾਂਚ ਸਮੇਂ ਪਲਾਟਾਂ ਦੀ ਕੀਮਤ 25 ਹਜ਼ਾਰ ਰੁਪਏ ਪ੍ਰਤੀ ਵਰਗ ਗਜ ਤੈਅ ਸੀ, ਜਦਕਿ ਆਉਸਟੀਜ਼ ਕੋਟੇ ਹੇਠ ਕਿਸਾਨਾਂ ਨੂੰ 13,500 ਰੁਪਏ ਪ੍ਰਤੀ ਵਰਗ ਗਜ ਦੇ ਹਿਸਾਬ ਨਾਲ ਪਲਾਟ ਦਿੱਤੇ ਗਏ। ਅੱਠ ਸਾਲ ਬਾਅਦ ਹੁਣ ਲੱਖਾਂ ਰੁਪਏ ਵਾਧੂ ਮੰਗਣਾ ਅਲਾਟੀਆਂ ਨਾਲ ਸਾਫ਼ ਧੋਖਾ ਹੈ।

ਉਨ੍ਹਾਂ ਕਿਹਾ ਕਿ ਇੱਕ ਵਾਰ ਵੇਚੀ ਜਾ ਚੁੱਕੀ ਜਾਇਦਾਦ 'ਤੇ ਸਾਲਾਂ ਬਾਅਦ ਦੁਬਾਰਾ ਐਨਹੈਸਮੈਂਟ ਚਾਰਜ ਲਗਾਉਣਾ ਨਿਆਂਸੰਗਤ ਨਹੀ। ਸਰਕਾਰ ਇੱਕ ਪਾਸੇ ਰਾਹਤ ਦੀਆਂ ਗੱਲਾਂ ਕਰਦੀ ਹੈ ਤੇ ਦੂਜੇ ਪਾਸੇ ਲੋਕਾਂ 'ਤੇ ਨਵਾਂ ਬੋਝ ਪਾ ਰਹੀ ਹੈ।

ਡਿਪਟੀ ਮੇਅਰ ਨੇ ਦੋਸ਼ ਲਗਾਇਆ ਕਿ ਗਮਾਡਾ ਰਿਹਾਇਸ਼ੀ ਪਲਾਟਾਂ ਨਾਲੋਂ ਕਈ ਗੁਣਾ ਮਹਿੰਗੇ ਰੇਟਾਂ 'ਤੇ ਕਮਰਸ਼ੀਅਲ ਪ੍ਰਾਪਰਟੀ ਵੇਚ ਕੇ ਸੈਂਕੜੇ ਕਰੋੜ ਰੁਪਏ ਕਮਾ ਰਹੀ ਹੈ। ਜੇਕਰ ਗਮਾਡਾ ਇੰਨੀ ਕਮਾਈ ਕਰ ਰਹੀ ਹੈ ਤਾਂ ਐਨਹੈਸਮੈਂਟ ਦੀ ਰਕਮ ਆਪਣੇ ਮੁਨਾਫ਼ੇ ਵਿਚੋਂ ਕਿਉ ਨਹੀ ਭਰਦੀ। ਉਹਨਾਂ ਕਿਹਾ ਕਿ ਇਹੀ ਨਹੀ ਆਉਂਦੇ ਦਿਨਾਂ ਵਿੱਚ ਗਮਾਡਾ ਨੇ ਮੋਹਾਲੀ ਦੀ ਜਾਇਦਾਦ ਵੇਚਣ ਵਾਸਤੇ ਹਜ਼ਾਰਾਂ ਕਰੋੜ ਰੁਪਏ ਦੀ ਨਿਲਾਮੀ ਰੱਖੀ ਹੈ, ਤਾਂ ਉਹਨਾਂ ਪੈਸਿਆਂ ਵਿੱਚੋਂ ਵੀ ਅਐਨਹਾਸਮੈਂਟ ਦੇ ਕੇ ਅਲਾਟੀਆਂ ਨੂੰ ਰਾਹਤ ਦਿੱਤੀ ਜਾ ਸਕਦੀ ਹੈ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਰਾਜ ਸਰਕਾਰ ਅਤੇ ਗਮਾਡਾ ਨੇ ਇਹ ਫ਼ੈਸਲਾ ਤੁਰੰਤ ਵਾਪਸ ਨਾ ਲਿਆ ਤਾਂ ਆਈਟੀ ਸਿਟੀ ਦੇ ਅਲਾਟੀਆਂ ਵੱਲੋਂ ਵੱਡਾ ਸੰਘਰਸ਼ ਹੋ ਸਕਦਾ ਹੈ, ਜਿਸ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਅਤੇ ਗਮਾਡਾ ਦੀ ਹੋਵੇਗੀ।

### ਐਨ.ਐਸ.ਐਸ ਵਿਭਾਗ ਅਤੇ ਈ.ਐਲ.ਸੀ ਸੈਲ ਵੱਲੋਂ ਮਨਾਇਆ ਗਿਆ ਨੈਸ਼ਨਲ ਵੋਟਰ-ਡੇ

ਸੁਨਾਮ ਊਧਮ ਸਿੰਘ ਵਾਲਾ, 24 ਜਨਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਪੰਜਾਬੀ ਯੂਨੀਵਰਸਿਟੀ ਪਟਿਆਲਾ ਐਨਐਸਐਸ ਤੇ ਜ਼ਿਲ ਚੋਣ ਅਫਸਰ ਸੰਗਰੂਰ ਦੇ ਆਦੇਸ਼ਾਂ ਅਨੁਸਾਰ ਪ੍ਰਿੰਸੀਪਲ ਡੀਡੀਓ ਰੋਮੀ ਗਰਗ ਜੀ ਦੀ ਰਹਿਨੁਮਾਈ ਹੇਠ ਐਨਐਸਐਸ ਵਿਭਾਗ ਅਤੇ ਈਐਲਸੀ ਸੈੱਲ ਵੱਲੋਂ ਸਾਂਝੇ ਤੌਰ ਤੇ ਨੈਸ਼ਨਲ ਵੋਟਰ ਡੇ 2026 ਮਨਾਇਆ ਗਿਆ। ਉਨਾਂ ਨੇ ਵਲੰਟੀਅਰਜ ਨੂੰ ਆਪਣੀ ਵੋਟ ਦੇ ਅਧਿਕਾਰ ਬਾਰੇ ਜਾਣੂ ਕਰਵਾਇਆ ਐਨਐਸਐਸ ਪ੍ਰੋਗਰਾਮ ਅਫਸਰ ਡਾ. ਮਨੀਤਾ ਜੋਸ਼ੀ ਤੇ ਈ ਐਲਸੀ ਸੈਲ ਇੰਚਾਰਜ ਡਾ. ਧਰਮਿੰਦਰ ਸਿੰਘ ਨੇ ਵੀ ਮੇਰੀ ਵੋਟ ਮੇਰਾ ਅਧਿਕਾਰ ਵਿਸ਼ੇ ਤੇ ਵਲੰਟੀਅਰ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਪੋਸਟਰ ਮੇਕਿੰਗ ਮੁਕਾਬਲੇ 'ਚ ਰਮਨਦੀਪ ਕੌਰ ਪਹਿਲਾਂ ਸਥਾਨ ਸੁਨੈਨਾ ਦੂਸਰਾ ਸਥਾਨ ਪੂਨਮ ਰਾਣੀ ਤੀਸਰਾ ਸਥਾਨ ਲਵਪ੍ਰੀਤ ਕੌਰ ਨੇ ਚੌਥਾ ਸਥਾਨ ਲੇਖ ਮੁਕਾਬਲੇ 'ਚ ਮੁਸਕਾਨ ਪਹਿਲਾ ਸਥਾਨ ਪੰਥਪ੍ਰੀਤ ਸਿੰਘ ਪਹਿਲਾ ਸਥਾਨ ਲਵਪ੍ਰੀਤ ਕੌਰ ਦੂਸਰਾ ਸਥਾਨ ਰਮਨਦੀਪ ਕੌਰ ਤੀਸਰੇ ਸਥਾਨ ਤੇ ਰਹੀ ਤਰਕ ਵਿਤਰਕ ਮੁਕਾਬਲੇ ਵਿੱਚ ਰਮਨਪ੍ਰੀਤ ਕੌਰ ਪਹਿਲਾ ਸਥਾਨ ਰਾਧਿਕਾ ਦੂਸਰਾ ਸਥਾਨ ਖੁਸ਼ਪ੍ਰੀਤ ਕੌਰ ਤੀਸਰਾ ਸਥਾਨ ਜਸਪ੍ਰੀਤ ਕੌਰ ਚੌਥੇ ਸਥਾਨ ਤੇ ਰਹੇ ਪ੍ਰੋਗਰਾਮ ਦੇ ਅਖੀਰ ਵਿੱਚ ਸਮੂਹ ਸਟਾਫ ਤੇ ਵਲੰਟੀਅਰਸ ਵੱਲੋਂ ਵੋਟ ਤੇ ਸੌਂ ਚੁੱਕੀ ਗਈ ਇਸ ਮੌਕੇ ਜੱਜਾਂ ਦੀ ਭੂਮਿਕਾ ਡਾਕਟਰ ਪਰਮਿੰਦਰ ਕੌਰ ਡਾਕਟਰ ਕੁਲਦੀਪ ਸਿੰਘ ਬਾਈਆ ਡਾਕਟਰ ਮੀਨਾਕਸ਼ੀ ਪੁਰੀ ਵੱਲੋਂ ਨਿਭਾਈ ਗਈ।

# ਗਣਤੰਤਰ ਦਿਵਸ ਦੇ ਮੱਦੇਨਜਰ ਐਸ.ਐਸ.ਪੀ ਫਰੀਦਕੋਟ ਡਾ. ਪਰ੍ਗਿਆ ਜੈਨ ਵੱਲੋਂ ਪੁਲਿਸ ਬਲਾ ਨਾਲ ਫਰੀਦਕੋਟ ਸ਼ਹਿਰ ਅੰਦਰ ਕੀਤਾ ਗਿਆ ਪੈਦਲ ਫਲੈਗ ਮਾਰਚ

ਫਰੀਦਕੋਟ, 24 ਜਨਵਰੀ (ਅਵਤਾਰ ਸਿੰਘ ਮੱਲਾ): ਆਗਾਮੀ ਗਣਤੰਤਰ ਦਿਵਸ ਦੇ ਮੱਦੇਨਜਰ ਫਰੀਦਕੋਟ ਪੁਲਿਸ ਵੱਲੋ ਡਾ.



ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਜੀ ਦੀ ਅਗਵਾਈ ਹੇਠ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਇਸੇ ਤਹਿਤ ਅੱਜ ਜਿਲ੍ਹੇ ਅੰਦਰ ਅਮਨ-ਕਾਨੂੰਨ ਦੀ ਸਥਿਤੀ ਨੂੰ ਹੋਰ ਮਜਬੂਤ ਕਰਨ ਅਤੇ ਲੋਕਾਂ ਅੰਦਰ ਸੁਰੱਖਿਆ ਦੀ ਭਾਵਨਾ ਨੂੰ ਪੈਦਾ ਕਰਨ ਲਈ ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋਂ ਸੁਰੱਖਿਆ ਬਲਾ ਦੇ ਨਾਲ ਫਰੀਦਕੋਟ ਸ਼ਹਿਰ ਦੇ ਵੱਖ-ਵੱਖ ਇਲਾਕਿਆ ਅੰਦਰ ਫਲੈਗ ਮਾਰਚ ਕੀਤਾ ਗਿਆ।

ਇਸ ਫਲੈਗ ਮਾਰਚ ਵਿੱਚ ਉਹਨਾਂ ਨਾਲ ਗਜਟਿਡ ਪੁਲਿਸ ਅਧਿਕਾਰੀਆਂ ਸਮੇਤ ਏ.ਆਰ.ਪੀ ਟੀਮਾਂ, ਟ੍ਰੈਫਿਕ ਕਰਮਚਾਰੀਆਂ, ਪੀ.ਸੀ.ਆਰ ਟੀਮਾਂ ਅਤੇ 250 ਦੇ ਕਰੀਬ ਪੁਲਿਸ ਕਰਮਚਾਰੀਆਂ ਵੀ ਸਾਮਿਲ ਹੋਏ। ਇਸ ਫਲੈਗ ਮਾਰਚ ਦੀ ਸ਼ੁਰੂਆਤ ਫਰੀਦਕੋਟ ਦੇ ਕਿਲ੍ਹਾ ਮੁਬਾਰਕ ਚੌਕ ਵਿੱਚੋ ਹੋਈ ਅਤੇ ਇਹ ਫਲੈਗ ਮਾਰਚ, ਹੁੱਕੀ ਚੌਕ, ਜੁਬਲੀ ਚੌਕ ਅਤੇ ਭਾਈ ਘਨੱਈਆ ਚੌਕ ਹੁੰਦਾ ਹੋਇਆ ਸ਼ਹਿਰ ਦੇ ਹੋਰ ਇਲਾਕਿਆ ਵਿੱਚੋ ਦੀ ਲੰਘਿਆ।

ਇਸ ਦੌਰਾਨ ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਗਣਤੰਤਰ ਦਿਵਸ ਦੇ ਮੱਦੇਨਜਰ ਫਰੀਦਕੋਟ ਪੁਲਿਸ ਵੱਲੋ ਸੁਰੱਖਿਆ ਪ੍ਰਬੰਧਾ ਨੂੰ ਦੇਖਦੇ ਹੋਏ 500 ਦੇ ਕਰੀਬ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ ਅਤੇ ਫਰੀਦਕੋਟ ਪੁਲਿਸ ਵੱਲੋਂ ਸਖਤ ਨਾਕਾਬੰਦੀਆਂ, ਗਸ਼ਤਾਂ ਅਤੇ ਸੀ.ਸੀ.ਟੀ.ਵੀ ਕੈਮਰਿਆ ਅਤੇ ਡਰੋਨ ਕੈਮਰਿਆਂ ਰਾਹੀ ਸ਼ੱਕੀ ਗਤੀਵਿਧੀਆਂ ਤੇ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਦੇ ਨਾਲ ਹੀ ਉਹਨਾ ਦੱਸਿਆ ਕਿ ਇਥੇ ਆਉਣ ਵਾਲੀ ਪਬਲਿਕ ਨੂੰ ਟ੍ਰੈਫਿਕ ਸਬੰਧੀ ਕੋਈ ਸਮੱਸਿਆਂ ਨਾ ਆਉਣ ਸਬੰਧੀ ਵੀ ਪੁਖਤਾ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਪਬਲਿਕ ਨੂੰ ਟ੍ਰੈਫਿਕ ਸਬੰਧੀ ਕੋਈ ਵੀ ਦਿੱਕਤ ਪੇਸ਼ ਨਾ ਆਵੇ। ਇਸ ਦੇ ਨਾਲ ਹੀ ਉਹਨਾ ਵੱਲੋਂ ਪਬਲਿਕ ਨੂੰ ਅਪੀਲ ਕੀਤੀ ਗਈ ਕਿ ਜੇਕਰ ਉਹਨਾ ਨੂੰ ਕੋਈ ਵੀ ਲਵਾਰਿਸ ਵਸਤੂ ਜਾਂ ਸ਼ੱਕੀ ਵਿਅਕਤੀ ਦਿਖਾਈ ਦੇਵੇ ਤਾਂ ਉਹ ਇਸ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ।

ਇਸ ਮੌਕੇ ਉਹਨਾ ਨਾਲ ਸ੍ਰੀ ਜੋਗੇਸ਼ਵਰ ਸਿੰਘ ਗੋਰਾਇਆ ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ, ਸ੍ਰੀ ਰਮਨਦੀਪ ਸਿੰਘ ਐਸ.ਪੀ(ਐਨ.ਡੀ.ਪੀ.ਐਸ) ਫਰੀਦਕੋਟ, ਸਮੇਤ ਜਿਲ੍ਹਾ ਦੇ ਗਜਟਿਡ ਰੈਂਕ ਦੇ ਪੁਲਿਸ ਅਧਿਕਾਰੀ ਅਤੇ ਥਾਣਿਆ ਦੇ ਮੁੱਖ ਅਫਸਰ ਥਾਣਾ ਵੀ ਮੌਜੂਦ ਸਨ।

# ਮਨਰੇਗਾ ਗ਼ਰੀਬਾਂ ਦੀ ਜੀਵਨ ਰੇਖਾ, ਇਸਨੂੰ ਖਤਮ ਕਰਨ ਦੀ ਸਾਜਿਸ਼ ਕਦੇ ਕਾਮਯਾਬ ਨਹੀਂ ਹੋਣ ਦਿਆਂਗੇ: ਬਲਬੀਰ ਸਿੱਧੂ



ਮੋਹਾਲੀ, 24 ਦਸੰਬਰ (ਹਰਦੀਪ ਕੌਰ): ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਸਿਹਤ ਮੰਤਰੀ ਪੰਜਾਬ ਸ. ਬਲਬੀਰ ਸਿੱਧੂ ਨੇ ਅੱਜ "ਮਨਰੇਗਾ ਬਚਾਓ ਸੰਗਰਾਮ" ਦੇ ਤਹਿਤ ਪਿੰਡ ਕੁਰੜਾ, ਮੋਟੇ ਮਾਜਰਾ, ਤੰਗੋਰੀ, ਕੁਰੜੀ, ਸ਼ੇਖਣ ਮਾਜਰਾ, ਨਾਗਰੀ ਅਤੇ ਗੀਗੇ ਮਾਜਰਾ ਵਿੱਚ ਪੰਚਾਇਤ ਮੈਂਬਰਾਂ ਅਤੇ ਪਿੰਡ ਵਾਸੀਆਂ ਨਾਲ ਅਹਿਮ ਮੀਟਿੰਗਾਂ ਕਰਦਿਆਂ ਇੱਕ ਵਿਸ਼ਾਲ ਜਾਗਰੂਕਤਾ ਮੁਹਿੰਮ ਚਲਾਈ।

ਇਨ੍ਹਾਂ ਮੀਟਿੰਗਾਂ ਦੌਰਾਨ ਕੇਂਦਰ ਦੀ ਮੋਦੀ ਸਰਕਾਰ ਦੀ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ ਅਤੇ ਗਰੀਬ ਵਿਰੋਧੀ ਨੀਤੀਆਂ ਦੀ ਤਿੱਖੀ ਨਿੰਦਾ ਕੀਤੀ ਗਈ। ਬਲਬੀਰ ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਸਕੀਮ ਦੇ ਫੰਡ ਪਹਿਲਾਂ ਜਾਣ-ਬੁੱਝ ਕੇ ਰੋਕੇ ਗਏ ਸਨ, ਤਾਂ ਜੋ ਇਸ ਲੋਕ-ਹਿੱਤ ਯੋਜਨਾ ਨੂੰ ਹੌਲੀ-ਹੌਲੀ ਖਤਮ ਕੀਤਾ ਜਾ ਸਕੇ। ਇਸਦਾ ਸਿੱਧਾ ਨੁਕਸਾਨ ਪਿੰਡਾਂ ਦੇ ਗਰੀਬ ਮਜ਼ਦੂਰਾਂ, ਦਲਿਤਾਂ, ਔਰਤਾਂ ਅਤੇ ਨਿਰਭਰ ਪਰਿਵਾਰਾਂ ਨੂੰ ਹੋ ਰਿਹਾ ਹੈ।

ਉਨ੍ਹਾਂ ਕਿਹਾ ਕਿ ਮਨਰੇਗਾ ਗਰੀਬਾਂ ਅਤੇ ਮਜ਼ਦੂਰ ਵਰਗ ਦੀ ਲਾਈਫਲਾਈਨ ਹੈ, ਪਰ ਕੇਂਦਰ ਦੀ ਭਾਜਪਾ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਗਰੀਬਾਂ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਜਿਸਨੂੰ ਕਾਂਗਰਸ ਪਾਰਟੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀ ਕਰੇਗੀ। ਸਿੱਧੂ ਨੇ ਕਿਹਾ ਕਿ ਪਹਿਲਾਂ, ਮਨਰੇਗਾ ਅਧੀਨ ਕੁੱਲ ਫੰਡਾਂ ਦਾ ਲਗਭਗ 90 ਪ੍ਰਤੀਸ਼ਤ ਕੇਂਦਰ ਸਰਕਾਰ ਤੋਂ ਆਉਂਦਾ ਸੀ, ਪਰ ਨਵੇਂ ਬਿੱਲ ਨੇ ਇਸ ਨੂੰ ਘਟਾ ਕੇ ਸਿਰਫ 60 ਪ੍ਰਤੀਸ਼ਤ ਕਰ ਦਿੱਤਾ ਹੈ। ਇਸ ਨਾਲ ਰਾਜਾਂ 'ਤੇ ਵਿੱਤੀ ਬੋਝ ਵਧੇਗਾ ਅਤੇ ਉਨ੍ਹਾਂ ਦੀਆਂ ਪਹਿਲਾਂ ਤੋਂ ਹੀ ਕਮਜ਼ੋਰ ਅਰਥਵਿਵਸਥਾਵਾਂ 'ਤੇ ਵਾਧੂ ਦਬਾਅ ਪਵੇਗਾ। ਸਿੱਧੂ ਨੇ ਕਿਹਾ ਕਿ ਮਨਰੇਗਾ ਦਾ ਨਾਂ ਬਦਲਣਾ ਅਤੇ ਨਿਯਮਾਂ ਵਿੱਚ ਕੀਤੀਆਂ ਤਬਦੀਲੀਆਂ ਮਜ਼ਦੂਰ ਵਰਗ ਦੇ ਹਿੱਤਾਂ 'ਤੇ ਸਿੱਧਾ ਹਮਲਾ ਹਨ। ਇਹ ਯੋਜਨਾ ਕਾਂਗਰਸ ਪਾਰਟੀ ਦੀ ਇਤਿਹਾਸਕ ਦੇਣ ਹੈ, ਜਿਸ ਨਾਲ ਲੱਖਾਂ ਪਰਿਵਾਰਾਂ ਨੂੰ ਰੁਜ਼ਗਾਰ ਮਿਲਿਆ, ਪਰ ਭਾਜਪਾ ਸਰਕਾਰ ਇਸ ਸੱਚ ਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਿੰਡਾਂ ਦਾ ਵਿਕਾਸ ਹੋਇਆ ਅਤੇ ਮਜ਼ਦੂਰਾਂ ਨੂੰ ਸ਼ਹਿਰਾਂ ਵੱਲ ਮਾਈਗ੍ਰੇਸ਼ਨ ਤੋਂ ਰਾਹਤ ਮਿਲੀ। ਕੇਂਦਰ ਸਰਕਾਰ ਇਸ ਸੱਚ ਨੂੰ ਸਹਿਣ ਨਹੀ ਕਰ ਪਾ ਰਹੀ ਅਤੇ ਇਸੇ ਲਈ ਸਕੀਮ ਦੀ ਪਹਿਚਾਣ ਮਿਟਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਕਿ ਬਹੁਤ ਹੀ ਸ਼ਰਮਨਾਕ ਹੈ। ਉਨ੍ਹਾਂ ਕਿਹਾ ਕਿ ਦੇਸ਼ ਭਰ ਤੋਂ ਮਜ਼ਦੂਰ ਆਪਣਾ ਦਰਦ ਬਿਆਨ ਕਰ ਰਹੇ ਹਨ ਕਿਤੇ ਮਜ਼ਦੂਰੀ ਮਹੀਨਿਆਂ ਤੱਕ ਅਟਕੀ ਹੋਈ ਹੈ, ਕਿਤੇ ਆਨਲਾਈਨ ਹਾਜ਼ਰੀ ਅਤੇ ਤਕਨੀਕੀ ਨਿਯਮਾਂ ਦੇ ਨਾਂ 'ਤੇ ਗਰੀਬਾਂ ਨੂੰ ਕੰਮ ਤੋਂ ਬਾਹਰ ਕੀਤਾ ਜਾ ਰਿਹਾ ਹੈ। ਹੁਣ ਕੇਂਦਰ ਵਲੋਂ ਇਸ ਸਕੀਮ ਦਾ ਨਾਮ ਬਦਲਣ ਅਤੇ ਇਸ ਵਿੱਚ ਬਦਲਾਵ ਲਿਆਉਣ ਦੇ ਕਦਮ ਮਨਰੇਗਾ ਨੂੰ ਕਾਗਜ਼ੀ ਯੋਜਨਾ ਬਣਾਉਣ ਦੀ ਸਾਜ਼ਿਸ਼ ਦਾ ਹੀ ਹਿੱਸਾ ਹਨ।

ਬਲਬੀਰ ਸਿੱਧੂ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਕਾਂਗਰਸ ਮਜ਼ਦੂਰਾਂ ਦੇ ਹੱਕਾਂ ਦੀ ਲੜਾਈ ਸੜਕ ਤੋਂ ਲੈ ਕੇ ਸੰਸਦ ਤੱਕ ਲੜੇਗੀ ਅਤੇ ਮਨਰੇਗਾ ਸਕੀਮ ਨੂੰ ਮੁੜ ਪੂਰੀ ਤਰ੍ਹਾਂ ਬਹਾਲ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖੇਗੀ। ਕਾਂਗਰਸ ਮੰਗ ਕਰਦੀ ਹੈ ਕਿ ਕੇਂਦਰ ਸਰਕਾਰ ਤੁਰੰਤ ਫੰਡ ਜਾਰੀ ਕਰੇ, 100 ਦਿਨਾਂ ਦਾ ਕੰਮ ਯਕੀਨੀ ਬਣਾਏ ਅਤੇ ਮਜ਼ਦੂਰੀ ਦੀ ਸਮੇਂ ਸਿਰ ਅਦਾਇਗੀ ਕਰੇ।ਇਸ ਮੌਕੇ ਪੰਚਾਇਤ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਵੀ ਕੇਂਦਰ ਸਰਕਾਰ ਦੀ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਗਟ ਕੀਤਾ ਅਤੇ ਮਨਰੇਗਾ ਨੂੰ ਬਚਾਉਣ ਲਈ ਕਾਂਗਰਸ ਪਾਰਟੀ ਦੇ ਸੰਘਰਸ਼ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦਾ ਐਲਾਨ ਕੀਤਾ।

# ਝੱਖੜ ਤੇ ਮੀਂਹ ਸਾਹਮਣੇ ਡਟਿਆ ਪਾਵਰਕਾਮ: ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਕਰਮਚਾਰੀਆਂ ਦੀ ਅਟੁੱਟ ਸੇਵਾ ਭਾਵਨਾ

ਚੰਡੀਗੜ੍ਹ, 24 ਜਨਵਰੀ (ਚ.ਨ.ਸ.): ਪੰਜਾਬ ਭਰ ਵਿੱਚ 23 ਜਨਵਰੀ ਨੂੰ ਵੱਖ-ਵੱਖ ਥਾਵਾਂ 'ਤੇ ਹੋਈ ਜ਼ਬਰਦਸਤ ਬਾਰਿਸ਼ ਅਤੇ ਤੇਜ਼ ਝੱਖੜ ਕਾਰਨ ਆਮ ਜਨ ਜੀਵਨ ਬਹੁਤ ਹੀ ਗੰਭੀਰ ਤੌਰ 'ਤੇ ਪ੍ਰਭਾਵਿਤ ਹੋਇਆ। ਇਸ ਕੁਦਰਤੀ ਆਫ਼ਤ ਦਾ ਸਭ ਤੋਂ ਵੱਡਾ ਅਸਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ.ਐਸ.ਪੀ.ਸੀ.ਐਲ.) ਦੇ ਬਿਜਲੀ ਬੁਨਿਆਦੀ ਢਾਂਚੇ 'ਤੇ ਪਿਆ। ਸੂਚਨਾ ਅਨੁਸਾਰ ਕਈ ਥਾਵਾਂ 'ਤੇ ਦਰੱਖ਼ਤ ਬਿਜਲੀ ਦੇ ਖੰਭਿਆਂ ਅਤੇ ਤਾਰਾਂ ਉੱਤੇ ਡਿੱਗ ਗਏ, ਜਿਸ ਕਾਰਨ ਖੰਭਿਆਂ ਦੇ ਢਹਿ ਜਾਣ ਅਤੇ ਤਾਰਾਂ ਦੇ ਟੁੱਟਣ ਨਾਲ ਬਿਜਲੀ ਸਪਲਾਈ ਵਿੱਚ ਵੱਡੇ ਪੱਧਰ 'ਤੇ ਵਿਘਨ ਪਿਆ।

ਇਸ ਮੁਸ਼ਕਲ ਘੜੀ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਦੇ ਇੰਜੀਨੀਅਰਾਂ ਅਤੇ ਕਰਮਚਾਰੀਆਂ ਨੇ ਮਿਸਾਲੀ ਜ਼ਿੰਮੇਵਾਰੀ ਅਤੇ ਸੇਵਾ ਭਾਵਨਾ ਦਾ ਪ੍ਰਦਰਸ਼ਨ ਕੀਤਾ। ਮੀਂਹ, ਹਨੇਰੇ ਅਤੇ ਖ਼ਤਰਨਾਕ ਹਾਲਾਤਾਂ ਦੇ ਬਾਵਜੂਦ, ਆਪਣੀਆਂ ਜਾਨਾਂ ਨੂੰ ਜੋਖਿਮ ਵਿੱਚ ਪਾ ਕੇ ਇਨ੍ਹਾਂ ਕਰਮਚਾਰੀਆਂ ਨੇ ਬਿਜਲੀ ਸਪਲਾਈ ਨੂੰ ਜਲਦੀ ਤੋਂ ਜਲਦੀ ਬਹਾਲ ਕਰਨ ਲਈ ਅਣਥੱਕ ਯਤਨ ਕੀਤੇ।

ਪੰਜਾਬ ਦੇ ਬਿਜਲੀ



ਖਪਤਕਾਰਾਂ ਤੱਕ ਨਿਰੰਤਰ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਪੀ.ਐਸ.ਪੀ.ਸੀ.ਐਲ. ਵੱਲੋਂ ਦਿਨ-ਰਾਤ ਕੀਤੇ ਜਾ ਰਹੇ ਉਪਰਾਲਿਆਂ ਦੇ ਨਤੀਜੇ ਸਪਸ਼ਟ ਤੌਰ 'ਤੇ ਸਾਹਮਣੇ ਆ ਰਹੇ ਹਨ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸੰਚਾਲਨ ਜੋਨ ਦੱਖਣ ਜੋਨ ਦੇ ਮੁੱਖ ਇੰਜੀਨੀਅਰ ਇੰਜੀਨੀਅਰ ਰਤਨ ਮਿਤਲ ਨੇ ਦੱਸਿਆ ਹੈ ਕਿ ਮੀਂਹ ਅਤੇ ਤੂਫ਼ਾਨ ਨਾਲ ਦੱਖਣ ਜੋਨ ਵਿੱਚ ਕਾਰਪੋਰੇਸ਼ਨ ਸ਼ਹਿਰਾਂ ਵਿੱਚ ਬਿਜਲੀ ਸਪਲਾਈ ਦੀਆਂ ਸ਼ਿਕਾਇਤਾਂ 11636 ਵਿਚੋਂ 11552 ਸ਼ਿਕਾਇਤਾਂ ਦੀ ਬਿਜਲੀ ਬਹਾਲ ਹੋ ਗਈ ਹੈ, ਬਾਕੀ ਰਹਿੰਦੀਆਂ 84 ਸ਼ਿਕਾਇਤਾਂ ਲਈ ਇੰਜੀਨੀਅਰ ਅਤੇ ਕਰਮਚਾਰੀ ਦਿਨ ਰਾਤ ਇਕ ਕਰ ਰਹੇ ਹਨ, ਅਤੇ ਜਿਨ੍ਹਾਂ ਥਾਵਾਂ ਤੇ ਬਿਜਲੀ ਦੇ ਪੋਲ ਅਤੇ ਬਿਜਲੀ ਦੇ ਪ੍ਰਮੁੱਖ ਬੁਨਿਆਦੀ ਢਾਂਚੇ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ ਉਹ ਵੀ ਰਾਤ 8:00 ਵਜੇ ਤੱਕ ਸਾਰੀਆਂ ਸ਼ਿਕਾਇਤਾਂ ਹੱਲ ਕਰ ਦਿੱਤੀਆਂ ਜਾਣਗੀਆਂ।

ਕਾਰਪੋਰੇਸ਼ਨ ਦੇ ਆਂਕੜਿਆਂ ਅਨੁਸਾਰ, ਮੀਂਹ ਅਤੇ ਤੂਫ਼ਾਨ ਤੋਂ ਬਾਅਦ ਪੰਜਾਬ ਦੇ ਸਾਰੇ ਕਾਰਪੋਰੇਸ਼ਨ ਸ਼ਹਿਰਾਂ ਵਿੱਚ ਬਿਜਲੀ ਖਪਤਕਾਰਾਂ ਵੱਲੋਂ ਕੁੱਲ 53,432 ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ। ਇਨ੍ਹਾਂ ਵਿੱਚੋਂ 32,508 ਸ਼ਿਕਾਇਤਾਂ ਦਾ ਸਫ਼ਲਤਾਪੂਰਕ ਨਿਪਟਾਰਾ ਰਾਤੀਂ 12 ਵਜੇ ਤੱਕ ਕਰ ਦਿੱਤਾ ਗਿਆ ਸੀ,ਬਾਕੀ 20,924 ਸ਼ਿਕਾਇਤਾਂ ਦੇ ਹੱਲ ਲਈ ਪੀ.ਐਸ.ਪੀ.ਸੀ.ਐਲ. ਦੇ ਇੰਜੀਨੀਅਰਾਂ ਅਤੇ ਨਾਨ-ਟੈਕਨੀਕਲ ਕਰਮਚਾਰੀ ਪੂਰੀ ਨਿਸ਼ਠਾ ਨਾਲ ਮੈਦਾਨ ਵਿੱਚ ਡੱਟੇ ਹੋਏ ਹਨ ਅਤੇ ਬਿਜਲੀ ਖਪਤਕਾਰਾਂ ਦੀ ਸੇਵਾ ਨੂੰ ਆਪਣਾ ਮੁੱਖ ਧਰਮ ਸਮਝਦਿਆਂ ਬਿਜਲੀ ਸਪਲਾਈ ਬਹਾਲ ਕਰਨ ਦੇ ਕਾਰਜ ਵਿੱਚ ਲਗਾਤਾਰ ਜੁਟੇ ਰਹੇ ਅਤੇ ਸਪਲਾਈ ਰੀਸਟੋਰ ਕੀਤੀ ਸਿਵਾਏ ਕੁਝ ਪੋਕਟਸ ਦੇ ਜਿੱਥੇ ਬਿਜਲੀ ਢਾਂਚੇ ਨੂੰ ਪੋਲ ਅਤੇ ਤਾਰਾਂ ਟੁੱਟਣ ਨਾਲ ਵੱਡਾ ਨੁਕਸਾਨ ਹੋਇਆ। ਉਹ ਜੇਬਾਂ ਵੀ ਹਰ ਹੀਲੇ ਸ਼ਾਮ ਤਕ ਰੀਸਟੋਰ ਹੋ ਜਾਣਗੇ।

ਕੁੱਲ ਮਿਲਾ ਕੇ, ਇਹ ਸਾਰਾ ਦ੍ਰਿਸ਼ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਦੇ ਕਰਮਚਾਰੀਆਂ ਦੀ ਨਿਸ਼ਕਾਮ ਸੇਵਾ, ਮਿਹਨਤ ਅਤੇ ਜਨਹਿਤ ਪ੍ਰਤੀ ਅਟੱਲ ਵਚਨਬੱਧਤਾ ਦੀ ਜਿਉਂਦੀ-ਜਾਗਦੀ ਮਿਸਾਲ ਪੇਸ਼ ਕਰਦਾ ਹੈ, ਜੋ ਕਿ ਹਰ ਸਥਿਤੀ ਵਿੱਚ ਪੰਜਾਬ ਦੇ ਬਿਜਲੀ ਖਪਤਕਾਰਾਂ ਦੀ ਸੇਵਾ ਲਈ ਤੱਤਪਰ ਰਹਿੰਦੇ ਹਨ।

# ਕੈਬਨਿਟ ਮੰਤਰੀ ਖੁੱਡੀਆਂ ਨੇ ਹਲਕੇ ਵਿੱਚ ਚੱਲ ਰਹੇ ਵਿਕਾਸ ਦੇ ਕੰਮਾਂ ਸਬੰਧੀ ਕੀਤੀ ਰੀਵਿਊ ਮੀਟਿੰਗ



ਮਲੋਟ, 25 ਜਨਵਰੀ (ਅਮਨਦੀਪ ਸਿੰਘ ਮਹਿਰਾ): ਮਲੋਟ ਸ਼ਹਿਰ ਦੇ ਪਟੇਲ ਨਗਰ ਨੇੜੇ ਡੇਰਾ ਬਾਬਾ ਪ੍ਰੇਮ ਦਾਸ ਦੀ ਗਲੀ ਨੰਬਰ 4 ਵਿੱਚ ਇੱਕ ਗਰੀਬ ਪਰਿਵਾਰ ਦੀ ਝੁੱਗੀ ਨੂੰ ਅਚਾਨਕ ਅੱਗ ਲੱਗ ਗਈ, ਜਿਸ ਕਾਰਨ ਘਰ ਵਿੱਚ ਪਿਆ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ। ਖੁਸ਼ਕਿਸਮਤੀ ਨਾਲ ਘਟਨਾ ਸਮੇਂ ਪਰਿਵਾਰ ਘਰ ਵਿੱਚ ਮੌਜੂਦ ਨਹੀ ਸੀ, ਨਹੀ ਤਾਂ ਵੱਡਾ ਜਾਨੀ ਨੁਕਸਾਨ ਵੀ ਹੋ ਸਕਦਾ ਸੀ। ਪੀੜਤ ਪਰਿਵਾਰ ਦੀ ਮਹਿਲਾ ਪ੍ਰਵੀਨਾ ਪਤਨੀ ਦੀਪਕ ਨੇ ਦੱਸਿਆ ਕਿ ਉਹ ਪਰਿਵਾਰ ਸਮੇਤ ਅਹਿਲਨਾਬਾਦ ਲੋੜੀ ਮੰਗਣ ਅਤੇ ਰਿਸ਼ਤੇਦਾਰਾਂ ਦੇ ਵਿਆਹਾਂ ਦਾ ਸੱਦਾ ਦੇਣ ਗਏ ਹੋਏ ਸਨ।

ਇਸ ਦੌਰਾਨ ਉਨ੍ਹਾਂ ਨੂੰ ਫੋਨ ਰਾਹੀ ਸੂਚਨਾ ਮਿਲੀ ਕਿ ਉਨ੍ਹਾਂ ਦੀ ਝੁੱਗੀ ਨੂੰ ਅੱਗ ਲੱਗ ਗਈ ਹੈ। ਅੱਗ ਕਾਰਨ ਬਾਂਸਾਂ ਅਤੇ ਫੂਸ ਦੀ ਛੱਤ ਵਾਲੀ ਝੁੱਗੀ ਪੂਰੀ ਤਰ੍ਹਾਂ ਸੜ ਗਈ ਅਤੇ ਅੰਦਰ ਪਿਆ ਕੱਪੜਾ, ਦਾਜ ਦਾ ਸਮਾਨ ਅਤੇ ਹੋਰ ਜ਼ਰੂਰੀ ਸਾਮਾਨ ਸੁਆਹ ਹੋ ਗਿਆ। ਪਰਿਵਾਰ ਦੀ ਮੈਂਬਰ ਸਵੀਨਾ ਰਾਣੀ ਨੇ ਦੱਸਿਆ ਕਿ ਉਹ ਸ਼ਾਦੀਆਂ ਵਿੱਚ ਢੋਲ ਵਜਾ ਕੇ ਆਪਣਾ ਗੁਜ਼ਾਰਾ ਕਰਦੇ ਹਨ। ਪਰਿਵਾਰ ਵਿੱਚ ਚਾਰ ਧੀਆਂ ਅਤੇ ਦੋ ਪੁੱਤਰ ਹਨ। ਵੱਡੀ ਧੀ ਦੀ ਉਮਰ ਕਰੀਬ 20 ਸਾਲ ਹੈ, ਜਿਸ ਦਾ ਵਿਆਹ 9 ਫਰਵਰੀ ਨੂੰ ਨਿਧਾਰਤ ਹੈ। ਵਿਆਹ ਲਈ ਇਕੱਠਾ ਕੀਤਾ ਸਾਰਾ ਸਮਾਨ ਅੱਗ ਦੀ ਭੇਟ ਚੜ੍ਹ ਗਿਆ। ਇਸ ਦੁਖਦਾਈ ਘਟਨਾ ਤੋਂ ਬਾਅਦ ਪਰਿਵਾਰ ਵੱਲੋਂ ਕੈਬਨਟ ਮੰਤਰੀ ਡਾ. ਬਲਜੀਤ ਕੌਰ ਕੋਲ ਆਰਥਿਕ ਮਦਦ ਦੀ ਗੁਹਾਰ ਲਗਾਈ ਗਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਐਡਵੋਕੇਟ ਅਮਨ ਨਾਇਕ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਖੁਦ ਕੈਬਨਟ ਮੰਤਰੀ ਡਾ. ਬਲਜੀਤ ਕੌਰ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਉਹ ਖੁਦ ਘਰ ਦੇ ਹਾਲਾਤ ਵੇਖਣ ਪਹੁੰਚੀਆਂ।

ਕੈਬਨਟ ਮੰਤਰੀ ਡਾ. ਬਲਜੀਤ ਕੌਰ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਜ਼ਾਹਰ ਕਰਦੇ ਹੋਏ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਧੀ ਦੇ ਵਿਆਹ ਲਈ ਸਰਕਾਰ ਵੱਲੋਂ ਹਰ ਸੰਭਵ ਮਦਦ ਕੀਤੀ ਜਾਵੇਗੀ ਅਤੇ ਸ਼ਗਨ ਸਕੀਮ ਸਮੇਤ ਹੋਰ ਆਰਥਿਕ ਸਹਾਇਤਾ ਵੀ ਦਿੱਤੀ ਜਾਵੇਗੀ।

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਸਿਹਤਮੰਦ ਰਹਿਣ ਲਈ ਰੋਜ਼ਾਨਾ ਕਰੋ ਸੈਰ

ਅੱਜ ਕੱਲ੍ਹ ਦੀ ਭੱਜ ਦੌੜ ਭਰੀ ਜ਼ਿੰਦਗੀ ’ਚ ਸਿਹਤ ਦਾ ਖਿਆਲ ਰੱਖਣਾ ਬਹੁਤ ਹੀ ਜ਼ਰੂਰੀ ਹੈ। ਕਈ ਵਾਰ ਛੋਟੀ-ਵੱਡੀ ਪਰੇਸ਼ਾਨੀਆਂ ਹੋ ਜਾਂਦੀਆਂ ਹਨ ਅਤੇ ਦਵਾਈਆਂ ਦਾ ਇਸ ’ਤੇ ਕੋਈ ਅਸਰ ਨਹੀਂ ਹੁੰਦਾ। ਅਜਿਹੇ ’ਚ ਸਿਹਤਮੰਦ ਰਹਿਣ ਲਈ ਕੁਝ ਟਿੱਪਸ ਅਪਣਾਏ ਜਾ ਸਕਦੇ ਹਨ। ਜਿਸ ਨਾਲ ਤੁਸੀਂ



ਸਿਹਤ ਨਾਲ ਜੁੜੀ ਬਹੁਤ ਸਾਰੀ ਮੁਸ਼ਕਿਲਾਂ ਨੂੰ ਦੂਰ ਕਰ ਸਕਦੇ ਹੋ।

**ਰੋਜ਼ਾਨਾ ਸੈਰ ਕਰੋ**- ਜੇਕਰ ਤੁਸੀਂ ਸਿਹਤਮੰਦ ਰਹਿਣਾ ਚਾਹੁੰਦੇ ਹੋ ਤਾਂ ਹਰ ਰੋਜ਼ ਸੈਰ ਕਰੋ। ਸੈਰ ਕਰਨ ਨਾਲ ਤੁਹਾਡੇ ਸਰੀਰ ਦੇ ਰੋਮ ਖੁੱਲੇ ਰਹਿੰਦੇ ਹਨ ਜੋ ਤੁਹਾਨੂੰ ਬਿਮਾਰੀਆਂ ਤੋਂ ਬਚਾਉਂਦੇ ਹਨ।

**ਪੌਸ਼ਟਿਕ ਭੋਜਨ ਖਾਓ** - ਪੌਸ਼ਟਿਕ ਭੋਜਨ ਹੀ ਤੁਹਾਨੂੰ ਸਿਹਤਮੰਦ ਰੱਖ ਸਕਦਾ ਹੈ। ਸਿਹਤਮੰਦ ਰਹਿਣ ਲਈ ਮੌਸਮੀ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਜੇਕਰ ਬੇਮੌਸਮੀ ਭੋਜਨ ਖਾਂਦੇ ਹੋ ਤਾਂ ਤੁਹਾਡੇ ਸਰੀਰ ਲਈ ਲਾਹੇਵੰਦ ਹੈ।

**ਨਸ਼ਿਆਂ ਤੋਂ ਦੂਰ ਰਹੋ**- ਨੌਜਵਾਨ ਨਸ਼ਿਆਂ ਦੇ ਸ਼ਿਕਾਰ ਹੋ ਜਾਂਦੇ ਹਨ ਇਸ ਲਈ ਚੰਗੇ ਦੋਸਤ ਬਣਾਓ। ਸਿਹਤਮੰਦ ਰਹਿਣਲਈ ਨਸ਼ਿਆਂ ਤੋਂ ਦੂਰ ਰਹਿਣਾ ਲਾਜ਼ਮੀ ਹੈ।

**ਤਣਾਅ ਮੁਕਤ ਰਹੋ** - ਹਰ ਵਿਅਕਤੀ ਤਣਾਅ ਦਾ ਸ਼ਿਕਾਰ ਹੋ ਗਿਆ ਹੈ।ਤਣਾਅ ਤੋਂ ਮੁਕਤ ਰਹਿਣ ਲਈ ਧਿਆਨ ਕਰਨਾ ਚਾਹੀਦਾ ਹੈ।

**ਦੁੱਧ ਪੀਓ**- ਜਵਾਨ ਰਹਿਣ ਲਈ ਦੁੱਧ ਪੀਣਾ ਚਾਹੀਦਾ ਹੈ। ਦੁੱਧ ਤੁਹਾਡੇ ਅੰਦਰ ਇਕ ਨਵੀਂ ਊਰਜਾ ਪੈਦਾ ਕਰਦਾ ਹੈ। ਦੁੱਧ ਪੀਣ ਨਾਲ ਸਰੀਰ ਵਿੱਚ ਨਵੇਂ ਸੈੱਲ ਬਣਦੇ ਹਨ। ਜੇਕਰ ਤੁਸੀਂ ਕਸਰਤ ਤੋਂ ਬਾਅਦ ਕੋਸਾ ਜਿਹਾ ਦੁੱਧ ਪੀਂਦੇ ਹੋ ਇਸ ਨਾਲ ਊਰਜਾ ਵਿੱਚ ਵਾਧਾ ਹੁੰਦਾ ਹੈ।

**ਮਸਾਲੇਦਾਰ ਭੋਜਨ ਤੋਂ ਦੂਰ ਰਹੋ**- ਸਿਹਤਮੰਦ ਰਹਿਣ ਲਈ ਮਸਾਲੇਦਾਰ ਭੋਜਨ ਤੋਂ ਦੂਰ ਰਹਿਣਾ ਚਾਹੀਦਾ ਹੈ। ਮਸਾਲੇਦਾਰ ਭੋਜਨ ਤੁਹਾਡੇ ਤੰਤਰ ਨੂੰ ਖਰਾਬ ਕਰਦਾ ਹੈ ਜਿਸ ਨਾਲ ਕਈ ਬਿਮਾਰੀਆਂ ਲੱਗ ਜਾਂਦੀਆਂ ਹਨ।

**ਸੁੱਕੇ ਮੇਵੇ ਖਾਓ**- ਜਵਾਨ ਰਹਿਣ ਲਈ ਸੁੱਕੇ ਮੇਵੇ ਖਾਣੇ ਚਾਹੀਦੇ ਹਨ ਇਹ ਸਾਡੇ ਦਿਮਾਗ ਨੂੰ ਊਰਜਾ ਦਿੰਦੇ ਹਨ। ਜਿਵੇ ਬਦਾਮ, ਕਾਜੂ ਅਤੇ ਅਖਰੋਟ ਸਾਡੇ ਦਿਮਾਗ ਲਈ ਲਾਹੇਵੰਦ ਹੁੰਦੇ ਹਨ। ਇਸ ਲਈ ਸੁੱਕੇ ਮੇਵੇ ਡਾਈਟ ਵਿੱਚ ਸ਼ਾਮਿਲ ਕਰਨੇ ਚਾਹੀਦੇ ਹਨ।

# ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਮਨਾਉਣ ਲਈ ਨਾਂਦੇੜ ਲਈ ਵਿਸ਼ੇਸ਼ ਰੇਲਗੱਡੀਆਂ ਦਾ ਐਲਾਨ

## ਦਿੱਲੀ, ਮੁੰਬਈ ਅਤੇ ਚੰਡੀਗੜ੍ਹ ਤੋਂ ਵਿਸ਼ੇਸ਼ ਰੇਲਗੱਡੀਆਂ ਚੱਲਣਗੀਆਂ

ਨਵੀਂ ਦਿੱਲੀ, 24 ਜਨਵਰੀ (ਅੰਮ੍ਰਿਤਪਾਲ ਸਿੰਘ) : ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਮਨਾਉਣ ਲਈ 24 ਅਤੇ 25 ਜਨਵਰੀ, 2026 ਨੂੰ ਨਾਂਦੇੜ ਵਿੱਚ ਵਿਸ਼ੇਸ਼ ਸਮਾਗਮਾਂ ਦੀ ਯੋਜਨਾ ਬਣਾਈ ਗਈ ਹੈ। ਦੇਸ਼ ਭਰ ਤੋਂ ਸ਼ਰਧਾਲੂਆਂ ਅਤੇ ਯਾਤਰੀਆਂ ਦੀ ਭਾਰੀ ਆਮਦ ਨੂੰ ਦੇਖਦੇ ਹੋਏ, ਰੇਲਵੇ ਪ੍ਰਸ਼ਾਸਨ ਨੇ @ਟ੍ਰੇਨ ਆਨ ਡਿਮਾਂਡ@ (“®4) ਯੋਜਨਾ ਤਹਿਤ ਮੁੰਬਈ, ਚੰਡੀਗੜ੍ਹ ਅਤੇ ਦਿੱਲੀ (ਹਜ਼ਰਤ ਨਿਜ਼ਾਮੂਦੀਨ) ਤੋਂ ਨਾਂਦੇੜ ਲਈ ਵਿਸ਼ੇਸ਼ ਰੇਲਗੱਡੀਆਂ ਚਲਾਉਣ ਦਾ ਮਹੱਤਵਪੂਰਨ ਫੈਸਲਾ ਲਿਆ ਹੈ।



ਕੇਂਦਰੀ ਰੇਲਵੇ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ, ਉੱਤਰੀ ਭਾਰਤ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ, 23 ਅਤੇ 24 ਜਨਵਰੀ ਨੂੰ ਦੁਪਹਿਰ 12:30 ਵਜੇ ਦਿੱਲੀ ਦੇ ਹਜ਼ਰਤ ਨਿਜ਼ਾਮੂਦੀਨ ਸਟੇਸ਼ਨ ਤੋਂ ਇੱਕ ਵਿਸ਼ੇਸ਼ ਰੇਲਗੱਡੀ ਰਵਾਨਾ ਹੋਵੇਗੀ। ਇਹ ਟਰੇਨ ਹਜ਼ਰਤ ਨਿਜ਼ਾਮੂਦੀਨ, ਪਾਣੀਪਤ, ਆਗਰਾ ਕੈਂਟ, ਵੀਰਾਂਗਨਾ ਲਕਸ਼ਮੀਬਾਈ ਝਾਂਸੀ, ਬੀਨਾ, ਭੋਪਾਲ, ਇਟਾਰਸੀ, ਖੰਡਵਾ, ਭੁਸਾਵਲ, ਜਲਗਾਓਂ, ਛਤਰਪਤੀ ਸੰਭਾਜੀਨਗਰ, ਜਾਲਨਾ, ਪਰਭਨੀ, ਪੂਰਨਾ ਤੋਂ ਹੁੰਦੀ ਹੋਈ ਚੱਲੇਗੀ ਅਤੇ ਅਗਲੇ ਦਿਨ 16:20 ਵਜੇ ਨਾਂਦੇੜ ਪਹੁੰਚੇਗੀ। ਚੰਡੀਗੜ੍ਹ ਤੋਂ ਨਾਂਦੇੜ (ਟਰੇਨ ਨੰਬਰ 04524/04523) ਅਤੇ ਹਜ਼ਰਤ ਨਿਜ਼ਾਮੂਦੀਨ ਤੋਂ ਨਾਂਦੇੜ (ਟਰੇਨ ਨੰਬਰ 04494/04493) ਲਈ ਦੋ ਰਾਖਵੀਆਂ ਸੁਪਰਫਾਸਟ ਸਪੈਸ਼ਲ ਟਰੇਨਾਂ ਚੱਲਣਗੀਆਂ। ਇਹ ਰੇਲਗੱਡੀ 23 ਅਤੇ 24 ਜਨਵਰੀ ਨੂੰ 05:40 ਵਜੇ ਚੰਡੀਗੜ੍ਹ ਤੋਂ ਰਵਾਨਾ ਹੋਵੇਗੀ ਅਤੇ ਅੰਬਾਲਾ, ਪਾਣੀਪਤ, ਦਿੱਲੀ ਸਫਦਰਜੰਗ, ਆਗਰਾ, ਵੀਰਾਂਗਨਾ ਲਕਸ਼ਮੀਬਾਈ ਝਾਂਸੀ, ਭੋਪਾਲ, ਇਟਾਰਸੀ, ਖੰਡਵਾ, ਭੁਸਾਵਲ, ਜਲਗਾਓਂ, ਛਾਨਗਰਬਹਾਨੀ, ਛਾਨਗਰਬਹਾਨੀ, ਸੰਮਨਾਭਾਲ, ਸੰਮਤੀ ਤੋਂ ਹੁੰਦੇ ਹੋਏ ਅਗਲੇ ਦਿਨ 01:30 ਵਜੇ ਨਾਂਦੇੜ ਪਹੁੰਚੇਗੀ। ਪੂਰਨ ਮੁੰਬਈ ਤੋਂ ਵੀ ਇੱਕ ਵਿਸ਼ੇਸ਼ ਰੇਲਗੱਡੀ ਚਲਾਈ ਜਾਵੇਗੀ। ਰੇਲਗੱਡੀ ਨੰਬਰ 01041/01042, ਲੋਕਮਾਨਿਆ ਤਿਲਕ ਟਰਮੀਨਸ (ਮੁੰਬਈ) ਅਤੇ ਨਾਂਦੇੜ ਵਿਚਕਾਰ, 23 ਅਤੇ 24 ਜਨਵਰੀ ਨੂੰ ਦੁਪਹਿਰ 3:30 ਵਜੇ ਮੁੰਬਈ ਤੋਂ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਸਵੇਰੇ 4:00 ਵਜੇ ਨਾਂਦੇੜ ਪਹੁੰਚੇਗੀ। ਇਹ ਰੇਲਗੱਡੀ ਠਾਣੇ, ਕਲਿਆਣ, ਇਗਤਪੁਰੀ, ਨਾਸਿਕ ਰੋਡ, ਮਨਮਾੜ, ਔਰੰਗਾਬਾਦ, ਜਾਲਨਾ ਅਤੇ ਪਰਭਾਣੀ ਵਿਖੇ ਰੁਕੇਗੀ। ਵਾਪਸੀ ਦੀ ਯਾਤਰਾ ’ਤੇ, ਇਹ ਰੇਲਗੱਡੀ 24 ਅਤੇ 25 ਜਨਵਰੀ ਨੂੰ ਰਾਤ 11:30 ਵਜੇ ਨਾਂਦੇੜ ਤੋਂ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਦੁਪਹਿਰ 1:40 ਵਜੇ ਮੁੰਬਈ ਪਹੁੰਚੇਗੀ। ਰੇਲਗੱਡੀ ਵਿੱਚ 18 ਡੱਬੇ ਹੋਣਗੇ, ਜਿਨ੍ਹਾਂ ਵਿੱਚ ਸਲੀਪਰ, ਜਨਰਲ ਅਤੇ ਏਸੀ ਡੱਬੇ ਸ਼ਾਮਲ ਹਨ।

ਇਨ੍ਹਾਂ ਰੇਲਗੱਡੀਆਂ ਦੀ ਯੋਜਨਾਬੰਦੀ ਪੰਜਾਬ, ਹਰਿਆਣਾ, ਦਿੱਲੀ ਅਤੇ ਮਹਾਰਾਸ਼ਟਰ ਦੇ ਵੱਖ-ਵੱਖ ਹਿੱਸਿਆਂ ਤੋਂ ਆਉਣ ਵਾਲੇ ਹਜ਼ਾਰਾਂ ਸ਼ਰਧਾਲੂਆਂ ਨੂੰ ਮਹੱਤਵਪੂਰਨ ਰਾਹਤ ਪ੍ਰਦਾਨ ਕਰੇਗੀ। ਰੇਲਵੇ ਪ੍ਰਸ਼ਾਸਨ ਨੇ ਯਾਤਰੀਆਂ ਨੂੰ ਸਮਾਜਿਕ ਦੂਰੀ ਅਤੇ ਸੈਨੀਟਾਈਜ਼ੇਸ਼ਨ ਸਮੇਤ ਸਾਰੇ ਜ਼ਰੂਰੀ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ, ਅਤੇ ਰੇਲਗੱਡੀਆਂ ਦੇ ਸੁਚਾਰੂ ਸੰਚਾਲਨ ਲਈ ਸਬੰਧਤ ਵਿਭਾਗਾਂ ਨੂੰ ਵਿਸ਼ੇਸ਼ ਨਿਰਦੇਸ਼ ਦਿੱਤੇ ਗਏ ਹਨ।

# ਦੋ-ਰੋਜ਼ਾ ਦ੍ਰਿਸ਼ਟੀ-2026 ਦਾ ਸਾਂਸਦ ਸਤਨਾਮ ਸਿੰਘ ਸੰਧੂ ਵੱਲੋਂ ਉਦਘਾਟਨ



ਚੰਡੀਗੜ੍ਹ, 24 ਜਨਵਰੀ (ਹਰਦੀਪ ਕੌਰ) : ਟ੍ਰਾਈ-ਸਿਟੀ ਫੋਟੋ ਆਰਟ ਸੋਸਾਇਟੀ (ਤਪਸ) ਵੱਲੋਂ, ਇਸਦੇ ਮੈਂਬਰਾਂ ਦੀ ਸਾਲਾਨਾ ਫੋਟੋਗ੍ਰਾਫੀ ਪ੍ਰਦਰਸ਼ਨੀ, ਦ੍ਰਿਸ਼ਟੀ-2026, ਸ਼ੁੱਕਰਵਾਰ ਨੂੰ ਸ਼ੁਰੂ ਹੋਈ। ਦੋ-ਰੋਜ਼ਾ ਪ੍ਰਦਰਸ਼ਨੀ ਦਾ ਉਦਘਾਟਨ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕੀਤਾ। ਇਹ ਪ੍ਰਦਰਸ਼ਨੀ 24 ਅਤੇ 25 ਜਨਵਰੀ ਨੂੰ ਸਰਕਾਰੀ ਅਜਾਇਬ ਘਰ ਅਤੇ ਆਰਟ ਗੈਲਰੀ, ਸੈਕਟਰ 10, ਚੰਡੀਗੜ੍ਹ ਵਿਖੇ ਲਗਾਈ ਗਈ ਹੈ। ਅਤੇ ਇਹ ਰੋਜ਼ਾਨਾ ਸਵੇਰੇ 10:00 ਵਜੇ ਤੋਂ ਸ਼ਾਮ 5:00 ਵਜੇ ਤੱਕ ਖੁੱਲ੍ਹੀ ਰਹੇਗੀ।

ਪ੍ਰਦਰਸ਼ਨੀ ਦਾ ਨਿਰੀਖਣ ਕਰਨ ਤੋਂ ਬਾਅਦ, ਮੁੱਖ ਮਹਿਮਾਨ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਫੋਟੋਗ੍ਰਾਫੀ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਬਣ ਗਈ ਹੈ। ਇਸ ਲਈ, ਫੋਟੋਗ੍ਰਾਫੀ ਪ੍ਰਦਰਸ਼ਨੀ ਨੂੰ ਨੇੜਿਓਂ ਦੇਖਣਾ ਅਤੇ ਕਲਾਤਮਕ ਫੋਟੋਗ੍ਰਾਫੀ ’ਤੇ ਚਰਚਾ ਕਰਨਾ ਬਹੁਤ ਮਹੱਤਵਪੂਰਨ ਹੈ। ਸਾਂਸਦ ਸੰਧੂ ਜਿਹੜੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਵੀ ਹਨ, ਨੇ ਅੱਗੇ ਕਿਹਾ ਕਿ ਤਸਵੀਰਾਂ ਰਾਹੀਂ ਅਸੀਂ ਆਪਣੇ ਦੇਸ਼ ਦੀ ਸੰਸਕ੍ਰਿਤੀ, ਕਲਾ, ਵਿਰਾਸਤ ਅਤੇ ਲੋਕਾਂ ਨੂੰ ਗਲੋਬਲ ਲੇਵਲ ਤੇ ਲਿਜਾ ਸਕਦੇ ਹਾਂ। ਤਪਸ ਦੇ ਸੰਸਥਾਪਕ ਦੀਪ ਭਾਟੀਆ ਅਤੇ ਵਿਨੋਦ ਚੌਹਾਨ ਨੇ ਦੱਸਿਆ ਕਿ ਅੱਜ ਸੰਗਠਨ ਦਾ 11ਵਾਂ ਸਥਾਪਨਾ ਦਿਵਸ ਵੀ ਹੈ, ਇਸ ਕਰਕੇ ਇਹ ਪ੍ਰਦਰਸ਼ਨੀ ਸਾਡੇ ਲਈ ਖਾਸ ਹੈ। ਸੰਸਥਾ ਦੇ ਪ੍ਰਧਾਨ ਜਸਬੀਰ ਸਿੰਘ ਅਤੇ ਜਨਰਲ ਸਕੱਤਰ ਸੰਜੀਵ ਨਿਝਾਵਨ ਨੇ ਦੱਸਿਆ ਕਿ ਪ੍ਰਦਰਸ਼ਨੀ ਵਿੱਚ ਕਲਾਤਮਕ ਫੋਟੋਗ੍ਰਾਫੀ ਦੇ ਵੱਖ-ਵੱਖ ਵਿਸ਼ਿਆਂ ਨੂੰ ਕਵਰ ਕਰਨ ਵਾਲੀਆਂ ਤਸਵੀਰਾਂ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ।

ਪ੍ਰਦਰਸ਼ਨੀ ਵਿੱਚ ਜੰਗਲੀ ਜੀਵ, ਨੇਚਰ ਫੋਟੋਗ੍ਰਾਫੀ, ਪੋਰਟਰੇਟਸ, ਲੈਂਡਸਕੇਪ, ਸਟੀਲ ਲਾਈਫ਼, ਅਬਸਟਰੈਕਸ਼ਨ(ਵਾਟਰ ਮੈਕਰੋ), ਰੋਜ਼ਾਨਾ ਜਨ-ਜੀਵਨ ਅਤੇ ਫੋਟੋ ਜਰਨਲਿਜ਼ਮ ਵਰਗੇ ਵਿਸ਼ਿਆਂ ਨੂੰ ਕਵਰ ਕਰਨ ਵਾਲੀਆਂ ਸ਼ਾਨਦਾਰ ਤਸਵੀਰਾਂ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਤਪਸ ਦੇ ਪ੍ਰੈਸ ਸਕੱਤਰ ਹੇਮੰਤ ਚੌਹਾਨ ਨੇ ਦੱਸਿਆ ਕਿ ਪ੍ਰਦਰਸ਼ਨੀ ਵਿੱਚ ਚੰਡੀਗੜ੍ਹ ਟ੍ਰਾਈਸਿਟੀ ਖੇਤਰ ਦੇ 22 ਪ੍ਰਸਿੱਧ ਫੋਟੋਗ੍ਰਾਫ਼ਰਾਂ ਦੁਆਰਾ ਲਗਭਗ 89 ਤਸਵੀਰਾਂ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਦੀਪ ਭਾਟੀਆ ਅਤੇ ਵਿਨੋਦ ਚੌਹਾਨ ਤੋਂ ਇਲਾਵਾ, ਪ੍ਰਦਰਸ਼ਨੀ ਵਿੱਚ ਅਨੁਜ ਜੈਨ, ਪ੍ਰਵੀਨ ਜੱਗੀ, ਡਾ. ਅਰੁਣ ਖੰਨਾ, ਜਸਬੀਰ ਸਿੰਘ, ਹੇਮੰਤ ਚੌਹਾਨ, ਸੰਜੀਵ ਨਿਝਾਵਨ, ਪੱਲਵੀ ਪਿੰਗੇ, ਪ੍ਰਸ਼ਾਂਤ ਵਰਮਾ, ਪ੍ਰਵੀਨ ਨੈਨ, ਸੁਮਿਤ ਗੁਲਾਟੀ, ਰਵੀ ਅਰੋੜਾ, ਬੀ.ਕੇ. ਜੋਸ਼ੀ, ਰਾਜੇਸ਼ ਆਰੀਆ, ਵਿਕਾਸ ਕਪਿਲਾ, ਨਵਜੋਤ ਸਿੰਘ, ਤਰਨਜੀਵ ਸਿੰਘ, ਰਾਕੇਸ਼ ਸੁਤਾਰ, ਮੋਹਿਤ ਕੁਮਾਰ, ਅੰਕੁਰ ਦੀਵਾਨ ਅਤੇ ਅਨੁਜ ਕੌਸ਼ਲ ਦੀਆਂ ਤਸਵੀਰਾਂ ਵੀ ਸ਼ਾਮਲ ਹਨ।

ਪ੍ਰਦਰਸ਼ਨੀ ਦੌਰਾਨ ਦੋ ਵਰਕਸ਼ਾਪ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਅੱਜ, ਪ੍ਰਸਿੱਧ ਫੋਟੋਗ੍ਰਾਫ਼ਰ ਅਮਰਬੀਰ ਸਿੰਘ ਨੇ ਫੈਸ਼ਨ ਫੋਟੋਗ੍ਰਾਫੀ ਦੇ ਵੱਖ-ਵੱਖ ਪਹਿਲੂਆਂ ’ਤੇ ਚਰਚਾ ਕੀਤੀ। ਇਸੇ ਤਰ੍ਹਾਂ, ਪ੍ਰਸਿੱਧ ਟ੍ਰਾਈਸਿਟੀ ਫੋਟੋਗ੍ਰਾਫਰ ਵਿਜੇ ਓਜੋ ਕੱਲ ਕਲਾਤਮਕ ਫੋਟੋਗ੍ਰਾਫੀ ਦੀਆਂ ਬਾਰੀਕੀਆਂ ’ਤੇ ਚਰਚਾ ਕਰਨਗੇ।

# ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ, ਬਹਾਦਰਗੜ੍ਹ ਵਿਖੇ ਉਤਸ਼ਾਹ ਨਾਲ ਮਨਾਇਆ 77ਵਾਂ ਗਣਤੰਤਰਤਾ ਦਿਵਸ

ਪਟਿਆਲਾ, 24 ਜਨਵਰੀ (ਚ.ਨ.ਸ.): ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ, ਬਹਾਦਰਗੜ੍ਹ ਵਿਖੇ 77ਵਾਂ ਗਣਤੰਤਰ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਾਰਾ ਸਕੂਲ ਦੇਸ਼ ਭਗਤੀ ਦੇ ਰੰਗਾਂ ਨਾਲ ਰੰਗਿਆ ਹੋਇਆ ਸੀ। ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਸੁਰੀਲੇ ਗੀਤਾਂ ਨਾਲ ਕੀਤੀ ਗਈ। ਗਣਤੰਤਰ ਦਿਵਸ ਦੇ ਮਹੱਤਵ ਨੂੰ ਦਰਸਾਉਂਦੇ ਹੋਏ ਵਿਦਿਆਰਥੀਆਂ ਵੱਲੋਂ ਭਾਸ਼ਣ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਦੇਸ਼ ਭਗਤੀ ਤੇ ਅਧਾਰਿਤ ਨਾਟਕਾਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਸ਼ੁਭ ਅਵਸਰ ’ਤੇ ਸਕੂਲ ਦੇ ਡਾਇਰੈਕਟਰ ਸੇਵਾ ਰਤਨ ਡਾ. ਜਸਵਿੰਦਰ ਕੌਰ ਦਰਦੀਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ। ਸਮਾਗਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਵਾਲੀਆ ਜੀ ਨੇ ਵਿਦਿਆਰਥੀਆਂ ਨੂੰ ਦੇਸ਼ ਭਗਤੀ ਨਾਲ ਜੁੜੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਅਤੇ ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ।






## ਜਨਮ ਦਿਨ ’ਤੇ ਵਿਸ਼ੇਸ਼

# ਨਾਇਬ ਸਿੰਘ ਸੈਣੀ ਲੋਕਾਂ ਦੇ ਹਰਮਨ ਪਿਆਰੇ ਮੁੱਖ ਮੰਤਰੀ



ਅੰਮ੍ਰਿਤਪਾਲ ਸਿੰਘ
97111-01161

### ☛ ਲੋਕ ਮੁੱਖ ਮੰਤਰੀ ਦੇ ਦੋਸਤਾਨਾ ਅੰਦਾਜ਼ ਨੂੰ ਕਰਦੇ ਨੇ ਪਸੰਦ
### ☛ ਭਾਜਪਾ ਵੱਲੋਂ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਉਣ ਦਾ ਫੈਸਲਾ ਸਹੀ ਰਿਹਾ

ਨਾਇਬ ਸੈਣੀ, ਜਿਸਨੇ ਇੱਕ ਸਧਾਰਨ ਭਾਜਪਾ ਵਰਕਰ ਤੋਂ ਲੈ ਕੇ ਸੂਬਾ ਪ੍ਰਧਾਨ ਤੱਕ ਅਤੇ ਸਰਕਾਰ ਵਿੱਚ ਰਾਜ ਮੰਤਰੀ ਤੋਂ ਲੈ ਕੇ ਮੁੱਖ ਮੰਤਰੀ ਤੱਕ ਹਰ ਭੂਮਿਕਾ ਵਿੱਚ ਆਪਣੇ ਆਪ ਨੂੰ ਸਾਬਤ ਕੀਤਾ ਹੈ, ਹਰਿਆਣਾ ਦੇ ਮੁੱਖ ਮੰਤਰੀ ਵਜੋਂ ਇੱਕ ਵਿਲੱਖਣ ਪਛਾਣ ਬਣਾ ਰਿਹਾ ਹੈ। ਜਿਵੇਂ-ਜਿਵੇਂ ਇਹ ਆਮ ਆਦਮੀ ਵਰਗਾ ਮੁੱਖ ਮੰਤਰੀ ਆਪਣੀ ਜ਼ਿੰਦਗੀ ਦੇ 56ਵੇਂ ਸਾਲ ਵਿੱਚ ਪ੍ਰਵੇਸ਼ ਕਰ ਰਿਹਾ ਹੈ, ਉਹ ਸੂਬਾਈ ਰਾਜਨੀਤੀ ਅਤੇ ਰਾਸ਼ਟਰੀ ਰਾਜਨੀਤੀ ਦੋਵਾਂ ਵਿੱਚ ਪਾਰਟੀ ਲਈ ਬਹੁਤ ਲਾਭਦਾਇਕ ਸਾਬਤ ਹੋ ਰਿਹਾ ਹੈ। ਨਰਾਇਣਗੜ੍ਹ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਜਨਮਿਆ, ਹਰਿਆਣਾ ਸਰਕਾਰ ਦਾ ਇਹ ਨਾਇਕ ਨਾ ਸਿਰਫ਼ ਬਿਹਾਰ ਅਤੇ ਦਿੱਲੀ ਚੋਣਾਂ ਵਿੱਚ ਸਫਲ ਰਿਹਾ ਹੈ ਬਲਕਿ ਹੁਣ ਪੰਜਾਬ ਵਿੱਚ ਪ੍ਰਸਿੱਧੀ ਦੀਆਂ ਨਵੀਆਂ ਉਚਾਈਆਂ ’ਤੇ ਪਹੁੰਚ ਰਿਹਾ ਹੈ। ਰਾਜ ਦੀਆਂ ਔਰਤਾਂ ਨੂੰ 2100 ਰੁਪਏ ਪ੍ਰਤੀ ਮਹੀਨਾ ਦੇਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਕੇ ਸਭ ਦਾ ਭਰਾ ਬਣ ਗਿਆ ਇਹ ਸਿਆਸਤਦਾਨ ਸੱਤਾ ਦੇ ਸਿਖਰ ’ਤੇ ਵੀ ਆਪਣੇ ਆਪ ਨੂੰ ਆਪਣਾ ਮਹਿਸੂਸ ਕਰਦਾ ਹੈ। ਅੱਜ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਜਨਮਦਿਨ ਹੈ, ਜੋ ਆਪਣੇ ਆਮ ਹਰਿਆਣਾਈ ਅੰਦਾਜ਼, ਸਾਦੇ ਅਤੇ ਕੋਮਲ ਸੁਭਾਅ ਨਾਲ ਆਮ ਲੋਕਾਂ ਦੇ ਦਿਲਾਂ ਵਿੱਚ ਜਗ੍ਹਾ ਬਣਾਉਂਦੇ ਰਹਿੰਦੇ ਹਨ। ਨਾਇਬ ਸਿੰਘ ਸੈਣੀ ਦੇ ਮੁੱਖ ਮੰਤਰੀ ਬਣਨ ਤੱਕ ਦੇ ਸਫ਼ਰ ’ਤੇ ਨਜ਼ਰ ਮਾਰੀਏ ਤਾਂ ਉਨ੍ਹਾਂ ਦੇ ਪਰਿਵਾਰ ਦੀਆਂ ਜੜ੍ਹਾਂ ਕੁਰੂਕਸ਼ੇਤਰ ਦੇ ਮੰਗੋਲੀ ਜਰਤਨ ਪਿੰਡ ਨਾਲ ਜੁੜੀਆਂ ਹੋਈਆਂ ਹਨ। ਬਾਅਦ ਵਿੱਚ, ਉਨ੍ਹਾਂ ਦਾ ਪਰਿਵਾਰ ਅੰਬਾਲਾ ਜ਼ਿਲ੍ਹੇ ਦੇ ਵਿਜੈਪੁਰ ਮਾਜਰਾ ਪਿੰਡ ਚਲਾ ਗਿਆ, ਜਿੱਥੇ 14ਵੀਂ ਹਰਿਆਣਾ ਵਿਧਾਨ ਸਭਾ ਦੇ ਆਖਰੀ ਛੇ ਮਹੀਨਿਆਂ ਵਿੱਚ ਰਾਜ ਦੀ ਅਗਵਾਈ ਸੰਭਾਲਣ ਵਾਲੇ ਬੱਚੇ ਦਾ ਜਨਮ ਹੋਇਆ ਸੀ। 25 ਜਨਵਰੀ, 1970 ਨੂੰ ਜਨਮੇ ਨਾਇਬ ਸਿੰਘ ਸੈਣੀ ਨੇ ਭਾਜਪਾ ਦੇ ਸਕੂਲ ਵਿੱਚ ਰਾਜਨੀਤੀ ਦੀਆਂ ਮੁੱਢਲੀਆਂ ਗੱਲਾਂ ਸਿੱਖੀਆਂ। ਉਹ ਅੰਬਾਲਾ ਵਿੱਚ ਕੰਪਿਊਟਰ ਆਪਰੇਟਰ ਵਜੋਂ ਰਾਜਨੀਤਿਕ ਸਕੂਲ ਵਿੱਚ ਸ਼ਾਮਲ ਹੋਏ। ਫਿਰ ਉਹ ਕਿਸਾਨ ਮੋਰਚੇ ਦੇ ਜਨਰਲ ਸਕੱਤਰ ਬਣੇ। ਇਸ ਸਮੇਂ ਦੌਰਾਨ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗਊ ਰੱਖਿਆ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਬਾਅਦ ਵਿੱਚ ਉਹ ਅੰਬਾਲਾ ਵਿੱਚ ਭਾਜਪਾ ਦੇ ਪ੍ਰਧਾਨ ਬਣੇ। ਫਿਰ ਉਨ੍ਹਾਂ ਨੇ 2009 ਦੀਆਂ ਵਿਧਾਨ ਸਭਾ ਚੋਣਾਂ ਨਾਰਾਇਣਗੜ੍ਹ ਹਲਕੇ ਤੋਂ ਲੜੀਆਂ, ਪਰ ਹਾਰ ਗਏ। ਉਨ੍ਹਾਂ ਨੇ ਉਸ ਤੋਂ ਬਾਅਦ ਵੀ ਆਪਣੀ ਸਰਗਰਮੀ ਜਾਰੀ ਰੱਖੀ। ਉਨ੍ਹਾਂ ਨੇ 2014 ਵਿੱਚ ਨਰਾਇਣਗੜ੍ਹ ਹਲਕੇ ਤੋਂ ਅਗਲੀ ਚੋਣ ਲੜੀ ਅਤੇ 24,000 ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ। ਜਦੋਂ ਉਨ੍ਹਾਂ ਪਹਿਲੀ ਚੋਣ ਜਿੱਤੀ, ਤਾਂ ਭਾਜਪਾ ਨੇ ਸਪੱਸ਼ਟ ਬਹੁਮਤ ਨਾਲ ਸਰਕਾਰ ਬਣਾਈ। ਵਿਧਾਇਕ ਵਜੋਂ ਆਪਣੇ ਪਹਿਲੇ ਕਾਰਜਕਾਲ ’ਤੇ, ਉਨ੍ਹਾਂ ਨੂੰ ਰਾਜ ਮੰਤਰੀ ਨਿਯੁਕਤ ਕੀਤਾ ਗਿਆ। ਇਸ ਦੇ ਬਾਵਜੂਦ, ਉਹ ਪਾਰਟੀ ਸੰਗਠਨ ਦੇ ਦਫ਼ਤਰਾਂ ਨਾਲ ਜੁੜੇ ਰਹੇ, ਸੰਗਠਨ ਨੂੰ ਨੇੜਿਓਂ ਮਜ਼ਬੂਤ ਕੀਤਾ ਅਤੇ ਰਾਸ਼ਟਰੀ ਲੀਡਰਸ਼ਿਪ ਨਾਲ ਜੁੜੇ ਰਹੇ। ਰਾਜ ਮੰਤਰੀ ਵਜੋਂ ਉਨ੍ਹਾਂ ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ, ਉਨ੍ਹਾਂ ਨੂੰ 2019 ਦੀ ਕੁਰੂਕਸ਼ੇਤਰ ਲੋਕ ਸਭਾ ਸੀਟ ਲਈ ਭਾਜਪਾ ਦੀ ਟਿਕਟ ਦਿੱਤੀ ਗਈ ਸੀ। ਉਨ੍ਹਾਂ ਨੇ ਇਹ ਰਾਜਨੀਤਿਕ ਲੜਾਈ ਵੀ ਜਿੱਤੀ। ਇੱਕ ਸੰਸਦ ਮੈਂਬਰ ਦੇ ਤੌਰ ’ਤੇ, ਉਨ੍ਹਾਂ ਨੇ ਆਪਣੇ ਕੰਮ ਨਾਲ ਇੱਕ ਅਮਿੱਟ ਛਾਪ ਛੱਡੀ ਅਤੇ ਕੈਥਲ ਅਤੇ ਕੁਰੂਕਸ਼ੇਤਰ ਵਿੱਚ ਲਗਾਤਾਰ ਸਰਗਰਮ ਰਹੇ। ਕੋਵਿਡ-19 ਮਹਾਂਮਾਰੀ ਦੌਰਾਨ, ਉਹ ਲੋਕਾਂ ਦੇ ਵਿਚਕਾਰ ਰਹੇ, ਉਨ੍ਹਾਂ ਦੇ ਦੁੱਖਾਂ ਨੂੰ ਦੂਰ ਕੀਤਾ, ਭਾਵੇਂ ਉਹ ਕੈਥਲ ਵਿੱਚ ਆਕਸੀਜਨ ਪਲਾਂਟ ਹੋਵੇ ਜਾਂ ਆਕਸੀਜਨ ਕੰਸਨਟ੍ਰੇਟਰਾਂ ਦਾ ਪ੍ਰਬੰਧ। ਦਵਾਈਆਂ ਤੋਂ ਲੈ ਕੇ ਆਮ ਲੋਕਾਂ ਨੂੰ ਮਾਸਕ ਅਤੇ ਸੈਨੀਟਾਈਜ਼ਰ ਵੰਡਣ ਤੱਕ, ਉਨ੍ਹਾਂ ਨੇ ਲਗਾਤਾਰ ਮੁਹਿੰਮਾਂ ਚਲਾਈਆਂ। ਸੰਸਦ ਮੈਂਬਰ ਵਜੋਂ ਉਨ੍ਹਾਂ ਦਾ ਕਾਰਜਕਾਲ ਸ਼ਾਨਦਾਰ ਰਿਹਾ, ਇਸੇ ਕਰਕੇ ਭਾਜਪਾ ਹਾਈਕਮਾਨ ਉਨ੍ਹਾਂ ਦੇ ਕੰਮ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਨ੍ਹਾਂ ਨੂੰ ਹਰਿਆਣਾ ਭਾਜਪਾ ਸੰਗਠਨ ਦੀ ਕਮਾਨ ਸੌਂਪ ਦਿੱਤੀ ਗਈ। ਸੰਸਦ ਮੈਂਬਰ ਵਜੋਂ ਉਨ੍ਹਾਂ ਦਾ ਕਾਰਜਕਾਲ ਅਜੇ ਪੂਰਾ ਵੀ ਨਹੀਂ ਹੋਇਆ ਸੀ ਅਤੇ ਉਨ੍ਹਾਂ ਨੂੰ ਸੂਬਾ ਪ੍ਰਧਾਨ ਬਣੇ ਕੁਝ ਮਹੀਨੇ ਹੀ ਹੋਏ ਸਨ, ਜਦੋਂ ਭਾਜਪਾ ਹਾਈਕਮਾਨ ਅਤੇ ਵਿਧਾਇਕਾਂ ਦੇ ਸਮਰਥਨ ਨਾਲ ਉਨ੍ਹਾਂ ਨੂੰ ਹਰਿਆਣਾ ਦੀ ਗੱਦੀ ਸੌਂਪੀ ਗਈ ਅਤੇ ਉਹ ਹਰਿਆਣਾ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਨੇ ਕਰਨਾਲ ਤੋਂ ਵਿਧਾਇਕ ਬਣਨ ਲਈ ਚੋਣ ਲੜੀ ਅਤੇ ਜਿੱਤ ਪ੍ਰਾਪਤ ਕੀਤੀ। ਸਿਰਫ਼ ਛੇ ਮਹੀਨਿਆਂ ਵਿੱਚ, ਉਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਵਜੋਂ ਅਜਿਹੀ ਛਾਪ ਛੱਡੀ ਕਿ ਹਰਿਆਣਾ ਦੇ ਲੋਕਾਂ ਨੇ ਉਨ੍ਹਾਂ ਨੂੰ ਹਰਿਆਣਾ ਦੀ ਵਾਗਡੋਰ ਅਜਿਹੇ ਮਾਹੌਲ ਵਿੱਚ ਸੌਂਪ ਦਿੱਤੀ ਜਿੱਥੇ ਕਾਂਗਰਸ ਨੂੰ ਸੂਬੇ ਭਰ ਵਿੱਚ 70 ਸੀਟਾਂ ਜਿੱਤਣ ਦਾ ਅਨੁਮਾਨ ਸੀ, ਪਰ ਇਹ ਨਾਇਬ ਸਿੰਘ ਸੈਣੀ ਹੀ ਸਨ ਜਿਨ੍ਹਾਂ ਨੇ ਲਗਾਤਾਰ ਕਿਹਾ ਕਿ ਭਾਜਪਾ ਸਰਕਾਰ ਬਣਾਏਗੀ। ਉਨ੍ਹਾਂ ਨੂੰ ਹਰਿਆਣਾ ਦਾ ਚੰਨੀ ਕਿਹਾ ਜਾਂਦਾ ਸੀ, ਪਰ ਆਪਣੀ ਰਾਜਨੀਤਿਕ ਸੂਝ-ਬੂਝ ਨਾਲ, ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਤਜਰਬੇਕਾਰ ਸਿਆਸਤਦਾਨ ਸਾਬਤ ਕੀਤਾ। ਸੂਬੇ ਦੇ ਲੋਕਾਂ ਨੂੰ ਉਨ੍ਹਾਂ ’ਤੇ ਇੰਨਾ ਵਿਸ਼ਵਾਸ ਸੀ ਕਿ 2024 ਦੀਆਂ ਚੋਣਾਂ ਵਿੱਚ, ਹਰਿਆਣਾ ਦੇ ਲੋਕਾਂ ਨੇ ਸਪੱਸ਼ਟ ਬਹੁਮਤ ਨਾਲ ਤੀਜੀ ਵਾਰ ਭਾਜਪਾ ਨੂੰ ਸੱਤਾ ਸੌਂਪ ਦਿੱਤੀ। ਇਹ ਮੁੱਖ ਤੌਰ ’ਤੇ ਲੋਕਾਂ ਵਿੱਚ ਹਰਿਆਣਾ ਦੇ ਨਵੇਂ ਮੁੱਖ ਮੰਤਰੀ ਦੇ ਡੂੰਘੇ ਪ੍ਰਭਾਵ ਕਾਰਨ ਹੋਇਆ। ਮੁੱਖ ਮੰਤਰੀ ਬਣਦੇ ਹੀ ਉਨ੍ਹਾਂ ਨੇ ਮੁੱਖ ਮੰਤਰੀ ਨਿਵਾਸ ਦੇ ਦਰਵਾਜ਼ੇ ਜਨਤਾ ਲਈ ਖੋਲ੍ਹ ਦਿੱਤੇ। ਆਪਣੀ ਕਲਮ ਦੇ ਪਹਿਲੇ ਵਾਰ ਤੋਂ ਸ਼ੁਰੂ ਕਰਦੇ ਹੋਏ, ਜਿਸ ਨੇ ਹਰਿਆਣਾ ਦੇ ਕਿਸਾਨਾਂ ਨੂੰ ਫਸਲਾਂ ਦੇ ਨੁਕਸਾਨ ਲਈ 88 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ, ਮੁੱਖ ਮੰਤਰੀ ਨੇ ਅੱਜ ਤੱਕ ਕਈ ਅਜਿਹੇ ਫੈਸਲੇ ਲਏ ਹਨ, ਜਿਨ੍ਹਾਂ ਨੂੰ ਆਉਣ ਵਾਲੇ ਸਮੇਂ ਵਿੱਚ ਉਦਾਹਰਣਾਂ ਵਜੋਂ ਯਾਦ ਰੱਖਿਆ ਜਾਵੇਗਾ। ਰਾਜ ਵਿੱਚ ਯਾਤਰਾਵਾਂ ਦੌਰਾਨ ਗਰਮਜੋਸ਼ੀ ਕਰਨਾ, ਸੜਕ @ਤੇ ਲੋਕਾਂ ਦਾ ਸਵਾਗਤ ਕਰਨ ਲਈ ਖੜ੍ਹੇ ਹੋਣਾ, ਅਤੇ ਪਿੰਡਾਂ ਵਿੱਚ ਰੁੱਖਾਂ ਦੀ ਛਾਂ ਹੇਠ ਬੈਠ ਕੇ ਬਜ਼ੁਰਗਾਂ ਅਤੇ ਆਮ ਲੋਕਾਂ ਨੂੰ ਮਿਲਣ ਜਾਣਾ ਉਨ੍ਹਾਂ ਦਾ ਹਾਲ-ਚਾਲ ਪੁੱਛਣਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨਾ, ਮੁੱਖ ਮੰਤਰੀ ਨੂੰ ਆਮ ਲੋਕਾਂ ਦੇ ਵਿਚਕਾਰ ਰੱਖਦਾ ਹੈ ਅਤੇ ਹਰਿਆਣਾ ਦੇ ਆਮ ਲੋਕ ਮਹਿਸੂਸ ਕਰਦੇ ਹਨ ਕਿ ਉਹ ਸਾਡਾ ਰਾਜਾ ਨਹੀਂ ਸਗੋਂ ਸਾਡੇ ਵਿੱਚੋਂ ਇੱਕ ਵਿਅਕਤੀ ਹੈ, ਜੋ ਆਮ ਆਦਮੀ ਦੇ ਦਰਦ ਅਤੇ ਦੁੱਖ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ। ਸੱਤਾ ਦੇ ਨਸ਼ੇ ਵਿੱਚ ਡੁੱਬਣ ਦੀ ਬਜਾਏ, ਨਾਇਬ ਸਿੰਘ ਸੈਣੀ ਰਾਜਨੀਤੀ ਨੂੰ ਸੇਵਾ ਦਾ ਮਾਧਿਅਮ ਬਣਾਉਣ ਦੇ ਜਨੂੰਨ ਤੋਂ ਪ੍ਰੇਰਿਤ ਹੈ, ਜੋ ਨਿਸ਼ਚਤ ਤੌਰ ’ਤੇ ਉਨ੍ਹਾਂ ਨੂੰ ਰਾਜਨੀਤੀ ਵਿੱਚ ਨਵੀਆਂ ਉਚਾਈਆਂ ’ਤੇ ਲੈ ਜਾਵੇਗਾ।



ਜ਼ਮੀਨੀ ਪੱਧਰ ’ਤੇ ਉਨ੍ਹਾਂ ਦੇ ਕੰਮ ਨੇ ਨਾਇਬ ਸਿੰਘ ਸੈਣੀ ਨੂੰ ਆਮ ਲੋਕਾਂ ਵਿੱਚ ਪ੍ਰਸਿੱਧ ਬਣਾਇਆ, ਮੁੱਖ ਮੰਤਰੀ ਬਣਦੇ ਹੀ ਉਨ੍ਹਾਂ ਨੇ ਕੈਂਸਰ ਦੇ ਮਰੀਜ਼ਾਂ ਲਈ ਮਦਦ ਸਮੇਤ 54 ਦੁਰਲੱਭ ਬਿਮਾਰੀਆਂ ਦੇ ਇਲਾਜ ਵਿੱਚ ਸਹਾਇਤਾ ਲਈ ਇੱਕ ਪੋਰਟਲ ਲਾਂਚ ਕੀਤਾ। ਇਸ ਤੋਂ ਬਾਅਦ, ਨਾਇਬ ਸਿੰਘ ਸੈਣੀ ਨੇ ਇੱਕ ਲੱਖ ਅੱਸੀ ਹਜ਼ਾਰ ਤੱਕ ਦੀ ਆਮਦਨ ਵਾਲੇ ਹਰਿਆਣਾ ਦੇ 84 ਲੱਖ ਹਰਿਆਣਾ ਵਾਸੀਆਂ ਨੂੰ ਇੱਕ ਹਜ਼ਾਰ ਕਿਲੋਮੀਟਰ ਤੱਕ ਮੁਫ਼ਤ ਬੱਸ ਯਾਤਰਾ ਦਾ ਤੋਹਫ਼ਾ ਦਿੱਤਾ। ਇਸ ਤੋਂ ਬਾਅਦ, ਉਨ੍ਹਾਂ ਨੇ ਹਰਿਆਣਾ ਵਿੱਚ 50 ਹਜ਼ਾਰ ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕੀਤਾ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਜਦੋਂ ਵਿਰੋਧੀ ਧਿਰ ਨੇ ਚੋਣ ਦੇ ਬਾਵਜੂਦ ਸ਼ਾਮਲ ਹੋਣ ਦਾ ਸਵਾਲ ਉਠਾਇਆ, ਤਾਂ ਨਾਇਬ ਸਿੰਘ ਸੈਣੀ ਨੇ ਭਰੋਸਾ ਦਿੱਤਾ ਸੀ ਕਿ ਉਹ ਬਾਅਦ ਵਿੱਚ ਸਹੁੰ ਚੁੱਕਣਗੇ ਅਤੇ ਨੌਜਵਾਨਾਂ ਨੂੰ ਪਹਿਲਾਂ ਸ਼ਾਮਲ ਕਰਵਾਉਣਗੇ। ਜਦੋਂ ਨਤੀਜੇ ਆਏ, ਤਾਂ ਨਾਇਬ ਸਿੰਘ ਸੈਣੀ ਨੇ ਸਹੁੰ ਚੁੱਕਣ ਵਾਲੇ ਦਿਨ ਨੌਜਵਾਨਾਂ ਨੂੰ ਸ਼ਾਮਲ ਕਰਵਾ ਕੇ ਆਪਣਾ ਫਰਜ਼ ਨਿਭਾਇਆ। ਉਨ੍ਹਾਂ ਦੀ ਅਗਵਾਈ ਵਿੱਚ, ਅਨੁਸੂਚਿਤ ਜਾਤੀਆਂ ਨੂੰ ਏ ਅਤੇ ਬੀ ਵਿੱਚ ਵੰਡ ਨੂੰ ਮਨਜ਼ੂਰੀ ਦਿੱਤੀ ਗਈ, ਜਿਸ ਦੇ ਹੁਣ ਵੱਖ-ਵੱਖ ਵਰਗਾਂ ਲਈ ਸਕਾਰਾਤਮਕ ਨਤੀਜੇ ਮਿਲ ਰਹੇ ਹਨ। 10 ਜੂਨ ਨੂੰ, ਨਾਇਬ ਸਿੰਘ ਸੈਣੀ ਨੇ 7500 ਤੋਂ ਵੱਧ ਬੀਪੀਐਲ ਲਾਭਪਾਤਰੀਆਂ ਨੂੰ 100 ਗਜ਼ ਦੇ ਪਲਾਟਾਂ ਦਾ ਕਬਜ਼ਾ ਪ੍ਰਦਾਨ ਕੀਤਾ। ਜਨਤਕ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ, ਉਨ੍ਹਾਂ ਨੇ ਸਮਾਧਾਨ ਪੋਰਟਲ ਸ਼ੁਰੂ ਕੀਤਾ, ਜਿਸ ਦੇ ਅੱਜ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਹਰਿਆਣਾ ਵਿੱਚ, ਹਰ ਸੋਮਵਾਰ ਅਤੇ ਸ਼ੁੱਕਰਵਾਰ ਨੂੰ, ਸਬ-ਡਿਵੀਜ਼ਨਲ ਅਤੇ ਜ਼ਿਲ੍ਹਾ ਪੱਧਰ ’ਤੇ ਅਧਿਕਾਰੀ ਆਪਣੇ ਦਫ਼ਤਰਾਂ ਵਿੱਚ ਬੈਠਦੇ ਹਨ ਅਤੇ ਜਨਤਾ ਦੀਆਂ ਸ਼ਿਕਾਇਤਾਂ ਸੁਣਦੇ ਹਨ। ਮੁੱਖ ਮੰਤਰੀ ਦਫ਼ਤਰ ਇਨ੍ਹਾਂ ਸ਼ਿਕਾਇਤਾਂ ਦੀ ਪਾਲਣਾ ਕਰਦਾ ਹੈ ਅਤੇ ਅੱਗੇ ਦੀ ਕਾਰਵਾਈ ਕਰਦਾ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਖੁਦ ਕਈ ਵਾਰ ਇਨ੍ਹਾਂ ਕੈਂਪਾਂ ਵਿੱਚ ਸ਼ਾਮਲ ਹੋਏ ਹਨ ਅਤੇ ਜਨਤਕ ਸ਼ਿਕਾਇਤਾਂ ਸੁਣੀਆਂ ਹਨ। ਪਿਛਲੇ ਸਾਲ, ਉਨ੍ਹਾਂ ਨੇ ਸਾਰੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਸਨ ਕਿ ਅਗਸਤ ਤੱਕ ਸਾਰੀਆਂ ਪ੍ਰਵੇਸ਼ ਸੜਕਾਂ ਦੀ ਮੁਰੰਮਤ ਯਕੀਨੀ ਬਣਾਈ ਜਾਵੇ। ਇਹ ਸੈਣੀ ਹੀ ਸਨ ਜਿਨ੍ਹਾਂ ਨੇ ਉਸਾਰੀ ਕਾਮਿਆਂ ਲਈ ਬਕਾਇਆ ਲਾਭ ਤੁਰੰਤ ਜਾਰੀ ਕੀਤੇ। ਇਹ ਸੈਣੀ ਦੀ ਜਾਗਰੂਕਤਾ ਸੀ ਜਿਸ ਕਾਰਨ ਉਨ੍ਹਾਂ ਨੇ ਮਈ 2025 ਦੇ ਸ਼ੁਰੂ ਵਿੱਚ ਹੀ ਮੀਟਿੰਗਾਂ ਕੀਤੀਆਂ ਅਤੇ ਹੜ੍ਹ ਰੋਕਥਾਮ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ। ਮੁੱਖ ਮੰਤਰੀ ਦੀ ਜ਼ਮੀਨੀ ਮੁੱਦਿਆਂ @ਤੇ ਸਮਝ ਇੰਨੀ ਡੂੰਘੀ ਹੈ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਵਜ਼ੀਫ਼ੇ ਪ੍ਰਦਾਨ ਕਰਨ ਦੇ ਆਦੇਸ਼ ਜਾਰੀ ਕੀਤੇ। ਮੁੱਖ ਮੰਤਰੀ ਦੀ ਅਗਵਾਈ ਹੇਠ, 121 ਐਚਸੀਐਸ ਸਹਿਯੋਗੀ ਸੇਵਾਵਾਂ ਦੇ ਅਧਿਕਾਰੀਆਂ ਦੇ ਨਤੀਜੇ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਜਾਰੀ ਕੀਤੇ ਗਏ, ਜਿਸ ਨਾਲ ਨੌਜਵਾਨਾਂ ਲਈ ਉੱਜਵਲ ਭਵਿੱਖ ਦਾ ਰਾਹ ਖੁੱਲ੍ਹਿਆ। ਉਨ੍ਹਾਂ ਨੇ ਰਾਜ ਦੇ ਨੌਜਵਾਨਾਂ ਲਈ 100 ਤੋਂ ਵੱਧ ਪ੍ਰਯੋਗਸ਼ਾਲਾਵਾਂ ਸਥਾਪਤ ਕੀਤੀਆਂ। ਖੇਡਾਂ ਨੂੰ ਉਤਸ਼ਾਹਿਤ ਕਰਨ ਲਈ, ਉਨ੍ਹਾਂ ਨੇ ਗਰੁੱਪ ਸੀ ਦੀਆਂ ਨੌਕਰੀਆਂ ਵਿੱਚ ਯੋਗ ਐਥਲੀਟਾਂ ਲਈ ਤਿੰਨ ਪ੍ਰਤੀਸ਼ਤ ਵੱਖਰਾ ਕੋਟਾ ਪ੍ਰਦਾਨ ਕਰਨ ਦਾ ਇਤਿਹਾਸਕ ਫੈਸਲਾ ਲਿਆ। ਉਨ੍ਹਾਂ ਨੇ ਹਿਸਾਰ ਹਵਾਈ ਅੱਡੇ ਦਾ ਵਿਸਥਾਰ ਕਰਨ ਦਾ ਇਤਿਹਾਸਕ ਫੈਸਲਾ ਵੀ ਲਿਆ, ਨੀਂਹ ਪੱਥਰ ਰੱਖਿਆ ਅਤੇ 544 ਕਰੋੜ ਦੇ ਪ੍ਰੋਜੈਕਟ ਦਾ ਉਦਘਾਟਨ ਕੀਤਾ। ਪਛੜੇ ਵਰਗਾਂ ਨੂੰ ਲਾਭ ਪਹੁੰਚਾਉਂਦੇ ਹੋਏ, ਉਨ੍ਹਾਂ ਨੇ ਕਰੀਮੀ ਲੇਅਰ ਆਮਦਨ ਸੀਮਾ 600,000 ਤੋਂ ਵਧਾ ਕੇ 800,000 ਕਰ ਦਿੱਤੀ, ਜਿਸ ਵਿੱਚ ਤਨਖਾਹ ਅਤੇ ਖੇਤੀਬਾੜੀ ਆਮਦਨ ਸ਼ਾਮਲ ਨਹੀਂ ਹੈ। ਨਾਇਬ ਸਿੰਘ ਸੈਣੀ ਨੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਪੈਨਸ਼ਨ 25,000 ਤੋਂ ਵਧਾ ਕੇ 40,000 ਰੁਪਏ ਕਰ ਦਿੱਤੀ। ਉਨ੍ਹਾਂ ਨੇ ਐਮਰਜੈਂਸੀ ਘੁਲਾਟੀਆਂ ਅਤੇ ਹਿੰਦੀ ਅੰਦੋਲਨ ਦੇ ਘੁਲਾਟੀਆਂ ਦੀ ਪੈਨਸ਼ਨ 10,000 ਤੋਂ ਵਧਾ ਕੇ 20,000 ਰੁਪਏ ਕਰ ਦਿੱਤੀ। ਜੂਨ 2024 ਵਿੱਚ, ਉਨ੍ਹਾਂ ਨੇ ਰਾਜ ਦੀ ਪਾਣੀ ਵੰਡ ਪ੍ਰਣਾਲੀ ਲਈ 1,000 ਕਰੋੜ ਰੁਪਏ ਦੀ ਵੱਡੀ ਰਕਮ ਨੂੰ ਮਨਜ਼ੂਰੀ ਦਿੱਤੀ। ਨਾਇਬ ਸਿੰਘ ਸੈਣੀ ਨੇ ਹਰਿਆਣਾ ਵਿੱਚ 3 ਲੱਖ ਰੁਪਏ ਤੱਕ ਦੇ ਮੁਫਤ ਗੁਰਦੇ ਅਤੇ ਜਿਗਰ ਟ੍ਰਾਂਸਪਲਾਂਟ ਪ੍ਰਦਾਨ ਕਰਨ ਦਾ ਇਤਿਹਾਸਕ ਫੈਸਲਾ ਲਿਆ। ਉਨ੍ਹਾਂ ਨੇ ਜੂਨ 2024 ਵਿੱਚ HKRN ਕਰਮਚਾਰੀਆਂ ਦੇ ਤਨਖਾਹ ਸਕੇਲ ਵਧਾਉਣ ਦਾ ਵੀ ਫੈਸਲਾ ਕੀਤਾ। ਇਸ ਦੇ ਨਾਲ ਹੀ, ਉਨ੍ਹਾਂ ਨੇ ਨਗਰ ਪਾਲਿਕਾ ਅਤੇ ਨਗਰ ਪ੍ਰੀਸ਼ਦ ਦੇ ਸਫਾਈ ਕਰਮਚਾਰੀਆਂ ਨੂੰ ਉਨ੍ਹਾਂ ਦੇ ਘੱਟੋ-ਘੱਟ ਮਾਣਭੱਤੇ ਨੂੰ 17 ਹਜ਼ਾਰ ਅਤੇ ਪੇਂਡੂ ਸਫਾਈ ਕਰਮਚਾਰੀਆਂ ਦੇ ਮਾਣਭੱਤੇ ਨੂੰ 16 ਹਜ਼ਾਰ ਕਰ ਕੇ ਇੱਕ ਵਿਸ਼ੇਸ਼ ਤੋਹਫ਼ਾ ਦਿੱਤਾ। ਹਰਿਆਣਾ ਵਿੱਚ ਸਰਪੰਚਾਂ ਲਈ ਕਈ ਸਾਲਾਂ ਤੋਂ ਚੱਲ ਰਹੀ ਸਮੱਸਿਆ ਨੂੰ ਹੱਲ ਕਰਦੇ ਹੋਏ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪਹਿਲੀ ਵਾਰ ਇਤਿਹਾਸਕ ਫੈਸਲਾ ਲਾਗੂ ਕੀਤਾ ਕਿ ਬਿਨਾਂ ਟੈਂਡਰ ਦੇ ਕੰਮ ਕਰਵਾਉਣ ਦੀ ਸੀਮਾ 21 ਲੱਖ ਤੈਅ ਕੀਤੀ ਜਾਵੇ ਅਤੇ ਹਰਿਆਣਾ ਵਿੱਚ ਸਰਪੰਚਾਂ ਨੂੰ ਟੀ ਐਂਡ ਡੀ ਦਿੱਤਾ ਜਾਵੇ। ਵਣ ਮਿੱਤਰ ਨੂੰ ਪ੍ਰਤੀ ਪੈਡ 20 ਰੁਪਏ ਦੇਣ ਦਾ ਵੀ ਫੈਸਲਾ ਲਿਆ ਗਿਆ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅਵਿਦਿਆ ਯੋਜਨਾ ਤੋਂ ਆਉਣ ਵਾਲੇ ਨੌਜਵਾਨਾਂ ਨੂੰ ਰੁਜ਼ਗਾਰ ਦੀ ਗਰੰਟੀ ਦੇਣ ਲਈ ਪਹਿਲ ਕੀਤੀ। ਉਨ੍ਹਾਂ ਨੇ ਸ਼ੁਰੂ ਵਿੱਚ ਕਾਂਸਟੇਬਲਾਂ, ਮਾਈਨਿੰਗ ਗਾਰਡਾਂ, ਜੰਗਲਾਤ ਗਾਰਡਾਂ, ਜੇਲ੍ਹ ਵਾਰਡਨਾਂ ਅਤੇ ਵਿਸ਼ੇਸ਼ ਪੁਲਿਸ ਅਧਿਕਾਰੀਆਂ ਲਈ ਸਿੱਧੀ ਭਰਤੀ ਵਿੱਚ 10 ਪ੍ਰਤੀਸ਼ਤ ਰਾਖਵਾਂਕਰਨ ਸ਼ੁਰੂ ਕੀਤਾ, ਅਤੇ ਬਾਅਦ ਵਿੱਚ ਪੁਲਿਸ ਭਰਤੀ ਵਿੱਚ ਇਸ ਰਾਖਵੇਂਕਰਨ ਨੂੰ 20 ਪ੍ਰਤੀਸ਼ਤ ਕਰ ਦਿੱਤਾ। ਉਨ੍ਹਾਂ ਦੀ ਅਗਵਾਈ ਵਿੱਚ 978 ਪੁਲਿਸ ਕਰਮਚਾਰੀ ਸ਼ਾਮਲ ਹੋਏ। ਉਨ੍ਹਾਂ ਨੇ 2024 ਦੇ ਮਾਨਸੂਨ ਸੀਜ਼ਨ ਵਿੱਚ ਪਾਣੀ ਦੀ ਸੰਭਾਲ ਲਈ ਕੈਚ ਦ ਰੇਨ 2024 ਮਿਸ਼ਨ ਦੀ ਸ਼ੁਰੂਆਤ ਕੀਤੀ, ਪਾਣੀ ਦੀ ਸੰਭਾਲ ਦੇ ਢਾਂਚੇ ਬਣਾਏ। ਮੁੱਖ ਮੰਤਰੀ ਨੇ ਇੱਕ ਇਤਿਹਾਸਕ ਫੈਸਲਾ ਵੀ ਲਿਆ, ਜਿਸ ਵਿੱਚ ਹਰਿਆਣਾ ਵਿੱਚ 24 ਫਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ’ਤੇ ਖਰੀਦਣ ਦਾ ਫੈਸਲਾ ਕਰਕੇ ਕਿਸਾਨਾਂ ਨੂੰ ਮਹੱਤਵਪੂਰਨ ਰਾਹਤ ਦਿੱਤੀ। ਨਾਇਬ ਸਿੰਘ ਸੈਣੀ ਨੇ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਵਿੱਚ ਪਛੜੇ ਵਰਗ ਵਿੱਚ ਸ਼੍ਰੇਣੀ ਬੀ ਨੂੰ ਰਾਖਵਾਂਕਰਨ ਦੇਣ ਦੇ ਵੱਡੇ ਫੈਸਲੇ ਨੂੰ ਲਾਗੂ ਕੀਤਾ। ਇਸ ਦੇ ਨਾਲ ਹੀ, ਗਊ ਰੱਖਿਆ ਲਈ ਦਿੱਤੀ ਜਾਣ ਵਾਲੀ ਰਕਮ ਪ੍ਰਤੀ ਗਾਂ ਪ੍ਰਤੀ ਦਿਨ 4 ਰੁਪਏ ਤੋਂ ਪੰਜ ਗੁਣਾ ਵਧਾ ਦਿੱਤੀ ਗਈ ਅਤੇ ਉਨ੍ਹਾਂ ਨੇ ਗਾਂ ਲਈ 20 ਰੁਪਏ, ਵੱਛੀ ਲਈ 25 ਰੁਪਏ ਅਤੇ ਵੱਛੇ ਦੇ ਚਾਰੇ ਲਈ 10 ਰੁਪਏ ਦੇਣ ਦੀ ਨੀਤੀ ਲਾਗੂ ਕੀਤੀ। ਉਨ੍ਹਾਂ ਨੇ ਸਬੰਧਤ ਵਿਭਾਗ ਦੇ ਚੇਅਰਮੈਨ ਨੂੰ ਗਰੁੱਪ ਡੀ ਦੀ ਭਰਤੀ ਤੋਂ ਬਾਅਦ ਹੋਰ ਢੁਕਵੀਆਂ ਖਾਲੀ ਅਸਾਮੀਆਂ ’ਤੇ HKRN ਜਾਂ ਹੋਰ ਸਾਧਨਾਂ ਰਾਹੀਂ ਲਗਾਏ ਗਏ ਅਸਥਾਈ ਕਰਮਚਾਰੀਆਂ ਨੂੰ ਨਿਯੁਕਤ ਕਰਨ ਦਾ ਅਧਿਕਾਰ ਵੀ ਦਿੱਤਾ। ਅਗਸਤ 2024 ਵਿੱਚ ਹੀ, ਉਨ੍ਹਾਂ ਨੇ ਠੇਕਾ ਕਰਮਚਾਰੀਆਂ ਨੂੰ ਸੇਵਾ ਸੁਰੱਖਿਆ ਪ੍ਰਦਾਨ ਕਰਨ ਦੀ ਪਹਿਲ ਕੀਤੀ ਅਤੇ 1.20 ਲੱਖ ਕਰਮਚਾਰੀਆਂ ਦੀਆਂ ਨੌਕਰੀਆਂ ਨੂੰ ਨਿਯਮਤ ਕਰਨ ਦਾ ਵੱਡਾ ਐਲਾਨ ਕੀਤਾ ਅਤੇ ਇਸ ਯੋਜਨਾ ਨੂੰ ਲਾਗੂ ਕੀਤਾ। ਉਨ੍ਹਾਂ ਪੱਤਰਕਾਰਾਂ ਦੀ ਪੈਨਸ਼ਨ ਰਕਮ ਨੂੰ 5000 ਰੁਪਏ ਤੋਂ ਵਧਾਉਣ ਦੇ ਫੈਸਲੇ ਨੂੰ ਵੀ ਲਾਗੂ ਕੀਤਾ। 10,000 ਤੋਂ 15,000 ਰੁਪਏ ਤੱਕ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੀਪੀਐਲ ਪਰਿਵਾਰਾਂ ਦੀਆਂ ਔਰਤਾਂ ਨੂੰ 500 ਰੁਪਏ ਵਿੱਚ ਗੈਸ ਸਿਲੰਡਰ ਦੇਣ ਦੇ ਫੈਸਲੇ ਨੂੰ ਲਾਗੂ ਕੀਤਾ। ਮਹਿਲਾ ਸਸ਼ਕਤੀਕਰਨ ਲਈ, ਡਰੋਨ ਐਸਡੀ ਸਕੀਮ ਤੋਂ ਇਲਾਵਾ, ਉਨ੍ਹਾਂ ਨੇ ਠੇਕੇਦਾਰ ਯੋਜਨਾ ਵੀ ਸ਼ੁਰੂ ਕੀਤੀ।

ਸਾਲ 2025 ਦੇ ਬਜਟ ਵਿੱਚ, ਨਾਇਬ ਸਿੰਘ ਸੈਣੀ ਆਮ ਆਦਮੀ ਨਾਲ ਸਬੰਧਤ ਕਈ ਫੈਸਲਿਆਂ ਨੂੰ ਲਾਗੂ ਕਰਕੇ ਆਮ ਲੋਕਾਂ ਦੇ ਪਸੰਦੀਦਾ ਮੁੱਖ ਮੰਤਰੀ ਬਣੇ, ਜਿਨ੍ਹਾਂ ਵਿੱਚ ਖੇਡ ਨਰਸਰੀ ਵਧਾਉਣਾ, ਸਕਾਲਰਸ਼ਿਪ ਅਤੇ ਫੀਸਾਂ ਵਿੱਚ ਵਾਧਾ ਕਰਨਾ, ਪੰਚਾਇਤਾਂ ਦੀਆਂ ਕੱਚੀਆਂ ਧਾਰਨੀਆਂ ਬਣਾਉਣਾ, 754 ਪਿੰਡਾਂ ਵਿੱਚ ਮਹਿਲਾ ਚੌਪਾਲ ਬਣਾਉਣਾ, 2200 ਨਵੇਂ ਅੰਮ੍ਰਿਤ ਸਰੋਵਰ ਬਣਾਉਣਾ, ਹਰਿਆਣਾ ਸਰਕਾਰੀ ਕਰਮਚਾਰੀਆਂ ਲਈ ਏਕੀਕ੍ਰਿਤ ਪੈਨਸ਼ਨ ਯੋਜਨਾ, ਉਦਯੋਗਾਂ ਨੂੰ ਉਤਸ਼ਾਹਿਤ ਕਰਨਾ, ਭਵਿੱਖ ਦਾ ਵਿਭਾਗ ਬਣਾਉਣਾ ਆਦਿ ਸ਼ਾਮਲ ਹਨ। ਮੁੱਖ ਮੰਤਰੀ ਨੇ ਹਰਿਆਣਾ ਦੇ ਸਰਕਾਰੀ ਸਕੂਲਾਂ ਵਿੱਚ 857 ਯੋਗ ਸਹਾਇਕਾਂ ਦੀ ਨਿਯੁਕਤੀ ਦਾ ਇਤਿਹਾਸਕ ਫੈਸਲਾ ਲਿਆ। ਇਸ ਦੇ ਨਾਲ ਹੀ, ਹਰਿਆਣਾ ਵਿੱਚ ਵਿਵਾਦਾਂ ਦੀ ਜੜ੍ਹ ਨੂੰ ਖਤਮ ਕਰਦੇ ਹੋਏ, ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਇੱਕ ਇਤਿਹਾਸਕ ਫੈਸਲਾ ਲਿਆ ਅਤੇ ਪੰਚਾਇਤੀ ਜ਼ਮੀਨ @ਤੇ ਬਣੇ ਘਰ ਦੇ ਮਾਲਕ ਨੂੰ ਕੁਲੈਕਟਰ ਰੇਟ ਤੋਂ ਡੇਢ ਗੁਣਾ ਚਾਰਜ ਕਰਕੇ ਮਾਲਕੀ ਅਧਿਕਾਰ ਦੇਣ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ। ਨਾਇਬ ਸੈਣੀ ਨੇ ਹਰਿਆਣਾ ਦੇ ਉਨ੍ਹਾਂ ਲੋਕ ਗਾਇਕਾਂ ਦੀ ਦੇਖਭਾਲ ਕੀਤੀ, ਜੋ ਹਰਿਆਣਾ ਸੱਭਿਆਚਾਰ ਦੇ ਝੰਡਾਬਰਦਾਰ ਹਨ ਅਤੇ ਹੁਣ ਬੁਢਾਪੇ ਕਾਰਨ ਆਪਣੀ ਕਲਾ ਦਾ ਅਭਿਆਸ ਕਰਨ ਦੇ ਯੋਗ ਨਹੀਂ ਹਨ। ਉਨ੍ਹਾਂ ਨੇ ਰੁਪਏ ਮਹੀਨਾਵਾਰ ਮਾਣਭੱਤਾ ਦੇਣ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ। ਅਜਿਹੇ ਕਲਾਕਾਰਾਂ ਨੂੰ 10,000 ਰੁਪਏ ਦਾ ਮੁਆਵਜ਼ਾ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਸਿਵਲ ਸੇਵਾਵਾਂ ਛੁੱਟੀਆਂ ਦੇ ਨਿਯਮਾਂ 2016 ਵਿੱਚ ਸੋਧ ਕਰਕੇ ਸਮੂਹ ਸੀ ਅਤੇ ਸਮੂਹ ਡੀ ਦੇ ਨਿਯਮਤ ਸਰਕਾਰੀ ਕਰਮਚਾਰੀਆਂ ਨੂੰ ਮੁਆਵਜ਼ਾ ਛੁੱਟੀ ਪ੍ਰਦਾਨ ਕਰਨ ਲਈ ਕਰਮਚਾਰੀਆਂ ਨੂੰ ਇੱਕ ਤੋਹਫ਼ਾ ਦਿੱਤਾ। ਇਸ ਦੇ ਨਾਲ ਹੀ, ਉਨ੍ਹਾਂ ਨੇ ਸਰਕਾਰੀ ਕਰਮਚਾਰੀਆਂ ਦੇ ਸੇਵਾ ਨਿਯਮਾਂ ਵਿੱਚ ਸੋਧ ਕਰਕੇ ਆਮ ਲਾਇਸੈਂਸ ਫੀਸ ਦਾ ਭੁਗਤਾਨ ਕਰਕੇ ਕਿਸੇ ਕਰਮਚਾਰੀ ਦੀ ਬਦਕਿਸਮਤੀ ਨਾਲ ਮੌਤ ਹੋਣ ਦੀ ਸਥਿਤੀ ਵਿੱਚ ਉਸਦੇ ਪਰਿਵਾਰ ਨੂੰ ਦੋ ਸਾਲਾਂ ਲਈ ਮਕਾਨ ਕਿਰਾਇਆ ਭੱਤਾ ਪ੍ਰਦਾਨ ਕਰਨ ਅਤੇ ਦੋ ਸਾਲਾਂ ਦੀ ਮਿਆਦ ਲਈ ਸਰਕਾਰੀ ਰਿਹਾਇਸ਼ ਬਰਕਰਾਰ ਰੱਖਣ ਦੀ ਨੀਤੀ ਨੂੰ ਵੀ ਪ੍ਰਵਾਨਗੀ ਦਿੱਤੀ।

## ਸੀ-ਪਾਈਟ ਕੈਂਪ ਰਣੀਕੇ ਵਿਖੇ ਸੁਕਿਓਰਿਟੀ ਸੁਪਰਵਾਈਜ਼ਰ ਦਾ ਮੁਫ਼ਤ ਕੋਰਸ 10 ਫਰਵਰੀ ਤੋਂ



ਅੰਮ੍ਰਿਤਸਰ, 24 ਜਨਵਰੀ ( ਬਬਲੂ ਮਹਾਜਨ): ਸੀ-ਪਾਈਟ ਕੈਂਪ ਰਣੀਕੇ,ਅੰਮ੍ਰਿਤਸਰ ਦੇ ਅਧਿਕਾਰੀ ਕੈਪਟਨ ਅਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਦੇ ਯੁਵਕਾਂ ਲਈ ਸੀ-ਪਾਈਟ ਕੈਂਪ ਰਣੀਕੇ ਵਿਖੇ ਸੁਕਿਓਰਿਟੀ ਸੁਪਰਵਾਈਜਰ ਦਾ ਕੋਰਸ 10 ਫਰਵਰੀ 2026 ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਇਹ ਪੰਜਾਬ ਦੇ ਯੁਵਕਾਂ ਦੇ ਲਈ ਰੋਜ਼ਗਾਰ ਹਾਸਲ ਕਰਨ ਦਾ ਸੁਨਹਿਰੀ ਮੌਕਾ ਹੈ। ਪੰਜਾਬ ਦੇ ਚਾਹਵਾਨ ਯੁਵਕ ਜਲਦੀ ਤੋਂ ਜਲਦੀ ਸੀ-ਪਾਈਟ ਰਣੀਕੇ, ਅੰਮ੍ਰਿਤਸਰ ਵਿਖੇ ਕੈਂਪ ਵਿੱਚ ਆ ਕੇ ਆਪਣਾ ਰਜਿਸਟਰੇਸਨ ਕਰਵਾ ਸਕਦੇ ਹਨ।ਕੈਪਟਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਸੰਬਰ 2025 ਵਿੱਚ ਸੀ-ਪਾਈਟ ਕੈਂਪ ਰਾਣੀਕੇ,ਅੰਮ੍ਰਿਤਸਰ ਵੱਲੋਂ ਜੇਲ੍ਹ ਵਾਰਡਨ ਵਿੱਚ 100 ਯੁਵਕਾਂ ਨੂੰ ਭਰਤੀ ਕਰਵਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਸਿਵਲ ਵਿੱਚ ਹੋਰ ਵੀ ਰੋਜਗਾਰ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲਿਸ, ਸੀ.ਆਰ.ਪੀ. ਐਫ, ਬੀ.ਐਸ.ਐਫ, ਆਈ.ਟੀ.ਬੀ.ਪੀ ਵਿੱਚ ਨੌਜਵਾਨਾਂ ਦੇ ਭਰਤੀ ਹੋਣ ਵਧੀਆ ਟਾਰਗੇਟ ਰਿਹਾ ਹੈ। ਐਸ.ਐਸ.ਸੀ ਅਤੇ ਆਰਮੀ ਭਰਤੀ ਜ਼ਿਲ੍ਹਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੀ ਟਰੇਨਿੰਗ ਚੱਲ ਰਹੀ ਹੈ। ਇਸ ਸਬੰਧੀ ਚਾਹਵਾਨ ਯੁਵਕ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ ਰਣੀਕੇ, ਅੰਮ੍ਰਿਤਸਰ ਵਿਖੇ ਆਪਣਾ ਫਿਜ਼ੀਕਲ ਟਰੇਨਿੰਗ ਅਤੇ ਲਿਖਤੀ ਪੇਪਰ ਜਲਦੀ ਤੋਂ ਜਲਦੀ ਤਿਆਰੀ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਚਾਹਵਾਨ ਨੌਜਵਾਨ ਫਿਜ਼ੀਕਲ ਟੈਸਟ/ਲਿਖਤੀ ਪੇਪਰ ਦੀ ਸਿਖਲਾਈ ਲਈ ਜ਼ਰੂਰੀ ਦਸਤਾਵੇਜ਼ ਦੀਆਂ ਫੋਟੋ ਕਾਪੀਆਂ, ਆਧਾਰ ਕਾਰਡ,ਦਸਵੀਂ ਕਲਾਸ ਜਾਂ ਬਾਰਵੀਂ ਕਾਲਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਦੋ ਪਾਸਪੋਰਟ ਸਾਈਜ਼ ਫੋਟੋਗਰਾਫ ਲੈ ਕੇ ਰਿਪੋਰਟ ਕਰ ਸਕਦੇ ਹਨ। ਕੈਂਪ ਦੇ ਅਧਿਕਾਰੀ ਦੇ ਦੱਸਿਆ ਹੈ ਕਿ ਟਰੇਨਿੰਗ ਦੌਰਾਨ ਯੁਵਕਾਂ ਨੂੰ ਰਿਹਾਇਸ਼ ਅਤੇ ਖਾਣਾ ਪੰਜਾਬ ਸਰਕਾਰ ਵੱਲੋਂ ਮੁਫਤ ਦਿੱਤਾ ਜਾਵੇਗਾ।ਇਸ ਸਬੰਧੀ ਯੁਵਕ ਵਧੇਰੇ ਜਾਣਕਾਰੀ ਲਈ ਇਹਨ੍ਹਾਂ ਮੁਬਾਇਲ ਨੰਬਰਾਂ 7009317626, 9872840492 'ਤੇ ਸੰਪਰਕ ਕਰਕੇ ਟਰੇਨਿੰਗ ਲੈਣ ਲਈ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ ਆਈ.ਟੀ.ਆਈ. ਰਣੀਕੇ,ਅੰਮ੍ਰਿਤਸਰ ਵਿਖੇ ਆ ਕੇ ਟਰੇਨਿੰਗ ਦਾ ਲਾਭ ਲੈ ਸਕਦੇ ਹਨ।

## ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੀ ਫੁੱਲ ਡਰੈੱਸ ਰਿਹਰਸਲ ਹੋਈ

### ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ







ਅੰਮ੍ਰਿਤਸਰ, 24 ਜਨਵਰੀ ( ਗੁਰਦਿਆਲ ਸਿੰਘ ) - 26 ਜਨਵਰੀ ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੀ ਫੁੱਲ ਡਰੈੱਸ ਰਿਹਰਸਲ ਗੁਰੂ ਨਾਨਕ ਸਟੇਡੀਅਮ ਅੰਮ੍ਰਿਤਸਰ ਵਿਖੇ ਹੋਈ, ਜਿਸ ਦੌਰਾਨ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ: ਦਲਵਿੰਦਰਜੀਤ ਸਿੰਘ ਵਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ।ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਸ: ਦਲਵਿੰਦਰਜੀਤ ਸਿੰਘ ਵੱਲੋਂ ਪਰੇਡ ਦਾ ਮੁਆਇਨਾ ਕੀਤਾ ਗਿਆ। ਇਸ ਉਪਰੰਤ ਪਰੇਡ ਕਮਾਂਡਰ ਸ੍ਰੀ ਪਾਰਸ ਗਰਗ ਦੀ ਕਮਾਂਡ ਹੇਠ ਪੰਜਾਬ ਪੁਲਿਸ ਦੇ ਜਵਾਨਾਂ, ਪੰਜਾਬ ਪੁਲਿਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ ਅਤੇ ਪੰਜਾਬ ਪੁਲਿਸ ਦੇ ਬੈਂਡ ਵੱਲੋਂ ਸ਼ਾਨਦਾਰ ਪਾਰਚ ਪਾਸਟ ਕੀਤਾ ਗਿਆ। ਇਸ ਤੋਂ ਬਾਅਦ ਵੱਖ-ਵੱਖ ਸਿੱਖਿਆ ਸੰਸਥਾਵਾਂ ਦੇ ਵਿਦਿਆਰਥੀਆਂ ਵੱਲੋਂ ਕੋਰਿਓਗ੍ਰਾਫੀ, ਗਿੱਧਾ, ਭੰਗੜਾ ਸਮੇਤ ਦੇਸ਼ ਭਗਤੀ ਦੇ ਰੰਗ ਵਿਚ ਰੰਗਿਆ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ 26 ਜਨਵਰੀ ਨੂੰ ਅੰਮ੍ਰਿਤਸਰ ਵਿਖੇ ਗਣਤੰਤਰ ਦਿਵਸ ਸਮਾਗਮ ਪੂਰੇ ਉਤਸ਼ਾਹ ਨਾਲ ਕਰਵਾਇਆ ਜਾਵੇਗਾ, ਜਿਸ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੈਬਨਿਟ ਮੰਤਰੀ ਸ੍ਰੀ ਹਰਦੀਪ ਸਿੰਘ ਮੁੰਡੀਆਂ ਮਾਲ, ਪੁਨਰਵਾਸ ਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਪੰਜਾਬ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਉਨ੍ਹਾਂ ਕਿਹਾ ਕਿ ਸਾਰੇ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀ ਆਪਣਾ ਫ਼ਰਜ ਸਮਝਦੇ ਹੋਏ ਗਣਤੰਤਰ ਦਿਵਸ ਸਮਾਗਮ ਵਿੱਚ ਸ਼ਾਮਲ ਹੋਣ। ਇਸਦੇ ਨਾਲ ਹੀ ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਗਣਤੰਤਰ ਦਿਵਸ ਸਮਾਗਮ ਵਿੱਚ ਸ਼ਾਮਲ ਹੋ ਕੇ ਰੌਣਕਾਂ ਨੂੰ ਵਧਾਉਣ।ਫੁੱਲ ਡਰੈੱਸ ਰਿਹਰਸਲ ਤੋਂ ਬਾਅਦ ਡਿਪਟੀ ਕਮਿਸ਼ਨਰ ਵੱਲੋਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਸਮਾਗਮ ਦੀ ਸਫਲਤਾ ਲਈ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ। ਇਸ ਮੌਕੇ ਵਧੀਕ ਪੁਲਿਸ ਕਮਿਸ਼ਨਰ ਜਗਜੀਤ ਸਿੰਘ ਵਾਲੀਆ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰੋਹਿਤ ਗੁਪਤਾ, ਐਸ.ਡੀ.ਐਮ-1 ਸ: ਅਮਨਪ੍ਰੀਤ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਸ: ਨਵਕਿਰਤ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ: ਕੰਵਲਜੀਤ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜੇਸ਼ ਖੰਨਾ, ਜ਼ਿਲ੍ਹਾ ਸਮਾਜਿਕ ਤੇ ਸੁਰੱਖਿਆ ਅਫ਼ਸਰ ਸ: ਅਸੀਸਇੰਦਰ ਸਿੰਘ, ਸਕੱਤਰ ਰੈਡ ਕਰਾਸ ਸ੍ਰੀ ਸੈਮਸਨ ਮਸੀਹ, ਡਿਪਟੀ ਡਾਇਰੈਕਟਰ ਸ੍ਰੀ ਸ਼ੇਰਜੰਗ ਸਿੰਘ ਹੁੰਦਲ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਸਰੋਵਰ ਵਿੱਚ ਕੁਰਲੀ ਕਰਨ ਦੇ ਮਾਮਲੇ ਨੂੰ ਬੇਅਦਬੀ ਕਰਾਰ ਦਿੰਦਿਆਂ ਪੁਲਿਸ ਨੂੰ ਦਿੱਤੀ ਸ਼ਿਕਾਇਤ



ਅੰਮ੍ਰਿਤਸਰ, 24 ਜਨਵਰੀ (ਬਬਲੂ ਮਹਾਜਨ):ਬੀਤੇ ਦਿਨੀਂ ਇੱਕ ਮੁਸਲਿਮ ਨੌਜਵਾਨ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਵਿੱਚ ਕੁਰਲੀ ਕਰਨ ਦੇ ਮਾਮਲੇ ਨੂੰ ਬੇਅਦਬੀ ਕਰਾਰ ਦਿੰਦਿਆਂ ਅੱਜ ਪ੍ਰਬੰਧਕਾਂ ਵੱਲੋਂ ਅੰਮ੍ਰਿਤਸਰ ਸ਼ਹਿਰ ਦੇ ਈ-ਡਵੀਜ਼ਨ ਪੁਲਿਸ ਥਾਣੇ ਵਿੱਚ ਅਧਿਕਾਰਤ ਰੂਪ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਹੈ। ਇਸ ਵਿਅਕਤੀ ਦੀ ਪਛਾਣ ਸੁਬਹਾਨ ਰੰਗਰੀਜ਼ ਵਾਸੀ ਗਾਜ਼ੀਆਬਾਦ, ਉੱਤਰ ਪ੍ਰਦੇਸ਼ ਵਜੋਂ ਹੋਈ ਹੈ, ਜੋ 13 ਜਨਵਰੀ 2026 ਨੂੰ ਸ੍ਰੀ ਦਰਬਾਰ ਸਾਹਿਬ ਪਰਿਕਰਮਾ ਵਿੱਚ ਆਇਆ ਸੀ। ਪ੍ਰਬੰਧਕਾਂ ਵੱਲੋਂ ਕੀਤੀ ਗਈ ਜਾਂਚ ਵਿੱਚ ਪਾਇਆ ਗਿਆ ਹੈ ਕਿ ਉਸ ਨਾਲ ਉਸ ਦਿਨ ਚਾਰ ਨੌਜਵਾਨ ਹੋਰ ਸਨ, ਜੋ ਇਹ ਸਾਰੇ ਪੰਜ ਜਣੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕੇ ਬਿਨਾਂ ਹੀ ਬਾਹਰ ਚਲੇ ਗਏ ਸਨ। ਪਰਿਕਰਮਾ ਵਿੱਚ ਪਾਵਨ ਸਰੋਵਰ ਅੰਦਰ ਕੁਰਲੀ ਅਤੇ ਚੂਲਾ ਲੈਂਦਿਆਂ ਸੁਬਹਾਨ ਨੇ ਆਪਣੀ ਰਿਕਾਰਡ ਕੀਤੀ ਵੀਡੀਓ 16 ਜਨਵਰੀ 2026 ਨੂੰ ਆਪਣੇ ਸੋਸ਼ਲ ਮੀਡੀਆ ਮੰਚਾਂ ਉੱਤੇ ਪਾਈ। ਮਾਮਲਾ ਧਿਆਨ ਵਿੱਚ ਆਉਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦੀ ਜਾਂਚ ਅਰੰਭੀ ਅਤੇ ਜਾਂਚ ਵਿੱਚ ਸਬੰਧਤ ਨੌਜਵਾਨਾਂ ਦੀ ਗਤੀਵਿਧੀ ਕੈਮਰਿਆਂ ਰਾਹੀਂ ਵਾਚੀ ਗਈ, ਜਿਸ ਤੋਂ ਪ੍ਰਬੰਧਕਾਂ ਅਨੁਸਾਰ ਇਹ ਸਪੱਸ਼ਟ ਹੁੰਦਾ ਹੈ ਕਿ ਉਸ ਦੀ ਮਨਸ਼ਾ ਸ਼ਰਧਾ ਭਾਵਨਾ ਵਾਲੀ ਘੱਟ ਅਤੇ ਵਿਵਾਦ ਕਰਨ ਵਾਲੀ ਵੱਧ ਸੀ, ਜਿਸ ਨੂੰ ਬੇਅਦਬੀ ਮੰਨਿਆ ਗਿਆ ਹੈ। ਇਹ ਕਿਹਾ ਗਿਆ ਹੈ ਕਿ ਦੋਸ਼ੀ ਦੀ ਗਤੀਵਿਧੀਆਂ ਨਾਲ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਵੱਜੀ ਹੈ ਇਸ ਲਈ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਸਦੀ ਸ਼ਿਕਾਇਤ ਥਾਣਾ ਈ ਡਿਵੀਜ਼ਨ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਜਸਪਾਲ ਸਿੰਘ ਤੇ ਰਜਿੰਦਰ ਸਿੰਘ ਵੱਲੋਂ ਦਰਜ ਕਰਵਾਈ ਗਈ ਹੈ।

## ਖਾਲਸਾ ਕਾਲਜ ਦੇ ਸਟਾਫ਼ ਅਤੇ ਵਿਦਿਆਰਥੀਆਂ ਨੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਭਰੀ ਹਾਜ਼ਰੀ



ਅੰਮ੍ਰਿਤਸਰ, 24 ਜਨਵਰੀ (ਬਬਲੂ ਮਹਾਜਨ) :ਅਮਰ ਸ਼ਹੀਦ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਜ ਸਥਾਨਕ ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਧਾਰਮਿਕ ਸਮਾਗਮ ਕਰਵਾਏ ਗਏ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਮਿਲ ਕੇ ਇਲਾਹੀ ਬਾਣੀ ਦੇ ਜਾਪ ਕੀਤੇ ਅਤੇ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ।ਸਮਾਗਮ ਦੀ ਸ਼ੁਰੂਆਤ ਦੌਰਾਨ ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਸਮੂਹ ਅਧਿਆਪਕਾਂ, ਗੈਰ-ਅਧਿਆਪਨ ਸਟਾਫ ਅਤੇ ਵਿਦਿਆਰਥੀਆਂ ਨੂੰ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀ ਲੱਖ-ਲੱਖ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਬਾਬਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਸਿੱਖੀ ਸਿਧਾਂਤਾਂ ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਦਿਹਾੜੇ ਸਾਨੂੰ ਸਾਡੇ ਮਾਨਮੱਤੇ ਇਤਿਹਾਸ ਅਤੇ ਵਿਰਸੇ ਨਾਲ ਜੋੜਦੇ ਹਨ। ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਸਮੂਹ ਸਟਾਫ ਮੈਂਬਰਾਂ ਨੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਹਾਜ਼ਰੀ ਭਰੀ। ਉੱਥੇ ਪਹੁੰਚ ਕੇ ਸਮੂਹ ਸਟਾਫ ਨੇ ਗੁਰੂ ਚਰਨਾਂ ਵਿੱਚ ਸੀਸ ਨਿਵਾਇਆ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।ਇਸ ਪਵਿੱਤਰ ਮੌਕੇ 'ਤੇ ਕਾਲਜ ਪ੍ਰਬੰਧਕਾਂ ਅਤੇ ਸਟਾਫ ਵੱਲੋਂ ਵਿਸ਼ੇਸ਼ ਤੌਰ 'ਤੇ ਅਰਦਾਸ ਕੀਤੀ ਗਈ। ਗੁਰੂ ਸਾਹਿਬ ਦੇ ਚਰਨਾਂ ਵਿੱਚ ਕਾਲਜ ਦੀ ਦਿਨ-ਦੁਗਣੀ ਰਾਤ-ਚੌਗਣੀ ਤਰੱਕੀ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਚੜ੍ਹਦੀ ਕਲਾ ਦੀ ਕਾਮਨਾ ਕੀਤੀ ਗਈ। ਸਮੁੱਚਾ ਵਾਤਾਵਰਨ ਅਧਿਆਤਮਿਕ ਰੰਗ ਵਿੱਚ ਰੰਗਿਆ ਨਜ਼ਰ ਆਇਆ ਅਤੇ ਹਰ ਕਿਸੇ ਨੇ ਬੜੇ ਹੀ ਅਦਬ ਸਤਿਕਾਰ ਨਾਲ ਇਸ ਧਾਰਮਿਕ ਕਾਰਜ ਵਿੱਚ ਹਿੱਸਾ ਲਿਆ।

## ਮੋਗਾ ਵਿਖੇ ਖੁੱਡੀਆਂ ਲਹਿਰਾਉਣਗੇ ਕੌਮੀ ਝੰਡਾ

### ਗਣਤੰਤਰ ਦਿਵਸ ਸਮਾਰੋਹ ਦੀ ਹੋਈ ਫੁੱਲ ਡਰੈੱਸ ਰਿਹਰਸਲ

ਮੋਗਾ 24 ਜਨਵਰੀ(ਗੁਰਦੇਵ ਖੁਰਾਣਾ/ਹਰਜੀਤ ਛਾਬੜਾ)ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਦੀ ਅਹਿਮੀਅਤ ਦੇ ਮੱਦੇਨਜ਼ਰ ਇਸ ਨੂੰ ਪੂਰੀ ਮਰਿਆਦਾ ਅਤੇ ਰਾਸ਼ਟਰੀ ਭਾਵਨਾ ਨਾਲ ਮਨਾਇਆ ਜਾਵੇਗਾ।ਇਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਡਿਪਟੀ ਕਮਿਸ਼ਨਰ ਮੋਗਾ ਸ਼੍ਰੀ ਸਾਗਰ ਸੇਤੀਆ ਨੇ ਸਥਾਨਕ ਦਾਣਾ ਮੰਡੀ ਮੋਗਾ ਵਿਖੇ ਕੀਤਾ। ਦਾਣਾ ਮੰਡੀ ਮੋਗਾ ਵਿਖੇ ਹੋਈ ਗਣਤੰਤਰ ਦਿਵਸ ਸਮਾਰੋਹ ਦੀ ਫੁੱਲ ਡਰੈੱਸ ਰਿਹੱਸਲ ਦਾ ਜਾਇਜ਼ਾ ਲਿਆ। ਇਸ ਸਮੇਂ ਉਨ੍ਹਾਂ ਨਾਲ ਐਸ.ਐਸ.ਪੀ. ਸ਼੍ਰੀ ਅਜੈ ਗਾਂਧੀ, ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰ. ਜਸਪਿੰਦਰ ਸਿੰਘ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।ਫੁੱਲ ਡਰੈੱਸ ਰਿਹਰਸਲ ਮੌਕੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਸਮੇਂ ਪੰਜਾਬ ਪੁਲਿਸ ਦੀਆਂ ਅਤੇ ਹੋਰਨਾਂ ਟੁਕੜੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੱਢਿਆ। ਸਕੂਲੀ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ। ਗਿੱਧਾ ਅਤੇ ਭੰਗੜੇ ਨਾਲ ਸਬੰਧਤ ਆਈਟਮਾਂ ਵੀ ਪੇਸ਼ ਕੀਤੀਆਂ ਗਈਆਂ। ਸ਼੍ਰੀ ਸਾਗਰ ਸੇਤੀਆ ਨੇ ਦੱਸਿਆ ਕਿ ਗਣਤੰਤਰ



ਦਿਵਸ ਸਮਾਰੋਹ ਵਿੱਚ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਅਤੇ ਫੂਡ ਪ੍ਰੋਸੈਸਿੰਗ ਮੰਤਰੀ ਸ੍ਰ. ਗੁਰਮੀਤ ਸਿੰਘ ਖੁੱਡੀਆਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ ਅਤੇ ਮਾਰਚ ਪਾਸਟ ਤੋਂ ਸਲਾਮੀ ਲੈਣਗੇ।ਡਿਪਟੀ ਕਮਿਸ਼ਨਰ ਸ਼੍ਰੀ ਸਾਗਰ ਸੇਤੀਆ ਵੱਲੋਂ ਫੁੱਲ ਡਰੈੱਸ ਰਿਹਰਸਲ ਦਾ ਨਿਰੀਖਣ ਕਰਨ ਤੋਂ ਬਾਅਦ ਸਬੰਧਤ ਵਿਭਾਗਾਂ ਦੀ ਮੀਟਿੰਗ ਕੀਤੀ ਅਤੇ 26 ਜਨਵਰੀ ਦੇ ਦਿਹਾੜੇ ਨੂੰ ਅਨੁਸ਼ਾਸ਼ਨ ਅਤੇ ਸਮਰਪਿਤ ਭਾਵਨਾ ਨਾਲ ਨੇਪਰੇ ਚਾੜ੍ਹਨ ਦੇ ਨਿਰਦੇਸ਼ ਜਾਰੀ ਕੀਤੇ। ਉਹਨਾਂ ਦੱਸਿਆ ਕਿ ਵੱਖ ਵੱਖ ਵਿਭਾਗਾਂ ਵੱਲੋਂ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਝਾਕੀਆਂ ਨੂੰ ਵੀ ਪੇਸ਼ ਕੀਤਾ ਜਾਵੇਗਾ। ਸਮਾਰੋਹ ਵਾਲੇ ਦਿਨ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ ਤੇ ਟਰਾਈ ਸਾਈਕਲਾਂ ਦੀ ਵੰਡ ਤੋਂ ਇਲਾਵਾ ਇਨਾਮ ਵੰਡ ਸਮਾਰੋਹ ਵੀ ਆਯੋਜਿਤ ਕੀਤਾ ਜਾਵੇਗਾ।ਉਹਨਾਂ ਦੱਸਿਆ ਕਿ ਵੱਖ ਵੱਖ ਵਿਭਾਗਾਂ ਵੱਲੋਂ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਝਾਕੀਆਂ ਨੂੰ ਵੀ ਪੇਸ਼ ਕੀਤਾ ਜਾਵੇਗਾ। ਸਮਾਰੋਹ ਵਾਲੇ ਦਿਨ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ ਤੇ ਟਰਾਈ ਸਾਈਕਲਾਂ ਦੀ ਵੰਡ ਤੋਂ ਇਲਾਵਾ ਇਨਾਮ ਵੰਡ ਸਮਾਰੋਹ ਵੀ ਆਯੋਜਿਤ ਕੀਤਾ ਜਾਵੇਗਾ।

## ਵਿਆਹ ਦੀ 50ਵੀਂ ਵਰ੍ਹੇਗੰਢ ਮੌਕੇ ਮੁੰਬਈ ਤੋਂ ਅੰਮ੍ਰਿਤਸਰ ਪਹੁੰਚੇ ਬਾਵਾ ਗੁਰਿੰਦਰ ਸਿੰਘ

ਅੰਮ੍ਰਿਤਸਰ, 24 ਜਨਵਰੀ ( ਬਬਲੂ ਮਹਾਜਨ ) :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਹਾਰਾਸ਼ਟਰ ਤੋਂ ਮੈਂਬਰ ਅਤੇ ਸਿੱਖ ਆਗੂ ਬਾਵਾ ਗੁਰਿੰਦਰ ਸਿੰਘ ਨੇ ਅੱਜ ਆਪਣੇ ਪਰਿਵਾਰ ਸਹਿਤ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ।ਸ੍ਰੀ ਦਰਬਾਰ ਸਾਹਿਬ ਪਹੁੰਚਣ 'ਤੇ ਮੈਨੇਜਰ ਸ੍ਰ ਰਜਿੰਦਰ ਸਿੰਘ ਰੂਬੀ, ਗੁਰਪ੍ਰੀਤ ਸਿੰਘ ਮੈਨੇਜਰ ਸਰਾਵਾਂ ਤੇ ਸੂਚਨਾ ਅਧਿਕਾਰੀ ਸ੍ਰ ਅੰਮ੍ਰਿਤਪਾਲ ਸਿੰਘ ਨੇ ਬਾਵਾ ਪਰਿਵਾਰ ਨੂੰ ਜੀ ਆਇਆ ਕਿਹਾ। ਆਪਣੇ ਵਿਆਹ ਦੀ 50ਵੀਂ ਵਰੇਗੰਢ ਮਨਾਉਣ ਵਾਸਤੇ ਮੁੰਬਈ ਤੋਂ ਅੰਮ੍ਰਿਤਸਰ ਪਹੁੰਚੇ ਸ ਗੁਰਿੰਦਰ ਸਿੰਘ ਬਾਵਾ ਨੇ ਕਿਹਾ ਕਿ ਉਹਨਾਂ ਅਕਾਲ ਪੁਰਖ ਅੱਗੇ ਅਰਜੋਈ ਕੀਤੀ ਹੈ ਕਿ



ਦੇਸ਼, ਕੌਮ ਚੜਦੀ ਕਲਾ ਵਿੱਚ ਰਹੇ ਪੰਥ ਨੂੰ ਦਰਪੇਸ਼ ਸਮੱਸਿਆਵਾਂ ਹੱਲ ਹੋਣ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਹੋਵੇ। ਇਸ ਮੌਕੇ 'ਤੇ ਗੱਲ ਕਰਦਿਆਂ ਬਾਬਾ ਗੁਰਿੰਦਰ ਸਿੰਘ ਜੀ ਨੇ ਕਿਹਾ ਕਿ ਆਪਣੇ ਵਿਆਹ ਦੀ ਪੰਜਾਹਵੀਂ ਵਰੇਗੰਢ ਮੌਕੇ ਸ੍ਰੀ ਗੁਰੂ ਰਾਮਦਾਸ ਜੀ ਦਾ ਆਸ਼ੀਰਵਾਦ ਲੈਣ ਲਈ ਉਹ ਪਰਿਵਾਰ ਸਮੇਤ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚੇ ਹਨ ਅਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਇਸ ਮੌਕੇ 'ਤੇ ਗਾਇਡ ਸਰਬਜੀਤ ਸਿੰਘ, ਜਰਮਨਜੀਤ ਸਿੰਘ ਅਤੇ ਤੇਜਿੰਦਰਪਾਲ ਸਿੰਘ ਵੱਲੋਂ ਬਾਵਾ ਪਰਿਵਾਰ ਨੂੰ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਬੀਬੀ ਪਰਮਜੀਤ ਕੌਰ ਪਿੰਕੀ, ਡਾ ਹਰਮੀਤ ਸਿੰਘ ਸਲੂਜਾ ਅਦਿ ਵੀ ਹਾਜ਼ਰ ਸਨ।

## ਪੂਰੇ ਉਤਸ਼ਾਹ ਤੇ ਜਾਗਰੂਕਤਾ ਨਾਲ ਮਨਾਇਆ ਵੋਟਰ ਦਿਵਸ

ਕੋਟ ਈ ਸੇ ਖਾਂ, 24 ਜਨਵਰੀ (ਹਰਜੀਤ ਛਾਬੜਾ / ਗੁਰਦੇਵ ਖੁਰਾਣਾ) ਸ੍ਰੀ ਹੇਮਕੁੰਟ ਸੀਨੀਅਰ ਸੈਕੰਡਰੀ ਸਕੂਲ ਕੋਟ ਈਸੇ ਖਾਂ ਵਿਖੇ ਵੋਟਰ ਦਿਵਸ ਸਹਾਇਕ ਡਾਇਰੈਕਟਰ ਦਵਿੰਦਰ ਸਿੰਘ ਲੋਟੇ ਦੀ ਯੋਗ ਅਗਵਾਈ ਹੇਠ ਪੂਰੇ ਉਤਸ਼ਾਹ ਅਤੇ ਜਾਗਰੂਕਤਾ ਨਾਲ ਮਨਾਇਆ ਗਿਆ। ਵੋਟਰ ਦਿਵਸ ਮਨਾਉਣ ਦਾ ਮਕਸਦ ਵਿਦਿਆਰਥੀਆਂ ਵਿੱਚ ਲੋਕਤੰਤਰ ਮੁੱਲਾਂ ਅਤੇ ਵੋਟ ਅਧਿਕਾਰ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਇਸ ਵੋਟਰ ਦਿਵਸ ਦੌਰਾਨ ਪ੍ਰੋਗਰਾਮ ਅਫਸਰ ਦੀ ਨਿਗਰਾਨੀ ਹੇਠ ਐਨ.ਐਨ. ਐਸ ਵਲੰਟੀਅਰਸ ਵੱਲੋਂ ਵਿਸ਼ੇਸ਼ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਵੋਟ ਦੀ ਮਹੱਤਤਾ ਬਾਰੇ ਭਾਸ਼ਣ ਦਿੱਤੇ, ਪੋਸਟਰ ਬਣਾਏ ਅਤੇ ਹਰ ਵੋਟ ਕੀਮਤੀ ਹੈ ਦਾ ਸਲੋਗਨ ਬਣਾ ਕੇ ਦੇਸ਼ ਦੇ ਸਭ ਬਸ਼ਿੰਦਿਆਂ ਨੂੰ ਜਿੰਮੇਵਾਰ ਨਾਗਰਿਕ ਬਣਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੀ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸਰਦਾਰ ਕੁਲਵੰਤ ਸਿੰਘ ਸੰਧੂ ਤੇ ਐਮਡੀ ਮੈਡਮ ਰਣਜੀਤ ਕੌਰ ਸੰਧੂ ਨੇ ਕਿਹਾ ਕਿ ਵੋਟ ਦੀ ਵਰਤੋਂ ਕਰਨਾ ਹਰ ਇੱਕ ਨਾਗਰਿਕ ਦਾ ਮੂਲ ਅਧਿਕਾਰ ਦੇ ਮੁੱਢਲਾ ਫਰਜ਼ ਹੈ, ਉਨ੍ਹਾਂ ਨੇ ਆਉਣ ਵਾਲੇ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਵਰਤੋਂ ਪੂਰੀ ਸੋਚ ਵਿਚਾਰ ਤੇ ਨਿਡਰਤਾ ਨਾਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਨੌਜਵਾਨਾਂ ਦੀ ਸੂਝ-ਬੂਝ ਅਤੇ ਭਾਗੀਦਾਰੀ ਦੇ ਨਿਰਭਰ ਕਰਦੀ ਹੈ, ਇਸ ਲਈ ਨੌਜਵਾਨਾਂ ਦਾ ਵੋਟਾਂ ਪ੍ਰਤੀ ਜਾਗਰੂਕ ਹੋਣਾ ਬੇਹੱਦ ਜ਼ਰੂਰੀ ਹੈ।

## ਅਜਨਾਲਾ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦਾ ਕੰਮ ਸ਼ੁਰੂ



ਅਜਨਾਲਾ, 24 ਜਨਵਰੀ (ਸੁਖਦੇਵ ਸਿੰਘ ਖਾਲਸਾ) : ਹਲਕਾ ਅਜਨਾਲਾ ਦੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨਵਾਂ ਵਰ੍ਹਾ 2026 ਨੂੰ ਪੰਜਾਬ 'ਚ ਪੇਂਡੂ ਤੇ ਸ਼ਹਿਰੀ ਬਹੁਪੱਖੀ ਵਿਕਾਸ, ਸਿਹਤ, ਤੇ ਸਿੱਖਿਆ ਕ੍ਰਾਂਤੀ ਵਜੋਂ ਮਨਾ ਕੇ ਰੰਗਲੇ ਪੰਜਾਬ ਦੀ ਸਿਰਜਣਾ 'ਚ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਅਜਨਾਲਾ ਹਲਕੇ ਨੂੰ ਸ਼ਹਿਰ ਵਰਗੀਆਂ ਸਾਰੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਸ: ਧਾਲੀਵਾਲ ਨੇ ਅੱਜ ਅਜਨਾਲਾ ਸ਼ਹਿਰ ਵਿੱਚ 68.22 ਲੱਖ ਰੁਪਏ ਦੀ ਲਾਗਤ ਨਾਲ 122 ਸਥਾਨਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਇਨ੍ਹਾਂ ਕੈਮਰਿਆਂ ਦੇ ਲੱਗਣ ਨਾਲ ਹੋਣ ਵਾਲੇ ਅਪਰਾਧਾਂ ਵਿੱਚ ਕਾਫ਼ੀ ਕਮੀ ਆਵੇਗੀ ਅਤੇ ਟ੍ਰੈਫਿਕ ਵਿਵਸਥਾ ਵਿੱਚ ਵੀ ਸੁਧਾਰ ਆਵੇਗਾ। ਉਨ੍ਹਾਂ ਦੱਸਿਆ ਕਿ ਇਸ ਦਾ ਕੰਟਰੋਲ ਰੂਮ ਅਜਨਾਲਾ ਥਾਣੇ ਵਿੱਚ ਬਣਾਇਆ ਗਿਆ ਹੈ, ਜਿਸ ਵਿੱਚ ਪੁਲਿਸ ਕਰਮਚਾਰੀ ਦਿਨ ਰਾਤ ਕੈਮਰਿਆਂ ਰਾਹੀਂ ਸ਼ਹਿਰ ਦੀ ਨਿਗਰਾਨੀ ਵੀ ਕਰਨਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਮਰਿਆਂ ਨੂੰ ਲਗਾਉਣ ਦਾ ਕੰਮ ਅੱਜ ਤੋਂ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਆਉਂਦੇ 15-20 ਦਿਨਾਂ ਦੇ ਅੰਦਰ ਅੰਦਰ ਸਾਰੇ ਕੈਮਰੇ ਲੱਗ ਜਾਣਗੇ। ਇਸ ਉਪਰੰਤ ਸ: ਧਾਲੀਵਾਲ ਵੱਲੋਂ ਅਜਨਾਲਾ ਹਲਕੇ ਦੇ ਪਿੰਡ ਰਮਦਾਸ ਵਿਖੇ 7.66 ਕਰੋੜ ਰੁਪਏ ਦੀ ਲਾਗਤ ਨਾਲ ਅਤੇ ਅਜਨਾਲਾ ਬਾਈਪਾਸ ਵਿਖੇ 6.62 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜ੍ਹਕਾਂ ਦਾ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਇਨ੍ਹਾਂ ਸੜ੍ਹਕਾਂ ਦੇ ਬਣ ਜਾਣ ਨਾਲ ਲੋਕਾਂ ਦੇ ਆਵਾਜਾਈ ਸਾਧਨ ਵਿੱਚ ਕਾਫ਼ੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਅਜਨਾਲਾ ਸ਼ਹਿਰ ਦੀਆਂ ਸਾਰੀਆਂ ਸੜ੍ਹਕਾਂ ਨੂੰ ਆਪਸ ਵਿੱਚ ਜੋੜਿਆ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਸ. ਧਾਲੀਵਾਲ ਨੇ ਕਿਹਾ ਕਿ ਸਿਹਤ ਕ੍ਰਾਂਤੀ ਤਹਿਤ ਸੂਬੇ ਭਰ ਦੇ 65 ਲੱਖ ਪਰਿਵਾਰਾਂ ਭਾਵ 3 ਕਰੋੜ ਵੱਸੋਂ ਨੂੰ 10 ਲੱਖ ਰੁਪਏ ਤੱਕ ਮੁਫਤ ਸਿਹਤ ਬੀਮਾ ਸਕੀਮ ਲਾਗੂ ਹੋ ਗਈ ਹੈ ਅਤੇ ਇਹ ਸਕੀਮ ਲਾਗੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੋਵੇਗਾ। ਮੁਫਤ ਸਿਹਤ ਸਕੀਮ ਤਹਿਤ ਲਾਭਪਾਤਰੀਆਂ ਲਈ ਨਾ ਤਾਂ ਜਾਤੀ ਵਰਗ ਅਤੇ ਨਾ ਹੀ ਆਮਦਨ ਹੱਦ ਦੀ ਸ਼ਰਤ ਲਾਗੂ ਹੋਵੇਗੀ। ਸੂਬੇ ਦੇ 800 ਸਰਕਾਰੀ ਹਸਪਤਾਲਾਂ ਸਮੇਤ ਸੂਚੀਬੱਧ ਨਿੱਜੀ ਹਸਪਤਾਲਾਂ 'ਚ ਲਾਭਪਾਤਰ 2 ਹਜਾਰ ਤੋਂ ਵੱਧ ਬਿਮਾਰੀਆਂ ਸਰਜਰੀਆਂ ਤੇ ਇਲਾਜ ਪ੍ਰਕਿਰਿਆਵਾਂ ਦਾ ਲਾਭ ਉਠਾਉਣ ਦੇ ਹੱਕ ਦਾਰ ਹੋਣਗੇ।

## ਪੰਜਾਬ ਸਰਕਾਰ ਹਕੀਕਤ 'ਚ ਕੰਮ ਕਰਨ ਦੀ ਥਾਂ ਬਿਆਨ ਦੇਣ ਤੱਕ ਸੀਮਿਤ : ਰਾਜ ਕੁਮਾਰ



ਗੜ੍ਹਸ਼ੰਕਰ, 24 ਜਨਵਰੀ ( ਅਜਮੇਰ ਸਿੰਘ ਭਨੋਟ) : ਆਮ ਆਦਮੀ ਪਾਰਟੀ ਦੀ ਸਰਕਾਰ ਨਸ਼ਾ ਬੰਦ ਕਰਾਉਣ ਵਿੱਚ ਫੇਲ ਸਾਬਤ ਹੋਈ ਹੈ ਤੇ ਇਲਾਕੇ ਦੇ ਵਿੱਚ ਹੋ ਰਹੀ ਗੈਰ ਕਾਨੂੰਨੀ ਮਾਈਨਿੰਗ ਨੇ ਹਲਕੇ ਦਾ ਨਕਸ਼ਾ ਵਿਗਾੜਕੇ ਰੱਖ ਦਿੱਤਾ,ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਾਜ ਕੁਮਾਰ ਰਾਣਾ ਬੀਜੇਪੀ ਆਗੂ ਨੇ ਬਿਆਨ ਜਾਰੀ ਕਰਦੇ ਹੋਏ ਕਹੇ। ਰਾਜ ਕੁਮਾਰ ਰਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਪਿੰਡਾਂ ਦੀਆਂ ਸੜਕਾਂ ਤੋੜਕੇ ਰੱਖ ਦਿੱਤੀਆਂ ਹਨ ਅਤੇ ਲੋਕਾਂ ਦੀ ਜਿੰਦਗੀ ਨਰਕ ਬਣਾਕੇ ਰੱਖ ਦਿੱਤੀ ਹੈ। ਰਾਜ ਕੁਮਾਰ ਰਾਣਾ ਨੇ ਕਿਹਾ ਕਿ ਸਤਾ ਤੋਂ ਪਹਿਲਾਂ ਨਸ਼ੇ ਦੇ ਖ਼ਾਤਮੇ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੁਰਾਨ ਨਸ਼ੇ ਦੇ ਵਿੱਚ ਕਈ ਗੁਣਾ ਇਜ਼ਾਫ਼ਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜ਼ਮੀਨੀ ਹਕੀਕਤ 'ਤੇ ਕੰਮ ਕਰਨ ਦੀ ਵਜਾਏ ਸਟੇਜਾਂ ਦੇ ਉੱਪਰ ਬਿਆਨ ਦੇਣ ਤੱਕ ਹੀ ਸੀਮਿਤ ਹੈ। ਰਾਜ ਕੁਮਾਰ ਰਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਪਿੰਡਾਂ ਦੀਆਂ ਸੜਕਾਂ ਤੋੜਕੇ ਰੱਖ ਦਿੱਤੀਆਂ ਹਨ ਅਤੇ ਲੋਕਾਂ ਦੀ ਜ਼ਿੰਦਗੀ ਨਰਕ ਬਣਾਕੇ ਰੱਖ ਦਿੱਤੀ ਹੈ। ਰਾਜ ਕੁਮਾਰ ਰਾਣਾ ਨੇ ਕਿਹਾ ਕਿ ਸਤਾ ਤੋਂ ਪਹਿਲਾਂ ਨਸ਼ੇ ਦੇ ਖ਼ਾਤਮੇ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਨਸ਼ੇ ਦੇ ਵਿੱਚ ਕਈ ਗੁਣਾ ਇਜ਼ਾਫ਼ਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜ਼ਮੀਨੀ ਹਕੀਕਤ 'ਤੇ ਕੰਮ ਕਰਨ ਦੀ ਵਜਾਏ ਸਟੇਜਾਂ ਦੇ ਉੱਪਰ ਬਿਆਨ ਦੇਣ ਤੱਕ ਹੀ ਸੀਮਿਤ ਹੈ।

## ਮੁੱਖ ਮੰਤਰੀ ਸਿਹਤ ਬੀਮਾ ਯੋਜਨਾ

## ਸਰਕਾਰੀ ਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਕੈਸ਼ਲੈੱਸ ਇਲਾਜ ਦੀ ਸਹੂਲਤ : ਵਿਧਾਇਕ ਬੱਗਾ



ਲੁਧਿਆਣਾ, 24 ਜਨਵਰੀ (ਵਿਸ਼ਾਲ ਸ਼ਰਮਾ) ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਅੱਜ ਵਾਰਡ ਨੰਬਰ 91 ਅਤੇ 70 ਵਿਖੇ ਯੋਗ ਲਾਭਪਾਤਰੀਆਂ ਦੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਗਏ। ਵਿਧਾਇਕ ਬੱਗਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਮਾਨ ਵੱਲੋਂ ਬੀਤੇ ਦਿਨੀਂ ਮੋਹਾਲੀ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਦੀ ਰਸਮੀ ਸ਼ੁਰੂਆਤ ਕੀਤੀ ਗਈ, ਜਿਸ ਨਾਲ ਹੁਣੇ 65 ਲੱਖ ਪੰਜਾਬੀ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਕੈਸ਼ਲੈਸ ਇਲਾਜ ਮਿਲੇਗਾ। ਵਿਧਾਇਕ ਬੱਗਾ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਸਾਰੇ ਸਰਕਾਰੀ ਅਤੇ ਸੂਚੀਬੱਧ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ। ਉਨ੍ਹਾਂ ਯੋਗ ਲਾਭਪਾਤਰੀਆਂ ਨੂੰ ਅਪੀਲ ਕਰਦਿਆਂ ਕਿਹਾ ਸਮੇਂ ਸਿਰ ਸਿਹਤ ਬੀਮਾ ਯੋਜਨਾ ਤਹਿਤ ਕਾਰਡ ਬਣਾ ਕੇ ਵੱਧ ਤੋਂ ਵੱਧ ਲਾਭ ਲਿਆ ਜਾਵੇ।

ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵੱਲੋਂ ਲੋਕਾਂ ਲਈ ਮਿਆਰੀ ਸਿੱਖਿਆ, ਬੁਨਿਆਦੀ ਢਾਂਚਾ, ਬਿਹਤਰ ਸਿਹਤ ਸਹੂਲਤਾਂ ਦੇ ਕੀਤੇ ਵਾਅਦਿਆਂ ਨੂੰ 100 ਫੀਸਦ ਪੂਰਾ ਕੀਤਾ ਹੈ।

## ਸਿਹਤ ਬੀਮਾ ਯੋਜਨਾ ਸਬੰਧੀ ਪੰਨੂ ਦੀ ਅਗਵਾਈ 'ਚ ਵੱਡਾ ਇਕੱਠ



ਫਤਿਹਗੜ੍ਹ ਚੂੜੀਆਂ , 24 ਜਨਵਰੀ (ਰਾਜਨ ਸ਼ਰਮਾ) : ਇਸ ਮੌਕੇ ਹਲਕਾ ਸੰਗਠਨ ਇੰਚਾਰਜ ਗਗਨਦੀਪ ਸਿੰਘ ਪੰਨੂ ਚੇਅਰਮੈਨ ਗੁਰਪ੍ਰੀਤ ਸਿੰਘ ਜਾਂਗਲਾ ਹਲਕਾ ਕੋਆਰਡੀਨੇਟਰ ਮੰਗਲ ਸਿੰਘ ਹਲਕਾ ਕੋਆਰਡੀਨੇਟਰ ਕਰਮਜੀਤ ਸਿੰਘ ਹਲਕਾ ਕੋਆਰਡੀਨੇਟਰ ਰਵਿੰਦਰ ਸਿੰਘ ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ ਬਲਾਕ ਪ੍ਰਧਾਨ ਰਘਬੀਰ ਸਿੰਘ ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ ਬਲਾਕ ਪ੍ਰਧਾਨ ਮਲਜਿੰਦਰ ਸਿੰਘ ਬਲਾਕ ਪ੍ਰਧਾਨ ਹਰਦੀਪ ਸਿੰਘ ਬਲਾਕ ਪ੍ਰਧਾਨ ਪਲਵਿੰਦਰ ਸਿੰਘ ਬਲਾਕ ਪ੍ਰਧਾਨ ਅਮਨਦੀਪ ਸਿੰਘ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਬਲਾਕ ਪ੍ਰਧਾਨ ਜਸਬੀਰ ਸਿੰਘ ਬਲਾਕ ਪ੍ਰਧਾਨ ਜੁਗਰਾਜ ਸਿੰਘ ਬਲਾਕ ਪ੍ਰਧਾਨ ਸਰਬਜੀਤ ਸਿੰਘ ਬਲਾਕ ਪ੍ਰਧਾਨ ਰਜਿੰਦਰ ਸਿੰਘ ਬਲਾਕ ਪ੍ਰਧਾਨ ਸੁਰਜਨ ਸਿੰਘ ਬਲਾਕ ਪ੍ਰਧਾਨ ਪਰਮਜੀਤ ਸਿੰਘ ਬਲਾਕ ਪ੍ਰਧਾਨ ਮਨਜਿੰਦਰ ਸਿੰਘ ਬਲਾਕ ਪ੍ਰਧਾਨ ਰਾਮ ਸਿੰਘ ਅਤੇ ਹਲਕੇ ਦੇ ਪੰਚ ਸਰਪੰਚ ਅਤੇ ਮੋਹਤਬਰ ਹਾਜ਼ਰ ਰਹੇ।

## ਮਹਾਂ ਸ਼ਿਵਰਾਤਰੀ ਮਨਾਉਣ ਸਬੰਧੀ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ

ਟਾਂਡਾ ਉੜਮੁੜ, 24 ਜਨਵਰੀ (ਅਰਜੁਨ ਜੈਨ) : ਹਿੰਦੂ ਸਮਾਜ ਦੇ ਸਭ ਤੋਂ ਵੱਡੇ ਪਾਵਨ ਤਿਉਹਾਰ ਮਹਾ ਸ਼ਿਵਰਾਤਰੀ ਨੂੰ ਬਾਕੀ ਧਰਮਾਂ ਦੇ ਧਾਰਮਿਕ ਤਿਉਹਾਰਾਂ ਵਾਂਗ ਸੂਬਾ ਪੱਧਰ 'ਤੇ ਮਨਾਉਣ ਸਬੰਧੀ ਸ਼ਿਵ ਸੈਨਾ ਹਿੰਦੂ ਨੇਤਾ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਹਿੰਦੂ ਸੰਗਠਨਾਂ ਦੇ ਆਗੂਆਂ ਨੇ ਭਾਗ ਲਿਆ। ਮੀਟਿੰਗ ਉਪਰੰਤ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਹਿੰਦੂ ਨੇਤਾ ਸ਼ਿਵਮ ਵੈਦ, ਹਿੰਦੂ ਨੇਤਾ ਵਿਕਾਸ ਜਸਰਾ, ਸਨਾਤਨ ਧਰਮ ਸਭਾ ਪ੍ਰਧਾਨ ਆਕਾਸ਼ ਰਾਣਾ, ਯੁਵਾ ਹਿੰਦੂ ਨੇਤਾ ਗਗਨ ਪਰੋਜ, ਸਨਾਤਨ ਧਰਮ ਸਭਾ ਅਹਿਆਪੁਰ ਪ੍ਰਧਾਨ ਨਿਖਲੇਸ਼ ਜਸਰਾ ਨੈਨੂੰ, ਲੰਗਰ ਸੇਵਾ ਸੋਸਾਇਟੀ ਪ੍ਰਧਾਨ ਚੀਨੂੰ ਪੰਡਿਤ, ਸਮਾਜ ਸੇਵੀ ਦੇਵ ਸ਼ਰਮਾ, ਸਮਾਜ ਸੇਵੀ ਗੁਰਮੀਤ



ਅਰੋੜਾ, ਹਿੰਦੂ ਨੇਤਾ ਸਾਬੀ ਕੁਮਾਰ ਤੋਂ ਇਲਾਵਾ ਹੋਰ ਹਿੰਦੂ ਨੇਤਾਵਾਂ ਨੇ ਹੱਥਾਂ ਵਿੱਚ ਭਗਵੇ ਝੰਡੇ ਫੜ ਕੇ ਹਰ ਹਰ ਮਹਾਦੇਵ ਦੇ ਜੈਕਾਰੇ ਲਗਾਉਂਦੇ ਹੋਏ ਟਾਂਡਾ ਤੋਂ ਤਹਿਸੀਲ ਕੰਪਲੈਕਸ ਤੱਕ ਰੋਡ ਮਾਰਚ ਕੱਢਣ ਉਪਰੰਤ ਸਰਕਾਰ ਤੱਕ ਪਹੁੰਚਾਣ ਲਈ ਆਪਣਾ ਮੰਗ ਪੱਤਰ ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ ਨੂੰ ਸੌਂਪਿਆ।ਆਪਣੇ ਮੰਗ ਪੱਤਰ ਰਾਹੀਂ ਹਿੰਦੂ ਨੇਤਾ ਮਿੱਕੀ ਪੰਡਿਤ ਨੇ ਕਿਹਾ ਕਿ ਹਿੰਦੂ ਸਮਾਜ ਹਰ ਧਰਮ ਦੇ ਧਾਰਮਿਕ ਤਿਉਹਾਰਾਂ ਦਾ ਆਦਰ ਸਤਿਕਾਰ ਕਰਦਾ ਹੈ ਅਤੇ ਆਪਣੇ ਧਰਮ ਦੇ ਤਿਉਹਾਰਾਂ ਨੂੰ ਵੀ ਬਣਦਾ ਸਤਿਕਾਰ ਚਾਹੁੰਦਾ ਹੈ। ਮਿੱਕੀ ਪੰਡਿਤ ਨੇ ਕਿਹਾ ਕਿ ਹਿੰਦੂ ਸਮਾਜ ਦਾ ਸਭ ਤੋਂ ਵੱਡਾ ਤਿਉਹਾਰ ਮਹਾਂ ਸ਼ਿਵਰਾਤਰੀ 15 ਫਰਵਰੀ ਨੂੰ ਆ ਰਿਹਾ ਹੈ ਅਤੇ ਹਿੰਦੂ ਸਮਾਜ ਦੀ ਇਹ ਮੰਗ ਹੈ ਕਿ ਪੰਜਾਬ ਸਰਕਾਰ ਇਸ ਮਹਾਂ ਸ਼ਿਵਰਾਤਰੀ ਤਿਉਹਾਰ ਨੂੰ ਸੰਤ ਸਮਾਜ ਦੀ ਅਗਵਾਈ ਵਿੱਚ ਸੂਬਾ ਪੱਧਰ ਤੇ ਮਨਾਉਣ ਦੇ ਠੋਸ ਪ੍ਰਬੰਧ ਕਰੇ। ਉਨ੍ਹਾਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ 31 ਜਨਵਰੀ ਤੱਕ ਇਸ ਤਿਉਹਾਰ ਨੂੰ ਸੂਬਾ ਪੱਧਰੀ ਮਨਾਉਣ ਦੀ ਘੋਸ਼ਣਾ ਨਾ ਕੀਤੀ ਗਈ ਤਾਂ ਸ਼ਿਵ ਸੈਨਾ ਸਾਰੇ ਹਿੰਦੂ ਸੰਗਠਨਾਂ ਅਤੇ ਸੰਤ ਸਮਾਜ ਦੇ ਸਹਿਯੋਗ ਨਾਲ ਸਰਕਾਰ ਖ਼ਿਲਾਫ਼ ਸੰਘਰਸ਼ ਦਾ ਬਿਗੁਲ ਵਜਾ ਦੇਵੇਗੀ ਜਿਸਦੀ ਸਾਰੀ ਜਿੰਮੇਦਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ 'ਤੇ ਬਿੱਲਾ ਜੋਹਲ, ਸਾਬਕਾ ਸਰਪੰਚ ਸੇਵਾ ਸਿੰਘ, ਹਰਜੀਤ ਸਿੰਘ, ਜਿੰਦਰ ਬਨਿਆਲ, ਸ਼ੈਰੀ ਸਹੋਤਾ, ਸ਼ੁਭਮ ਮਲਹੋਤਰਾ, ਸੁਧਾਂਛੂ ਮਲਹੋਤਰਾ, ਮਹਿਰਾ ਚੌਲਾਂਗ, ਵੀਰੂ ਤੱਲਾ, ਕਾਲਾ, ਸੋਨੂੰ ਟਾਂਡਾ, ਯੋਗੇਸ਼ ਪੰਡਿਤ, ਬੱਬੂ ਮਿਆਣੀ, ਰਕੇਸ਼ ਮਿਆਣੀ, ਕ੍ਰਿਸ਼ਨ ਕੁਮਾਰ, ਸ਼ੁਭਮ ਪੰਡਿਤ ਦਸ਼ਮੇਸ਼ ਨਗਰ, ਵਿੱਕੀ ਕੁਮਾਰ, ਆਸ਼ੂ ਕੁਮਾਰਧਾਂਛੂ ਮਲਹੋਤਰਾ, ਮਹਿਰਾ ਚੌਲਾਂਗ, ਵੀਰੂ ਤੱਲਾ, ਕਾਲਾ, ਸੋਨੂੰ ਟਾਂਡਾ, ਯੋਗੇਸ਼ ਪੰਡਿਤਅਤੇ ਹੋਰ ਹਾਜ਼ਰ ਸਨ।

## 11ਵਾਂ ਸਾਲਾਨਾ ਮਹਾਨ ਕੀਰਤਨ ਕਥਾ ਅਤੇ ਢਾਡੀ ਦਰਬਾਰ 31 ਨੂੰ

ਹਰਗੋਬਿੰਦਪੁਰ ਸਾਹਿਬ/ ਘੁਮਾਣ, 24 ਜਨਵਰੀ (ਡਾ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ) :ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 11ਵਾਂ ਸਲਾਨਾ ਮਹਾਨ ਕੀਰਤਨ,ਕਥਾ ਅਤੇ ਢਾਡੀ ਦਰਬਾਰ 31ਜਨਵਰੀ ਨੂੰ ਕਰਵਾਏ ਜਾਣਗੇ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਰਪੰਚ ਗੁਰਮੀਤ ਸਿੰਘ ਪੰਨੂ ਹਰਦਾਨ ਨੇ ਦੱਸਿਆ ਧੰਨ-ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 11ਵਾਂ ਮਹਾਨ ਕੀਰਤਨ,ਕਥਾ ਅਤੇ ਢਾਡੀ ਦਰਬਾਰ ਹਰ ਸਾਲ ਦੀ ਤਰ੍ਹਾਂ ਇਲਾਕੇ ਦੀਆਂ ਸੰਗਤਾਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਮਿਤੀ 31 ਜਨਵਰੀ ਦਿਨ ਸ਼ਨੀਵਾਰ ਨੂੰ ਪੰਜਗਰਾਈਆਂ ਦੇ ਨਜ਼ਦੀਕ ਪੈਂਦੇ ਪਿੰਡ ਹਰਦਾਨ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹਾਂ। ਇਸ ਮਹਾਨ ਕੀਰਤਨ,ਕਥਾ ਅਤੇ ਢਾਡੀ ਦਰਬਾਰ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਭਾਈ ਗੁਰਪ੍ਰੀਤ ਸਿੰਘ ਜੀ ਵਡਾਲਾ,ਭਾਈ ਹਰਜੋਤ ਸਿੰਘ ਜੀ ਜ਼ਖ਼ਮੀ,ਭਾਈ ਸੁਖਵੰਤ ਸਿੰਘ ਜੀ ਸਹੂਰ ਹਜ਼ੂਰੀ ਰਾਗੀ ਜੱਥਾ ਸ੍ਰੀ ਦਰਬਾਰ ਸਾਹਿਬ ਜੀ, ਗਿਆਨੀ ਸਤਨਾਮ ਸਿੰਘ ਜੀ ਲਾਲੂ ਘੁੰਮਣ ਢਾਡੀ ਜੱਥਾ, ਗਿਆਨੀ ਕੁਲਵੰਤ ਸਿੰਘ ਜੀ (239 ਵਾਲੇ)ਕਥਾ ਵਾਚਕ ਸੰਗਤਾਂ ਨੂੰ ਇਲਾਹੀ ਬਾਣੀ ਦਾ ਕੀਰਤਨ , ਕਥਾ ਵਿਚਾਰਾਂ ਕਰਕੇ ਸੰਗਤਾਂ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਕਰਨਗੇ ਤੇ ਢਾਡੀ ਜਥੇ ਗੁਰੂ ਘਰ ਦਾ ਪ੍ਰਸੰਗ ਅਤੇ ਸ਼ਹੀਦਾਂ ਦੀਆਂ ਵਾਰਾਂ ਸੁਣਾ ਕੇ ਨਿਹਾਲ ਕਰਨਗੇ।ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤੇਗਾ।

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੁਸ਼ਿਆਰਪੁਰ ਵਿੱਚ ਰਜਿਸਟ੍ਰੇਸ਼ਨ ਸ਼ੁਰੂ

ਹੁਸ਼ਿਆਰਪੁਰ, 24 ਜਨਵਰੀ ( ਪਰਮਿੰਦਰ ਘੁੰਮਣ) ਸੂਬੇ ਦੇ ਨਾਗਰਿਕਾਂ ਨੂੰ ਵਿਸ਼ਵ ਪੱਧਰੀ ਮੁਫ਼ਤ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਅੱਜ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿੱਚ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਇਸ ਲੋਕ ਭਲਾਈ ਯੋਜਨਾ ਦੀ ਸ਼ੁਰੂਆਤ ਕੀਤੀ।ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਯੋਜਨਾ ਰਸਮੀ ਤੌਰ ਤੇ ਹਲਕੇ ਦੇ 23 ਥਾਵਾਂ ਤੇ ਲੋਕਾਂ ਤੱਕ ਪਹੁੰਚੀ ਹੈ, ਜਿਸ ਵਿੱਚ ਸ਼ਹਿਰ ਦੇ ਵਾਰਡ ਅਤੇ ਪਿੰਡ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿਹਤ ਸੰਭਾਲ ਖੇਤਰ ਵਿੱਚ ਇਤਿਹਾਸਕ ਬਦਲਾਅ ਲਿਆ ਰਹੀ ਹੈ। ਇਸ ਯੋਜਨਾ ਦੇ ਲਾਗੂ ਹੋਣ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਕੈਸ਼ਲੈਸ ਅਤੇ ਮੁਫ਼ਤ ਇਲਾਜ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਮਹਿੰਗੇ ਨਿੱਜੀ ਹਸਪਤਾਲ ਵੀ ਗ਼ਰੀਬਾਂ, ਕਿਸਾਨਾਂ, ਮਜ਼ਦੂਰਾਂ ਅਤੇ ਆਮ ਨਾਗਰਿਕਾਂ ਲਈ ਪਹੁੰਚਯੋਗ ਹੋਣਗੇ, ਜੋ ਕਿ ਜਨਤਕ ਸੇਵਾ ਦੇ ਖੇਤਰ ਵਿੱਚ ਇਕ ਕ੍ਰਾਂਤੀਕਾਰੀ ਕਦਮ ਹੈ।ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਯੋਜਨਾ ਦੀ ਸ਼ੁਰੂਆਤ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸਰਕਾਰ ਦੀਆਂ ਨੀਤੀਆਂ ਸਿਰਫ਼ ਐਲਾਨਾਂ ਤੱਕ ਸੀਮਿਤ ਨਹੀਂ ਹਨ, ਸਗੋਂ ਜ਼ਮੀਨੀ ਪੱਧਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤੀਆਂ ਜਾ ਰਹੀਆਂ ਹਨ। ਇਸ ਯੋਜਨਾ ਦੇ ਤਹਿਤ ਇਲਾਜ ਲਈ ਕੋਈ ਆਮਦਨ ਸੀਮਾ ਨਹੀਂ ਹੈ, ਜਿਸ ਨਾਲ ਸਮਾਜ ਦੇ ਸਾਰੇ ਵਰਗ ਲਾਭ ਲੈ ਸਕਦੇ ਹਨ।ਉਨ੍ਹਾਂ ਦੱਸਿਆ ਕਿ ਇਸ ਯੋਜਨਾ ਵਿੱਚ 2,356 ਤੋਂ ਵੱਧ ਇਲਾਜ ਪੈਕੇਜ ਸ਼ਾਮਿਲ ਹਨ, ਜਿਸ ਵਿੱਚ ਆਮ ਬਿਮਾਰੀਆਂ ਤੋਂ ਲੈ ਕੇ ਦਿਲ ਦੀ ਬਿਮਾਰੀ, ਕੈਂਸਰ, ਗੁਰਦੇ ਡਾਇਲਿਸਿਸ ਅਤੇ ਟ੍ਰਾਂਸਪਲਾਂਟ, ਨਿਊਰੋਸਰਜਰੀ, ਆਰਥੋਪੈਡਿਕਸ, ਪ੍ਰਸੂਤੀ, ਨਵਜੰਮੇ ਬੱਚੇ ਦੀ ਦੇਖਭਾਲ, ਦੁਰਘਟਨਾ ਅਤੇ ਐਮਰਜੈਂਸੀ ਇਲਾਜ ਵਰਗੀਆਂ ਵਿਸ਼ੇਸ਼ ਸੇਵਾਵਾਂ ਸ਼ਾਮਿਲ ਹਨ। ਇਲਾਜ ਦੇ ਨਾਲ ਹੀ ਸਾਰੇ ਜ਼ਰੂਰੀ ਟੈਸਟ ਅਤੇ ਦਵਾਈਆਂ ਪੂਰੀ ਤਰ੍ਹਾਂ ਮੁਫ਼ਤ ਹੋਣਗੀਆਂ।ਧਾਇਕ ਜਿੰਪਾ ਨੇ ਕਿਹਾ ਕਿ ਇਕ ਵਾਰ ਮਰੀਜ਼ ਹਸਪਤਾਲ ਵਿੱਚ ਦਾਖ਼ਲ ਹੋਣ ਤੋਂ ਬਾਅਦ, ਇਲਾਜ ਪੂਰੀ ਤਰ੍ਹਾਂ ਕੈਸ਼ਲੈਸ ਹੋਵੇਗਾ ਅਤੇ ਸਾਰੀਆਂ ਸੇਵਾਵਾਂ ਸਿਰਫ਼ ਸਿਹਤ ਕਾਰਡ ਦਿਖਾ ਕੇ ਉਪਲਬੱਧ ਹੋਣਗੀਆਂ। ਵਰਤਮਾਨ ਵਿੱਚ 850 ਤੋਂ ਵੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਨੂੰ ਇਸ ਯੋਜਨਾ ਦੇ ਤਹਿਤ ਸੂਚੀਬੱਧ ਕੀਤਾ ਗਿਆ ਹੈ ਅਤੇ ਭਵਿੱਖ ਵਿੱਚ ਹੋਰ ਵੀ ਸ਼ਾਮਿਲ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜੋ ਹਰੇਕ ਨਾਗਰਿਕ ਨੂੰ ਮੁਫ਼ਤ ਸਿਹਤ ਸੰਭਾਲ, ਮੁਫ਼ਤ ਸਿੱਖਿਆ, ਮੁਫ਼ਤ ਬਿਜਲੀ ਅਤੇ ਮੁਫ਼ਤ ਬੱਸ ਯਾਤਰਾ ਦੀ ਗਾਰੰਟੀ ਦਿੰਦਾ ਹੈ। ਇਹ ਯੋਜਨਾ ਪੰਜਾਬ ਸਰਕਾਰ ਦੇ ਲੋਕਾਂ ਦੀ ਪਹੁੰਚ ਅਤੇ ਆਮ ਆਦਮੀ ਦੀ ਭਲਾਈ ਪ੍ਰਤੀ ਵਚਨਬੱਧਤਾ ਦਾ ਪ੍ਰਮਾਣ ਹੈ।ਜ਼ਿਲ੍ਹਾ ਪ੍ਰੀਸ਼ਦ ਮੈਂਬਰ ਕੁਲਜੀਤ ਸਿੰਘ, ਯੂਥ ਕੋਆਰਡੀਨੇਟਰ ਪ੍ਰੀਤਪਾਲ ਸਿੰਘ, ਐਡਵੋਕੇਟ ਅਮਰਜੋਤ ਸੈਣੀ ਸਮੇਤ ਸਥਾਨਕ ਲੋਕ ਪ੍ਰਤੀਨਿਧੀ, ਪਾਰਟੀ ਵਰਕਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਇਸ ਮੌਕੇ ਮੌਜੂਦ ਸਨ।

# ਮੁੱਖ ਮੰਤਰੀ ਮਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਖਿਲਾਫ ਬੋਲਣ ਦੀ ਬਜਾਏ ਪੰਜਾਬ ਦੇ ਮਸਲਿਆਂ ਵੱਲ ਧਿਆਨ ਦੇਣ : ਪੰਜੋਲੀ



ਫਤਹਿਗੜ੍ਹ ਸਾਹਿਬ, 24 ਜਨਵਰੀ ( ਹਰਪ੍ਰੀਤ ਕੌਰ ਟਿਵਾਣਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਧਰਮ ਦੀ ਦੁਨੀਆ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਇੱਕ ਅਜਿਹੀ ਜਥੇਬੰਦੀ ਹੈ, ਜਿਸ ਥਾਂ ਸੰਗਤੀ ਪ੍ਰਬੰਧ ਹੈ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਾਹਿਬ ਤੋਂ ਬਾਅਦ ਇਸ ਸੰਸਥਾ ਨੂੰ ਕੋਈ ਉਨ੍ਹਾਂ ਵਰਗਾ ਪ੍ਰਧਾਨ ਨਹੀਂ ਮਿਲ ਸਕਿਆ ।ਉਹਨਾਂ ਕਿਹਾ ਕਿ ਜਥੇਦਾਰ ਟੌਹੜਾ ਦਾ ਕੱਦ ਵੱਡਾ ਹੋਣ ਕਰਕੇ ਅਕਾਲੀ ਲੀਡਰਸਿੱਪ ਦਾ ਸ਼੍ਰੋਮਣੀ ਕਮੇਟੀ ਵਿੱਚ ਕਿਸੇ ਵੀ ਇਸ ਤਰਾ ਦਾ ਦਖਲ ਵੀ ਨਹੀਂ ਸੀ, ਜਿਸ ਤਰਾਂ ਦਾ ਹੁਣ ਦਿੱਤਾ ਜਾ ਰਿਹਾ। ਉਹਨਾਂ ਕਿਹਾ ਕਿ ਜਿੱਥੇ ਹੁਣ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸੂਲਾਂ ਦੀ ਸੇਜ ਹੈ ਤੇ ਇੱਕ ਪਾਸੇ ਪੰਥ ਜਬਾਬ ਤਲਬੀ ਕਰਦਾ ਹੈ ਦੂਜੇ ਪਾਸੇ ਅਕਾਲੀ ਆਗੂ ਅਪਣੀਆਂ ਵੋਟਾਂ ਵੇਖਦੇ ਹਨ ਅਤੇ ਪਹਿਲਾਂ ਤਾਂ ਪ੍ਰਧਾਨ ਦੋ ਪੁੜਾਂ ਦੀ ਚੱਕੀ ਵਿੱਚ ਪਿਸਦਾ ਸੀ , ਤੀਜਾ ਹਣ ਭਗਵੰਤ ਮਾਨ ਨੇ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਿਰੁੱਧ ਜੰਗ ਸ਼ੁਰੂ ਕਰ ਰੱਖੀ ਹੈ ।ਜਥੇਦਾਰ ਪੰਜੋਲੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਜਿੰਨੀ ਐਨਰਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਿਰੁੱਧ ਬੋਲਣ ਤੇ ਲਗਾਈ ਜਾ ਰਹੀ ਹੈ। ਉਨੀ ਹੀ ਤਾਕਤ ਪੰਜਾਬ ਦੇ ਹਾਲਾਤਾਂ ਨੂੰ ਸੁਧਾਰਨ ਤੇ ਲਗਾਈ ਜਾਵੇ ਤਾਂ ਜੋ ਪੰਜਾਬ ਦੇ ਲੰਮੇ ਸਮੇਂ ਤੋਂ ਲਟਕ ਰਹੇ ਮਸਲਿਆਂ ਨੂੰ ਹੱਲ ਕਰਵਾਉਂਦੇ ਆਂ ਹੋਇਆ ਦਿੱਲੀ ਤਖਤ ਵਿਰੁੱਧ ਜੰਗ ਲੜਨ , ਬੰਦੀ ਸਿੰਘਾ ਦੀ ਰਿਹਾਈ ਦਾ ਮਸਲਾ , ਚੰਡੀਗੜ ਦਾ ਮਸਲਾ, ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੈ , ਪਾਣੀਆਂ ਦਾ ਮਸਲਾ , ਪੰਜਾਬ ਦੀ ਆਰਥਿਕ ਖਰਾਬ ਦਾ ਮਸਲਾ, ਸਕੂਲਾ ਵਿੱਚ ਅਧਿਆਪਕ ਦੀ ਘਾਟ, ਹਸਪਤਾਲਾ ਵਿੱਚ ਡਾਕਟਰਾਂ ਦੀ ਘਾਟ , ਸੜਕਾਂ ਟੁੱਟੀਆਂ ਦਾ ਮਸਲਾ, ਮੁਲਾਜ਼ਮਾਂ ਨੂੰ ਤਨਖਾਹ ਨਾ ਮਿਲਣ, ਪੈਨਸ਼ਨਾਂ ਨੂੰ ਪੈਨਸ਼ਨ ਨਾ ਮਿਲਣ, ਬੇਰੁਜ਼ਗਾਰੀ ਕਾਰਨ ਬੱਚੇ ਵਿਦੇਸ਼ਾਂ ਨੂੰ ਜਾਣ, ਨਸਿਆ ਦੀ ਸਪਲਾਈ ਲਾਇਨ ਨਾ ਟੁੱਟਣਾ , ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਵਿੱਚ ਵਾਧਾ, ਰੋਜਾਨਾ ਕੁਤਲੋ ਗਾਰਦ ਦੀਆਂ ਘਟਨਾਵਾਂ ਵਾਪਰਨੀਆਂ, ਲੋਕਾਂ ਤੋਂ ਫਰੌਤੀਆ ਲਈ ਧਮਕੀਆਂ ਮਿੱਲਣਾ ਤੇ ਸੱਭ ਤੋ ਵੱਡਾ ਮਸਲਾ ਫੈਡਰਲ ਢਾਂਚੇ ਦਾ ਹੈ ਉਹ ਲੜਾਈ ਲੜੀ ਜਾਵੇ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਇੱਕ ਸ਼ਰੀਫ਼ ਆਦਮੀ ਹਨ, ਉਹਨਾਂ ਵਿਰੁੱਧ ਕੀਤੀ ਜਾ ਰਹੀ ਬੇਲੋੜੀ ਬਿਆਨਬਾਜੀ ਦੀ ਸਖਤ ਸ਼ਬਦਾਂ ਵਿੱਚ ਕਰਦਿਆਂ ਕਿਹਾ ਕਿ ਐਡਵੋਕੇਟ ਧਾਮੀ ਵੱਲੋਂ ਇਹ ਕਹਿਣਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਨਿਮਾਣੇ ਵਰਕਰ ਤੇ ਸਿਪਾਹੀ ਹਨ, ਇਹ ਵੀ ਇੱਕ ਵੱਡੀ ਮਾਣ ਵਾਲੀ ਗੱਲ ਹੈ । ਉਨ੍ਹਾਂ ਕਿਹਾ ਕਿ ਧਾਮੀ ਸਾਹਿਬ ਨੇ ਸ਼੍ਰੋਮਣੀ ਅਕਾਲੀ ਦੱਲ ਰਾਹੀਂ ਬਹੁਤ ਪੰਥਕ ਸੇਵਾ ਕੀਤੀ ਹੈ । ਉਹਨਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਸਲਾਹ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਧਾਰਮਿਕ ਸੰਸਥਾ ਹੈ। ਇਸ ਦੇ ਪ੍ਰਧਾਨ ਵਿਰੁੱਧ ਬਿਆਨਬਾਜੀ ਕਰਕੇ ਸੰਸਥਾ ਨੂੰ ਬਦਨਾਮ ਨਾ ਕੀਤਾ ਜਾਵੇ।

# ਮੁੱਖ ਮੰਤਰੀ ਭਗਵੰਤ ਮਾਨ ਦਾ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਆਉਣ ਤੇ ਕੀਤਾ ਜਾਵੇਗਾ ਵਿਰੋਧ : ਪ੍ਰਿੰਸ ਪਲਿਆਲ



ਗੜ੍ਹਦੀਵਾਲਾ 24 ਜਨਵਰੀ (ਗੌਰਵ)ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਹੁਸ਼ਿਆਰਪੁਰ ਦੇ ਪ੍ਰਧਾਨ ਪ੍ਰਿੰਸ ਪਲਿਆਲ ਗੜ੍ਹਦੀਵਾਲਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਇਸ ਨੋਟੀਫਿਕੇਸ਼ਨ ਨੂੰ ਜਾਰੀ ਕੀਤਿਆਂ ਚਾਰ ਸਾਲ ਹੋਣ ਵਾਲੇ ਹਨ ਪਰ ਅਜੇ ਤੱਕ ਪੰਜਾਬ ਦੀ ਆਪ ਸਰਕਾਰ ਇਸ ਨੂੰ ਲਾਗੂ ਨਹੀਂ ਕਰ ਸਕੀ। ਉਹਨਾਂ ਕਿਹਾ ਕਿ ਤਿੰਨ ਸਾਲ ਪਹਿਲਾਂ ਦਿਵਾਲੀ ਮੌਕੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਲਾਈਵ ਹੋ ਕੇ ਕਿਹਾ ਕਿ ਜੋ ਅਸੀਂ ਕਹਿੰਦੇ ਹਾਂ, ਉਹ ਕਰਦੇ ਹਾਂ ਅਤੇ ਜੋ ਅਸੀਂ ਨਹੀਂ ਕਰਨਾ ਉਹ ਕਹਿੰਦੇ ਹੀ ਨਹੀਂ, ਦੋ ਮਹੀਨਿਆਂ ਵਿੱਚ ਐਸ.ਓ.ਪੀ. ਬਣਾ ਕੇ ਪੁਰਾਣੀ ਪੈਨਸ਼ਨ ਲਾਗੂ ਕਰ ਦੇਵਾਂਗੇ । ਪਰ ਪੁਰਾਣੀ ਪੈਨਸ਼ਨ ਦੀ ਬਹਾਲੀ ਐਲਾਨ ਤੱਕ ਹੀ ਸੀਮਤ ਰਹੀ । ਜਦ ਧਰਾਤਲ ਤੇ ਪੰਜਾਬ ਦੇ ਕਿਸੇ ਕਰਮਚਾਰੀ ਨੂੰ ਇਸ ਦਾ ਲਾਭ ਨਹੀਂ ਮਿਲਿਆ । ਉਹਨਾਂ ਕਿਹਾ ਕਿ ਸਰਕਾਰ ਦੀ ਡੰਗ ਟਪਾਊ ਨੀਤੀ ਤੋਂ ਦੁਖੀ ਹੋ ਕੇ ਪੰਜਾਬ ਦੇ 2 ਲੱਖ ਤੋਂ ਵੱਧ ਐਨ.ਪੀ.ਐਸ. ਮੁਲਾਜ਼ਮ ਮੁੱਖ ਮੰਤਰੀ ਪੰਜਾਬ ਦਾ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਆਉਣ ਤੇ ਅਤੇ ਹਰ ਜਿਲ੍ਹੇ ਦੇ ਵਿੱਚ ਜਾਣ ਤੇ ਹਰ ਦੌਰੇ ਸਮੇਂ ਕਾਲੀਆਂ ਝੰਡੀਆਂ ਨਾਲ ਵਿਰੋਧ ਕਰਨਗੇ ਅਤੇ ਸੰਘਰਸ਼ ਨੂੰ ਤੇਜ਼ ਕਰਨਗੇ। ਇਸ ਦੀ ਨਿਰੋਲ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ ।

# ਜੀ. ਏ. ਵੀ. ਜੈਨ ਆਦਰਸ਼ ਵਿਦਿਆਲਿਆ ’ਚ ਮਨਾਇਆ ਬਸੰਤ ਪੰਚਮੀ ਦਾ ਤਿਉਹਾਰ




ਫਾਜ਼ਿਲਕਾ, 24 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਫ਼ਾਜ਼ਿਲਕਾ ਸਥਿਤ ਜੀ. ਏ. ਵੀ ਜੈਨ ਆਦਰਸ਼ ਵਿਦਿਆਲਿਆ ਵਿਚ ਬਸੰਤ ਪੰਚਮੀ ਦੇ ਸ਼ੁੱਭ ਅਵਸਰ ਤੇ ਆਯੋਜਿਤ ਬਸੰਤ ਉਤਸਵ ਨੇ ਪੂਰੇ ਵਾਤਾਵਰਨ ਨੂੰ ਨਵੀਂ ਉਮੰਗ ਅਤੇ ਉਤਸ਼ਾਹ ਨਾਲ ਭਰ ਦਿੱਤਾ। ਚੇਅਰਮੈਨ ਅਨਿਲ ਜੈਨ ਦੀ ਪ੍ਰਧਾਨਗੀ ਹੇਠ ਹੋਏ ਪ੍ਰੋਗਰਾਮ ਨੇ ਸਿੱਖਿਆ ਤੇ ਸਭਿਆਚਾਰਕ ਕਦਰਾਂ-ਕੀਮਤਾਂ ਦੇ ਸੁਮੇਲ ਨੂੰ ਜੀਵਤ ਕਰ ਦਿੱਤਾ। ਸਮਾਗਮ ਦੌਰਾਨ ਸਕੂਲ ਦੇ ਚੇਅਰਮੈਨ ਅਨਿਲ ਜੈਨ ਨੇ ਬਸੰਤ ਨੂੰ ਹਾਂ ਪੱਖੀ ਸੋਚ ਅਤੇ ਨਵੀਂ ਊਰਜਾ ਦਾ ਪ੍ਰਤੀਕ ਦੱਸਿਆ। ਉਨ੍ਹਾਂ ਕਿਹਾ ਕਿ ਸਕੂਲ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਅੰਦਰ ਆਤਮ-ਵਿਸ਼ਵਾਸ ਜਗਾਉਣਾ ਤੇ ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜ ਕੇ ਰੱਖਣਾ ਹੈ। ਇਸੇ ਕੜੀ ਨੂੰ ਅੱਗੇ ਤੋਰਦਿਆਂ ਮੁੱਖ ਮਹਿਮਾਨ ਰਾਕੇਸ਼ ਨਾਗਪਾਲ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਨ ਅਤੇ ਮਿਹਨਤ ਰਾਹੀਂ ਜੀਵਨ ਦੇ ਟੀਚੇ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਨਰੇਸ਼ ਸਪੜਾ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਿੱਖਿਆ ਦੇ ਆਧੁਨਿਕ ਸਰੂਪ ਤੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦਾ ਵਿਕਾਸ ਸਿਰਫ ਜਮਾਤਾਂ ਤੇ ਕਿਤਾਬਾਂ ਤੱਕ ਸੀਮਤ ਨਹੀਂ ਹੋਣਾ ਚਾਹੀਦਾ, ਸਗੋਂ ਸੱਭਿਆਚਾਰਕ ਤੇ ਸਮਾਜਿਕ ਗਤੀਵਿਧੀਆਂ ਰਾਹੀਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਨਿਖਾਰਨਾ ਜ਼ਰੂਰੀ ਹੈ। ਵਾਈਸ ਪ੍ਰਿੰਸੀਪਲ ਸ਼ੀਨਮ ਧੂੜੀਆ ਦੇ ਕੁਸ਼ਲ ਤਾਲਮੇਲ ਹੇਠ ਕਰਵਾਏ ਗਏ ਪ੍ਰੋਗਰਾਮ ਨੇ ਸਿੱਧ ਕਰ ਦਿੱਤਾ ਕਿ ਸਮੂਹਿਕ ਯਤਨਾਂ ਨਾਲ ਕਿਸੇ ਵੀ ਆਯੋਜਨ ਨੂੰ ਯਾਦਗਾਰੀ ਬਣਾਇਆ ਜਾ ਸਕਦਾ ਹੈ। ਪ੍ਰੋਗਰਾਮ ਦੌਰਾਨ ਵਿਸ਼ੇਸ਼ ਮਹਿਮਾਨ ਐਡਵੋਕੇਟ ਮਨੋਜ ਤ੍ਰਿਪਾਠੀ, ਸੁਰਿੰਦਰ ਮੂਲੜੀ, ਸਰਵਣ ਮਿੱਤਲ, ਪ੍ਰੇਮ ਬੱਬਰ, ਐਡਵੋਕੇਟ ਮਹਿੰਦਰ ਲੂਨਾ ਅਤੇ ਸੁਖਦਰਸ਼ਨ ਲਾਲ ਅਗਰਵਾਲ ਨੇ ਬੱਚਿਆਂ ਦਾ ਉਤਸ਼ਾਹ ਵਧਾਇਆ। ਨੰਨ੍ਹੇ ਕਲਾਕਾਰਾਂ ਨੇ ਗੀਤ, ਨਾਚ, ਕਵਿਤਾ ਅਤੇ ਲਘੂ ਨਾਟਕ ਰਾਹੀਂ ਬਸੰਤ ਦੀ ਮਹਿਮਾ ਪੇਸ਼ ਕੀਤੀ। ਇਨ੍ਹਾਂ ਪੇਸ਼ਕਾਰੀਆਂ ਨੇ ਭਾਰਤੀ ਤਿਉਹਾਰਾਂ ਦੇ ਪਿੱਛੇ ਛਿਪੇ ਵਿਗਿਆਨਕ ਤੇ ਸਮਾਜਿਕ ਮਹੱਤਵ ਨੂੰ ਬਾਖ਼ੂਬੀ ਦਰਸਾਇਆ। ਸਮਾਗਮ ਦੇ ਅੰਤ ਵਿਚ ਮਹਿਮਾਨਾਂ ਨੂੰ ਸਨਮਾਨਿਤ ਕੀਤਾ। ਪ੍ਰੀ ਵਿੰਗ ਦੇ ਬੱਚੇ ਪੀਲੇ ਕੱਪੜੇ ਪਹਿਨ ਕੇ ਅਤੇ ਪੀਲੇ ਰੰਗ ਦਾ ਭੋਜਨ ਲੈ ਕੇ ਸਕੂਲ ਪਹੁੰਚੇ, ਜਿਸ ਚ ਮਾਪਿਆਂ ਦਾ ਵਿਸ਼ੇਸ਼ ਸਹਿਯੋਗ ਰਿਹਾ। ਜੀ. ਏ. ਵੀ. ਜੈਨ ਆਦਰਸ਼ ਵਿਦਿਆਲਿਆ ਵਲੋਂ ਮਨਾਇਆ ਗਿਆ ਇਹ ਉਤਸਵ ਵਿਦਿਆਰਥੀਆਂ ਲਈ ਸਿੱਖਣ ਦਾ ਇਕ ਅਨੋਖਾ ਮੋਕਾ ਬਣ ਗਿਆ

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਪਿੰਡ ਦੇ ਪਹਿਰੇਦਾਰ ਨੂੰ ਪਿੰਡਾਂ ’ਚ ਮਿਲ ਰਿਹਾ ਭਰਪੂਰ ਸਮਰਥਨ : ਚੰਨੀ



ਗੜ੍ਹਸ਼ੰਕਰ 24 ਜਨਵਰੀ (ਅਜਮੇਰ ਸਿੰਘ ਭਨੋਟ ) ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਸੰਗਠਨ ਇੰਚਾਰਜ ਤੇ ਓ.ਐਸ.ਡੀ / ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਸ਼੍ਰੀ ਚਰਨਜੀਤ ਸਿੰਘ ਚੰਨੀ ਵੱਲੋਂ ਪਿੰਡ ਨੈਣਵਾ ਵਿਖੇ ਨਸ਼ਿਆਂ ਦੇ ਮਾਹੌਲ ਤੋਂ ਦੂਰ ਰੱਖਣ ਲਈ ਨਸ਼ਾ ਵਿਰੋਧੀ ਮੁਹਿੰਮ ਦੇ ਦੂਜੇ ਪੜਾਅ ਦੀ ਪਿੰਡ ਦਾ ਪਹਿਰੇਦਾਰ ਜਾਗਰੂਕਤਾ ਯਾਤਰਾ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਨਸ਼ੇ ਪੰਜਾਬ ਦੇ ਭਵਿੱਖ ਲਈ ਸਭ ਤੋਂ ਵੱਡੀ ਚੁਣੌਤੀ ਹਨ ਅਤੇ ਇਸ ਨਾਲ ਨਜਿੱਠਣ ਲਈ ਸਮਾਜ ਦੇ ਹਰ ਵਰਗ ਨੂੰ ਇਕਜੁੱਟ ਹੋ ਕੇ ਕੰਮ ਕਰਨ ਦੀ ਲੋੜ ਹੈ।ਚਰਨਜੀਤ ਸਿੰਘ ਚੰਨੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨ ਦੇਸ਼ ਅਤੇ ਸੂਬੇ ਦੀ ਤਾਕਤ ਹਨ ਅਤੇ ਉਨ੍ਹਾਂ ਨੂੰ ਗਲਤ ਰਾਹਾਂ ਤੋਂ ਬਚਾ ਕੇ ਸਹੀ ਦਿਸ਼ਾ ਵੱਲ ਲਿਜਾਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਯੂਥ ਨੂੰ ਅਪੀਲ ਕੀਤੀ ਕਿ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ, ਸਿੱਖਿਆ ਅਤੇ ਸਮਾਜ ਸੇਵਾ ਵੱਲ ਧਿਆਨ ਕੇਂਦਰਿਤ ਕੀਤਾ ਜਾਵੇ।ਇਸ ਮੌਕੇ ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੀ ਵੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਨਾਲ ਹੀ ਨਸ਼ੇ ਦੀ ਲਤ ਦਾ ਸ਼ਿਕਾਰ ਲੋਕਾਂ ਦੇ ਇਲਾਜ ਅਤੇ ਪੁਨਰਵਾਸ ਲਈ ਵੀ ਕਈ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ।ਪਿੰਡ ਨੈਣਵਾ ਅਤੇ ਨੇੜਲੇ ਪਿੰਡਾਂ ਦੇ ਨੌਜਵਾਨਾਂ, ਸਮਾਜਿਕ ਆਗੂਆਂ ਅਤੇ ਪਾਰਟੀ ਵਰਕਰਾਂ ਵੱਲੋਂ ਇਸ ਯਾਤਰਾ ਨੂੰ ਭਰਪੂਰ ਸਮਰਥਨ ਦਿੱਤਾ ਗਿਆ। ਲੋਕਾਂ ਨੇ ਭਰੋਸਾ ਦਿਵਾਇਆ ਕਿ ਉਹ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਲਈ ਹਰ ਸੰਭਵ ਯਤਨ ਕਰਨਗੇ।ਅੰਤ ਵਿੱਚ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਹ ਯਾਤਰਾ ਸਿਰਫ਼ ਸ਼ੁਰੂਆਤ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹਲਕੇ ਦੇ ਹਰ ਪਿੰਡ ਤੱਕ ਪਹੁੰਚ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਬਲਜਿੰਦਰ ਸਿੰਘ ਸਰਪੰਚ ਨੈਣਵਾ, ਟਰੇਡ ਕਮਿਸ਼ਨ ਦੇ ਮੈਂਬਰ ਫੁੰਮਣ ਸਿੰਘ , ਰੋਸ਼ਨ ਲਾਲ ਸਾਬਕਾ ਸਰਪੰਚ ਰਵਿੰਦਰ ਰਿੰਕੂ, ਜਸਪਾਲ ਸਿੰਘ ਸਾਬਕਾ ਸਰਪੰਚ ਹਾਰਵਾਂ, ਇਸਮਾਈਲ ਖ਼ਾਨ, ਦਲਜੀਤ ਸਿੰਘ ਸੋਨੂ,ਤੋਂ ਇਲਾਵਾ ਸਥਾਨਕ ਪੁਲਿਸ ਪ੍ਰਸ਼ਾਸ਼ਨ ਤੇ ਸਿਵਲ ਪ੍ਰਸ਼ਾਸ਼ਨ ਹਾਜਿਰ ਸੀ।

# ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਦੇ ਲੋਕਾਂ ਲਈ ਹੋਵੇਗੀ ਵਰਦਾਨ : ਸਹੋਤਾ

ਧਾਰੀਵਾਲ 24 ਜਨਵਰੀ (ਅਸ਼ੋਕ ਕੁਮਾਰ) ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਦੇ ਲੋਕਾਂ ਲਈ ਇੱਕ ਵੱਡਾ ਵਰਦਾਨ ਸਾਬਤ ਹੋਣ ਜਾ ਰਹੀ ਹੈ। ਯੂਥ ਆਗੂ ਮਾਈਕਲ ਸਹੋਤਾ ਨੇ ਕਹਿੰਦੇ ਹੋਏ ਦੱਸਿਆ ਕਿ ਇਸ ਯੋਜਨਾ ਅਧੀਨ ਸੂਬੇ ਦੇ ਹਰ ਯੋਗ ਪਰਿਵਾਰ ਨੂੰ ਸਲਾਨਾ 10 ਲੱਖ ਰੁਪਏ ਤੱਕ ਦਾ ਇਲਾਜ ਬਿਲਕੁਲ ਮੁਫ਼ਤ ਮਿਲੇਗਾ। ਉਨ੍ਹਾਂ ਕਿਹਾ ਕਿ ਮਹਿੰਗੇ ਇਲਾਜ ਕਾਰਨ ਜੋ ਪਰਿਵਾਰ ਕਰਜ਼ੇ ਵਿੱਚ ਡੁੱਬ ਜਾਂਦੇ ਸਨ, ਹੁਣ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ। ਮਾਈਕਲ ਸਹੋਤਾ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਗੰਭੀਰ ਬਿਮਾਰੀਆਂ ਜਿਵੇਂ ਦਿਲ ਦੀ ਬਿਮਾਰੀ, ਕੈਂਸਰ, ਗੁਰਦੇ ਦੀ ਬਿਮਾਰੀ ਅਤੇ ਵੱਡੀਆਂ ਸਰਜਰੀਆਂ ਦਾ ਇਲਾਜ ਵੀ ਮੁਫ਼ਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਦੇ ਨਾਲ-ਨਾਲ ਚੁਣੇ ਹੋਏ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਇਹ ਸਹੂਲਤ ਉਪਲਬਧ ਹੋਵੇਗੀ, ਜਿਸ ਨਾਲ ਲੋਕਾਂ ਨੂੰ ਉੱਚ ਪੱਧਰੀ ਸਿਹਤ ਸੇਵਾਵਾਂ ਮਿਲਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਨਾਲ ਪੰਜਾਬ ਦੇ ਗਰੀਬ ਅਤੇ ਮੱਧ ਵਰਗ ਪਰਿਵਾਰਾਂ ਦੀ ਆਰਥਿਕ ਤੰਗੀ ਘੱਟ ਹੋਵੇਗੀ ਅਤੇ ਹਰ ਨਾਗਰਿਕ ਨੂੰ ਇਜ਼ਤ ਨਾਲ ਇਲਾਜ ਮਿਲੇਗਾ। ਮਾਈਕਲ ਸਹੋਤਾ ਨੇ ਕਿਹਾ ਕਿ ਇਹ ਯੋਜਨਾ ਸਿਹਤ ਖੇਤਰ ਵਿੱਚ ਇਨਕਲਾਬੀ ਕਦਮ ਹੈ ਜੋ ਲੋਕਾਂ ਦਾ ਸਰਕਾਰੀ ਪ੍ਰਣਾਲੀ ‘ਤੇ ਭਰੋਸਾ ਹੋਰ ਮਜ਼ਬੂਤ ਕਰੇਗੀ। ਆਖ਼ਰ ਵਿੱਚ ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਨੂੰ ਇਸ ਯੋਜਨਾ ਬਾਰੇ ਜਾਗਰੂਕ ਕਰਨ।

# ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਪ੍ਰਭਾਵਿਤ ਪਰਿਵਾਰ ਨੂੰ ਘਰ ਦੀਆਂ ਚਾਬੀਆਂ ਸੌਂਪੀਆਂ।




ਬੜੂ ਸਾਹਿਬ, 24 ਜਨਵਰੀ (ਅੰਮ੍ਰਿਤਪਾਲ ਸਿੰਘ )ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਜ਼ਿਲ੍ਹਾ ਫ਼ਾਜ਼ਿਲਕਾ ਦੇ ਹੜ੍ਹ ਪ੍ਰਭਾਵਿਤ ਏਰੀਆ ਵਿਚ ਜਿੱਥੇ ਵੱਖ-ਵੱਖ ਸੇਵਾਵਾਂ ਰਾਹੀਂ ਅਪਣਾ ਯੋਗਦਾਨ ਪਾਇਆ ਉੱਥੇ ਹੁਣ ਮੁੜ ਵਸੇਬੇ ਦੇ ਕਾਰਜਾਂ ਅਧੀਨ ਪਿੰਡ ਗੁਲਾਬਾ ਭੈਣੀ ਵਿਖੇ ਹੜ੍ਹ ਪ੍ਰਭਾਵਿਤ ਪਰਿਵਾਰ ਨੂੰ ਨਵਾਂ ਘਰ ਬਣਾ ਕੇ ਚਾਬੀ ਸੌਂਪੀ ਗਈ। ਜਿਕਰਯੋਗ ਹੈ ਕਿ ਕਲਗੀਧਰ ਟਰੱਸਟ ਦੇ ਮੁੱਖ ਸੇਵਾਦਾਰ ਅਤੇ ਪ੍ਰਧਾਨ ਡਾ. ਦਵਿੰਦਰ ਸਿੰਘ ਜੀ ਅਤੇ ਉਪ ਪ੍ਰਧਾਨ ਜਗਜੀਤ ਸਿੰਘ (ਕਾਕਾ ਵੀਰ ਜੀ) ਦੀ ਅਗਵਾਈ ਵਿੱਚ ਪੂਰੇ ਪੰਜਾਬ ਵਿੱਚ ਵੱਡੇ ਪੱਧਰ ਤੇ ਹੜ੍ਹ ਰਾਹਤ ਕਾਰਜ ਕੀਤੇ ਗਏ ਹਨ। ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ, ਫ਼ਿਰੋਜ਼ਪੁਰ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਨਵੇਂ ਮਕਾਨ ਬਣਾਕੇ ਦਿੱਤੇ ਗਏ ਹਨ। ਉਥੇ ਫ਼ਾਜ਼ਿਲਕਾ ਦੇ ਬਾਰਡਰ ਏਰੀਆ ਵਿੱਚ ਟਰੱਸਟ ਵੱਲੋਂ ਮੁੜ ਵਸੇਬੇ ਕਾਰਜਾਂ ਤਹਿਤ ਹੜ੍ਹ ਪੀੜਤਾਂ ਲਈ ਵੱਖ ਵੱਖ ਸਮਾਨ ਮੁਹੱਈਆ ਕਰਵਾਇਆ ਗਿਆ ਅਤੇ ਕੁਝ ਪਰਿਵਾਰਾਂ ਲਈ ਮਕਾਨ ਵੀ ਬਣਾਏ ਜਾ ਰਹੇ ਹਨ। ਇਸੇ ਤਹਿਤ ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਗੁਲਾਬਾ ਭੈਣੀ ਵਿਖੇ ਬਣੇ ਪਹਿਲੇ ਮਕਾਨ ਦੀਆਂ ਚਾਬੀਆਂ ਸਮਾਜ ਸੇਵੀ ਸੀਨੀਅਰ ਮੈਡੀਕਲ ਅਫਸਰ ਡਾ.ਅਰਪਿਤ ਗੁਪਤਾ ਅਤੇ ਵੱਲੋਂ ਪਰਿਵਾਰ ਨੂੰ ਸੌਂਪੀਆਂ ਗਈਆਂ। ਇਸ ਮੌਕੇ ਕਲਗੀਧਰ ਟਰੱਸਟ ਦੇ ਵਲੰਟੀਅਰ ਸੇਵਾਦਾਰ ਸਮੇਤ ਪਿੰਡ ਦੇ ਮੋਹਤਬਰ ਅਤੇ ਪਰਿਵਾਰ ਹਾਜ਼ਰ ਸੀ।

# ਬਸੰਤ ਪੰਚਮੀ ਮੌਕੇ ਸ਼੍ਰੀ ਬਾਂਕੇ ਬਿਹਾਰੀ ਮੰਦਿਰ ਵਿੱਚ ਕੀਰਤਨ ਸਮਾਗਮ



ਫਾਜ਼ਿਲਕਾ 24 ਜਨਵਰੀ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਬਸੰਤ ਪੰਚਮੀ ਦੇ ਪਾਵਨ ਤਿਉਹਾਰ ਮੌਕੇ ਸ਼੍ਰੀ ਬਾਂਕੇ ਬਿਹਾਰੀ ਮੰਦਿਰ ਫਾਜ਼ਿਲਕਾ ਵਿੱਚ ਧਾਰਮਿਕ ਸ਼ਰਧਾ ਅਤੇ ਭਕਤੀ ਭਾਵ ਨਾਲ ਭਰਪੂਰ ਕੀਰਤਨ ਸਮਾਗਮ ਕਰਵਾਇਆ ਗਿਆ। ਇਸ ਧਾਰਮਿਕ ਸਮਾਗਮ ਵਿੱਚ ਸ਼ਹਿਰ ਦੀ ਪ੍ਰਮੁੱਖ ਸਮਾਜਸੇਵਿਕਾ ਪੂਜਾ ਲੂਥਰਾ ਸਚਦੇਵਾ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਈ। ਉਨ੍ਹਾਂ ਨੇ ਮਾਂ ਸਰਸਵਤੀ ਅਤੇ ਸ਼੍ਰੀ ਬਾਂਕੇ ਬਿਹਾਰੀ ਜੀ ਦੇ ਚਰਨਾਂ ਵਿੱਚ ਸਿਰ ਨਿਵਾ ਕੇ ਹਲਕੇ ਦੇ ਭਲੇ ਲਈ ਪ੍ਰਾਰਥਨਾ ਕੀਤੀ। ਮੰਦਿਰ ਪ੍ਰਾਂਗਣ ਵਿੱਚ ਸਵੇਰ ਤੋਂ ਹੀ ਭਗਤਾਂ ਦੀ ਭੀੜ ਦੇਖਣ ਨੂੰ ਮਿਲੀ। ਬਸੰਤ ਪੰਚਮੀ ਦੇ ਮੌਕੇ ਮੰਦਿਰ ਨੂੰ ਫੁੱਲਾਂ ਅਤੇ ਪੀਲੇ ਰੰਗ ਦੀ ਸਜਾਵਟ ਨਾਲ ਸੁਸ਼ੋਭਿਤ ਕੀਤਾ ਗਿਆ ਸੀ। ਭਗਤਾਂ ਵੱਲੋਂ ਮਾਂ ਸਰਸਵਤੀ ਦੀ ਪੂਜਾ-ਅਰਚਨਾ ਕੀਤੀ ਗਈ ਅਤੇ ਗਿਆਨ, ਬੁੱਧੀ ਅਤੇ ਵਿਦਿਆ ਦੀ ਪ੍ਰਾਪਤੀ ਲਈ ਅਰਦਾਸਾਂ ਕੀਤੀਆਂ ਗਈਆਂ। ਇਸ ਮੌਕੇ ਪ੍ਰਸਿੱਧ ਭਜਨ ਗਾਇਕਾ ਪਲਵੀ ਵੱਲੋਂ ਭਗਤੀਮਈ ਭਜਨਾਂ ਦੀ ਸੁੰਦਰ ਪ੍ਰਸਤੁਤੀ ਦਿੱਤੀ ਗਈ। ਉਨ੍ਹਾਂ ਦੇ ਮਧੁਰ ਸੁਰਾਂ ਵਿੱਚ ਗਾਏ ਗਏ ਭਜਨਾਂ ਨਾਲ ਮੰਦਿਰ ਪ੍ਰਾਂਗਣ ਪੂਰੀ ਤਰ੍ਹਾਂ ਭਕਤੀ ਰਸ ਵਿੱਚ ਰੰਗਿਆ ਗਿਆ। ਮਾਂ ਸਰਸਵਤੀ ਦੀ ਜੈ, ਬਾਂਕੇ ਬਿਹਾਰੀ ਲਾਲ ਕੀ ਜੈ ਵਰਗੇ ਭਜਨਾਂ ’ਤੇ ਭਕਤ ਝੂਮਦੇ ਨਜ਼ਰ ਆਏ ਅਤੇ ਸਾਰਾ ਮਾਹੌਲ ਆਧਿਆਤਮਿਕਤਾ ਨਾਲ ਭਰ ਗਿਆ। ਕੀਰਤਨ ਸਮਾਗਮ ਦੌਰਾਨ ਪੂਜਾ ਲੂਥਰਾ ਸਚਦੇਵਾ ਨੇ ਮੰਦਿਰ ਵਿੱਚ ਹਾਜ਼ਰੀ ਭਰ ਕੇ ਮਾਂ ਸਰਸਵਤੀ ਅਤੇ ਬਾਂਕੇ ਬਿਹਾਰੀ ਜੀ ਦੇ ਦਰਸ਼ਨ ਕੀਤੇ। ਉਨ੍ਹਾਂ ਨੇ ਕਿਹਾ ਕਿ ਬਸੰਤ ਪੰਚਮੀ ਗਿਆਨ, ਸੱਭਿਆਚਾਰ ਅਤੇ ਨਵੀਂ ਸ਼ੁਰੂਆਤ ਦਾ ਪ੍ਰਤੀਕ ਹੈ। ਇਹ ਤਿਉਹਾਰ ਸਾਨੂੰ ਸੱਚਾਈ, ਸੇਵਾ ਅਤੇ ਸਾਂਝੇ ਭਲੇ ਦੇ ਰਾਹ ’ਤੇ ਅੱਗੇ ਵਧਣ ਦੀ ਪ੍ਰੇਰਣਾ ਦਿੰਦਾ ਹੈ। ਪੂਜਾ ਲੂਥਰਾ ਸਚਦੇਵਾ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮਾਜ ਵਿੱਚ ਸਕਾਰਾਤਮਕਤਾ, ਆਪਸੀ ਭਾਈਚਾਰੇ ਅਤੇ ਸਾਂਝ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਭੱਜ-ਦੌੜ ਭਰੇ ਜੀਵਨ ਵਿੱਚ ਅਜਿਹੇ ਸਮਾਗਮ ਮਨ ਨੂੰ ਸ਼ਾਂਤੀ ਦਿੰਦੇ ਹਨ ਅਤੇ ਮਨੁੱਖ ਨੂੰ ਆਪਣੀ ਸੰਸਕ੍ਰਿਤੀ ਅਤੇ ਰਿਵਾਇਤਾਂ ਨਾਲ ਜੋੜ ਕੇ ਰੱਖਦੇ ਹਨ। ਉਨ੍ਹਾਂ ਨੇ ਇਸ ਸੁੰਦਰ ਅਤੇ ਵਿਵਸਥਿਤ ਸਮਾਗਮ ਲਈ ਮੰਦਿਰ ਕਮੇਟੀ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੰਦਿਰ ਕਮੇਟੀ ਵੱਲੋਂ ਕੀਤੀ ਗਈ ਉੱਤਮ ਵਿਵਸਥਾ ਅਤੇ ਸੇਵਾ ਭਾਵਨਾ ਪ੍ਰਸ਼ੰਸਾ ਯੋਗ ਹੈ। ਕਮੇਟੀ ਦੇ ਸਹਿਯੋਗ ਨਾਲ ਹੀ ਅਜਿਹੇ ਧਾਰਮਿਕ ਸਮਾਗਮ ਸਫਲਤਾਪੂਰਵਕ ਕਰਵਾਏ ਜਾ ਸਕਦੇ ਹਨ। ਮੰਦਿਰ ਕਮੇਟੀ ਦੇ ਅਹੁਦੇਦਾਰਾਂ ਨੇ ਵੀ ਪੂਜਾ ਲੂਥਰਾ ਸਚਦੇਵਾ ਅਤੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਭਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੰਦਿਰ ਹਮੇਸ਼ਾਂ ਹੀ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਦਾ ਕੇਂਦਰ ਬਣਿਆ ਰਹੇਗਾ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਕੀਰਤਨ ਅਤੇ ਧਾਰਮਿਕ ਸਮਾਗਮ ਕਰਵਾਏ ਜਾਂਦੇ ਰਹਿਣਗੇ। ਸਮਾਗਮ ਦੇ ਅੰਤ ਵਿੱਚ ਭਕਤਾਂ ਵਿੱਚ ਪ੍ਰਸਾਦ ਵੀ ਵਰਤਾਇਆ ਗਿਆ। ਭਗਤਾਂ ਨੇ ਮਾਂ ਸਰਸਵਤੀ ਅਤੇ ਬਾਂਕੇ ਬਿਹਾਰੀ ਜੀ ਦੇ ਦਰਸ਼ਨ ਕਰਕੇ ਆਤਮਿਕ ਸ਼ਾਂਤੀ ਮਹਿਸੂਸ ਕੀਤੀ ਅਤੇ ਸਮਾਗਮ ਦੀ ਭਰਪੂਰ ਪ੍ਰਸ਼ੰਸਾ ਕੀਤੀ।

# ਹੁਸ਼ਿਆਰਪੁਰ ਪੁਲਿਸ ਵੱਲੋਂ ਅੱਤਵਾਦੀ ਗ੍ਰੋਹ ਦਾ ਪਰਦਾਫਾਸ਼

ਹੁਸਿਆਰਪੁਰ, 24 ਜਨਵਰੀ (ਚ.ਨ.ਸ. )ਗਣਤੰਤਰ ਦਿਵਸ ਦੇ ਮੱਦੇਨਜ਼ਰ ਪਾਕਿਸਤਾਨ ਦੇ ਆਈ.ਐਸ.ਆਈ. ਸਮਰਥਿਤ ਅੱਤਵਾਦੀ ਨੈੱਟਵਰਕ ਵਿਰੁੱਧ ਵੱਡੀ ਸਫਲਤਾ ਤਹਿਤ ਹੁਸ਼ਿਆਰਪੁਰ ਪੁਲਿਸ ਨੇ ਕਾਊਂਟਰ ਇੰਟੈਲੀਜੈਂਸ (ਸੀ.ਆਈ.), ਜਲੰਧਰ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਪਾਬੰਦੀਸ਼ੁਦਾ ਸੰਗਠਨ, ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਸਬੰਧਤ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇਸ ਮਾਡਿਊਲ ਦੇ ਚਾਰ ਕਾਰਕੁੰਨਾਂ ਨੂੰ, ਲਗਭਗ 2.5 ਕਿਲੋ ਵਜ਼ਨ ਵਾਲੇ ਆਰ.ਡੀ.ਐਕਸ.-ਅਧਾਰਤ ਇਮਪ੍ਰੋਵਾਈਜ਼ਡ ਵਿਸਫੋਟਕ ਡਿਵਾਈਸ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਦਿਲਜੋਤ ਸਿੰਘ, ਹਰਮਨ ਸਿੰਘ ਉਰਫ਼ ਹੈਰੀ ਉਰਫ਼ ਹਰੀ, ਅਜੈ ਉਰਫ਼ ਮਹਿਰਾ ਅਤੇ ਅਰਸ਼ਦੀਪ ਸਿੰਘ ਉਰਫ਼ ਅਰਸ਼ ਕੰਡੋਲਾ ਵਜੋਂ ਹੋਈ ਹੈ, ਇਹ ਸਾਰੇ ਐਸ.ਬੀ.ਐਸ. ਨਗਰ ਦੇ ਰਾਹੋਂ ਦੇ ਰਹਿਣ ਵਾਲੇ ਹਨ। ਆਰਡੀਐਕਸ-ਅਧਾਰਤ ਆਈ.ਈ.ਡੀ. ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਪਿਸਤੌਲ ਵੀ ਬਰਾਮਦ ਕੀਤੇ ਹਨ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਹ ਮਾਡਿਊਲ ਅਮਰੀਕਾ-ਅਧਾਰਤ ਬੀ.ਕੇ.ਆਈ. ਹੈਂਡਲਰਾਂ ਦੁਆਰਾ ਚਲਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤਾ ਗਿਆ ਆਈ.ਈ.ਡੀ. ਆਉਣ ਵਾਲੇ ਗਣਤੰਤਰ ਦਿਵਸ ਦੇ ਜਸ਼ਨਾਂ ਦੇ ਮੱਦੇਨਜ਼ਰ ਮਿੱਥ ਕੇ ਅੱਤਵਾਦੀ ਹਮਲਾ ਕਰਨ ਲਈ ਵਰਤਿਆ ਜਾਣਾ ਸੀ।ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅੱਗੇ ਅਤੇ ਪਿੱਛੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ, ਹੁਸ਼ਿਆਰਪੁਰ ਦੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਸੰਦੀਪ ਮਲਿਕ ਨੇ ਕਿਹਾ ਕਿ ਖੁਫੀਆ ਕਾਰਵਾਈ ਵਿੱਚ, ਹੁਸ਼ਿਆਰਪੁਰ ਪੁਲਿਸ ਅਤੇ ਸੀਆਈ ਜਲੰਧਰ ਦੀਆਂ ਟੀਮਾਂ ਨੇ ਚਾਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਆਰਡੀਐਕਸ-ਅਧਾਰਤ ਆਈਈਡੀ ਅਤੇ ਦੋ ਪਿਸਤੌਲ ਬਰਾਮਦ ਕੀਤੇ ਹਨ।ਐਸਐਸਪੀ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਵਿਦੇਸ਼ੀ ਅਧਾਰਤ ਬੀਕੇਆਈ ਹੈਂਡਲਰਾਂ ਨੇ ਇੱਕ ਮਾਡਿਊਲ ਸਥਾਪਤ ਕੀਤਾ ਸੀ, ਜਿਸਨੂੰ ਅੰਮ੍ਰਿਤਸਰ ਦਿਹਾਤੀ ਦੇ ਸਰਹੱਦੀ ਖੇਤਰਾਂ ਰਾਹੀਂ ਹਥਿਆਰਾਂ ਦੀ ਤਸਕਰੀ ਕਰਨ ਤੋਂ ਬਾਅਦ ਹਥਿਆਰ ਪ੍ਰਾਪਤ ਕਰਨ ਅਤੇ ਲੌਜਿਸਟਿਕਸ ਪ੍ਰਬੰਧਨ ਕਰਨ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਹੋਰ ਜਾਂਚ ਜਾਰੀ ਹੈ।ਪਤਾ ਲੱਗਾ ਹੈ ਕਿ ਵਿਦੇਸ਼ੀ ਅਧਾਰਤ ਬੀਕੇਆਈ ਹੈਂਡਲਰਾਂ ਨੇ ਇੱਕ ਮਾਡਿਊਲ ਸਥਾਪਤ ਕੀਤਾ ਸੀ, ਜਿਸਨੂੰ ਅੰਮ੍ਰਿਤਸਰ ਦਿਹਾਤੀ ਦੇ ਸਰਹੱਦੀ ਖੇਤਰਾਂ ਰਾਹੀਂ ਹਥਿਆਰਾਂ ਦੀ ਤਸਕਰੀ ਕਰਨ ਤੋਂ ਬਾਅਦ ਹਥਿਆਰ ਪ੍ਰਾਪਤ ਕਰਨ ਅਤੇ ਲੌਜਿਸਟਿਕਸ ਪ੍ਰਬੰਧਨ ਕਰਨ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਹੋਰ ਜਾਂਚ ਜਾਰੀ ਹੈ।

# ਬੱਸਾਂ ਜੀਟੀ ਰੋਡ ਤੇ ਖਲੋਣ ਕਰਕੇ ਭੋਗਪੁਰ ਲੱਗ ਰਹੇ ਲੰਬੇ ਜਾਂਮ




ਭੋਗਪੁਰ 24 ਜਨਵਰੀ.ਜੰਡੀਰ ਸੈਣੀ ਹਲਕਾ ਆਦਮਪੁਰ ਦੇ ਭੋਗਪੁਰ ਵਿੱਚ ਲੰਬੇ ਜਾਮ ਲੱਗਣ ਕਰਕੇ ਲੋਕ ਦੁਖੀ ਹੋ ਚੁੱਕੇ ਹਨ.ਬੱਸਾਂ ਜੀਟੀ ਰੋਡ ਤੇ ਖਲੋਣ ਕਰਕੇ ਜੀਟੀ ਰੋਡ ਤੇ ਲੰਬੇ ਜਾਮ ਲੱਗ ਜਾਂਦੇ ਹਨ,ਤੇ ਲੋਕ ਦੋ ਦੋ ਘੰਟੇ ਤੱਕ ਭੋਗਪੁਰ ਸ਼ਹਿਰ ਵਿੱਚ ਫਸੇ ਰਹਿੰਦੇ ਹਨ। ਭੋਗਪੁਰ ਵਿੱਚ ਨਿਤ ਦੇ ਜਾਮ ਲੱਗਣੇ ਆਮ ਜਿਹੀ ਗੱਲ ਹੋ ਚੁੱਕੀ ਹੈ ਇਥੋਂ ਦੀ ਸਿਆਸਤ ਨੇ ਆਮ ਲੋਕਾਂ ਦਾ ਜਿਉਣਾ ਹਰਾਮ ਕੀਤਾ ਹੋਇਆ ਹੈ .ਕਿਉਂਕਿ ਭੋਗਪੁਰ ਦਾ ਕਰੋੜਾਂ ਨਾਲ ਬਣਿਆ ਨਵਾਂ ਬੱਸ ਅੱਡਾ ਕੁਝ ਸਿਆਸੀ ਲੋਕਾਂ ਦੀਆਂ ਮਿਹਰਬਾਨੀਆਂ ਕਰਕੇ ਚਾਲੂ ਨਹੀਂ ਹੋ ਸਕਿਆ.ਤੇ ਬੱਸਾਂ ਜੀਟੀ ਰੋਡ ਤੇ ਲੱਗਣ ਕਰਕੇ ਬੱਸਾਂ ਪਿੱਛੇ ਗੱਡੀਆਂ ਇਕੱਠੀਆਂ ਹੋ ਜਾਂਦੀਆਂ ਹਨ ਤੇ ਭਾਰੀ ਜਾਮ ਲੱਗ ਜਾਂਦੇ ਹਨ. ਟਰੈਫਿਕ ਕਰਕੇ ਹੀ ਰੋਜ਼ਾਨਾ ਹਾਦਸੇ ਵਾਪਰਦੇ ਹਨ. ਲੋਕ ਮਰ ਰਹੇ ਹਨ ਜਖਮੀ ਹੋ ਰਹੇ ਹਨ .ਪਰ ਪ੍ਰਸ਼ਾਸਨ ਕੁੰਭ ਕਰਨੀ ਨੀਂਦ ਸੁੱਤਾ ਹੋਇਆ ਹੈ . ਲੋਕਾਂ ਦਾ ਕਹਿਣਾ ਹੈ ਕਿ ਜਦ ਤੱਕ ਬੱਸਾਂ ਬੱਸ ਅੱਡੇ ਵਿੱਚ ਨਹੀਂ ਖੜਦੀਆਂ ਭੋਗਪੁਰ ਦੇ ਮਸਲੇ ਹੱਲ ਨਹੀਂ ਹੋ ਸਕਦੇ .ਕਿਉਂਕਿ ਡਰਾਈਵਰ ਬੱਸਾਂ ਹਲਵਾਈਆਂ ਦੀਆਂ ਦੁਕਾਨਾਂ ਕੋਲ ਜਾ ਕੇ ਖੜੀਆਂ ਕਰਦੇ ਹਨ, ਇੱਕ ਬੱਸ ਜਾਂਦੀ ਹੈ ਤੇ ਦੂਸਰੀ ਆ ਕੇ ਲੱਗ ਜਾਂਦੀ ਹੈ.ਤੇ ਨਗਰ ਕੌਂਸਲ ਦੀ ਕਮੇਟੀ ਬੱਸਾਂ ਦੀਆਂ ਪਰਚੀਆਂ ਬੱਸ ਅੱਡੇ ਤੋਂ ਇਕ ਕਿਲੋਮੀਟਰ ਅੱਗੇ ਜਾ ਕੇ ਹਲਵਾਈਆਂ ਦੀਆਂ ਦੁਕਾਨਾਂ ਕੋਲ ਕੱਟ ਰਹੀ ਹੈ। ਇਸ ਲਈ ਕਸੂਰਵਾਰ ਨਗਰ ਕੌਂਸਲ ਨੂੰ ਹੀ ਮੰਨਿਆ ਜਾ ਰਿਹਾ ਹੈ ਕਿਉਂਕਿ ਬੱਸਾਂ ਦਾ ਠੇਕਾ ਬੱਸ ਅੱਡੇ ਦਾ ਹੁੰਦਾ ਹੈ. ਜੀਟੀ ਰੋਡ ਤੇ ਬੱਸਾਂ ਖੜੀਆਂ ਕਰਨ ਦਾ ਠੇਕਾ ਨਹੀਂ ਹੁੰਦਾ ਲੋਕਾਂ ਨੇ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਭੋਗਪੁਰ ਦਾ ਬੱਸ ਅੱਡਾ ਸ਼ੁਰੂ ਕੀਤਾ ਜਾਵੇ ਬੱਸਾਂ ਬੱਸ ਅੱਡੇ ਖੜੀਆਂ ਕੀਤੀਆਂ ਜਾਣ ਤਾਂ ਕਿ ਲੋਕਾਂ ਨੂੰ ਸੁੱਖ ਦਾ ਸਾਹ ਮਿਲ ਸਕੇ

# ਸ਼੍ਰੀ ਹੇਮਕੁੰਟ ਸਕੂਲ ਕੋਟ ਈਸੇ ਖਾਂ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਵੋਟਰ ਦਿਵਸ



ਕੋਟ ਈ ਸੇ ਖਾਂ, 24 ਜਨਵਰੀ (ਹਰਜੀਤ ਛਾਬੜਾ /ਗੁਰਦੇਵ ਖੁਰਾਣਾ) ਸ੍ਰੀ ਹੇਮਕੁੰਟ ਸੀਨੀਅਰ ਸੈਕੰਡਰੀ ਸਕੂਲ ਕੋਟ ਈਸੇ ਖਾਂ ਵਿਖੇ ਵੋਟਰ ਦਿਵਸ ਸਹਾਇਕ ਡਾਇਰੈਕਟਰ ਦਵਿੰਦਰ ਸਿੰਘ ਲੋਟੇ ਦੀ ਯੋਗ ਅਗਵਾਈ ਹੇਠ ਪੂਰੇ ਉਤਸ਼ਾਹ ਅਤੇ ਜਾਗਰੂਕਤਾ ਨਾਲ ਮਨਾਇਆ ਗਿਆ। ਵੋਟਰ ਦਿਵਸ ਮਨਾਉਣ ਦਾ ਮਕਸਦ ਵਿਦਿਆਰਥੀਆਂ ਵਿੱਚ ਲੋਕਤੰਤਰ ਮੁੱਲਾਂ ਅਤੇ ਵੋਟ ਅਧਿਕਾਰ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਇਸ ਵੋਟਰ ਦਿਵਸ ਦੌਰਾਨ ਪ੍ਰੋਗਰਾਮ ਅਫਸਰ ਦੀ ਨਿਗਰਾਨੀ ਹੇਠ ਐਨ.ਐਨ. ਐਸ ਵਲੰਟੀਅਰਸ ਵੱਲੋਂ ਵਿਸ਼ੇਸ਼ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਵੋਟ ਦੀ ਮਹੱਤਤਾ ਬਾਰੇ ਭਾਸ਼ਣ ਦਿੱਤੇ, ਪੋਸਟਰ ਬਣਾਏ ਅਤੇ ਹਰ ਵੋਟ ਕੀਮਤੀ ਹੈ ਦਾ ਸਲੋਗਨ ਬਣਾ ਕੇ ਦੇਸ਼ ਦੇ ਸਭ ਬਸ਼ਿੰਦਿਆਂ ਨੂੰ ਜਿੰਮੇਵਾਰ ਨਾਗਰਿਕ ਬਣਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੀ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸਰਦਾਰ ਕੁਲਵੰਤ ਸਿੰਘ ਸੰਧੂ ਤੇ ਐਮਡੀ ਮੈਡਮ ਰਣਜੀਤ ਕੌਰ ਸੰਧੂ ਨੇ ਕਿਹਾ ਕਿ ਵੋਟ ਦੀ ਵਰਤੋਂ ਕਰਨਾ ਹਰ ਇੱਕ ਨਾਗਰਿਕ ਦਾ ਮੂਲ ਅਧਿਕਾਰ ਦੇ ਮੁੱਢਲਾ ਫਰਜ਼ ਹੈ, ਉਨਾਂ ਨੇ ਆਉਣ ਵਾਲੇ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਵਰਤੋਂ ਪੂਰੀ ਸੋਚ ਵਿਚਾਰ ਤੇ ਨਿਡਰਤਾ ਨਾਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਕਿਹਾ ਕਿ ਲੋਕਤੰਤਰ ਦੀ ਮਜਬੂਤੀ ਨੌਜਵਾਨਾਂ ਦੀ ਸੂਝ-ਬੂਝ ਅਤੇ ਭਾਗੀਦਾਰੀ ਦੇ ਨਿਰਭਰ ਕਰਦੀ ਹੈ, ਇਸ ਲਈ ਨੌਜਵਾਨਾਂ ਦਾ ਵੋਟਾਂ ਪ੍ਰਤੀ ਜਾਗਰੂਕ ਹੋਣਾ ਬੇਹਦ ਜਰੂਰੀ ਹੈ।

# ਸੰਭਾਵੀ ਨਿਸ਼ਾਨਾਬੱਧ ਅੱਤਵਾਦੀ ਹਮਲਾ ਟਾਲਿਆ ਗਿਆ;

## ਹੁਸ਼ਿਆਰਪੁਰ ਤੋਂ ਚਾਰ ਬੀ.ਕੇ.ਆਈ. ਕਾਰਕੁੰਨ ਆਈ.ਡੀ. ਅਤੇ ਦੋ ਪਿਸਤੌਲਾਂ ਸਮੇਤ ਕਾਬੂ



ਹੁਸ਼ਿਆਰਪੁਰ, 23 ਜਨਵਰੀ : ਦੀਪਕ ਅਗਨੀਹੋਤਰੀ : ਗਣਤੰਤਰ ਦਿਵਸ ਤੋਂ ਪਹਿਲਾਂ ਪਾਕਿਸਤਾਨ ਦੇ ਆਈ.ਐਸ.ਆਈ. ਸਮਰਥਿਤ ਅੱਤਵਾਦੀ ਨੈੱਟਵਰਕ ਵਿਰੁੱਧ ਇੱਕ ਵੱਡੀ ਸਫਲਤਾ ਵਿੱਚ, ਕਾਊਂਟਰ ਇੰਟੈਲੀਜੈਂਸ (ਸੀ.ਆਈ.), ਜਲੰਧਰ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਹੁਸ਼ਿਆਰਪੁਰ ਪੁਲਿਸ ਨੇ ਪਾਬੰਦੀਸ਼ੁਦਾ ਸੰਗਠਨ, ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਦੇ ਇੱਕ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ, ਇਸਦੇ ਚਾਰ ਕਾਰਕੁੰਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਆਰ.ਡੀ.ਐਕਸ.-ਅਧਾਰਤ ਇਮਪ੍ਰੋਵਾਈਜ਼ਡ ਵਿਸਫੋਟਕ ਯੰਤਰ - ਲਗਭਗ 2.5 ਕਿਲੋਗ੍ਰਾਮ ਵਜ਼ਨ - ਬਰਾਮਦ ਕੀਤਾ ਹੈ, ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਸ਼ੁੱਕਰਵਾਰ ਨੂੰ ਇੱਥੇ ਕਿਹਾ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਦਿਲਜੋਤ ਸਿੰਘ, ਹਰਮਨ ਸਿੰਘ ਉਰਫ਼ ਹੈਰੀ ਉਰਫ਼ ਹੈਰੀ, ਅਜੈ ਉਰਫ਼ ਮਹਿਰਾ ਅਤੇ ਅਰਸ਼ਦੀਪ ਸਿੰਘ ਉਰਫ਼ ਅਰਸ਼ ਕੰਡੋਲਾ ਵਜੋਂ ਹੋਈ ਹੈ, ਜੋ ਸਾਰੇ ਐਸਬੀਐਸ ਨਗਰ ਦੇ ਰਾਹੋਂ ਦੇ ਰਹਿਣ ਵਾਲੇ ਹਨ। ਆਰਡੀਐਕਸ-ਅਧਾਰਤ ਆਈਈਡੀ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਪਿਸਤੌਲ ਵੀ ਬਰਾਮਦ ਕੀਤੇ ਹਨ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਹ ਮਾਡਿਊਲ ਅਮਰੀਕਾ-ਅਧਾਰਤ ਬੀਕੇਆਈ ਹੈਂਡਲਰਾਂ ਦੁਆਰਾ ਚਲਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤਾ ਗਿਆ ਆਈਈਡੀ ਆਉਣ ਵਾਲੇ ਗਣਤੰਤਰ ਦਿਵਸ ਦੇ ਜਸ਼ਨਾਂ ਦੇ ਮੱਦੇਨਜ਼ਰ ਇੱਕ ਨਿਸ਼ਾਨਾ ਬਣਾ ਕੇ ਅੱਤਵਾਦੀ ਹਮਲੇ ਲਈ ਬਣਾਇਆ ਗਿਆ ਸੀ।ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅੱਗੇ ਅਤੇ ਪਿੱਛੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।ਸੰਚਾਲਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ, ਹੁਸ਼ਿਆਰਪੁਰ ਦੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਸੰਦੀਪ ਮਲਿਕ ਨੇ ਕਿਹਾ ਕਿ ਇੱਕ ਖੁਫੀਆ ਕਾਰਵਾਈ ਵਿੱਚ, ਹੁਸ਼ਿਆਰਪੁਰ ਪੁਲਿਸ ਅਤੇ ਸੀਆਈ ਜਲੰਧਰ ਦੀਆਂ ਟੀਮਾਂ ਨੇ ਚਾਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਆਰਡੀਐਕਸ-ਅਧਾਰਤ ਆਈਈਡੀ ਅਤੇ ਦੋ ਪਿਸਤੌਲ ਬਰਾਮਦ ਕੀਤੇ ਹਨ।ਐਸਐਸਪੀ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਵਿਦੇਸ਼ੀ ਅਧਾਰਤ ਬੀਕੇਆਈ ਹੈਂਡਲਰਾਂ ਨੇ ਫਿਰੋਜ਼ਪੁਰ ਅਤੇ ਅੰਮ੍ਰਿਤਸਰ ਦਿਹਾਤੀ ਦੇ ਸਰਹੱਦੀ ਖੇਤਰਾਂ ਰਾਹੀਂ ਹਥਿਆਰਾਂ ਦੀ ਤਸਕਰੀ ਕਰਨ ਤੋਂ ਬਾਅਦ ਹਥਿਆਰ ਪ੍ਰਾਪਤ ਕਰਨ ਅਤੇ ਲੌਜਿਸਟਿਕਸ ਦਾ ਪ੍ਰਬੰਧਨ ਕਰਨ ਲਈ ਇੱਕ ਮਾਡਿਊਲ ਸਥਾਪਤ ਕੀਤਾ ਸੀ। ਉਨ੍ਹਾਂ ਅੱਗੇ ਕਿਹਾ ਕਿ ਹੋਰ ਜਾਂਚ ਜਾਰੀ ਹੈ।ਇਸ ਸਬੰਧ ਵਿੱਚ, ਹੁਸ਼ਿਆਰਪੁਰ ਦੇ ਗੜ੍ਹਸ਼ੰਕਰ ਪੁਲਿਸ ਸਟੇਸ਼ਨ ਵਿਖੇ ਭਾਰਤੀ ਨਿਆਏ ਸੰਹਿਤਾ (ਬੀਐਨਐਸ) ਦੀ ਧਾਰਾ 113(1) ਅਤੇ 113(3), ਅਸਲਾ ਐਕਟ ਦੀ ਧਾਰਾ 25 ਅਤੇ 25(12)(1), ਅਤੇ ਭਾਰਤੀ ਵਿਸਫੋਟਕ ਐਕਟ ਦੀ ਧਾਰਾ 4 ਅਤੇ 5 ਤਹਿਤ ਇੱਕ ਕੇਸ ਐਫਆਈਆਰ ਨੰਬਰ 11 ਮਿਤੀ 23/01/2026 ਦਰਜ ਕੀਤਾ ਗਿਆ ਹੈ।ਗੜ੍ਹਸ਼ੰਕਰ, ਹੁਸ਼ਿਆਰਪੁਰ ਤੋਂ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ: ਦਿਲਜੋਤ ਸਿੰਘ ਸੈਣੀ, ਹਰਮਨ ਉਰਫ਼ ਹੈਰੀ, ਅਜੈ ਉਰਫ਼ ਮਹਿਰਾ, ਅਤੇ ਅਰਸ਼ਦੀਪ ਸਿੰਘ ਉਰਫ਼ ਅਰਸ਼ ਕੰਡੋਲਾ ਹੈਗੜ੍ਹਸ਼ੰਕਰ, ਹੁਸ਼ਿਆਰਪੁਰ ਤੋਂ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ: ਦਿਲਜੋਤ ਸਿੰਘ ਸੈਣੀ, ਹਰਮਨ ਉਰਫ਼ ਹੈਰੀ, ਅਜੈ ਉਰਫ਼ ਮਹਿਰਾ, ਅਤੇ ਅਰਸ਼ਦੀਪ ਸਿੰਘ ਉਰਫ਼ ਅਰਸ਼ ਕੰਡੋਲਾ ਹੈ

# ਨੈਕਸਸ ਐਮਬੀਡੀ ਨਿਓਪੋਲਿਸ ਮਾਲ ਪਰਿਵਾਰ ਮਨਾ ਰਿਹਾ ਹੈ ਗਣਤੰਤਰ ਦਿਵਸ



ਲੁਧਿਆਣਾ, 24 ਜਨਵਰੀ (ਜਤਿੰਦਰਪਾਲ ਸਿੰਘ ਛਾਬੜਾ) ਲੁਧਿਆਣਾ ਦਾ ਮਨਪਸੰਦ ਖਰੀਦਦਾਰੀ ਅਤੇ ਜੀਵਨ ਸ਼ੈਲੀ ਸਥਾਨ, ਨੈਕਸਸ ਐਮਬੀਡੀ ਨਿਓਪੋਲਿਸ ਮਾਲ, ਜਨਵਰੀ ਮਹੀਨੇ ਦੌਰਾਨ ਪਰਿਵਾਰ-ਕੇਂਦ੍ਰਿਤ ਗਤੀਵਿਧੀਆਂ, ਤਿਉਹਾਰਾਂ ਦੇ ਤਜ਼ਰਬਿਆਂ ਅਤੇ ਦਿਲਚਸਪ ਖਰੀਦਦਾਰੀ ਪੇਸ਼ਕਸ਼ਾਂ ਨਾਲ ਗਣਤੰਤਰ ਦਿਵਸ ਮਨਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਨੈਕਸਸ ਐਮਬੀਡੀ ਨਿਓਪੋਲਿਸ ਮਾਲ 23 ਤੋਂ 26 ਜਨਵਰੀ ਤੱਕ ਕਿਡਜ਼ ਵੰਡਰਲੈਂਡ ਐਕਟੀਵੇਸ਼ਨ ਪੇਸ਼ ਕਰੇਗਾ। ਇਹ ਟਿਕਟ ਵਾਲਾ ਅਨੁਭਵ, 30 ਮਿੰਟ ਦੇ ਸੈਸ਼ਨ ਲਈ ਪ੍ਰਤੀ ਬੱਚਾ 199 ਦੀ ਕੀਮਤ ਤੇ, ਨੌਜਵਾਨ ਸੈਲਾਨੀਆਂ ਦੇ ਮਨੋਰੰਜਨ ਅਤੇ ਰੁਝੇਵੇਂ ਲਈ ਤਿਆਰ ਕੀਤੀਆਂ ਗਈਆਂ ਕਈ ਤਰ੍ਹਾਂ ਦੀਆਂ ਬੱਚਿਆਂ ਦੀਆਂ ਗਤੀਵਿਧੀਆਂ ਪੇਸ਼ ਕਰੇਗਾ, ਜੋ ਪਰਿਵਾਰਾਂ ਲਈ ਗਣਤੰਤਰ ਦਿਵਸ ਦੇ ਜਸ਼ਨਾਂ ਨੂੰ ਵਿਸ਼ੇਸ਼ ਬਣਾਉਂਦਾ ਹੈ। ਨੈਕਸਸ ਐਮਬੀਡੀ ਨਿਓਪੋਲਿਸ ਮਾਲ ਵਿੱਚ ਝੰਡਾ ਲਹਿਰਾਉਣ ਦੀ ਰਸਮ ਸ਼ਾਮਲ ਹੋਵੇਗੀ, ਜੋ ਰਾਸ਼ਟਰੀ ਮਾਣ ਅਤੇ ਏਕਤਾ ਦਾ ਪ੍ਰਤੀਕ ਹੈ। ਦੇਸ਼ ਭਗਤੀ ਦੀ ਭਾਵਨਾ ਨੂੰ ਵਧਾਉਣ ਲਈ, ਮਾਲ ਨੂੰ ਪੂਰੇ ਅਹਾਤੇ ਵਿੱਚ ਤਿਰੰਗੇ-ਥੀਮ ਵਾਲੇ ਸਜਾਵਟ ਨਾਲ ਸਜਾਇਆ ਜਾਵੇਗਾ। ਉਤਸ਼ਾਹ ਨੂੰ ਵਧਾਉਂਦੇ ਹੋਏ, ਖਰੀਦਦਾਰ 23 ਜਨਵਰੀ ਤੋਂ 26 ਜਨਵਰੀ ਤੱਕ ਚੋਣਵੇਂ ਬ੍ਰਾਂਡਾਂ ਤੇ ਫਲੈਟ 50% ਦੀ ਛੋਟ ਦਾ ਆਨੰਦ ਮਾਣ ਸਕਦੇ ਹਨ, ਜੋ ਇਸਨੂੰ ਖਰੀਦਦਾਰੀ ਕਰਨ, ਜਸ਼ਨ ਮਨਾਉਣ ਅਤੇ ਆਪਣੇ ਅਜ਼ੀਜ਼ਾਂ ਨਾਲ ਵਧੀਆ ਸਮਾਂ ਬਿਤਾਉਣ ਦਾ ਇੱਕ ਆਦਰਸ਼ ਸਮਾਂ ਬਣਾਉਂਦਾ ਹੈ। ਇਹਨਾਂ ਸੋਚ-ਸਮਝ ਕੇ ਤਿਆਰ ਕੀਤੀਆਂ ਗਈਆਂ ਪਹਿਲਕਦਮੀਆਂ ਰਾਹੀਂ, ਨੈਕਸਸ ਐਮਬੀਡੀ ਨਿਓਪੋਲਿਸ ਮਾਲ ਇਸ ਮਹੱਤਵਪੂਰਨ ਰਾਸ਼ਟਰੀ ਮੌਕੇ ਤੇ ਬੱਚਿਆਂ ਲਈ ਗਤੀਵਿਧੀਆਂ, ਤਿਉਹਾਰਾਂ ਦੇ ਜਸ਼ਨਾਂ ਅਤੇ ਮੁੱਲ-ਸੰਚਾਲਿਤ ਪ੍ਰਚੂਨ ਪੇਸ਼ਕਸ਼ਾਂ ਨੂੰ ਇਕੱਠਾ ਕਰਕੇ ਇੱਕ ਸੰਪੂਰਨ ਖਰੀਦਦਾਰੀ ਅਤੇ ਮਨੋਰੰਜਨ ਅਨੁਭਵ ਦੀ ਪੇਸ਼ਕਸ਼ ਕਰਨਾ ਜਾਰੀ ਰੱਖੇ ਹੋਏ ਹੈ।

# ਚਰਨਜੀਤ ਚੰਨੀ ਦੀ ਦਲਿਤ ਰਾਜਨੀਤੀ ਲਈ ਕਾਂਗਰਸ ਵਿੱਚ ਕੋਈ ਥਾਂ ਨਹੀਂ : ਕ੍ਰਿਸਟਲ



ਲੁਧਿਆਣਾ 24 ਜਨਵਰੀ (ਰਵਿੰਦਰ ਸਿੰਘ ਨਿੱਝਰ) ਕਾਂਗਰਸ ਪਾਰਟੀ ਦੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਮੌਜੂਦਾ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਨੇ ਇੱਕ ਮੀਟਿੰਗ ਦੌਰਾਨ ਜੋ ਦਲਿਤ ਪੱਤਾ ਖੇਡਣ ਦੀ ਕੋਸ਼ਿਸ਼ ਕੀਤੀ ਹੈ ਉਹ ਬਿਲਕੁਲ ਗਲਤ ਹੈ ਕਿਉਂਕਿ ਕਾਂਗਰਸ ਇੱਕ ਧਰਮ ਨਿਰਪੱਖ ਪਾਰਟੀ ਹੈ ਅਤੇ ਇਸ ਵਿੱਚ ਧਰਮ ਜਾਂ ਜਾਤ ਦੇ ਆਧਾਰ ਤੇ ਕਿਸੇ ਤਰ੍ਹਾਂ ਦੀ ਰਾਜਨੀਤੀ ਨਹੀਂ ਕੀਤੀ ਜਾ ਸਕਦੀ। ਉਪਰੋਕਤ ਵਿਚਾਰ ਜ਼ਿਲ੍ਹਾ ਕਾਂਗਰਸ ਲੁਧਿਆਣਾ ਸ਼ਹਿਰੀ ਦੇ ਸਾਬਕਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਕ੍ਰਿਸਟਲ ਨੇ ਪ੍ਰਗਟ ਕੀਤੇ। ਕ੍ਰਿਸਟਲ ਨੇ ਕਿਹਾ ਕਿ ਚਰਨਜੀਤ ਚੰਨੀ ਦਾ ਇਹ ਕਹਿਣਾ ਬਿਲਕੁਲ ਗਲਤ ਹੈ ਕਿ ਅੱਜ ਕਾਂਗਰਸ ਵਿੱਚ ਉੱਚੇ ਅਹੁਦਿਆਂ ਤੇ ਆਮ ਵਰਗ ਦੇ ਲੋਕ ਬੈਠੇ ਹਨ ਅਤੇ ਦਲਿਤ ਇਸ ਤੋਂ ਕਥਿਤ ਤੌਰ ਤੇ ਦੂਰ ਹਨ। ਉਹਨਾਂ ਕਿਹਾ ਕਿ ਕਾਂਗਰਸ ਦਾ ਇਤਿਹਾਸ ਦੱਸਦਾ ਹੈ ਕਿ ਦਲਿਤ ਭਾਈਚਾਰੇ ਨਾਲ ਸੰਬੰਧਿਤ ਵਰਕਰਾਂ ਨੂੰ ਕਾਂਗਰਸ ਨੇ ਉੱਚੇ ਉੱਚੇ ਅਹੁਦੇ ਦੇ ਕੇ ਸਨਮਾਨਿਤ ਕੀਤਾ ਹੈ ਉਹਨਾਂ ਕਿਹਾ ਕਿ ਚਰਨਜੀਤ ਚੰਨੀ ਨੂੰ ਕਾਂਗਰਸ ਨੇ ਪੰਜਾਬ ਦੇ ਮੁੱਖ ਮੰਤਰੀ ਕਾਂਗਰਸ ਦੇ ਸੂਬਾ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਬਣਾਇਆ ਹੈ। ਉਹਨਾਂ ਕਿਹਾ ਕਿ ਇਸ ਭਾਈਚਾਰੇ ਵਿੱਚੋਂ ਮਹਿੰਦਰ ਸਿੰਘ ਕੇਪੀ ਤਿੰਨ ਵਾਰ ਐਮਐਲਏ ਰਹੇ ਹਨ, ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ ਹਨ, ਮੰਤਰੀ ਰਹੇ ਹਨ ਅਤੇ ਪਾਰਲੀਮੈਂਟ ਮੈਂਬਰ ਰਹੇ ਹਨ। ਇਸੇ ਤਰ੍ਹਾਂ ਮਾਸਟਰ ਗੁਰਬੰਤਾ ਸਿੰਘ ਛੇ ਵਾਰ ਐਮਐਲਏ ਅਤੇ ਮੰਤਰੀ ਰਹੇ ਹਨ। ਉਨ੍ਹਾਂ ਦੱਸਿਆ ਕਿ ਸੇਠ ਕਿਸ਼ਨਦਾਨ ਦਾਸ ਨੇ ਵੀ ਵੱਡੇ ਅਹੁਦਿਆਂ ਤੇ ਕੰਮ ਕੀਤਾ ਹੈ। ਉਨ੍ਹਾਂ ਸਵ: ਬੂਟਾ ਸਿੰਘ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਉਹ ਕੇਂਦਰੀ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਰਹਿ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹੋਰ ਵੀ ਇਸ ਭਾਈਚਾਰੇ ਦੇ ਅਨੇਕਾਂ ਲੋਕ ਕਾਂਗਰਸ ਵਿੱਚ ਵੱਡੇ ਵੱਡੇ ਅਹੁਦਿਆਂ ਤੇ ਰਹਿ ਚੁੱਕੇ ਹਨ ਇਸ ਲਈ ਇਹ ਕਹਿਣਾ ਸਰਾਸਰ ਗਲਤ ਹੈ ਕਿ ਦਲਿਤਾਂ ਨੂੰ ਕਾਂਗਰਸ ਵਿੱਚ ਉਹ ਮਾਣ ਸਤਿਕਾਰ ਨਹੀਂ ਮਿਲ ਰਿਹਾ ਜਿਹੜਾ ਕਿ ਮਿਲਣਾ ਚਾਹੀਦਾ ਹੈ । ਉਹਨਾਂ ਕਿਹਾ ਕਿ ਹਰ ਵਰਗ ਨੂੰ ਵੋਟ ਪਾਉਣ ਦਾ ਅਧਿਕਾਰ ਹੈ ਅਤੇ ਸਭ ਵਰਗ ਵੋਟ ਪਾਉਂਦੇ ਹਨ ਅਤੇ ਉਨ੍ਹਾਂ ਵੋਟਾਂ ਨਾਲ ਹੀ ਵਿਧਾਇਕ ਸਾਂਸਦ ਆਦਿ ਚੁਣੇ ਜਾਂਦੇ ਹਨ ਅਤੇ ਹਰ ਇੱਕ ਨੂੰ ਚੋਣਾਂ ਵਿੱਚ ਖੜਨ ਦਾ ਅਧਿਕਾਰ ਹੈ ਇਸ ਲਈ ਇਹ ਨਹੀਂ ਆਖਿਆ ਜਾ ਸਕਦਾ ਕਿ ਇਸ ਵਿਸ਼ੇਸ਼ ਭਾਈਚਾਰੇ ਨਾਲ ਬੇਇਨਸਾਫੀ ਹੋ ਰਹੀ ਹੈ।

# 'ਆਪ' ਸਰਕਾਰ ਵੱਲੋਂ ਬਿਨਾਂ ਕਿਸੇ ਭੇਦਭਾਵ ਦੇ ਹਰ ਪੰਜਾਬੀ ਪਰਿਵਾਰ ਨੂੰ 10 ਲੱਖ ਦੇ ਕੈਸ਼ਲੈਸ ਇਲਾਜ ਦੀ ਸਹੂਲਤ ਦੇਣੀ ਵਿਰੋਧੀਆਂ ਦੇ ਮੂੰਹ ਤੇ ਕਰਾਰੀ ਚਪੇੜ : ਕੰਡਾ



ਲੁਧਿਆਣਾ 24 ਜਨਵਰੀ (ਰਵਿੰਦਰ ਸਿੰਘ ਨਿੱਝਰ) ਪੰਜਾਬ ਦੇ ਹਰ ਨਾਗਰਿਕ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ 10 ਲੱਖ ਰੁਪਏ ਦੇ ਕੈਸ਼ ਦੀ ਸਹੂਲਤ ਦੇਣਾ ਇੱਕ ਇਤਿਹਾਸਿਕ ਕਦਮ ਹੈ ਅਤੇ ਹੁਣ ਪੰਜਾਬ ਦੇਸ਼ ਦਾ ਅਜਿਹਾ ਪਹਿਲਾ ਸੂਬਾ ਬਣ ਗਿਆ ਹੈ ਜਿੱਥੇ ਕਿ ਹਰ ਪਰਿਵਾਰ ਨੂੰ ਹਰ ਸਾਲ 10 ਲੱਖ ਰੁਪਏ ਦੇ ਇਲਾਜ ਦੀ ਸੁਵਿਧਾ ਮਿਲੇਗੀ। ਚਾਹੇ ਉਹ ਪਰਿਵਾਰ ਕਿਸੇ ਵੀ ਜਾਤ, ਧਰਮ ਜਾਂ ਆਮਦਨ ਸ਼੍ਰੇਣੀ ਨਾਲ ਸਬੰਧ ਰੱਖਦਾ ਹੋਵੇ । ਸ ਕੰਡਾ ਨੇ ਇਸ ਸਹੂਲਤ ਲਈ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਪੰਜਾਬੀਆਂ ਨੂੰ ਇਲਾਜ ਕਰਾਉਣ ਲਈ ਨਾ ਕਰਜ਼ਾ ਲੈਣ ਦੀ ਜਰੂਰਤ ਪਵੇਗੀ, ਅਤੇ ਨਾ ਹੀ ਆਪਣੀ ਜਮੀਨ ਜਾਇਦਾਦ ਜਾਂ ਗਹਿਣੇ ਵੇਚਣੇ ਪੈਣਗੇ ਅਤੇ ਇਹ ਵੀ ਨਹੀਂ ਹੋਵੇਗਾ ਕਿ ਇਲਾਜ ਨਾ ਕਰਵਾ ਸਕਣ ਦੀ ਸਮਰੱਥਾ ਕਰਕੇ ਕਿਸੇ ਦੀ ਜਾਨ ਚਲੀ ਗਈ ਹੈ। ਉਹਨਾਂ ਕਿਹਾ ਕਿ ਆਪ ਸਰਕਾਰ ਨੇ ਆਮ ਆਦਮੀ ਕਲੀਨਿਕ ਸਥਾਪਿਤ ਕਰਕੇ ਲੋਕਾਂ ਨੂੰ ਮੁਫ਼ਤ ਇਲਾਜ, ਟੈਸਟਾਂ ਅਤੇ ਦਵਾਈਆਂ ਦੀ ਸੁਵਿਧਾ ਦਿੱਤੀ। ਸਰਕਾਰੀ ਹਸਪਤਾਲਾਂ ਵਿੱਚ ਸਾਰੀਆਂ ਲੋੜੀਂਦੀਆਂ ਦਵਾਈਆਂ ਦੀ ਉਪਲਬਧਤਾ ਯਕੀਨੀ ਬਣਾਈ ਅਤੇ ਹੁਣ ਇੱਕ ਕਾਰਡ ਦੁਆਰਾ ਸਰਕਾਰੀ ਅਤੇ ਗੈਰ ਸਰਕਾਰੀ ਹਰ ਤਰ੍ਹਾਂ ਦੇ ਸੂਚੀਬੱਧ ਹਸਪਤਾਲਾਂ ਵਿੱਚ 10 ਲੱਖ ਰੁਪਏ ਦੇ ਮੁਫਤ ਇਲਾਜ ਦੀ ਸਹੂਲਤ ਮਿਲੇਗੀ। ਉਹਨਾਂ ਇਹ ਵੀ ਆਖਿਆ ਕਿ ਇਹ ਸਹੂਲਤ ਹੁਣ ਤੱਕ ਪੰਜਾਬ ਤੇ ਰਾਜ ਕਰ ਚੁੱਕੀਆਂ ਪਾਰਟੀਆਂ ਦੇ ਮੂੰਹ ਤੇ ਕਰਾਰੀ ਚਪੇੜ ਕਹੀ ਜਾ ਸਕਦੀ ਹੈ ਕਿਉਂਕਿ ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਸਿਹਤ ਸਹੂਲਤਾਂ ਦਾ ਹਾਲ ਬਹੁਤ ਮਾੜਾ ਰਿਹਾ ਹੈ।

# ਲੁਧਿਆਣਾ ਦੀ ਹੋਜ਼ਰੀ ਇੰਡਸਟਰੀ ਨੂੰ ਬਚਾਉਣ ਲਈ ਅਮਰੀਕਾ ਨਾਲ ਜਲਦੀ ਵਪਾਰ ਸਮਝੌਤਾ ਕੀਤਾ ਜਾਵੇ: ਦੀਵਾਨ



ਲੁਧਿਆਣਾ, 24 ਜਨਵਰੀ (ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਲੁਧਿਆਣਾ ਦੀ ਹੋਜ਼ਰੀ ਇੰਡਸਟਰੀ ਨੂੰ ਬਚਾਉਣ ਲਈ ਅਮਰੀਕਾ ਨਾਲ ਵਪਾਰਕ ਸਮਝੌਤੇ ਨੂੰ ਤੁਰੰਤ ਤਰਜੀਹ ਦਿੱਤੀ ਜਾਵੇ।ਦੀਵਾਨ ਨੇ ਕਿਹਾ ਕਿ ਲੁਧਿਆਣਾ ਲੰਮੇ ਸਮੇਂ ਤੋਂ ਦੇਸ਼ ਦੀ ਹੋਜ਼ਰੀ ਇੰਡਸਟਰੀ ਦਾ ਕੇਂਦਰ ਰਿਹਾ ਹੈ ਅਤੇ ਇੱਥੋਂ ਬਣਿਆ ਸਮਾਨ ਦੁਨੀਆ ਭਰ ਵਿੱਚ ਨਿਰਯਾਤ ਕੀਤਾ ਜਾਂਦਾ ਹੈ। ਲੇਕਿਨ ਪਿਛਲੇ ਕੁਝ ਸਮੇਂ ਤੋਂ ਹੋਜ਼ਰੀ ਇੰਡਸਟਰੀ ਵਧ ਰਹੀਆਂ ਲਾਗਤਾਂ ਨਾਲ ਜੂਝ ਰਹੀ ਹੈ, ਜਿਸ ਕਾਰਨ ਇਸਦਾ ਟਿਕੇ ਰਹਿਣਾ ਮੁਸ਼ਕਲ ਹੋ ਗਿਆ ਹੈ। ਇਸ ਨਾਜ਼ੁਕ ਸਥਿਤੀ ਨੂੰ ਹੁਣ ਅਮਰੀਕਾ ਵੱਲੋਂ ਭਾਰਤ ਵੱਲੋਂ ਕਪੜੇ ਦੇ ਨਿਰਯਾਤਾਂ 'ਤੇ ਲਗਾਏ ਗਏ 50 ਫੀਸਦੀ ਦੇ ਟੈਰਿਫ਼ ਨੇ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਉਹਨਾਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕਾ ਨਾਲ ਵਪਾਰ ਸਮਝੌਤਾ ਤੁਰੰਤ ਅੱਗੇ ਵਧਾਉਣਾ ਚਾਹੀਦਾ ਹੈ ਤਾਂ ਜੋ ਲੁਧਿਆਣਾ ਦੀ ਹੋਜ਼ਰੀ ਨਿਰਯਾਤ ਮੁੜ ਪਟੜੀ 'ਤੇ ਆ ਸਕੇ ਅਤੇ ਲੱਖਾਂ ਲੋਕਾਂ ਦਾ ਰੋਜ਼ਗਾਰ ਬਚਾਇਆ ਜਾ ਸਕੇ, ਉਪਭੋਗਤਾ ਲਈ ਕੀਮਤਾਂ ਸਥਿਰ ਰਹਿਣ ਅਤੇ ਵਿਸ਼ਵ ਵਪਾਰ ਵਿੱਚ ਭਾਰਤ ਦੀ ਸਥਿਤੀ ਮਜ਼ਬੂਤ ਹੋਵੇ।

ਇਸ ਸਬੰਧ ਵਿੱਚ ਇੰਡਸਟਰੀ ਦੀਆਂ ਐਸੋਸੀਏਸ਼ਨਾਂ ਦੀਆਂ ਰਿਪੋਰਟਾਂ ਦਾ ਹਵਾਲਾ ਦਿੰਦਿਆਂ, ਜਿਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹ ਟੈਰਿਫ਼ ਜਾਰੀ ਰਹੇ, ਤਾਂ ਵੱਡੀ ਗਿਣਤੀ ਵਿੱਚ ਹੋਜ਼ਰੀ ਇਕਾਈਆਂ ਬੰਦ ਹੋ ਸਕਦੀਆਂ ਹਨ, ਦੀਵਾਨ ਨੇ ਕਿਹਾ ਕਿ ਇਸਦੇ ਨਤੀਜੇ ਬਹੁਤ ਹੀ ਭਿਆਨਕ ਹੋਣਗੇ।

ਦੀਵਾਨ ਨੇ ਕਿਹਾ ਕਿ ਵਧੇ ਹੋਏ ਟੈਰਿਫ਼ਾਂ ਕਾਰਨ ਨਿਰਯਾਤ ਗੈਰ ਉਪਯੋਗੀ ਹੋ ਗਿਆ ਹੈ ਅਤੇ ਉਤਪਾਦਕਾਂ ਕੋਲ ਲਾਗਤਾਂ ਦਾ ਬੋਝ ਅੱਗੇ ਪਾਉਣ ਤੋਂ ਬਗੈਰ ਹੋਰ ਕੋਈ ਵਿਕਲਪ ਨਹੀਂ ਬਚਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹਾਲਾਤਾਂ ਵਿੱਚ ਦੇਸ਼ ਦੇ ਅੰਦਰੂਨੀ ਬਾਜ਼ਾਰਾਂ ਵਿੱਚ ਨਿਟਵੇਅਰ ਅਤੇ ਹੋਜ਼ਰੀ ਉਤਪਾਦ ਮਹਿੰਗੇ ਹੋਣ ਦਾ ਖਦਸ਼ਾ ਹੈ, ਜਿਸ ਨਾਲ ਘਰੇਲੂ ਬਜਟਾਂ 'ਤੇ ਦਬਾਅ ਪਵੇਗਾ ਅਤੇ ਲੋਕਾਂ ਦੀ ਖਰੀਦ ਸਮਰੱਥਾ ਘਟੇਗੀ।ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਸਭ ਤੋਂ ਜਲਦੀ ਅਮਰੀਕਾ ਨਾਲ ਇੱਕ ਹਿਤੈਸ਼ੀ ਵਪਾਰ ਸਮਝੌਤਾ ਕਰਨਾ ਚਾਹੀਦਾ ਹੈ।

# ਸਪਰਿੰਗ ਡੇਲ ਸਕੂਲ ਵਿਖੇ ਮੇਰਾ ਭਾਰਤ ਮਹਾਨ ਥੀਮ ਤੇ ਮਨਾਇਆ ਗਣਤੰਤਰ ਦਿਵਸ




ਲੁਧਿਆਣਾ 24 (ਜਨਵਰੀ ਰਵਿੰਦਰ ਸਿੰਘ ਨਿੱਝਰ) : ਸਪਰਿੰਗ ਡੇਲ ਪਬਲਿਕ ਸਕੂਲ ਵਿਖੇ ਗਣਤੰਤਰ ਦਿਵਸ ਨੂੰ ਬਹੁਤ ਹੀ ਜੋਸ਼ ਅਤੇ ਉਤਸ਼ਾਹ ਦੇ ਨਾਲ ਮਨਾਇਆ ਗਿਆ। ਇਸ ਦੌਰਾਨ ਕਿੰਡਰਗਾਰਟਨ ਦੇ ਬੱਚੇ ਦੇਸ਼ ਭਗਤਾਂ ਅਤੇ ਸੇਨਾ ਦੇ ਨੌਜਵਾਨਾਂ ਦੇ ਪਹਿਰਾਵਿਆਂ ਦੇ ਵਿੱਚ ਨਜ਼ਰ ਆਏ। ਬੱਚਿਆਂ ਨੇ ਵੰਦੇ ਮਾਤਰਮ ਭਾਰਤ ਮਾਤਾ ਕੀ ਜੈ ਅਤੇ ਮੇਰਾ ਦੇਸ਼ ਮਹਾਨ ਦੇ ਜ਼ੋਰਦਾਰ ਨਾਅਰੇ ਲਗਾ ਕੇ ਦੇਸ਼ ਭਗਤੀ ਦੀ ਭਾਵਨਾ ਨੂੰ ਉਜਾਗਰ ਕੀਤਾ। ਇਸ ਦੇ ਨਾਲ਼ ਹੀ ਉਹਨਾਂ ਨੇ ਦੇਸ਼ ਭਗਤੀ ਦੇ ਗਾਣਿਆਂ 'ਤੇ ਖ਼ੂਬਸੂਰਤ ਪੇਸ਼ਕਸ਼ ਦੇ ਕੇ ਸਾਰਿਆਂ ਦਾ ਮਨ ਮੋਹ ਲਿਆ। ਸਕੂਲ ਦੇ ਮਾਣਯੋਗ ਚੇਅਰਪਰਸਨ ਮੈਡਮ ਸ਼੍ਰੀਮਤੀ ਅਵਿਨਾਸ਼ ਕੌਰ ਵਾਲੀਆ ਨੇ ਇਸ ਮੌਕੇ ਸਾਰੇ ਬੱਚਿਆਂ, ਉਹਨਾਂ ਦੇ ਮਾਪਿਆਂ ਅਤੇ ਸਾਰੇ ਅਧਿਆਪਕਾਂ ਨੂੰ ਗਣਤੰਤਰ ਦਿਵਸ ਦੀਆਂ ਬਹੁਤ- ਬਹੁਤ ਵਧਾਈਆਂ ਦਿੱਤੀਆਂ ਅਤੇ ਨਾਲ਼ ਹੀ ਸਾਰੇ ਬੱਚਿਆਂ ਨੂੰ ਦੇਸ਼ ਦੇ ਪ੍ਰਤੀ ਸੱਚੀ ਨਿਸ਼ਠਾ, ਪਿਆਰ ਅਤੇ ਭਾਈਚਾਰਕ ਸਾਂਝ ਵਾਲ਼ੀ ਭਾਵਨਾ ਨੂੰ ਆਪਣੇ ਦਿਲ ਵਿੱਚ ਵਸਾਉਣ ਲਈ ਪ੍ਰੇਰਿਆ। ਇਸ ਦੇ ਨਾਲ਼ ਹੀ ਡਾਇਰੈਕਟਰਾਂ ਸ਼੍ਰੀ ਮਨਦੀਪ ਵਾਲੀਆ, ਸ਼੍ਰੀਮਤੀ ਕਮਲਪ੍ਰੀਤ ਕੌਰ, ਡਿਪਟੀ ਡਾਇਰੈਕਟਰ ਸੋਨੀਆ ਵਰਮਾ ਅਤੇ ਪ੍ਰਿੰਸੀਪਲ ਅਨਿਲ ਸ਼ਰਮਾ ਨੇ ਵੀ ਬੱਚਿਆਂ ਦੁਆਰਾ ਕੀਤੀਆਂ ਗਈਆਂ ਸਾਰੀਆਂ ਗਤੀਵਿਧੀਆਂ ਦੀ ਖ਼ੂਬ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਵੀ ਇੰਝ ਹੀ ਹਰ ਗਤੀਵਿਧੀ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੇ ਲਈ ਪ੍ਰੇਰਿਆ।

# ਸੀਟੀਯੂ ਨੇ ਬਸੰਤ ਪੰਚਮੀ ਨੂੰ ਇੱਕ ਜੀਵੰਤ ਪਤੰਗ ਉਡਾਉਣ ਦੇ ਤਿਉਹਾਰ ਨਾਲ ਮਨਾਇਆ



ਲੁਧਿਆਣਾ, 24 ਜਨਵਰੀ (ਜਤਿੰਦਰਪਾਲ ਸਿੰਘ ਛਾਬੜਾ) : ਸੀਟੀ ਯੂਨੀਵਰਸਿਟੀ ਨੇ ਡਿਵੀਜ਼ਨ ਆਫ਼ ਸਟੂਡੈਂਟ ਵੈਲਫੇਅਰ (ਡੀਐਸਡਬਲਯੂ) ਦੁਆਰਾ ਆਯੋਜਿਤ ਇੱਕ ਵਿਸ਼ਾਲ ਪਤੰਗ ਉਡਾਉਣ ਵਾਲੇ ਉਤਸਵ ਦੇ ਜ਼ਰੀਏ ਬਸੰਤ ਪੰਚਮੀ ਦੇ ਸ਼ੁਭ ਤਿਉਹਾਰ ਨੂੰ ਬਹੁਤ ਉਤਸ਼ਾਹ ਅਤੇ ਸੱਭਿਆਚਾਰਕ ਜੋਸ਼ ਨਾਲ ਮਨਾਇਆ। ਇਸ ਜਸ਼ਨ ਨੇ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕਰਦੇ ਹੋਏ ਬਸੰਤ ਰੁੱਤ ਦੇ ਆਗਮਨ ਦਾ ਸੁੰਦਰਤਾ ਨਾਲ ਸਵਾਗਤ ਕੀਤਾ, ਜਿਸ ਵਿੱਚ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਯੂਨੀਵਰਸਿਟੀ ਲੀਡਰਸ਼ਿਪ ਨੇ ਉਤਸ਼ਾਹੀ ਭਾਗੀਦਾਰੀ ਕੀਤੀ। ਬਸੰਤ ਦੇ ਆਗਮਨ ਨੂੰ ਗਲੇ ਲਗਾਓ ਅਤੇ ਆਪਣੀਆਂ ਪਤੰਗਾਂ ਨੂੰ ਉੱਚਾ ਉੱਡਣ ਦਿਓ ਥੀਮ ਅਧੀਨ ਆਯੋਜਿਤ ਇਸ ਪ੍ਰੋਗਰਾਮ ਵਿੱਚ ਚਾਂਸਲਰ ਐਸ. ਚਰਨਜੀਤ ਸਿੰਘ ਚੰਨੀ; ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ; ਵਾਈਸ ਚੇਅਰਮੈਨ ਹਰਪ੍ਰੀਤ ਸਿੰਘ; ਵਾਈਸ ਚਾਂਸਲਰ ਡਾ. ਨਿਤਿਨ ਟੰਡਨ; ਪ੍ਰੋ ਵਾਈਸ ਚਾਂਸਲਰ ਡਾ. ਸਿਮਰਨਜੀਤ ਕੌਰ ਗਿੱਲ; ਰਜਿਸਟਰਾਰ ਸੰਜੇ ਖੰਡੂਰੀ; ਅਤੇ ਡਾਇਰੈਕਟਰ, ਡੀਐਸਡਬਲਯੂ ਇੰਜੀਨੀਅਰ ਦਵਿੰਦਰ ਸਿੰਘ, ਜੋ ਵਿਦਿਆਰਥੀਆਂ ਨਾਲ ਇਸ ਜੀਵੰਤ ਤਿਉਹਾਰ ਦਾ ਜਸ਼ਨ ਮਨਾਉਣ ਵਿੱਚ ਸ਼ਾਮਲ ਹੋਏ, ਦੀ ਮਾਣਯੋਗ ਮੌਜੂਦਗੀ ਨੇ ਸ਼ਾਨੋ-ਸ਼ੌਕਤ ਬਣਾਈ। ਯੂਨੀਵਰਸਿਟੀ ਕੈਂਪਸ ਰੰਗਾਂ ਦੇ ਇੱਕ ਜੀਵੰਤ ਕੈਨਵਸ ਵਿੱਚ ਬਦਲ ਗਿਆ ਕਿਉਂਕਿ ਅਸਮਾਨ ਵੱਖ-ਵੱਖ ਰੰਗਾਂ, ਆਕਾਰਾਂ ਅਤੇ ਆਕਾਰਾਂ ਦੀਆਂ ਪਤੰਗਾਂ ਨਾਲ ਭਰਿਆ ਹੋਇਆ ਸੀ। ਵਿਦਿਆਰਥੀਆਂ ਨੇ ਪਤੰਗ ਉਡਾਉਣ ਵਿੱਚ ਸਰਗਰਮੀ ਨਾਲ ਹਿੱਸਾ ਲਿਆ, ਰਵਾਇਤੀ ਸੰਗੀਤ ਦਾ ਆਨੰਦ ਮਾਣਿਆ, ਅਤੇ ਤਿਉਹਾਰਾਂ ਦੇ ਪਕਵਾਨਾਂ ਦਾ ਆਨੰਦ ਮਾਣਿਆ, ਜਿਸ ਨਾਲ ਖੁਸ਼ੀ, ਊਰਜਾ ਅਤੇ ਏਕਤਾ ਨਾਲ ਭਰਿਆ ਮਾਹੌਲ ਪੈਦਾ ਹੋਇਆ। ਇਕੱਠ ਨੂੰ ਸੰਬੋਧਨ ਕਰਦਿਆਂ, ਚਾਂਸਲਰ ਚਰਨਜੀਤ ਸਿੰਘ ਚੰਨੀ ਨੇ ਅਕਾਦਮਿਕ ਸੰਸਥਾਵਾਂ ਦੇ ਅੰਦਰ ਸੱਭਿਆਚਾਰਕ ਤਿਉਹਾਰ ਮਨਾਉਣ ਦੀ ਮਹੱਤਤਾ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸੀਟੀ ਯੂਨੀਵਰਸਿਟੀ ਦੀ ਸੰਪੂਰਨ ਸਿੱਖਿਆ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕੀਤੀ, ਇਹ ਉਜਾਗਰ ਕਰਦੇ ਹੋਏ ਕਿ ਕਿਵੇਂ ਅਜਿਹੇ ਜਸ਼ਨ ਪਰੰਪਰਾ ਨੂੰ ਸਮਕਾਲੀ ਕੈਂਪਸ ਜੀਵਨ ਨਾਲ ਮਿਲਾਉਣ ਵਿੱਚ ਮਦਦ ਕਰਦੇ ਹਨ ਅਤੇ ਵਿਦਿਆਰਥੀਆਂ ਦੇ ਸਮੁੱਚੇ ਸਿੱਖਣ ਦੇ ਅਨੁਭਵ ਨੂੰ ਅਮੀਰ ਬਣਾਉਂਦੇ ਹਨ। ਪ੍ਰੋ. ਚਾਂਸਲਰ ਡਾ. ਮਨਬੀਰ ਸਿੰਘ, ਜਿਨ੍ਹਾਂ ਨੇ ਇਸ ਪ੍ਰੋਗਰਾਮ ਦੇ ਆਯੋਜਨ ਦੀ ਅਗਵਾਈ ਕੀਤੀ, ਨੇ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਤੇ ਖੁਸ਼ੀ ਪ੍ਰਗਟ ਕੀਤੀ। ਉਨ੍ਹਾਂ ਨੇ ਵਿਦਿਆਰਥੀ ਭਲਾਈ ਨੂੰ ਉਤਸ਼ਾਹਿਤ ਕਰਨ ਅਤੇ ਇੱਕ ਸਕਾਰਾਤਮਕ, ਸਮਾਵੇਸ਼ੀ ਅਤੇ ਜੀਵੰਤ ਕੈਂਪਸ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਵਿੱਚ ਸੱਭਿਆਚਾਰਕ ਗਤੀਵਿਧੀਆਂ ਦੀ ਮਹੱਤਤਾ ਤੇ ਜ਼ੋਰ ਦਿੱਤਾ। ਵਿਦਿਆਰਥੀ ਭਲਾਈ ਵਿਭਾਗ ਨੇ ਸਾਰਿਆਂ ਲਈ ਇੱਕ ਯਾਦਗਾਰੀ ਜਸ਼ਨ ਪ੍ਰਦਾਨ ਕਰਦੇ ਹੋਏ ਸੁਰੱਖਿਆ ਨੂੰ ਤਰਜੀਹ ਦਿੰਦੇ ਹੋਏ, ਸਹਿਜ ਪ੍ਰਬੰਧਾਂ ਨੂੰ ਯਕੀਨੀ ਬਣਾਇਆ। ਸੀਟੀ ਯੂਨੀਵਰਸਿਟੀ ਵਿਖੇ ਬਸੰਤ ਪੰਚਮੀ ਦੇ ਤਿਉਹਾਰਾਂ ਨੇ ਨਾ ਸਿਰਫ਼ ਵਿਦਿਆਰਥੀਆਂ ਦੇ ਭਾਰਤ ਦੀਆਂ ਸੱਭਿਆਚਾਰਕ ਜੜ੍ਹਾਂ ਨਾਲ ਸਬੰਧ ਨੂੰ ਮਜ਼ਬੂਤ ਕੀਤਾ, ਸਗੋਂ ਯੂਨੀਵਰਸਿਟੀ ਭਾਈਚਾਰੇ ਵਿੱਚ ਏਕਤਾ, ਖੁਸ਼ੀ ਅਤੇ ਆਪਣੇਪਣ ਦੀ ਸਾਂਝੀ ਭਾਵਨਾ ਨੂੰ ਵੀ ਮਜ਼ਬੂਤ ਕੀਤਾ।

# ਲੁਧਿਆਣਾ 'ਚ ਗੋਲੀਬਾਰੀ ਨੌਜਵਾਨ ਦੀ ਮੌਤ



ਲੁਧਿਆਣਾ, 24 ਜਨਵਰੀ (ਵਿਸ਼ਾਲ ਸ਼ਰਮਾ) : ਲੁਧਿਆਣਾ ਜ਼ਿਲ੍ਹੇ ਦੇ ਤਲਵਾੜਾ ਪਿੰਡ ਨੇੜੇ ਇੱਕ ਐਮਬੀਏ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਸਦੇ ਪੇਟ ਵਿੱਚ ਗੋਲੀ ਲੱਗੀ ਮ੍ਰਿਤਕ ਦੀ ਪਛਾਣ ਰਾਜਵੀਰ ਸਿੰਘ ਖਹਿਰਾ (25) ਵਜੋਂ ਹੋਈ ਹੈ ਜੋ ਕਿ ਥਰੀਕੇ ਪਿੰਡ ਦੇ ਜਗਜੀਤ ਨਗਰ ਦਾ ਰਹਿਣ ਵਾਲਾ ਹੈ। ਰਾਜਵੀਰ ਦਾ ਪਰਿਵਾਰ ਇੱਕ ਵਪਾਰੀ ਹੈ। ਉਹ ਹਮਲਾਵਰ ਮੌਕੇ ਤੋਂ ਭੱਜਣ ਵਿਚ ਕਾਮਯਾਬ ਹੋ ਗਿਆ ਨੌਜਵਾਨ ਦੀ ਲਾਸ਼ ਸੜਕ ਤੇ ਖੂਨ ਨਾਲ ਲੱਥਪੱਥ ਪਈ ਦੇਖ ਕੇ ਨੇੜਲੇ ਨਿਵਾਸੀਆਂ ਨੇ ਪੁਲਿਸ ਨੂੰ ਸੂਚਿਤ ਕੀਤਾ।ਪਰਿਵਾਰ ਨੇ ਉਸਦੇ ਦੋਸਤ ਜੁਗਰਾਜ ਉਤੇ ਉਨ੍ਹਾਂ ਦੇ ਪੁੱਤਰ ਦੀ ਹੱਤਿਆ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਨੇ ਉਸਨੂੰ ਘਰੋਂ ਵਰਗਲਾ ਕੇ ਲਿਆਂਦਾ ਸੀ ਅਤੇ ਫਿਰ ਉਸਦੇ ਪੁੱਤਰ ਦੀ ਮੌਤ ਦੀ ਖ਼ਬਰ ਮਿਲੀ। ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਐਮਬੀਏ ਕਰ ਰਿਹਾ ਸੀ। ਘਟਨਾ ਦੀ ਜਾਣਕਾਰੀ ਮਿਲਣ ਤੇ, ਪੁਲਿਸ ਮੌਕੇ ਤੇ ਪਹੁੰਚੀ ਅਤੇ ਜ਼ਖਮੀ ਨੌਜਵਾਨ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਪੁਲਿਸ ਨੇ ਮ੍ਰਿਤਕ ਰਾਜਬੀਰ ਦੇ ਦੋਸਤ ਜੁਗਰਾਜ ਸਿੰਘ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ ਅਤੇ ਉਸਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਲੁਧਿਆਣਾ ਵਿਖੇ ਗਊ ਭਲਾਈ ਕੈਂਪ ਲਗਾਇਆ




ਲੁਧਿਆਣਾ, 24 ਜਨਵਰੀ (ਵਿਸ਼ਾਲ ਸ਼ਰਮਾ) ਡਿਪਟੀ ਡਾਇਰੈਕਟਰ ਪਸ਼ੂ ਪਾਲਣ ਲੁਧਿਆਣਾ ਵੱਲੋਂ ਸ਼੍ਰੀ ਰਾਧੇ ਕ੍ਰਿਸ਼ਨ ਗਊਸ਼ਾਲਾ ਪਿੰਡ ਕੈਂਦ ਮਲੇਰਕੋਟਲਾ ਰੋਡ ਲੁਧਿਆਣਾ ਵਿਖੇ ਗਊ ਭਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਪੰਜਾਬ ਗਊ ਭਲਾਈ ਕਮਿਸ਼ਨ ਐਸ.ਏ.ਐਸ ਨਗਰ ਮੋਹਾਲੀ ਦੁਆਰਾ ਅਯੋਜੀਤ ਕੀਤਾ ਗਿਆ। ਕੈਂਪ ਦੌਰਾਨ ਬਿਮਾਰ ਜਾਨਵਰਾਂ ਦਾ ਇਲਾਜ ਕੀਤਾ ਗਿਆ ਅਤੇ ਵੱਖ-ਵੱਖ ਟੀਕਾਕਰਨ ਦੀ ਮਹੱਤਤਾ ਬਾਰੇ ਜਾਣਕਾਰੀ ਦਿਤੀ ਗਈ ਇਸ ਤੋਂ ਇਲਾਵਾ ਗਊਸ਼ਾਲਾ ਦੇ ਭਵਿੱਖ ਨੂੰ ਬਿਹਤਰ ਬਣਾਉਣ ਉਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਪੰਜਾਬ ਗਊ ਕਮਿਸ਼ਨ ਭਲਾਈ ਵੱਲੋਂ ਪ੍ਰਭਾਵਿਤ ਪਸ਼ੂਆਂ ਦੇ ਸਮੇਂ ਸਿਰ ਇਲਾਜ ਲਈ ਗਊਸ਼ਾਲਾ ਨੂੰ 25000 ਰੁਪਏ ਦੀਆਂ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ ਇਸ ਮੌਕੇ ਡਿਪਟੀ ਡਾਇਰੈਕਟਰ ਪਸ਼ੂ ਪਾਲਨ ਡਾ. ਅਮਰੀਕ ਸਿੰਘ ਅਤੇ ਸੀਨੀਅਰ ਵੈਟਰਨਰੀ ਅਫ਼ਸਰ ਲੁਧਿਆਣਾ (ਪੱਛਮੀ) ਡਾ. ਅਨੁਪਮਾ ਕੁਮਾਰੀ, ਡਾ. ਵਿਕਰਾਂਤ ਜਰੋਰਾ, ਡਾ. ਸੁਪ੍ਰੀਆ ਸ਼ਰਮਾ, ਡਾ. ਰਜਨੀ ਗਰਗ ਅਤੇ ਡਾ. ਹਰਮਨਪ੍ਰੀਤ ਨੇ ਹਿੱਸਾ ਲਿਆ। ਕੈਂਪ ਦੌਰਾਨ ਗਊਸ਼ਾਲਾ ਕਮੇਟੀ ਅਤੇ ਗਊਸ਼ਾਲਾ ਦੇ ਸਮੁੱਚੇ ਸਟਾਫ਼ ਨੂੰ ਮੁੱਢਲੇ ਪ੍ਰਬੰਧਨ ਬਾਰੇ ਸਮਝਾਇਆ ਗਿਆ।

# ਥਾਣਾ ਕੂੰਮਕਲਾਂ ਨੂੰ ਮਿਲੀ ਸਫ਼ਲਤਾ ਹਾਰਡਕੋਰ ਕਰਿਮਨਲ ਗ੍ਰਿਫ਼ਤਾਰ



ਸਾਹਨੇਵਾਲ ਕੁਹਾੜਾ 24 ਜਨਵਰੀ (ਕੁਲਦੀਪ ਸਿੰਘ ਕੁਹਾੜਾ) : ਮਾਨਯੋਗ ਕਮਿਸ਼ਨਰ ਪੁਲਿਸ ਲੁਧਿਆਣਾ ਸ੍ਰੀ ਸਵਪਨ ਸ਼ਰਮਾ ਆਈ.ਪੀ.ਐੱਸ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਸਮਾਜਿਕ ਅਨਸਰਾਂ ਅਤੇ ਅਪਰਾਧੀਆਂ ਖਿਲਾਫ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ, ਸ੍ਰੀ ਜਸਕਰਨ ਸਿੰਘ ਤੇਜਾ ਪੀ.ਪੀ.ਐੱਸ ਡਿਪਟੀ ਕਮਿਸ਼ਨਰ ਪੁਲਿਸ (ਸਿਟੀ), ਸ੍ਰੀ ਜਸ਼ਨਦੀਪ ਸਿੰਘ ਗਿੱਲ ਪੀ.ਪੀ.ਐੱਸ ਐਡੀਸ਼ਨਲ ਡਿਪਟੀ ਕਮਿਸ਼ਨਰ ਪੁਲਿਸ ਸਿਟੀ-4 ਅਤੇ ਸ੍ਰੀ ਇੰਦਰਜੀਤ ਸਿੰਘ ਪੀ.ਪੀ.ਐੱਸ ਏ.ਸੀ.ਪੀ ਸੈਂਟਰਲ ਦੀ ਰਹਿਨੁਮਾਈ ਹੇਠ ਥਾਣਾ ਕੂੰਮਕਲਾਂ ਲੁਧਿਆਣਾ ਦੀ ਪੁਲਿਸ ਪਾਰਟੀ ਵੱਲੋਂ ਸਫਲਤਾ ਹਾਸਲ ਕੀਤੀ ਗਈ।

ਬੀਤੇ ਦਿਨੀ ਦੌਰਾਨੇ ਨਾਕਾਬੰਦੀ ਪੁਲਿਸ ਪਾਰਟੀ ਵੱਲੋਂ ਇੱਕ ਸ਼ੱਕੀ ਵਿਅਕਤੀ ਜਸਵਿੰਦਰ ਸਿੰਘ ਉਰਫ ਜੋਤੀ ਪੁੱਤਰ ਸਤਪਾਲ ਸਿੰਘ, ਵਾਸੀ ਉੱਪਲ ਕਲਾਂ ਨੂੰ ਗ੍ਰਿਫਤਾਰ ਕੀਤਾ ਗਿਆ। ਜਾਂਚ ਦੌਰਾਨ ਪਤਾ ਲੱਗਿਆ ਕਿ ਦੋਸ਼ੀ ਇੱਕ ਹਾਰਡਕੋਰ ਕਰਿਮਨਲ ਅਤੇ ਹਿਸਟਰੀਸ਼ੀਟਰ ਹੈ, ਜਿਸ ਖਿਲਾਫ ਵੱਖ-ਵੱਖ ਥਾਣਿਆਂ ਵਿੱਚ ਕਈ ਗੰਭੀਰ ਅਪਰਾਧਿਕ ਮੁਕੱਦਮੇ ਦਰਜ ਹਨ।

ਦੋਸ਼ੀ ਖਿਲਾਫ ਮੁਕੱਦਮਾ ਦਰਜ ਕਰਕੇ ਮੁਲਜ਼ਮ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਤਾਂ ਜੋ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਸਕੇ।

# ਜੀ.ਏ.ਡੀ. ਕਾਨਵੈਂਟ ਸਕੂਲ ਵਿੱਚ ਮਨਾਇਆ ਗਣਤੰਤਰ ਦਿਵਸ



ਲੁਧਿਆਣਾ 24 ਜਨਵਰੀ (ਰਵਿੰਦਰ ਸਿੰਘ ਨਿੱਝਰ) : ਜੀ.ਏ.ਡੀ. ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ, ਟੇਢੀ ਰੋਡ, ਸ਼ਿਮਲਾਪੁਰੀ ਵਿੱਚ 76ਵਾਂ ਗਣਤੰਤਰ ਦਿਵਸ ਬੜੇ ਉਤਸ਼ਾਹ, ਜੋਸ਼ ਅਤੇ ਦੇਸ਼ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵਿੱਚ ਰਾਸ਼ਟਰੀ ਚੇਤਨਾ ਅਤੇ ਸੰਵਿਧਾਨ ਪ੍ਰਤੀ ਸਨਮਾਨ ਪੈਦਾ ਕਰਨ ਲਈ ਕਈ ਰਚਨਾਤਮਕ ਗਤੀਵਿਧੀਆਂ ਕਰਵਾਈਆਂ ਗਈਆਂ।ਸਮਾਰੋਹ ਦੌਰਾਨ ਪਲੇ-ਵੇ ਤੋਂ ਯੂ.ਕੇ.ਜੀ. ਤੱਕ ਦੇ ਵਿਦਿਆਰਥੀਆਂ ਲਈ ਫੈਂਸੀ ਡ੍ਰੈੱਸ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਆਜ਼ਾਦੀ ਸੈਨਾਨੀਆਂ, ਰਾਸ਼ਟਰੀ ਪ੍ਰਤੀਕਾਂ ਅਤੇ ਦੇਸ਼ਭਗਤੀ ਨਾਲ ਸੰਬੰਧਿਤ ਪਾਤਰਾਂ ਦੇ ਰੂਪ ਧਾਰੇ।ਤੀਜੀ ਜਮਾਤ ਦੇ ਵਿਦਿਆਰਥੀਆਂ ਲਈ ਝੰਡਾ ਬਣਾਉਣ ਦੀ ਗਤੀਵਿਧੀ, ਪੰਜਵੀਂ ਅਤੇ ਛੇਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਹਾਣੀ ਸੁਣਾਉਣ ਦੀ ਗਤੀਵਿਧੀ ਕਰਵਾਈ ਗਈ, ਜਿਸ ਵਿੱਚ ਦੇਸ਼ਭਗਤੀ, ਬਲਿਦਾਨ ਅਤੇ ਨੈਤਿਕ ਮੁੱਲਾਂ 'ਤੇ ਆਧਾਰਿਤ ਪ੍ਰੇਰਨਾਦਾਇਕ ਕਹਾਣੀਆਂ ਪੇਸ਼ ਕੀਤੀਆਂ ਗਈਆਂ।ਸਕੂਲ ਦੇ ਚੇਅਰਮੈਨ ਸੁਰਿੰਦਰ ਪਾਲ ਗਰਗ ਨੇ ਵਿਦਿਆਰਥੀਆਂ ਨੂੰ ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ। ਡਾਇਰੈਕਟਰ ਗੌਰਵ ਗਰਗ ਨੇ ਸਮਾਰੋਹ ਦੀ ਪ੍ਰਸ਼ੰਸਾ ਕਰਦਿਆਂ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਯਤਨਾਂ ਦੀ ਸਰਾਹਨਾ ਕੀਤੀ। ਸਕੂਲ ਦੀ ਪ੍ਰਿੰਸੀਪਲ ਮਨਪ੍ਰੀਤ ਕੌਰ ਭੱਠਲ ਨੇ ਭਾਰਤੀ ਸੰਵਿਧਾਨ ਦੀ ਮਹੱਤਤਾ 'ਤੇ ਰੌਸ਼ਨੀ ਪਾਈ ਅਤੇ ਵਿਦਿਆਰਥੀਆਂ ਨੂੰ ਇਸ ਦੇ ਮੁੱਲ ਆਪਣੇ ਜੀਵਨ ਵਿੱਚ ਅਪਨਾਉਣ ਲਈ ਉਤਸ਼ਾਹਿਤ ਕੀਤਾ।

# ਸਰਕਾਰ ਲੋਕ ਭਲਾਈ ਸਕੀਮਾਂ ਘਰ-ਘਰ ਪਹੁੰਚਾਉਣ ਲਈ ਵਚਨਬੱਧ ਮੰਤਰੀ ਮੁੰਡੀਆਂ



ਲੁਧਿਆਣਾ, 24 ਜਨਵਰੀ (ਵਿਸ਼ਾਲ ਸ਼ਰਮਾ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ 65 ਲੱਖ ਪਰਿਵਾਰਾਂ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ 10 ਲੱਖ ਰੁਪਏ ਤੱਕ ਕੈਸ਼ਲੈਸ ਇਲਾਜ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਜਿਸਦੇ ਤਹਿਤ ਵਿਸ਼ੇਸ਼ ਕੈਂਪਾਂ ਰਾਹੀਂ ਲਾਭਪਾਤਰੀਆਂ ਦੇ ਹੈਲਥ ਕਾਰਡ ਬਣਾਏ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਵਿਧਾਨ ਸਭਾ ਹਲਕਾ ਸਾਹਨੇਵਾਲ ਦੇ ਪਿੰਡ ਜੰਡਿਆਲੀ ਵਿਖੇ ਸਥਾਨਕ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਅਸੀਂ ਵੋਟਾਂ ਮੰਗਣ ਲੋਕਾਂ ਦੇ ਘਰ-ਘਰ ਜਾ ਸਕਦੇ ਹਾਂ ਤਾਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਲੋਕ ਭਲਾਈ ਸਕੀਮਾਂ ਨੂੰ ਉਨ੍ਹਾਂ ਦੀਆਂ ਬਰੂਹਾਂ ਤੇ ਪਹੁੰਚਾਉਣਾ ਵੀ ਸਾਡੀ ਜਿੰਮੇਵਾਰੀ ਬਣਦੀ ਹੈ। ਇਸੇ ਲੜੀ ਤਹਿਤ ਅੱਜ ਪਿੰਡ ਜੰਡਿਆਲੀ ਵਿਖੇ ਲਾਭਪਾਤਰੀਆਂ ਦੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਏ ਗਏ। ਜ਼ਿਕਰਯੋਗ ਹੈ ਕਿ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 22 ਜਨਵਰੀ ਨੂੰ ਮੋਹਾਲੀ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਕੀਤੀ, ਜਿਸ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਕੈਸ਼ਲੈਸ ਇਲਾਜ ਮਿਲੇਗਾ।

ਉਨ੍ਹਾਂ ਦੁਹਰਾਇਆ ਕਿ ਇਸ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ। ਉਨ੍ਹਾਂ ਦੱਸਿਆ ਕਿ ਹੁਣ ਚੰਡੀਗੜ੍ਹ ਅਤੇ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਤੋਂ ਇਲਾਵਾ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਵੀ ਲਾਭਪਾਤਰੀ ਮੁਫ਼ਤ ਇਲਾਜ ਕਰਵਾ ਸਕਣਗੇ।

# ਗੋਲਡਨ ਕਿਡਜ਼ ਸਕੂਲ ਵਿਖੇ ਬਸੰਤ ਪੰਚਮੀ ਮਨਾਈ



ਮੁੱਲਾਂਪੁਰ ਦਾਖਾ, 24 ਜਨਵਰੀ (ਦਵਿੰਦਰ ਸਿੰਘ ਲੰਮੇਂ) : ਗੋਲਡਨ ਕਿਡਜ਼ ਸਕੂਲ ਮੁੱਲਾਂਪੁਰ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਕੈਂਪਸ ਨੂੰ ਪੀਲੇ ਰੰਗ ਨਾਲ ਸਜਾਇਆ ਹੋਇਆ ਸੀ ਅਤੇ ਬੱਚੇ ਵੀ ਪੀਲੇ ਰੰਗ ਦੇ ਪਹਿਰਾਵੇ ਵਿੱਚ ਆਏ ਹੋਏ ਸਨ। ਸਮਾਗਮ ਦੀ ਸ਼ੁਰੂਆਤ ਮਾਂ ਸਰਸਵਤੀ ਵੰਦਨਾ ਨਾਲ ਹੋਈ। ਇਸ ਉਪਰੰਤ ਬੱਚਿਆਂ ਵੱਲੋਂ ਕਵਿਤਾਵਾਂ, ਗੀਤ ਅਤੇ ਡਾਂਸ ਪੇਸ਼ ਕੀਤਾ ਗਿਆ। ਇਸ ਮੌਕੇ ਚੇਅਰਮੈਨ ਬਲਦੇਵ ਕ੍ਰਿਸ਼ਨ ਅਰੋੜਾ ਨੇ ਕਿਹਾ ਕਿ ਬਸੰਤ ਪੰਚਮੀ ਗਿਆਨ, ਬੁੱਧੀ ਅਤੇ ਨਵੇਂ ਆਰੰਭ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਸ ਤਿਉਹਾਰ ਰਾਹੀਂ ਬੱਚਿਆਂ ਨੂੰ ਸਾਡੀ ਸੰਸਕ੍ਰਿਤੀ, ਪਰੰਪਰਾਵਾਂ ਅਤੇ ਨੈਤਿਕ ਕਦਰਾਂ ਕੀਮਤਾਂ ਨਾਲ ਜੋੜਿਆ ਜਾਂਦਾ ਹੈ। ਉਨ੍ਹਾਂ ਅਧਿਆਪਕਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਗੋਲਡਨ ਕਿਡਜ਼ ਦਾ ਮੁੱਖ ਉਦੇਸ਼ ਬੱਚਿਆਂ ਦਾ ਸਰਵਪੱਖੀ ਵਿਕਾਸ ਕਰਨਾ ਹੈ। ਇਸ ਮੌਕੇ ਪ੍ਰਧਾਨ ਡਾ. ਮਨਿੰਦਰਪਾਲ ਅਰੋੜਾ ਅਤੇ ਡਾਇਰੈਕਟਰ ਡਾ. ਨੀਤੂ ਅਰੋੜਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ । ਇਸ ਮੌਕੇ ਕੋਆਰਡੀਨੇਟਰ ਤੇਜਿੰਦਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਡੀ.ਏ.ਵੀ. ਸਕੂਲ ਜਗਰਾਓਂ ਵਿਖੇ ਜੂਨੀਅਰ ਵਿੰਗ ਵੱਲੋਂ ਮਨਾਇਆ ਗਿਆ ਗਣਤੰਤਰ ਦਿਵਸ




ਜਗਰਾਓਂ, 24 ਜਨਵਰੀ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਡੀ. ਏ. ਵੀ ਸੈਂਟਨਰੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਵਿੱਚ ਕਿ ਸਕੂਲ ਵਿੱਚ 24 ਜਨਵਰੀ ਨੂੰ ਨਰਸਰੀ ਤੋਂ ਕਲਾਸ ਦੂਜੀ ਤੱਕ ਦੇ ਵਿਦਿਆਰਥੀਆਂ ਦੁਆਰਾ ਗਣਤੰਤਰ ਦਿਵਸ ਬਹੁਤ ਹੀ ਜੋਸ਼ ਅਤੇ ਦੇਸ਼ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ।

ਇਸ ਸਮਾਰੋਹ ਵਿੱਚ ਜੂਨੀਅਰ ਵਿੰਗ ਦੀਆਂ ਵੱਖ-ਵੱਖ ਜਮਾਤਾਂ ਲਈ ਰਚਨਾਤਮਕ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਨਰਸਰੀ ਦੇ ਬੱਚਿਆਂ ਨੇ ਤਿਰੰਗੇ ਕਾਗਜ਼ਾਂ ਨਾਲ ਫਾੜਨ ਅਤੇ ਚਿਪਕਾਉਣ ਦੀ ਗਤੀਵਿਧੀ ਵਿੱਚ ਭਾਗ ਲਿਆ, ਜਿਸ ਨਾਲ ਉਨ੍ਹਾਂ ਦੀ ਸੂਖਮ ਮੋਟਰ ਕੁਸ਼ਲਤਾ ਅਤੇ ਰਾਸ਼ਟਰੀ ਰੰਗਾਂ ਬਾਰੇ ਜਾਣਕਾਰੀ ਵਧੀ।

ਐਲ. ਕੇ. ਜੀ. ਅਤੇ ਯੂ. ਕੇ ਜੀ. ਦੇ ਵਿਦਿਆਰਥੀਆਂ ਨੇ ਗਣਤੰਤਰ ਦਿਵਸ ਦੇ ਵਿਸ਼ੇ 'ਤੇ ਆਧਾਰਿਤ ਰੰਗ ਭਰਨ ਦੀ ਗਤੀਵਿਧੀ ਵਿੱਚ ਭਾਗ ਲਿਆ। ਉਨ੍ਹਾਂ ਨੇ ਖੁਸ਼ੀ-ਖੁਸ਼ੀ ਰਾਸ਼ਟਰੀ ਝੰਡੇ ਅਤੇ ਹੋਰ ਦੇਸ਼ਭਗਤੀ ਚਿੰਨ੍ਹਾਂ ਦੀਆਂ ਤਸਵੀਰਾਂ ਵਿੱਚ ਰੰਗ ਭਰੇ।

ਕਲਾਸ ਪਹਿਲੀ ਅਤੇ ਦੂਜੀ ਦੇ ਵਿਦਿਆਰਥੀਆਂ ਨੇ ਡਰਾਇੰਗ ਅਤੇ ਰੰਗ ਭਰਨ ਦੀ ਗਤੀਵਿਧੀ ਵਿੱਚ ਭਾਗ ਲਿਆ। ਉਨ੍ਹਾਂ ਨੇ ਰਾਸ਼ਟਰੀ ਝੰਡੇ, ਆਜ਼ਾਦੀ ਸੈਨਾਨੀਆਂ ਅਤੇ ਦੇਸ਼ਭਗਤੀ ਦ੍ਰਿਸ਼ਾਂ ਦੀਆਂ ਸੁੰਦਰ ਤਸਵੀਰਾਂ ਬਣਾਕੇ ਦੇਸ਼ ਪ੍ਰਤੀ ਆਪਣਾ ਪਿਆਰ ਪ੍ਰਗਟ ਕੀਤਾ।

ਇਸ ਮੌਕੇ 'ਤੇ ਇੱਕ ਵਿਸ਼ੇਸ਼ ਪ੍ਰਾਰਥਨਾ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੇ ਦੇਸ਼ਭਗਤੀ ਨਾਚਾਂ ਦੀ ਪੇਸ਼ਕਾਰੀ ਦਿੱਤੀ ਅਤੇ ਬਹੁਤ ਹੀ ਆਤਮਵਿਸ਼ਵਾਸ ਅਤੇ ਉਤਸ਼ਾਹ ਨਾਲ ਕਵਿਤਾਵਾਂ ਪੜ੍ਹੀਆਂ, ਜਿਸ ਨਾਲ ਏਕਤਾ, ਆਜ਼ਾਦੀ ਅਤੇ ਰਾਸ਼ਟਰੀ ਗੌਰਵ ਦਾ ਸੰਦੇਸ਼ ਫੈਲਿਆ।

ਇਸ ਸਮਾਰੋਹ ਨੇ ਵਿਦਿਆਰਥੀਆਂ ਵਿੱਚ ਦੇਸ਼ਭਗਤੀ, ਰਚਨਾਤਮਕਤਾ ਅਤੇ ਦੇਸ਼ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਮਜ਼ਬੂਤ ਕੀਤਾ। ਇਹ ਸਮਾਗਮ ਖੁਸ਼ੀ ਅਤੇ ਪ੍ਰੇਰਣਾ ਭਰੇ ਮਾਹੌਲ ਨਾਲ ਸਮਾਪਤ ਹੋਇਆ। ਇਸ ਸਮੇਂ ਸਕੂਲ ਦੇ ਜੂਨੀਅਰ ਵਿੰਗ ਦੇ ਅਧਿਆਪਕ ਸਾਹਿਬਾਨ ਮੌਜੂਦ ਸਨ।

# ਸਿਰਫ਼ ਹੈਲਥ ਕਾਰਡ ਲੈ ਕੇ ਜਾਓ, ਇਲਾਜ ਸਾਰਾ ਮੁਫ਼ਤ ਹੋਵੇਗਾ: ਤਰੁਨਪ੍ਰੀਤ ਸਿੰਘ ਸੌਂਦ

ਖੰਨਾ, ਲੁਧਿਆਣਾ, 24 ਜਨਵਰੀ (ਸੰਜੀਵ ਲਹਿਲ) : ਕੈਬਨਿਟ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸ਼ਨੀਵਾਰ ਨੂੰ ਹਲਕਾ ਖੰਨਾ ਦੇ ਪਿੰਡ ਰੋਹਣੋ ਖੁਰਦ ਅਤੇ ਰੋਹਣੋ ਕਲਾ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਕੈਸ਼ਲੈਸ ਬੀਮਾ ਦੇਣ ਲਈ ਲਗਾਏ ਗਏ ਕੈਂਪਾਂ ਦਾ ਉਦਘਾਟਨ ਕਰਕੇ ਲੋਕਾਂ ਦੇ ਕੈਸ਼ਲੈਸ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਦੀ ਸ਼ੁਰੂਆਤ ਕੀਤੀ।

ਕੈਬਨਿਟ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿੱਚ ਮੁਫ਼ਤ ਸਿਹਤ ਸੰਭਾਲ ਦੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 22 ਜਨਵਰੀ ਨੂੰ ਮੋਹਾਲੀ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਕੀਤੀ ਗਈ, ਜਿਸ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਇਸ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ।

ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਸਰਕਾਰ ਨੇ ਪਿੰਡਾਂ ਅਤੇ ਮੁਹੱਲਿਆਂ ਵਿੱਚ ਲਗਭਗ 1,000 ਮੁਹੱਲਾ ਕਲੀਨਿਕ ਬਣਾਏ ਹਨ। ਪਿਛਲੇ 75 ਸਾਲਾਂ ਵਿੱਚ, ਸਾਰੀਆਂ ਸਰਕਾਰਾਂ ਨੇ ਮਿਲ ਕੇ ਸਿਰਫ਼ 400 ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹੇ ਹਨ, ਜਦੋਂ ਕਿ ਮੌਜੂਦਾ ਸਰਕਾਰ ਨੇ ਸਿਰਫ਼ ਚਾਰ ਸਾਲਾਂ ਵਿੱਚ 1,000 ਮੁਹੱਲਾ ਕਲੀਨਿਕ ਬਣਾਏ ਹਨ ਅਤੇ ਹੋਰ 500 ਨਿਰਮਾਣ ਅਧੀਨ ਹਨ। ਅਗਲੇ ਚਾਰ ਤੋਂ ਪੰਜ ਮਹੀਨਿਆਂ ਵਿੱਚ 2,500 ਪਿੰਡ ਕਲੀਨਿਕ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਪਹਿਲਾਂ, ਪੰਜਾਬ ਦੇ ਸਰਕਾਰੀ ਹਸਪਤਾਲਾਂ ਨੂੰ ਡਾਕਟਰਾਂ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪਿਆ ਸੀ। ਪਿਛਲੇ ਚਾਰ ਸਾਲਾਂ ਵਿੱਚ, 1100 ਮਾਹਰ ਡਾਕਟਰਾਂ ਦੀ ਭਰਤੀ ਕੀਤੀ ਗਈ ਹੈ ਅਤੇ ਹੁਣ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਕੋਈ ਕਮੀ ਨਹੀਂ ਹੈ। ਕਈ ਵਾਰ ਕੋਈ ਬਿਮਾਰੀ ਇੰਨੀ ਗੰਭੀਰ ਹੋ ਜਾਂਦੀ ਹੈ ਕਿ ਕਿਸੇ ਨੂੰ ਪ੍ਰਾਈਵੇਟ ਹਸਪਤਾਲ ਜਾਣਾ ਪੈਂਦਾ ਹੈ। ਬਹੁਤ ਸਾਰੇ ਲੋਕ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ ਦੀ ਚੋਣ ਕਰਦੇ ਹਨ। ਇਸ ਲਈ, ਅੱਜ ਅਜਿਹੀ ਯੋਜਨਾ ਲਾਗੂ ਕੀਤੀ ਗਈ ਹੈ ਜਿਸ ਦੇ ਤਹਿਤ ਪੰਜਾਬ ਦੇ ਸਭ ਤੋਂ ਵਧੀਆ ਪ੍ਰਾਈਵੇਟ ਹਸਪਤਾਲ, ਜਿੱਥੇ ਸਭ ਤੋਂ ਅਮੀਰ ਲੋਕ ਵੀ ਇਲਾਜ ਲਈ ਜਾਂਦੇ ਹਨ, ਹੁਣ ਸਭ ਤੋਂ ਗਰੀਬ ਕਿਸਾਨ, ਮਜ਼ਦੂਰ ਅਤੇ ਰਿਕਸ਼ਾ ਚਾਲਕ ਲਈ ਵੀ ਇਲਾਜ ਲਈ ਜਾ ਸਕਣਗੇ। ਉਨ੍ਹਾਂ ਨੂੰ ਪੈਸੇ ਦੀ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ।

ਕੈਬਨਿਟ ਮੰਤਰੀ ਸੌਂਦ ਨੇ ਕਿਹਾ, ਵੱਡੀਆਂ ਅਤੇ ਛੋਟੀਆਂ ਬਿਮਾਰੀਆਂ ਲਈ 10 ਲੱਖ ਰੁਪਏ ਤੱਕ ਦੀਆਂ ਸਾਰੀਆਂ ਦਵਾਈਆਂ ਅਤੇ ਟੈਸਟ ਮੁਫ਼ਤ ਹੋਣਗੇ। ਜਿਵੇਂ ਹੀ ਮਰੀਜ਼ ਹਸਪਤਾਲ ਵਿੱਚ ਦਾਖਲ ਹੁੰਦਾ ਹੈ, ਸਭ ਕੁਝ ਮੁਫ਼ਤ ਹੋਵੇਗਾ। ਉਨ੍ਹਾਂ ਤੋਂ ਕੁਝ ਨਹੀਂ ਪੁੱਛਿਆ ਜਾਵੇਗਾ, ਸਿਰਫ਼ ਆਪਣਾ ਹੈਲਥ ਕਾਰਡ ਲੈ ਕੇ ਜਾਣਾ ਹੋਵੇਗਾ।

# ਡਾ. ਬਲਜੀਤ ਕੌਰ ਨੇ ਡੋਰ-ਟੂ-ਡੋਰ ਜਾ ਕੇ 'ਮੁੱਖ ਮੰਤਰੀ ਸਿਹਤ ਯੋਜਨਾ' ਬਾਰੇ ਕੀਤਾ ਜਾਗਰੂਕ

ਮਲੋਟ/ਸ੍ਰੀ ਮੁਕਤਸਰ ਸਾਹਿਬ, 24 ਜਨਵਰੀ (ਐਚ.ਐਸ. ਕਪੂਰ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ 'ਮੁੱਖ ਮੰਤਰੀ ਸਿਹਤ ਯੋਜਨਾ' ਸ਼ੁਰੂ ਕੀਤੀ ਗਈ ਹੈ। ਇਸ ਯੋਜਨਾ ਤਹਿਤ ਹਰ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਵਿਖੇ ਡੂਰ-ਟੂ-ਡੂਰ ਜਾ ਕੇ ਲੋਕਾਂ ਨੂੰ ਇਸ ਯੋਜਨਾ ਬਾਰੇ ਜਾਗਰੂਕ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ 'ਮੁੱਖ ਮੰਤਰੀ ਸਿਹਤ ਯੋਜਨਾ' ਪੰਜਾਬ ਸਰਕਾਰ ਦਾ ਇਤਿਹਾਸਕ ਉਪਰਾਲਾ ਹੈ, ਜਿਸ ਨਾਲ ਹਰੇਕ ਪਰਿਵਾਰ ਨੂੰ ਸਿਹਤ ਪੱਖੋਂ ਬਿਨਾਂ ਕਿਸੇ ਸ਼ਰਤ 'ਤੇ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਪ੍ਰਮਾਤਮਾ ਕਰੇ ਸਭ ਠੀਕ ਰਹਿਣ ਪਰ ਜੇਕਰ ਕਿਸੇ ਨੂੰ ਸਿਹਤ ਪੱਖੋਂ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਇਹ ਯੋਜਨਾ ਉਸਦੇ ਲਈ ਲਾਹੇਵੰਦ ਸਾਬਿਤ ਹੋਵੇਗੀ। ਉਸਨੂੰ ਆਰਥਿਕ ਤੌਰ 'ਤੇ ਮੁਸ਼ਕਿਲ ਨਹੀਂ ਆਵੇਗੀ, 10 ਲੱਖ ਦਾ ਕੈਸ਼ਲੈਸ ਇਲਾਜ ਮਿਲੇਗਾ।



ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਇਸ ਯੋਜਨਾ ਅਧੀਨ ਟੈਸਟ, ਦਵਾਈਆਂ ਤੇ ਆਪ੍ਰੇਸ਼ਨ ਦਾ ਪੂਰਾ ਖਰਚ ਸਰਕਾਰ ਵੱਲੋਂ ਅਦਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਅਧੀਨ ਪੂਰਾ ਪਰਿਵਾਰ ਕਵਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਯੋਜਨਾ ਅਧੀਨ ਰਾਜ ਦੇ ਸਰਕਾਰੀ ਹਸਪਤਾਲਾਂ ਦੇ ਨਾਲ-ਨਾਲ ਪ੍ਰਾਈਵੇਟ ਹਸਪਤਾਲ ਵੀ ਸ਼ਾਮਲ ਕੀਤੇ ਗਏ ਹਨ ਤਾਂ ਜੋ ਮਰੀਜਾਂ ਨੂੰ ਕੋਈ ਖੱਜਲ-ਖੁਆਰੀ ਨਾ ਝਲਣੀ ਪਵੇ। ਇਸ ਯੋਜਨਾ ਅਧੀਨ ਛੋਟੀ ਤੋਂ ਵੱਡੀ ਹਰ ਬਿਮਾਰੀ ਸ਼ਾਮਲ ਕੀਤੀ ਗਈ ਹੈ। ਕਾਰਡ ਦੀ ਰਜਿਸਟ੍ਰੇਸ਼ਨ ਪਹਿਲੇ ਦਿਨ ਤੋਂ ਆਨਲਾਈਨ ਰਹੇਗੀ ਤੇ ਹਰੇਕ ਜਾਣਕਾਰੀ ਸਬੰਧੀ ਅਪਡੇਟ ਇਸ 'ਤੇ ਉਪਲਬੱਧ ਹੋਵੇਗੀ।

ਉਨ੍ਹਾਂ ਕਿਹਾ ਕਿ ਹਲਕੇ ਦੇ ਨੋਜਵਾਨਾਂ ਤੇ ਯੂਥ ਕਲੱਬਾਂ ਦੇ ਵਲੰਟੀਅਰਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ ਹਨ ਜੋ ਕਿ ਘਰ-ਘਰ ਜਾ ਕੇ ਲੋਕਾਂ ਨੂੰ ਇਸ ਸਕੀਮ ਬਾਰੇ ਜਾਣਕਾਰੀ ਸਾਂਝੀ ਕਰਨਗੇ ਤਾਂ ਜੋ ਕੋਈ ਵੀ ਲੋਕ ਇਸ ਯੋਜਨਾ ਤਹਿਤ ਕਾਰਡ ਬਣਾਉਣ ਤੋਂ ਵਾਂਝੇ ਨਾ ਰਹਿਣ। ਇਸ ਮੌਕੇ ਬਲਾਕ ਪ੍ਰਧਾਨ ਜਸਮੀਤ ਬਰਾੜ, ਬਲਾਕ ਪ੍ਰਧਾਨ ਰਾਜੀਵ ਬੱਬੂ ਉੱਪਲ, ਯੂਥ ਪ੍ਰਧਾਨ ਪ੍ਰਭਜੋਤ ਸਿੰਘ, ਗਗਨਦੀਪ ਸਿੰਘ ਔਲਖ, ਹਲਕਾ ਮੀਡੀਆ ਕੋਆਰਡੀਨੇਟਰ ਮੋਹਿਤ ਸੋਨੀ, ਲਵ ਬਤਰਾ, ਦੀਪੂ ਕਾਠਪਾਲ, ਪਵਨ ਮੱਕੜ, ਨਵਦੀਪ ਔਲਖ, ਰਾਜੂ ਸ਼ਰਮਾ ਪੀਏ ਅਰਸ਼ਦੀਪ ਸਿੱਧੂ, ਪੀਏ ਸ਼ਿੰਦਰਪਾਲ ਸਿੰਘ ਹਾਜਰ ਰਹੇ।

# ਪੰਜਾਬ ਵਿੱਚ ਸਿਹਤ ਬੀਮਾ ਯੋਜਨਾ ਹੋਣ ਨਾਲ 65 ਲੱਖ ਪਰਿਵਾਰਾਂ ਨੂੰ ਮਿਲੇਗਾ ਮੁਫ਼ਤ ਇਲਾਜ : ਗੌਰਵ ਗੋਇਲ



ਲਹਿਰਾਗਾਗਾ, 24 ਜਨਵਰੀ (ਗੁਰਦੀਪ ਸਿੰਘ): ਪੰਜਾਬ ਵਿੱਚ ਸਰਕਾਰ ਵੱਲੋਂ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨੂੰ ਲਾਗੂ ਕਰ ਦਿੱਤਾ ਗਿਆ ਹੈ, ਜਿਸ ਨਾਲ ਪੰਜਾਬ ਦੇ ਲਗਭਗ 65 ਲੱਖ ਪਰਿਵਾਰਾਂ ਨੂੰ ਹਰ ਸਾਲ 10 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਮਿਲੇਗਾ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਦੇ ਸਪੁੱਤਰ ਐਡਵੋਕੇਟ ਗੌਰਵ ਗੋਇਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ, ਉਹਨਾਂ ਕਿਹਾ ਕਿ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਇੰਚਾਰਜ ਮਨੀਸ਼ ਸੁਸ਼ੋਦੀਆ ਸਮੇਤ ਕਈ ਕੈਬਨਿਟ ਮੰਤਰੀ ਤੇ ਪਾਰਟੀ ਦੇ ਆਗੂ ਇਸ ਸਮੇਂ ਮੌਜੂਦ ਰਹੇ ,ਐਡਵੋਕੇਟ ਗੌਰਵ ਗੋਇਲ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿੱਚ 2500 ਤੋਂ ਵੱਧ ਮੈਡੀਕਲ ਪੈਕੇਜ ਸ਼ਾਮਿਲ ਹਨ ਜਿਵੇਂ ਕਿ ਹਾਰਟ ਸਰਜਰੀ, ਕੈਂਸਰ ਇਲਾਜ, ਕਿਡਨੀ ਟਰਾਂਸਪਲਾਂਟ, ਕੀਮੋਥਰੈਪੀ ,ਡਾਇਲਿਸਿਸ, ਬਰੇਨ ਸਰਜਰੀ, ਔਰਥੋਪੈਡਿਕ, ਜਰਨਲ ਤੇ ਐਮਰਜੈਂਸੀ ਇਲਾਜ ਪੂਰੀ ਤਰਾਂ ਮੁਫਤ ਕੀਤਾ ਜਾਵੇਗਾ, ਉਹਨਾਂ ਕਿਹਾ ਕਿ ਆਧਾਰ ਕਾਰਡ ਜਾਂ ਵੋਟਰ ਕਾਰਡ ਰੱਖਣ ਵਾਲਾ ਪੰਜਾਬ ਦਾ ਨਾਗਰਿਕ, ਸਰਕਾਰੀ ਮੁਲਾਜ਼ਮ ਤੇ ਪੈਨਸ਼ਨਰ ਵੀ ਇਸ ਸਕੀਮ ਵਿੱਚ ਦਾ ਲਾਭ ਲੈ ਸਕਣਗੇ, ਰਜਿਸਟਰੇਸ਼ਨ ਤੋਂ ਬਾਅਦ ਨਾਗਰਿਕ ਤੁਰੰਤ ਇਲਾਜ ਲਈ ਯੋਗ ਮੰਨਿਆ ਜਾਵੇਗਾ, ਸੂਬੇ ਭਰ ਵਿੱਚ 9000 ਤੋਂ ਵੱਧ ਇਨਰੋਲਮੈਂਟ ਸੈਂਟਰ ਬਣਾਏ ਜਾ ਰਹੇ ਹਨ ਅਤੇ ਪੰਜਾਬ ਵਾਸੀਆਂ ਨੂੰ ਇੱਕ ਸਿਹਤ ਕਾਰਡ ਵੀ ਦਿੱਤਾ ਜਾਵੇਗਾ ,ਜਿਸ ਨਾਲ ਉਹ ਪੰਜਾਬ ਤੇ ਚੰਡੀਗੜ੍ਹ ਦੇ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਮੁਫਤ ਇਲਾਜ ਕਰਵਾ ਸਕਣਗੇ, ਉਹਨਾਂ ਦੱਸਿਆ ਕਿ ਸਰਕਾਰ ਵੱਲੋਂ ਹਸਪਤਾਲਾਂ ਨੂੰ ਵੀ ਪੂਰਾ ਭਰੋਸਾ ਦਿੱਤਾ ਗਿਆ ਹੈ ਕਿ ਉਹਨਾਂ ਦੀਆਂ ਪੇਮੈਂਟਾਂ 15 ਦਿਨਾਂ ਦੇ ਅੰਦਰ ਅੰਦਰ ਕੀਤੀਆਂ ਜਾਣਗੀਆਂ, ਸ੍ਰੀ ਗੋਇਲ ਨੇ ਗੱਲਬਾਤ ਕਰਦੇ ਹੋਏ ਅੱਗੇ ਦੱਸਿਆ ਕਿ ਇਹ ਸਕੀਮ ਪੰਜਾਬ ਨੂੰ ਤੰਦਰੁਸਤ ,ਖੁਸ਼ਹਾਲ ਅਤੇ ਕਰਜ਼ਾ ਮੁਕਤ ਬਣਾਉਣ ਵੱਲ ਇੱਕ ਵੱਡਾ ਕਦਮ ਹੈ, ਅਤੇ ਹੁਣ ਕੋਈ ਵੀ ਪੰਜਾਬੀ ਇਲਾਜ ਦੇ ਖਰਚੇ ਕਾਰਨ ਆਪਣੀ ਜਮੀਨ ਜਾਂ ਘਰ ਵੇਚਣ ਲਈ ਮਜਬੂਰ ਨਹੀਂ ਹੋਵੇਗਾ, ਇਸ ਸਮੇਂ ਉਹਨਾਂ ਨਾਲ ਸ਼ੀਸ਼ਪਾਲ ਅਨੰਦ ਚੇਅਰਮੈਨ ਮਾਰਕੀਟ ਕਮੇਟੀ, ਅਜੇ ਕੁਮਾਰ ਠੋਲੀ ਯੂਥ ਆਗੂ, ਚਰਨਜੀਤ ਸ਼ਰਮਾ, ਅਮਨਦੀਪ ਸਿੰਘ ਕੋਟੜਾ, ਟਰੱਕ ਯੂਨੀਅਨ ਦੇ ਪ੍ਰਧਾਨ ਗੁਰਸੇਵਕ ਸਿੰਘ ਗਾਗਾ ਤੇ ਨਿਰਮਲ ਸਿੰਘ ਕੋਟੜਾ ਮੌਜੂਦ ਸਨ।

# ਗਣਤੰਤਰ ਦਿਵਸ ਮੌਕੇ ਕੈਬਨਿਟ ਮੰਤਰੀ ਭੁੱਲਰ ਮੁੱਖ ਮਹਿਮਾਨ ਵਜੋਂ ਕਰਨਗੇ ਸ਼ਿਰਕਤ

ਸ੍ਰੀ ਮੁਕਤਸਰ ਸਾਹਿਬ, 24 ਜਨਵਰੀ (ਐਚ.ਐਸ. ਕਪੂਰ): ਗੁਰੂ ਗੋਬਿੰਦ ਸਿੰਘ ਸਟੇਡੀਅਮ, ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਅੱਜ ਗਣਤੰਤਰ ਦਿਵਸ ਦੀ ਫੁੱਲ ਡਰੈਸ ਰਿਹਰਸਲ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਪ੍ਰੀਤ ਸਿੰਘ ਬਿੰਦ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਵੱਲੋਂ ਕੌਮੀ ਝੰਡਾ ਲਹਿਰਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਦੌਰਾਨ ਸਭਿਆਚਾਰਕ ਪ੍ਰੋਗਰਾਮ ਦੇਸ਼ ਭਗਤੀ ਨਾਲ ਭਰਪੂਰ ਹੋਵੇਗਾ ਤੇ ਇਸ ਮੌਕੇ ਟਰਾਂਸਪੋਰਟ ਤੇ ਜੇਲ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਝੰਡਾ ਲਹਿਰਾਉਣ ਉਪਰੰਤ ਉਨ੍ਹਾਂ ਵੱਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ ਅਤੇ ਮਾਰਚ ਪਾਸਟ ਦੌਰਾਨ ਪਰੇਡ ਤੋਂ ਸਲਾਮੀ ਲਈ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਵੱਖ-ਵੱਖ ਸਕੂਲਾਂ ਵੱਲੋਂ ਪੇਸ਼ ਕੀਤੀਆਂ ਜਾ ਰਹੀਆਂ ਵੰਨਗੀਆਂ, ਕੋਰੀਓਗ੍ਰਾਫੀਆਂ, ਪੀ.ਟੀ.ਸ਼ੋਅ ਦੀ ਰਿਹਰਸਲ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਕੂਲ ਮੁਖੀ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਆਪੋ-ਆਪਣੇ ਵਿਭਾਗ ਨਾਲ ਸਬੰਧਤ ਡਿਊਟੀਆਂ ਜੋ ਉਨ੍ਹਾਂ ਨੂੰ ਸੌਂਪੀਆਂ ਗਈਆਂ ਹਨ ਉਨ੍ਹਾਂ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਅਤੇ ਬਕਾਇਆ ਰਹਿੰਦੇ ਕੰਮਾਂ ਨੂੰ ਤੈਅ ਸਮੇਂ ਅੰਦਰ ਮੁਕੰਮਲ ਕਰ ਲੈਣ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਸਭਿਆਚਰਕ ਪ੍ਰੋਗਰਾਮ ਜਿਸ ਵਿਚ ਦੇਸ਼-ਭਗਤੀ ਨੂੰ ਦਰਸਾਉਂਦੀਆਂ ਕੋਰੀਓਗ੍ਰਾਫੀ, ਗਿੱਧਾ ਤੇ ਭੰਗੜਾ ਆਦਿ ਪੇਸ਼ ਕੀਤੇ ਜਾਣਗੇ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਭਲਾਈ ਤੇ ਵਿਕਾਸ ਦੇ ਕੰਮਾਂ ਨੂੰ ਦਰਸਾਉਂਦੀਆਂ ਝਾਕੀਆਂ ਵੀ ਕੱਢੀਆਂ ਜਾਣਗੀਆਂ।



ਇਸ ਉਪਰੰਤ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਗਈ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮਾਗਮ ਸਬੰਧੀ ਲੋੜੀਂਦੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਾਫ਼-ਸਫਾਈ, ਪੀਣ ਵਾਲੇ ਪਾਣੀ, ਬਿਜਲੀ, ਮੈਡੀਕਲ ਟੀਮਾਂ ਆਦਿ ਕੰਮਾਂ ਦੇ ਪ੍ਰਬੰਧ ਸਮੇਂ ਸਿਰ ਕਰ ਲਏ ਜਾਣ ਤਾਂ ਜੋ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੌਕੇ ਐਸ.ਡੀ.ਐੱਮ. ਬਲਜੀਤ ਕੌਰ, ਐਸ.ਪੀ. (ਡੀ) ਮਨਮੀਤ ਸਿੰਘ ਢਿੱਲੋਂ, ਐਸ.ਪੀ. (ਐੱਚ) ਹਰਕਮਲ ਕੌਰ, ਡੀ.ਐਸ.ਪੀ. ਬਚਨ ਸਿੰਘ, ਉਪ ਜ਼ਿਲ੍ਹਾ ਸਿੱਖਿਆ ਆਫ਼ਸਰ ਰਜਿੰਦਰ ਕੁਮਾਰ ਸੋਨੀ, ਨਾਇਬ ਤਹਿਸੀਲਦਾਰ ਮਨਵੀਰ ਕੌਰ, ਜ਼ਿਲ੍ਹਾ ਖੇਡ ਅਫ਼ਸਰ ਅਨਿੰਦਰਵੀਰ ਕੌਰ ਬਰਾੜ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸਕੂਲਾਂ ਦੇ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।

# ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ 6 ਫਰਵਰੀ ਨੂੰ



ਖਨੌਰੀ, 24 ਜਨਵਰੀ (ਓਮਪ੍ਰਕਾਸ਼ ਮੁਆਲ): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਥਾਪੇ ਗਏ ਮਾਲਵੇ ਦੇਸ਼ ਦੇ ਪ੍ਰਮੁੱਖ ਗੁਰਮਤਿ ਪ੍ਰਚਾਰ ਕੇਂਦਰ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਧਮਤਾਨ ਸਾਹਿਬ ਵਿਖੇ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 6 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਬਲਵਿੰਦਰ ਸਿੰਘ ਖਾਲਸਾ ਮੈਂਬਰ ਹਰਿਆਣਾ ਕਮੇਟੀ, ਕਥਾਵਾਚਕ ਚਰਨਜੀਤ ਸਿੰਘ, ਕਲਰਕ ਜਗਬੀਰ ਸਿੰਘ ਨੇ ਪਿੰਡ ਠਸਕਾ ਵਿੱਚ ਸਮਾਗਮ ਬਾਰੇ ਸੱਦਾ ਪੱਤਰ ਦੇਂਦਿਆਂ ਦੱਸਿਆ ਕਿ ਸਕੱਤਰ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਕਰਵਾਏ ਜਾ ਰਹੇ। ਇਸ ਗੁਰਮਤਿ ਸਮਾਗਮ ਦੌਰਾਨ ਭਾਈ ਜਬਰਤੋੜ ਸਿੰਘ ਹਜੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਮਨਜਿੰਦਰ ਸਿੰਘ ਰਬਾਬੀ ਹਜ਼ੂਰੀ ਰਾਗੀ ਗੁਰਦੁਆਰਾ ਨਾਢਾ ਸਾਹਿਬ, ਭਾਈ ਪ੍ਰਿਤਪਾਲ ਸਿੰਘ ਹਜ਼ੂਰੀ ਕਥਾਵਾਚਕ ਗੁਰਦੁਆਰਾ ਦੂਖਨਿਵਾਰਨ ਸਾਹਿਬ ਪਟਿਆਲਾ, ਭਾਈ ਗੁਰਮੀਤ ਸਿੰਘ ਕਵੀਸ਼ਰ ਧਰਮ ਪ੍ਰਚਾਰ ਹਰਿਆਣਾ, ਭਾਈ ਚਰਣਜੀਤ ਸਿੰਘ ਕਥਾਵਾਚਕ ਗੁਰਦੁਆਰਾ ਧਮਤਾਨ ਸਾਹਿਬ, ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਧਮਤਾਨ ਸਾਹਿਬ, ਭਾਈ ਅਮਨਦੀਪ ਸਿੰਘ ਹਜੂਰੀ ਰਾਗੀ ਗੁਰਦੁਆਰਾ ਧਮਤਾਨ ਸਾਹਿਬ, ਭਾਈ ਇੰਦਰਪਾਲ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਹਰਿਆਣਾ ਪਹੁੰਚ ਰਹੇ ਹਨ ਜ਼ੋ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਗੁਰੂਆਂ ਦੇ ਦਰਸਾਏ ਮਾਰਗ ਤੇ ਚੱਲਣ ਲਈ ਸੰਗਤਾਂ ਨੂੰ ਪ੍ਰੇਰਿਤ ਕਰਨਗੇ।

ਇਸ ਮੌਕੇ ਪਿੰਡ ਠਸਕਾ ਵਿੱਚ ਸਮੂਹ ਰਵਿਦਾਸੀਆ ਭਾਈਚਾਰੇ ਦੇ ਲੋਕ ਹਾਜ਼ਰ ਸਨ।

# ਗਣਤੰਤਰ ਦਿਵਸ ਦੇ ਮੱਦੇਨਜ਼ਰ ਪੁਲਿਸ ਵੱਲੋਂ ਸ਼ਹਿਰ ਭਰ ਵਿੱਚ ਤਲਾਸ਼ੀ ਮੁਹਿੰਮ ਜਾਰੀ

ਬਠਿੰਡਾ, 24 ਜਨਵਰੀ (ਦੀਪਕ ਸ਼ਰਮਾ): ਆਉਣ ਵਾਲੇ ਗਣਤੰਤਰ ਦਿਵਸ ਨੂੰ ਅਮਨ-ਅਮਾਨ ਤੇ ਸੁਰੱਖਿਅਤ ਤਰੀਕੇ ਨਾਲ ਨੇਪਰੇ ਚਾੜ੍ਹਨ ਦੇ ਮਕਸਦ ਨਾਲ ਬਠਿੰਡਾ ਪੁਲਿਸ ਵੱਲੋਂ ਸ਼ਹਿਰ ਭਰ ਵਿੱਚ ਵਿਸ਼ੇਸ਼ ਤਲਾਸ਼ੀ ਮੁਹਿੰਮ ਚਲਾਈ ਗਈ। ਇਸ ਮੁਹਿੰਮ ਤਹਿਤ ਪੁਲਿਸ ਦੀਆਂ ਵੱਖ-ਵੱਖ ਟੀਮਾਂ ਨੇ ਸ਼ਹਿਰ ਦੇ ਹੋਟਲਾਂ, ਮੁਸਾਫ਼ਿਰਖ਼ਾਨਿਆਂ (ਗੈਸਟ ਹਾਊਸ) ਅਤੇ ਪੀ.ਜੀ. ਰਿਹਾਇਸ਼ਾਂ ਦੀ ਡੂੰਘਾਈ ਨਾਲ ਜਾਂਚ ਕੀਤੀ। ਪੁਲਿਸ ਅਧਿਕਾਰੀਆਂ ਨੇ ਉੱਥੇ ਠਹਿਰੇ ਹੋਏ ਲੋਕਾਂ ਦੀ ਪਛਾਣ ਦੀ ਪੜਤਾਲ ਕੀਤੀ ਅਤੇ ਸਬੰਧਤ ਰਜਿਸਟਰਾਂ ਤੇ ਰਿਕਾਰਡ ਦੀ ਬਾਰੀਕੀ ਨਾਲ ਜਾਂਚ ਕੀਤੀ। ਜ਼ਿਕਰਯੋਗ ਹੈ ਕਿ ਬਸੰਤ ਪੰਚਮੀ ਤੋਂ ਇੱਕ ਦਿਨ ਪਹਿਲਾਂ ਵੀ ਐਸਐਸਪੀ ਜਯੋਤੀ ਯਾਦਵ ਦੀ ਅਗਵਾਈ ਵਿੱਚ ਪੁਲਿਸ ਨੇ ਸ਼ਹਿਰ ਵਿੱਚ ਫਲੈਗ ਮਾਰਚ ਕਰਕੇ ਸ਼ਰਾਰਤੀ ਅੰਸਰਾਂ ਨੂੰ ਚੇਤਾਵਨੀ ਦਿੱਤੀ ਸੀ। ਜਾਣਕਾਰੀ ਅਨੁਸਾਰ ਪੁਲਿਸ ਨੇ ਹੋਟਲ ਪ੍ਰਬੰਧਕਾਂ ਅਤੇ ਰਿਹਾਇਸ਼ੀ ਸੰਚਾਲਕਾਂ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੇ ਕੋਲ ਠਹਿਰਨ ਵਾਲੇ ਹਰ ਵਿਅਕਤੀ ਦਾ ਪੂਰਾ ਵੇਰਵਾ, ਪਛਾਣ ਪੱਤਰ ਅਤੇ ਸੰਪਰਕ ਜਾਣਕਾਰੀ ਲਾਜ਼ਮੀ ਤੌਰ 'ਤੇ ਦਰਜ ਕਰਨ। ਪੁਲਿਸ ਨੇ ਚਿਤਾਵਨੀ ਦਿੱਤੀ ਕਿ ਬਿਨਾਂ ਪਛਾਣ ਪੱਤਰ ਦੇ ਕਿਸੇ ਵੀ ਵਿਅਕਤੀ ਨੂੰ ਠਹਿਰਾਉਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸ਼ੱਕੀ ਹਾਲਾਤਾਂ 'ਤੇ ਨਜ਼ਰ ਰੱਖਣ ਅਤੇ ਕਿਸੇ ਵੀ ਅਸਾਧਾਰਨ ਗਤੀਵਿਧੀ ਦੀ ਸੂਚਨਾ ਤੁਰੰਤ ਪੁਲਿਸ ਨੂੰ ਦੇਣ ਦੀ ਅਪੀਲ ਕੀਤੀ ਗਈ।



ਤਲਾਸ਼ੀ ਦੌਰਾਨ ਕੁਝ ਥਾਵਾਂ 'ਤੇ ਰਿਕਾਰਡ ਅਧੂਰਾ ਪਾਇਆ ਗਿਆ, ਜਿਸ 'ਤੇ ਪੁਲਿਸ ਨੇ ਸੰਚਾਲਕਾਂ ਨੂੰ ਸਖ਼ਤ ਤਾੜਨਾ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਡਾ. ਜੋਤੀ ਯਾਦਵ ਨੇ ਦੱਸਿਆ ਕਿ ਗਣਤੰਤਰ ਦਿਵਸ ਵਰਗੇ ਕੌਮੀ ਤਿਉਹਾਰ ਦੌਰਾਨ ਸ਼ਰਾਰਤੀ ਅਨਸਰਾਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਖ਼ਲਲ ਪਾਉਣ ਦੀ ਕੋਸ਼ਿਸ਼ ਨੂੰ ਨਾਕਾਮ ਕਰਨ ਲਈ ਇਹ ਮੁਹਿੰਮ ਬੇਹੱਦ ਜ਼ਰੂਰੀ ਹੈ। ਸ਼ਹਿਰ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਹਰ ਪੱਧਰ 'ਤੇ ਨਿਗਰਾਨੀ ਵਧਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਸਿਰਫ਼ ਹੋਟਲਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਰੇਲਵੇ ਸਟੇਸ਼ਨ, ਬੱਸ ਅੱਡਾ, ਜਨਤਕ ਥਾਵਾਂ ਤੇ ਮੁੱਖ ਚੌਕਾਂ 'ਤੇ ਵੀ ਵਾਧੂ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ। ਸੰਵੇਦਨਸ਼ੀਲ ਇਲਾਕਿਆਂ ਵਿੱਚ ਗਸ਼ਤ ਵਧਾਈ ਗਈ ਹੈ ਤੇ ਆਉਣ-ਜਾਣ ਵਾਲੇ ਵਾਹਨਾਂ ਦੀ ਵੀ ਚੈਕਿੰਗ ਕੀਤੀ ਜਾ ਰਹੀ ਹੈ। ਪੁਲਿਸ ਪ੍ਰਸ਼ਾਸਨ ਨੇ ਭਰੋਸਾ ਦਿੱਤਾ ਕਿ ਗਣਤੰਤਰ ਦਿਵਸ ਮੌਕੇ ਸ਼ਹਿਰ ਵਿੱਚ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਹਨ ਅਤੇ ਪੁਲਿਸ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਪੁਲਿਸ ਨੇ ਆਮ ਜਨਤਾ ਨੂੰ ਵੀ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਸ਼ੱਕੀ ਵਿਅਕਤੀ ਜਾਂ ਵਸਤੂ ਦਿਖਾਈ ਦੇਵੇ, ਤਾਂ ਤੁਰੰਤ ਨਜ਼ਦੀਕੀ ਪੁਲਿਸ ਚੌਕੀ ਜਾਂ ਕੰਟਰੋਲ ਰੂਮ ਨੂੰ ਸੂਚਿਤ ਕੀਤਾ ਜਾਵੇ।

# ਅਮਨ ਅਰੋੜਾ ਵੱਲੋਂ ਕੈਪੀਟਲ ਸਮਾਲ ਫਾਈਨਾਂਸ ਬੈਂਕ ਦੀ ਨਵੀਂ ਸ਼ਾਖਾ ਦਾ ਉਦਘਾਟਨ

ਸੁਨਾਮ ਊਧਮ ਸਿੰਘ ਵਾਲਾ, 24 ਜਨਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਕੈਪੀਟਲ ਸਮਾਲ ਫਾਈਨਾਂਸ ਬੈਂਕ ਦੀ 205ਵੀਂ ਬ੍ਰਾਂਚ ਦਾ ਉਦਘਾਟਨ ਸੁਨਾਮ ਊਧਮ ਸਿੰਘ ਵਾਲਾ ਵਿਖੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ 23 ਜਨਵਰੀ ਨੂੰ ਆਪਣੇ ਕਰ-ਕਮਲਾਂ ਦੁਆਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਸਰਵਜੀਤ ਸਿੰਘ ਸਮਰਾ ਤੇ ਇਲਾਕਾ ਨਿਵਾਸੀਆਂ ਨੂੰ ਬ੍ਰਾਂਚ ਖੁੱਲ੍ਹਣ 'ਤੇ ਵਧਾਈ ਦਿੱਤੀ। ਇਸ ਮੌਕੇ ਕੈਪੀਟਲ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਤੇ ਸੀ.ਈ.ਓ. ਸਰਵਜੀਤ ਸਿੰਘ ਸਮਰਾ ਨੇ ਦੱਸਿਆ ਕਿ ਕੈਪੀਟਲ ਬੈਂਕ ਨੇ ਆਪਣੇ ਬ੍ਰਾਂਚ ਨੈਟਵਰਕ ਨੂੰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਰਾਜਸਥਾਨ, ਯੂ.ਟੀ. ਚੰਡੀਗੜ੍ਹ ਤੇ ਜੰਮੂ ਤੇ ਕਸ਼ਮੀਰ ਵਿੱਚ ਫੈਲੀਆਂ 205 ਬ੍ਰਾਂਚਾਂ ਤੱਕ ਵਧਾ ਦਿੱਤਾ ਹੈ ਜੋ ਕਿ ਨਿਰੰਤਰ ਅਤੇ ਮਜ਼ਬੂਤ ਸਬੰਧਾਂ 'ਤੇ ਆਧਾਰਿਤ ਵਿਕਾਸ ਦੇ ਆਪਣੇ ਸਫਰ ਵਿੱਚ ਇਕ ਮੀਲ-ਪੱਥਰ ਹੈ। ਇਸ ਵਿੱਤੀ ਵਰ੍ਹੇ ਦੌਰਾਨ ਬੈਂਕ ਵੱਲੋਂ 8 ਹੋਰ ਬ੍ਰਾਂਚਾਂ ਖੋਲ੍ਹੀਆਂ ਜਾ ਰਹੀਆਂ ਹਨ ਤੇ ਅਗਲੇ ਵਿੱਤੀ ਵਰ੍ਹੇ ਦੌਰਾਨ ਬੈਂਕ ਵੱਲੋਂ 25-30 ਨਵੀਆਂ ਬ੍ਰਾਂਚਾਂ ਖੋਲ੍ਹਣ ਦੀ ਯੋਜਨਾ ਹੈ। ਸੰਨ 2000 ਵਿੱਚ ਕੈਪੀਟਲ ਲੋਕਲ ਏਰੀਆ ਬੈਂਕ ਵਜੋਂ ਸਥਾਪਤ ਅਤੇ 2016 ਵਿੱਚ ਭਾਰਤ ਦਾ ਪਹਿਲਾ ਸਮਾਲ ਫਾਈਨਾਂਸ ਬੈਂਕ ਬਣਕੇ, ਕੈਪੀਟਲ ਸਮਾਲ ਫਾਈਨਾਂਸ ਬੈਂਕ ਅੱਜ 74% ਤੋਂ ਵੱਧ ਬ੍ਰਾਂਚਾਂ ਪਿੰਡਾਂ ਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਚਲਾ ਰਿਹਾ ਹੈ ਜੋ ਕਿ ਨਿਰੰਤਰ ਵਿਕਾਸ ਪ੍ਰਤੀ ਬੈਂਕ ਦੀ ਵਚਨਬੱਧਤਾ ਦਰਸਾਉਂਦਾ ਹੈ।



ਉਨ੍ਹਾਂ ਅੱਗੇ ਕਿਹਾ ਕਿ ਇਸ ਸਮੇਂ ਬੈਂਕ ਦਾ ਕੁੱਲ ਕਾਰੋਬਾਰ 17,725/- ਕਰੋੜ ਰੁਪਏ ਤੋਂ ਜ਼ਿਆਦਾ ਹੈ ਅਤੇ ਬੈਂਕ ਦੇ ਗ੍ਰਾਹਕਾਂ ਦੀ ਗਿਣਤੀ ਵੀ 7,80,00 ਤੋਂ ਵੱਧ ਹੈ। ਬੈਂਕ ਵੱਲੋਂ ਖੋਲੀਆਂ ਜਾ ਰਹੀਆਂ ਨਵੀਆਂ ਬ੍ਰਾਂਚਾਂ ਬੈਂਕ ਨੂੰ ਉਨ੍ਹਾਂ ਉੱਭਰਦੇ ਖੇਤਰਾਂ ਵਿੱਚ ਗ੍ਰਾਹਕਾਂ ਦੀਆਂ ਜ਼ਰੂਰਤਾਂ ਨੂੰ ਹੋਰ ਨੇੜੇ, ਸਮਝਦਾਰੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਨਯੋਗ ਬਣਾਉਣਗੀਆਂ ਅਤੇ ਸਥਾਨਕ ਲੋਕਾਂ ਨਾਲ ਹੋਰ ਮਜ਼ਬੂਤ ਰਿਸ਼ਤੇ ਬਣਾਉਣ ਵਿੱਚ ਮਦਦ ਕਰਨਗੀਆਂ। ਬੈਂਕ ਕੋਲ ਆਪਣੇ ਗ੍ਰਾਹਕਾਂ ਲਈ ਵਧੀਆ ਸ਼੍ਰੇਣੀ ਦੇ ਬੈਂਕਿੰਗ ਉਤਪਾਦ ਮੌਜੂਦ ਹਨ। ਵਿਕਾਸ ਦੀਆਂ ਯੋਜਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬੈਂਕ ਅਜਿਹੀ ਨੀਤੀ 'ਤੇ ਚੱਲ ਰਿਹਾ ਹੈ ਜਿਸ ਨਾਲ ਬੈਂਕਿੰਗ ਸੁਵਿਧਾਵਾਂ ਨੂੰ ਹੋਰ ਵਧੀਆ ਤਰੀਕੇ ਨਾਲ ਗ੍ਰਾਹਕਾਂ ਤੱਕ ਪਹੁੰਚਾਇਆ ਜਾ ਸਕੇ।

ਇਸ ਮੌਕੇ ਉਨ੍ਹਾਂ ਦੇ ਨਾਲ ਵਰਿੰਦਰ ਸੂਰ (ਰੀਜਨਲ ਹੈੱਡ), ਰਜੀਵ ਮਲਹੋਤਰਾ (ਕਲੱਸਟਰ ਹੈੱਡ), ਗੁਰਮੀਤ ਸਿੰਘ (ਬ੍ਰਾਂਚ ਹੈੱਡ) ਤੇ ਹੋਰ ਬਹੁਤ ਸਾਰੇ ਪਤਵੰਤੇ ਹਾਜ਼ਰ ਸਨ।

# ਪੁਲਿਸ ਵੱਲੋਂ ਚੀਨੀ ਡੋਰ ਦੀ ਸੂਚਨਾ ਦੇਣ ਵਾਲੇ ਨੂੰ 25 ਹਜ਼ਾਰ ਇਨਾਮ ਦੇਣ ਦਾ ਐਲਾਨ

ਸੰਗਰੂਰ, 24 ਜਨਵਰੀ (ਹਰਕੰਵਲ ਸਿੰਘ ਹੈਪੀ) ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਸੰਗਰੂਰ ਦੇ ਅਧਿਕਾਰੀਆਂ ਨੇ ਪੁਲਿਸ ਵਿਭਾਗ ਨਾਲ ਮਿਲ ਕੇ ਆਮ ਲੋਕਾਂ ਦੁਆਰਾ ਚੀਨੀ ਡੋਰ ਦੀ ਖਰੀਦ/ਵਿਕਰੀ ਸਬੰਧੀ ਸੰਗਰੂਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੀ ਜਾਂਚ ਕੀਤੀ। ਸੁਨਾਮੀ ਗੇਟ, ਪ੍ਰਤਾਪ ਨਗਰ, ਬਸਤੀ ਖੇਤਰ ਅਤੇ ਸ਼ਹਿਰ ਦੇ ਕਿਲਾ ਬਾਜ਼ਾਰ ਖੇਤਰ ਵਿੱਚ ਪਤੰਗ ਅਤੇ ਰੱਸੇ ਦੀਆਂ ਦੁਕਾਨਾਂ ਦੀ ਜਾਂਚ ਕੀਤੀ ਗਈ ਤੇ ਆਮ ਲੋਕਾਂ ਨੂੰ ਚੀਨੀ ਡੋਰ/ਮਾਂਝੇ ਦੀ ਵਿਕਰੀ/ਖਰੀਦ ਅਤੇ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ ਗਈ। ਇਹ ਜਾਣਕਾਰੀ ਸਾਂਝੀ ਕਰਦਿਆਂ ਇੰਜੀਨੀਅਰ ਰੋਹਿਤ ਸਿੰਗਲਾ, ਐਕਸੀਅਨ ਨੇ ਦੱਸਿਆ ਕਿ ਪੰਜਾਬ ਸਰਕਾਰ, ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ ਨੇ ਨਾਈਲੋਨ, ਪਲਾਸਟਿਕ ਜਾਂ ਕਿਸੇ ਹੋਰ ਸਿੰਥੈਟਿਕ ਸਮੱਗਰੀ ਤੋਂ ਬਣੇ ਪਤੰਗ ਉਡਾਉਣ ਵਾਲੇ ਧਾਗੇ, ਜਿਸ ਵਿੱਚ ਚੀਨੀ ਡੋਰ/ਮਾਂਝਾ ਅਤੇ ਕਿਸੇ ਹੋਰ ਸਿੰਥੈਟਿਕ ਪਤੰਗ ਉਡਾਉਣ ਵਾਲੇ ਧਾਗੇ, ਜੋ ਸਿੰਥੈਟਿਕ ਪਦਾਰਥ ਨਾਲ ਲੇਪਿਆ ਹੋਇਆ ਹੈ ਤੇ ਗੈਰ-ਜੈਵਿਕ ਤੌਰ 'ਤੇ ਵਿਗੜਨ ਯੋਗ ਹੈ, ਦੇ ਨਾਲ-ਨਾਲ ਕੋਈ ਵੀ ਹੋਰ ਪਤੰਗ ਉਡਾਉਣ ਵਾਲਾ ਧਾਗਾ ਜੋ ਤਿੱਖਾ ਜਾਂ ਤਿੱਖਾ ਬਣਾਇਆ ਗਿਆ ਹੈ ਜਿਵੇਂ ਕਿ ਕੱਚ, ਧਾਤ ਜਾਂ ਕਿਸੇ ਹੋਰ ਤਿੱਖੀ ਸਮੱਗਰੀ ਨਾਲ ਬੰਨ੍ਹਿਆ ਹੋਇਆ ਹੈ, ਦੇ ਨਿਰਮਾਣ, ਵਿਕਰੀ, ਸਟੋਰੇਜ, ਖਰੀਦ, ਸਪਲਾਈ, ਆਯਾਤ ਅਤੇ ਵਰਤੋਂ 'ਤੇ ਪੰਜਾਬ ਰਾਜ ਵਿੱਚ ਪੂਰਨ ਪਾਬੰਦੀ ਲਗਾਉਣ ਸਬੰਧੀ ਨਿਰਦੇਸ਼ ਜਾਰੀ ਕੀਤੇ ਹੋਏ ਹਨ।



ਕੋਈ ਵੀ ਵਿਅਕਤੀ ਜੋ ਵਾਤਾਵਰਣ (ਸੁਰੱਖਿਆ) ਐਕਟ, 1986 ਜਾਂ ਇਸ ਵਿੱਚ ਬਣਾਏ ਗਏ ਨਿਯਮਾਂ ਅਧੀਨ ਜਾਰੀ ਉਪਰੋਕਤ ਨਿਰਦੇਸ਼ਾਂ ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ, ਉਸ ਨੂੰ ਘੱਟੋ ਘੱਟ 10 ਹਜ਼ਾਰ ਰੁਪਏ ਦਾ ਜੁਰਮਾਨਾ ਹੋਵੇਗਾ, ਜੋ 15 ਲੱਖ ਰੁਪਏ ਤੱਕ ਹੋ ਸਕਦਾ ਹੈ। ਜਨਤਕ ਨੋਟਿਸਾਂ ਰਾਹੀਂ ਰਾਜ ਦੇ ਲੋਕਾਂ ਨੂੰ ਪਤੰਗ ਉਡਾਉਣ ਲਈ ਪਾਬੰਦੀਸ਼ੁਦਾ ਚੀਨੀ ਡੋਰ/ਨਾਈਲੋਨ/ਸਿੰਥੈਟਿਕ ਧਾਗੇ ਦੀ ਵਰਤੋਂ ਨਾ ਕਰਨ ਅਤੇ ਨੇਕ ਕੰਮ ਵਿੱਚ ਸਰਕਾਰ ਦੀ ਮਦਦ ਕਰਨ ਲਈ ਕਈ ਅਪੀਲਾਂ ਕੀਤੀਆਂ ਗਈਆਂ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਟੋਲ ਫ੍ਰੀ ਨੰਬਰ 1800-180-2810 'ਤੇ ਉਪਰੋਕਤ ਬਾਰੇ ਸੂਚਿਤ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਵੱਧ ਤੋਂ ਵੱਧ 25,000/- ਰੁਪਏ ਦੀ ਨਕਦ ਕੀਮਤ ਦਾ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ।

# ਡਿਜੀਟਲ ਡਾਕਾ : ਬਿਨਾਂ ਜਾਣਕਾਰੀ ਸਾਂਝੀ ਕੀਤੇ ਖਾਤੇ 'ਚੋਂ ਨਿਕਲੇ ਲੱਖਾਂ ਰੁਪਏ, ਮਾਮਲਾ ਦਰਜ

ਬਠਿੰਡਾ, 24 ਜਨਵਰੀ (ਦੀਪਕ ਸ਼ਰਮਾ): ਅਜੋਕੇ ਡਿਜੀਟਲ ਯੁੱਗ ਵਿੱਚ ਜਿੱਥੇ ਬੈਂਕ ਨਾਲ ਸਬੰਧਤ ਕੰਮ-ਕਾਰ ਸੁਖਾਲੇ ਹੋਏ ਹਨ, ਉੱਥੇ ਹੀ ਕੰਪਿਊਟਰੀ ਠੱਗ (ਸਾਈਬਰ ਅਪਰਾਧੀ) ਵੀ ਬੇਹੱਦ ਚਾਲਾਕ ਹੋ ਗਏ ਹਨ। ਤਾਜ਼ਾ ਮਾਮਲਾ ਬਠਿੰਡਾ ਜ਼ਿਲ੍ਹੇ ਤੋਂ ਸਾਹਮਣੇ ਆਇਆ ਹੈ, ਜਿੱਥੇ ਠੱਗਾਂ ਨੇ ਇੱਕ ਪਿੰਡ ਦੇ ਵਸਨੀਕ ਦੇ ਬੈਂਕ ਖਾਤੇ ਵਿੱਚੋਂ 10 ਲੱਖ 21 ਹਜ਼ਾਰ ਰੁਪਏ ਦੀ ਵੱਡੀ ਰਕਮ 'ਤੇ ਹੱਥ ਸਾਫ਼ ਕਰ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਪੀੜਤ ਨੇ ਕਿਸੇ ਨਾਲ ਵੀ ਕੋਈ ਗੁਪਤ ਕੋਡ (ਓ.ਟੀ.ਪੀ.) ਜਾਂ ਨਿੱਜੀ ਜਾਣਕਾਰੀ ਸਾਂਝੀ ਨਹੀਂ ਕੀਤੀ ਸੀ, ਫਿਰ ਵੀ ਉਸ ਦੇ ਖਾਤੇ ਵਿੱਚ ਸੰਨ੍ਹ ਲਗਾ ਦਿੱਤੀ ਗਈ। ਜਾਣਕਾਰੀ ਅਨੁਸਾਰ ਜ਼ਿਲ੍ਹੇ ਦੇ ਇੱਕ ਪਿੰਡ ਦੇ ਰਹਿਣ ਵਾਲੇ ਪੀੜਤ ਵਿਅਕਤੀ ਨੇ ਸਾਈਬਰ ਅਪਰਾਧ ਸ਼ਾਖਾ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਇਹ ਸਿਲਸਿਲਾ 23 ਨਵੰਬਰ 2025 ਨੂੰ ਸ਼ੁਰੂ ਹੋਇਆ ਸੀ। ਉਸ ਦਿਨ ਉਸ ਦੇ ਮੋਬਾਈਲ 'ਤੇ ਪੰਜਾਬ ਨੈਸ਼ਨਲ ਬੈਂਕ ਦੇ ਖਾਤੇ ਵਿੱਚੋਂ ਮਹਿਜ਼ ਇੱਕ ਰੁਪਿਆ ਕੱਟੇ ਜਾਣ ਦਾ ਸੁਨੇਹਾ ਆਇਆ। ਪੀੜਤ ਨੇ ਛੋਟੀ ਰਕਮ ਹੋਣ ਕਾਰਨ ਇਸ ਨੂੰ ਤਕਨੀਕੀ ਖ਼ਰਾਬੀ ਸਮਝ ਕੇ ਅਣਗੌਲਿਆ ਕਰ ਦਿੱਤਾ। ਅਗਲੇ ਦਿਨ 24 ਨਵੰਬਰ ਨੂੰ ਫਿਰ ਖਾਤੇ ਵਿੱਚੋਂ 11 ਰੁਪਏ 80 ਪੈਸੇ ਕੱਟੇ ਗਏ, ਪਰ ਇਸ ਵਾਰ ਵੀ ਪੀੜਤ ਕਿਸੇ ਵੱਡੀ ਸਾਜ਼ਿਸ਼ ਦਾ ਅੰਦਾਜ਼ਾ ਨਾ ਲਗਾ ਸਕਿਆ।

ਠੱਗਾਂ ਨੇ ਆਪਣੀ ਅਸਲ ਖੇਡ 24 ਨਵੰਬਰ ਦੀ ਸ਼ਾਮ ਨੂੰ ਖੇਡੀ। ਪੀੜਤ ਉਸ ਵੇਲੇ ਦੰਗ ਰਹਿ ਗਿਆ ਜਦੋਂ ਉਸ ਦੇ ਖਾਤੇ ਵਿੱਚੋਂ ਪਹਿਲਾਂ 5 ਲੱਖ ਰੁਪਏ ਕੱਢਵਾਏ ਗਏ ਅਤੇ ਕੁਝ ਹੀ ਮਿੰਟਾਂ ਬਾਅਦ ਫਿਰ 5 ਲੱਖ ਰੁਪਏ ਦੀ ਨਿਕਾਸੀ ਹੋਈ। ਇਸ ਤੋਂ ਤੁਰੰਤ ਬਾਅਦ 21 ਹਜ਼ਾਰ ਰੁਪਏ ਹੋਰ ਕੱਢ ਲਏ ਗਏ। ਪੀੜਤ ਅਨੁਸਾਰ ਉਸ ਨੇ ਨਾ ਤਾਂ ਕਿਸੇ ਸ਼ੱਕੀ ਲਿੰਕ 'ਤੇ ਕਲਿੱਕ ਕੀਤਾ ਸੀ ਅਤੇ ਨਾ ਹੀ ਕਿਸੇ ਨੂੰ ਆਪਣਾ ਗੁਪਤ ਨੰਬਰ ਦੱਸਿਆ ਸੀ। ਸਾਈਬਰ ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਬੈਂਕ ਖਾਤਿਆਂ ਦੇ ਵੇਰਵੇ ਖੰਗਾਲੇ ਜਾ ਰਹੇ ਹਨ ਅਤੇ ਮਾਹਿਰਾਂ ਦੀ ਮਦਦ ਨਾਲ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਬਿਨਾਂ ਜਾਣਕਾਰੀ ਸਾਂਝੀ ਕੀਤੇ ਇਹ ਰਕਮ ਕਿਵੇਂ ਨਿਕਲੀ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਖਾਤੇ ਵਿੱਚੋਂ ਇੱਕ ਰੁਪਿਆ ਵੀ ਗੈਰ-ਕਾਨੂੰਨੀ ਤਰੀਕੇ ਨਾਲ ਕੱਟੇ ਜਾਣ 'ਤੇ ਤੁਰੰਤ ਬੈਂਕ ਅਤੇ ਪੁਲਿਸ ਨੂੰ ਸੂਚਿਤ ਕਰਨ।

# ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਵੋਟਰ ਦਿਵਸ ਮੌਕੇ ਚੁੱਕੀ ਸਹੁੰ

ਭਗਤਾ ਭਾਈ ਕਾ, 24 ਜਨਵਰੀ (ਸਵਰਨ ਸਿੰਘ ਭਗਤਾ): ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵਿਖੇ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਸੁਯੋਗ ਅਗਵਾਈ ਹੇਠ ਐਨਐਸਐਸ ਵਿਭਾਗ ਅਤੇ ਰੈਡ ਰਿਬਨ ਕਲੱਬ ਵੱਲੋ 'ਵੋਟਰਜ ਡੇ' (ਵੋਟ ਦਿਵਸ)ਦੇ ਮੌਕੇ ਤੇ ਸਹੁੰ ਚੁੱਕ ਸਮਾਗਮ ਕਰਵਾਇਆ। ਪ੍ਰੋਗਰਾਮ ਅਫ਼ਸਰ ਡਾ. ਰਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਬੀ.ਏ ਭਾਗ 3 ਦੇ ਵਿਦਿਆਰਥੀ ਹਿਮਾਂਸ਼ੂ ਵੱਲੋਂ ਲਗਭਗ 50 ਵਲੰਟੀਅਰਾਂ ਨੂੰ ਸਹੁੰ ਚੁਕਵਾਈ ਗਈ। ਜਿਸ ਵਿੱਚ ਵਲੰਟੀਅਰਾਂ ਨੇ ਲੋਕਤੰਤਰ ਵਿੱਚ ਵਿਸ਼ਵਾਸ ਰੱਖਦੇ ਹੋਏ ਆਪਣੇ ਦੇਸ਼ ਦੀਆਂ ਲੋਕਤੰਤਰੀ ਪ੍ਰੰਪਰਾਵਾਂ ਤੇ ਸੁਤੰਤਰਤਾ ਨੂੰ ਬਰਕਰਾਰ ਰੱਖਣ ਲਈ ਸ਼ਾਂਤੀਪੂਰਨ ਚੋਣਾਂ ਦੀ ਸ਼ਾਨ ਨੂੰ ਕਾਇਮ ਰੱਖਣ ਦੀ ਸਹੁੰ ਚੁੱਕੀ ਤੇ ਉਨ੍ਹਾਂ ਨੇ ਚੋਣਾਂ ਵਿੱਚ ਆਪਣੀ ਵੋਟ ਦਾ ਸਹੀ ਢੰਗ ਨਾਲ ਇਸਤੇਮਾਲ ਕਰਨ ਦੀ ਬਚਨਵੱਧਤਾ ਦਿੱਤੀ। ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਨੇ ਵਿਦਿਆਰਥੀਆਂ ਨੂੰ ਲੋਕਤੰਤਰ ਵਿੱਚ ਵੋਟ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਆਪਣੀ ਵੋਟ ਦਾ ਵੱਧ ਤੋਂ ਵੱਧ ਇਸਤੇਮਾਲ ਕਰਨ ਲਈ ਪ੍ਰੇਰਿਆ। ਇਸ ਮੌਕੇ ਪ੍ਰੋਫੈਸਰ ਰਮਨਦੀਪ ਕੌਰ ਤੇ ਲਖਵੀਰ ਕੌਰ ਹਾਜ਼ਰ ਸਨ।



# "ਯੁੱਧ ਨਸ਼ਿਆਂ ਵਿਰੁੱਧ" 17 ਤੋਂ 23 ਤੱਕ 30 ਮਾਮਲੇ ਦਰਜ; 38 ਮੁਲਜ਼ਮ ਕਾਬੂ

ਸੰਗਰੂਰ, 24 ਜਨਵਰੀ (ਹਰਕੰਵਲ ਸਿੰਘ ਹੈਪੀ): ਸਰਤਾਜ ਸਿੰਘ ਚਾਹਲ, ਐਸ.ਐਸ.ਪੀ. ਸੰਗਰੂਰ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ "ਯੁੱਧ ਨਸ਼ਿਆਂ ਵਿਰੁੱਧ" ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ 17.01.2026 ਤੋਂ 23.01.2026 ਤੱਕ ਡਰੱਗ ਦੇ 22 ਕੇਸ ਦਰਜ ਕਰ ਕੇ 30 ਮੁਲਜ਼ਮ ਨੂੰ ਕਾਬੂ ਕਰ ਕੇ 99 ਗ੍ਰਾਮ ਹੈਰੋਇਨ, 205 ਗ੍ਰਾਮ ਅਫੀਮ, 15 ਕਿਲੋ ਭੁੱਕੀ ਚੂਰਾ ਪੋਸਤ, 150 ਗ੍ਰਾਮ ਸੁਲਫਾ, 565 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਵਾਈਆਂ ਗਈਆਂ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 8 ਕੇਸ ਦਰਜ ਕਰ ਕੇ 8 ਮੁਲਜ਼ਮਾਂ ਨੂੰ ਕਾਬੂ ਕਰ ਕੇ 157.500 ਲੀਟਰ ਸ਼ਰਾਬ ਠੇਕਾ ਦੇਸੀ, 81.750 ਲੀਟਰ ਸ਼ਰਾਬ ਨਜਾਇਜ਼, 26.250 ਲੀਟਰ ਸ਼ਰਾਬ ਅੰਗਰੇਜ਼ੀ ਤੇ 170 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ।

ਇਸ ਤੋਂ ਇਲਾਵਾ ਅਸਲਾ ਐਕਟ ਤਹਿਤ 2 ਕੇਸ ਦਰਜ ਕਰ ਕੇ 2 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਪਾਸੋਂ 3 ਪਿਸਟਲ ਤੇ 3 ਕਾਰਤੂਸ ਬ੍ਰਾਮਦ ਕੀਤੇ ਗਏ। ਜੂਆ ਐਕਟ ਤਹਿਤ 1 ਮੁਕੱਦਮਾ ਦਰਜ ਕਰ ਕੇ 27 ਮੁਲਜ਼ਮ ਗ੍ਰਿਫਤਾਰ ਕਰ ਕੇ ਉਨ੍ਹਾਂ ਪਾਸੋਂ 7,23,000/- ਰੁਪਏ ਬ੍ਰਾਮਦ ਕਰਾਏ ਗਏ। ਇਸ ਅਰਸੇ ਦੌਰਾਨ 6 ਪੀ.ਓ. ਨੂੰ ਗ੍ਰਿਫਤਾਰ ਕੀਤਾ ਗਿਆ। 22.01.2026 ਨੂੰ ਸੰਗਰੂਰ ਪ੍ਰਸ਼ਾਸਨ ਵੱਲੋਂ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ 2 ਨਸ਼ਾ ਤਸਕਰਾਂ ਵੱਲੋਂ ਨਸ਼ਿਆਂ ਦੀ ਤਸਕਰੀ ਕਰਕੇ ਪਿੰਡ ਹਰਿਆਉ ਵਿਖੇ ਬਣਾਈ ਗੈਰਕਾਨੂੰਨੀ ਪ੍ਰਾਪਰਟੀ, ਬੁਲਡੋਜ਼ਰ ਚਲਾ ਕੇ ਢਾਹ ਦਿੱਤੀ ਗਈ। ਥਾਣਾ ਖਨੌਰੀ ਅਤੇ ਲਹਿਰਾ ਦੇ ਏਰੀਆ ਵਿੱਚ ਚੋਰੀਆਂ/ਲੁੱਟਾਂ-ਖੋਹਾਂ ਕਰਨ ਵਾਲੇ 5 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ 4 ਕਿਲੋਗ੍ਰਾਮ ਤਾਂਬਾ, 290 ਕਿਲੋਗ੍ਰਾਮ ਕਣਕ, 37 ਕਿਲੋਗ੍ਰਾਮ ਚੌਲ ਤੇ 1 ਸੋਨੇ ਦੀ ਬਾਲੀ ਬ੍ਰਾਮਦ ਕਰਵਾਈ ਗਈ। ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਰਸੇ ਦੌਰਾਨ ਵੱਖ ਵੱਖ ਗਜ਼ਟਿਡ ਅਫਸਰਾਂ ਵੱਲੋਂ 43 ਪਿੰਡਾਂ/ਸ਼ਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸ਼ੇ ਦਾ ਧੰਦਾ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਿਆਂ ਖਿਲਾਫ ਜੰਗ ਜਾਰੀ ਹੈ।

# ਗਣਤੰਤਰ ਦਿਵਸ ਦੇ ਮੱਦੇਨਜਰ ਪੁਲਿਸ ਵੱਲੋਂ ਫ਼ਲੈਗ ਮਾਰਚ



ਧੂਰੀ, 24 ਜਨਵਰੀ (ਰਾਜੇਸ਼ਵਰ ਪਿੰਟੂ): ਧੂਰੀ ਪੁਲਿਸ ਵੱਲੋਂ ਡੀ.ਐੱਸ.ਪੀ.ਗੁਰਦਰਸ਼ਨ ਸਿੰਘ ਦੀ ਅਗਵਾਈ ਹੇਠ ਸ਼ਹਿਰ ਅੰਦਰ ਫਲੈਗ ਮਾਰਚ ਕੀਤਾ ਗਿਆ। ਇਸ ਮੌਕੇ ਥਾਣਾ ਸਿਟੀ ਧੂਰੀ, ਸਦਰ ਧੂਰੀ ਤੇ ਥਾਣਾ ਸ਼ੇਰਪੁਰ ਦੀ ਫੌਰਸ ਵੱਲੋਂ ਹਿੱਸਾ ਲਿਆ ਗਿਆ।

ਇਸ ਮੌਕੇ ਪੁਲਿਸ ਫੋਰਸ ਵੱਲੋਂ ਜਿੱਥੇ ਸ਼ਹਿਰ ਅੰਦਰ ਫਲੈਗ ਮਾਰਚ ਕੀਤਾ ਗਿਆ, ਉਥੇ ਧੂਰੀ ਰੇਲਵੇ ਸਟੇਸ਼ਨ ਅਤੇ ਬੱਸ ਸਟੈਂਡ ਸਮੇਤ ਕਈ ਥਾਵਾਂ 'ਤੇ ਚੈਕਿੰਗ ਕੀਤੀ ਗਈ। ਡੀ.ਐੱਸ.ਪੀ. ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਗਣਤੰਤਰ ਦਿਵਸ ਦੇ ਮੱਦੇਨਜਰ ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਤੇ ਲੋਕਾਂ ਨੂੰ ਸੁਰੱਖਿਅ ਦਾ ਅਹਿਸਾਸ ਕਰਵਾਉਣ ਦੇ ਮਕਸਦ ਨਾਲ ਫਲੈਗ ਮਾਰਚ ਕੀਤਾ ਗਿਆ। ਉਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਚੇਤਾਵਨੀ ਦਿੰਦਿਆ ਕਿਹਾ ਕਿ ਪੁਲਿਸ ਹਰ ਵੇਲੇ ਮੁਸਤੈਦ ਹੈ ਤੇ ਕਿਸੇ ਨੂੰ ਵੀ ਅਮਨ ਕਾਨੂੰਨ ਭੰਗ ਕਰਨ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ।

# ਭਾਰਤੀ ਜਨਤਾ ਪਾਰਟੀ ਸਰਕਲ ਦੀ ਨਵੀਂ ਕਾਰਜਕਰਨੀ ਦਾ ਐਲਾਨ

ਬਰੇਟਾ, 24 ਜਨਵਰੀ (ਨਰਿੰਦਰ ਬਾਂਸਲ, ਵਿਨੋਦ ਸਿੰਗਲਾ): ਭਾਜਪਾ ਸਰਕਲ ਬਰੇਟਾ ਦੀ ਮੀਟਿੰਗ ਸਥਾਨਕ ਦੁਰਗਾ ਮੰਦਰ ਧਰਮਸ਼ਾਲਾ ਵਿਖੇ ਕੀਤੀ ਗਈ ਜਿਸਦੀ ਪ੍ਰਧਾਨਗੀ ਪ੍ਰਧਾਨ ਰਾਜ ਕੁਮਾਰ ਬਾਂਸਲ ਵੱਲੋਂ ਕੀਤੀ ਗਈ।ਮੀਟਿੰਗ ਵਿੱਚ ਵਿੱਚ ਵਿਸ਼ੇਸ਼ ਤੌਰ ਜਿਲਾ ਪ੍ਰਧਾਨ ਗੋਮਾ ਰਾਮ, ਜਨਰਲ ਸਕੱਤਰ ਗਗਨਦੀਪ ਸ਼ਰਮਾਂ ਤੇ ਹਲਕਾ ਇੰਚਾਰਜ ਸੂਬੇਦਾਰ ਭੋਲਾ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।ਇਸ ਮੌਕੇ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਵੱਲੋਂ ਲੋਕ ਭਲਾਈ ਦੀਆਂ ਅਨੇਕਾਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਜਿਹਨਾਂ ਦਾ ਲਾਭ ਪੰਜਾਬ ਦੇ ਲੱਖਾਂ ਲੋਕ ਲੈ ਰਹੇ ਹਨ ਜਿਸਨੂੰ ਦੇਖਦੇ ਹੋਏ ਹਰ ਰੋਜ ਲੋਕ ਪਾਰਟੀ ਨਾਲ ਜੁੜ ਰਹੇ ਹਨ।ਇਸ ਮੌਕੇ ਸਰਕਲ ਬਰੇਟਾ ਦੀ ਨਵੀ ਕਾਰਜਕਰਨੀ ਦਾ ਐਲਾਨ ਪ੍ਰਧਾਨ ਰਾਜ ਕੁਮਾਰ ਬਾਂਸਲ ਵੱਲੋਂ ਕੀਤਾ ਗਿਆ ਜਿਸ ਵਿੱਚ ਯੂਵਾ ਮੋਰਚਾ ਦੀ ਜੁੰਮੇਵਾਰੀ ਪ੍ਰਸ਼ਾਤ ਸਿੰਗਲਾ ਨੂੰ ਦਿੱਤੀ ਗਈ ਇਸ ਤੋਂ ਇਲਾਵਾ ਪੁਨੀਤ ਮਿੱਤਲ, ਹਰੀਸ਼ ਕੁਮਾਰ, ਤਾਰਾ ਸਿੰਘ, ਗੀਤਾ ਰਾਣੀ, ਅਸ਼ੋਕ ਕੁਮਾਰ ਕਾਲੀ ਤੇ ਅਜੇ ਕੁਮਾਰ ਨੂੰ ਉਪ ਪ੍ਰਧਾਨ, ਨਰਿੰਦਰ ਕੁਮਾਰ ਤੇ ਡਿੰਪਲ ਸ਼ਰਮਾਂ ਨੂੰ ਜਨਰਲ ਸਕੱਤਰ, ਧਰਮਵੀਰ ਸ਼ਰਮਾਂ, ਗੋਬਿੰਦ ਸ਼ਰਮਾਂ, ਬਲਵੀਰ ਸਿੰਘ, ਵਕੀਲ ਸਿੰਘ, ਬਿੱਕਰ ਰਾਮ ਤੇ ਕੇਵਲ ਕੁਮਾਰ ਨੂੰ ਸਕੱਤਰ, ਅਮਿੱਤ ਜਿੰਦਲ ਨੂੰ ਖਜਾਨਚੀ, ਮਹਿਲਾ ਮੋਰਚਾ ਆਸ਼ਾ ਰਾਣੀ, ਕਿਸਾਨ ਮੋਰਚਾ ਸਾਗਰ ਸਿੰਘ, ਓ ਬੀ ਸੀ ਮੋਰਚਾ ਮੋਹਿਤ ਜਾਗੜਾਂ, ਮਨਪ੍ਰੀਤ ਸ਼ਰਮਾਂ ਆਈ ਟੀ ਵਿੰਗ ਤੇ ਪ੍ਰਸ਼ੋਤਮ ਸਿੰਘ ਖੁਡਾਲ ਨੂੰ ਐਸ ਸੀ ਮੋਰਚਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ 12 ਮੈਂਬਰੀ ਕੋਰ ਕਮੇਟੀ ਦਾ ਐਲਾਨ ਵੀ ਕੀਤਾ ਗਿਆ।ਇਸ ਮੌਕੇ ਸੀਨੀਅਰ ਆਗੂ ਸੂਰਜ ਪ੍ਰਕਾਸ਼, ਅਸ਼ੋਕ ਕੁਮਾਰ ਗੋਰਾ, ਜਿਲਾ ਉਪ ਪ੍ਰਧਾਨ ਰਾਮ ਚੰਦਰ, ਕੁਲਦੀਪ ਸਿੰਘ ਬੱਪੀਆਣਾ, ਓਮ ਲਾਲ ਬਾਲਮੀਕੀ, ਪ੍ਰੇਮ ਬਖਸ਼ੀਵਾਲਾ ਹਾਜਰ ਸਨ।



# ਮੈਂਬਰ ਪੰਚਾਇਤ ਸ਼ਮਸੇਰ ਸਿੰਘ ਠਸਕਾ ਨਮਿਤ ਸ਼ਰਧਾਂਜਲੀ ਸਮਾਰੋਹ



ਖਨੌਰੀ, 23 ਜਨਵਰੀ (ਓਮਪ੍ਰਕਾਸ਼ ਮੁਆਲ): ਨਜ਼ਦੀਕੀ ਪਿੰਡ ਠਸਕਾ ਵਿੱਚ ਪੰਚਾਇਤ ਮੈਂਬਰ ਸ਼ਮਸੇਰ ਸਿੰਘ ਨਮਿਤ ਸ਼ਰਧਾਂਜਲੀ ਸਮਾਰੋਹ ਹੋਇਆ। ਉਹ ਬੀਤੀ 16 ਜਨਵਰੀ ਨੂੰ ਹਾਰਟ ਅਟੈਕ ਹੋਣ ਕਾਰਨ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਇਸ ਮੌਕੇ ਗੁਰਦੁਆਰਾ ਸਾਹਿਬ ਠਸਕਾ ਦੇ ਹੈੱਡ ਗ੍ਰੰਥੀ ਬਾਬਾ ਚਮਕੌਰ ਸਿੰਘ ਜੀ ਨਾਲ ਮਨਪ੍ਰੀਤ ਸਿੰਘ ਸ਼ੈਲੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਚੋਂ ਸ੍ਰੀ ਸੁੱਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਉਂਦਿਆਂ ਸਰਬੱਤ ਦੇ ਭੱਲੇ ਲਈ ਅਰਦਾਸ ਹੋਈ। ਜਿਸ ਵਿੱਚ ਪਹੁੰਚ ਕੇ ਪਿੰਡ ਵਾਸੀਆਂ ਨਾਲ ਰਿਸ਼ਤੇਦਾਰਾਂ ਅਤੇ ਇਲਾਕਾ ਨਿਵਾਸੀਆਂ ਨੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਹੋਈ ਅਰਦਾਸ ਦੌਰਾਨ ਹਾਜ਼ਰੀ ਲਗਵਾਈ। ਇਸ ਮੌਕੇ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ, ਸ਼ਮਸੇਰ ਸਿੰਘ ਜੀ ਧਾਰਮਿਕ ਬਿਰਤੀ ਵਾਲੇ ਮਹਾਨ ਸ਼ਖ਼ਸੀਅਤ ਹਨ। ਜਿਨ੍ਹਾਂ ਨੇ ਭਾਰੀ ਬਹੁਮਤ ਨਾਲ ਮੈਂਬਰੀ ਦੀ ਚੋਣ ਜਿੱਤੀ ਸੀ। ਮਿਹਨਤ ਮਜ਼ਦੂਰੀ ਕਰਦਿਆਂ ਉਨ੍ਹਾਂ ਨੇ ਪਰਿਵਾਰ ਦਾ ਪਾਲਣ ਪੋਸ਼ਣ ਕੀਤਾ। ਇਸ ਮੌਕੇ ਉਨ੍ਹਾਂ ਦੇ ਵੱਡੇ ਭਰਾ ਮਨੋਹਰ ਸਿੰਘ ਨਾਲ ਉਨ੍ਹਾਂ ਦੇ ਪੁੱਤਰ ਵਿੱਕੀ, ਜੋਨੀ ਤੇ ਰੋਹਿਤ ਨੇ ਦੱਸਿਆ ਕਿ ਆਤਮਿਕ ਸ਼ਾਂਤੀ ਲਈ ਹੋਈ ਅਰਦਾਸ ਵਿੱਚ ਇਲਾਕਾ ਨਿਵਾਸੀਆਂ ਨਾਲ ਰਿਸ਼ਤੇਦਾਰਾਂ ਤੇ ਪਰਿਵਾਰਕ ਮੈਂਬਰਾਂ ਨੇ ਹਿੱਸਾ ਲਿਆ। ਇਸ ਮੌਕੇ ਪਰਿਵਾਰਕ ਮੈਂਬਰਾਂ ਨਾਲ ਬਸਪਾ ਆਗੂ ਗਿਆਨ ਸਿੰਘ ਲੁਧਿਆਣਾ, ਰਿਟਾ. ਪ੍ਰਿੰਸੀਪਲ ਚੰਦਰਭਾਨ ਰਿਟਾ. ਅਧਿਆਪਕ ਜ਼ਿਲੇ ਸਿੰਘ, ਰਿਟਾ. ਅਧਿਆਪਕ ਨੌਰੰਗ ਲਾਲ, ਐਮ.ਸੀ. ਠੇਕੇਦਾਰ ਮਹਾਂਵੀਰ ਸਿੰਘ ਖਨੌਰੀ, ਸਟੈਸਨ ਮਾਸਟਰ ਇੰਦਰ ਸਿੰਘ, ਬਸਪਾ ਹਲਕਾ ਇੰਚਾਰਜ ਇੰਜ. ਅਮਨ ਬੋਧ, ਬਸਪਾ ਹਲਕਾ ਪ੍ਰਧਾਨ ਰਾਜਕੁਮਾਰ, ਬਸਪਾ ਆਗੂ ਗੁਲਾਬ ਛਾਡੀਆ, ਕ੍ਰਿਸ਼ਨ ਜੱਸਲ ਬੋਪੁਰ, ਨਿਤੇਸ਼ ਨੈਨ ਭੁੱਲਣ, ਸਮਾਜ ਸੇਵਕ ਮਹਾਂਵੀਰ ਭੁੱਲਣ, ਕ੍ਰਿਸ਼ਨ ਅਨਦਾਨਾ ਆਦਿ ਹਾਜ਼ਰ ਸਨ।

# ਅਣ ਏਡਿਡ ਅਧਿਆਪਕਾਂ ਵੱਲੋਂ ਗਣਤੰਤਰ ਦਿਵਸ ਮੌਕੇ ਰੋਸ ਪ੍ਰਦਰਸ਼ਨ ਦਾ ਐਲਾਨ

ਧੂਰੀ, 24 ਜਨਵਰੀ (ਰਾਜੇਸ਼ਵਰ ਪਿੰਟੂ): ਅਣਏਡਿਡ ਅਧਿਆਪਕ ਫਰੰਟ ਪੰਜਾਬ ਦੀ ਹੰਗਾਮੀ ਮੀਟਿੰਗ ਪਾਰਕ ਵਿਖੇ ਹੋਈ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆ ਫਰੰਟ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਜਹਾਂਗੀਰ ਨੇ ਦੱਸਿਆ ਕਿ ਮੀਟਿੰਗ ਵਿਚ ਅਣ ਏਡਿਡ ਅਧਿਆਪਕ ਫਰੰਟ ਵਲੋਂ ਹੁਣ ਤੱਕ ਆਪਣੇ ਹੱਕਾਂ ਲਈ ਕੀਤੇ ਗਏ ਸੰਘਰਸ਼ ਅਤੇ ਪੰਜਾਬ ਸਰਕਾਰ ਵਲੋਂ ਲਗਾਤਾਰ ਇਸਨੂੰ ਅਣਗੌਲਿਆਂ ਕੀਤੇ ਜਾਣ ਤੇ ਰੋਸ ਪ੍ਰਗਟ ਕੀਤਾ ਗਿਆ। ਉਨ੍ਹਾ ਕਿਹਾ ਕਿ ਭਾਵੇਂ ਹੁਣ ਤੱਕ ਸਰਕਾਰ ਨਾਲ ਸਾਡੀਆਂ ਕਈ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਇਸਦਾ ਨਤੀਜਾ ਸਿਫ਼ਰ ਰਿਹਾ ਹੈ ਅਤੇ ਵਾਰ ਵਾਰ ਮੀਟਿੰਗਾਂ 'ਚ ਭਰੋਸਾ ਦੇਣ ਦੇ ਬਾਵਜੂਦ ਵੀ ਅਣ ਏਡਿਡ ਅਧਿਆਪਕਾਂ ਦੇ ਤੌਰ ਤੇ ਨਿਗੂਣੀਆਂ ਤਨਖਾਹਾਂ ਤੇ ਸੇਵਾ ਨਿਭਾ ਰਹੇ ਅਧਿਆਪਕਾਂ ਪ੍ਰਤੀ ਸਰਕਾਰ ਨੇ ਕੋਈ ਵੀ ਸਕਾਰਾਤਮਕ ਫੈਸਲਾ ਕਰਨ ਦੀ ਬਜਾਏ ਲਾਰਿਆਂ ਨਾਲ ਹੀ ਸਮਾਂ ਅਤੇ ਅਧਿਆਪਕਾਂ ਦੀ ਜ਼ਿੰਦਗੀ ਬਰਬਾਦ ਕਰਨ ਦੀ ਨੀਤੀ ਅਪਣਾਈ ਹੋਈ ਹੈ। ਮੀਟਿੰਗ ਦੌਰਾਨ ਜਿਲ੍ਹਾ ਪ੍ਰਧਾਨਾਂ ਦੀ ਮੌਜੂਦਗੀ ਵਿਚ ਫੈਸਲਾ ਕੀਤਾ ਗਿਆ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਤੇ ਪੂਰੇ ਪੰਜਾਬ ਵਿਚ ਸਰਕਾਰ ਦੇ ਖਿਲਾਫ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ ਤੇ ਰੋਸ ਪ੍ਰਦਰਸ਼ਨ ਕਰਕੇ ਸਰਕਾਰ ਦੀਆਂ ਕੰਮ ਟਪਾਊ ਨੀਤੀਆਂ ਦੀ ਮੀਡੀਆ ਤੇ ਆਮ ਜਨਤਾ ਸਾਹਮਣੇ ਪੋਲ ਖੋਲੀ ਜਾਵੇਗੀ।



# ਪੱਤਰਕਾਰ ਹਰਜੀਤ ਸਿੰਘ ਗਿੱਲ ਨੂੰ ਸਦਮਾ, ਮਾਤਾ ਦੇ ਦੇਹਾਂਤ

ਭਗਤਾ ਭਾਈ ਕਾ, 24 ਜਨਵਰੀ (ਸਵਰਨ ਸਿੰਘ ਭਗਤਾ): ਪ੍ਰੈੱਸ ਕਲੱਬ ਭਗਤਾ ਭਾਈਕਾ ਦੀ ਅਨੁਸ਼ਾਸਨੀ ਕਮੇਟੀ ਦੇ ਮੈਂਬਰ ਤੇ ਪੱਤਰਕਾਰ ਹਰਜੀਤ ਸਿੰਘ ਗਿੱਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਜਸਵੀਰ ਕੌਰ (ਉਮਰ 65 ਸਾਲ) ਦਾ ਅਚਾਨਕ ਦਿਹਾਂਤ ਹੋ ਗਿਆ।



ਉਨ੍ਹਾਂ ਦਾ ਅੰਤਿਮ ਸਸਕਾਰ ਪਿੰਡ ਢਿਲਵਾਂ ਵਾਲਾ ਦੇ ਸਮਸਾਨਘਾਟ ਵਿਖੇ ਨਮ ਅੱਖਾਂ ਨਾਲ ਕੀਤਾ ਗਿਆ। ਇਸ ਦੁੱਖ ਦੀ ਘੜੀ ਵਿੱਚ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਸੁਖਨੈਬ ਸਿੰਘ ਸਿੱਧੂ, ਪ੍ਰੈੱਸ ਕਲੱਬ ਭਗਤਾ ਭਾਈ ਦੇ ਪ੍ਰਧਾਨ ਸੁਖਪਾਲ ਸਿੰਘ ਸੋਨੀ, ਵੀਰਪਾਲ ਭਗਤਾ, ਪ੍ਰਵੀਨ ਕੁਮਾਰ ਗਰਗ, ਸਵਰਨ ਸਿੰਘ ਭਗਤਾ,ਸੁਖਚੈਨ ਸਿੰਘ ਚੈਨਾ, ਬਿੰਦਰ ਜਲਾਲ, ਰਜਿੰਦਰ ਪਾਲ ਸ਼ਰਮਾ, ਸਿਕੰਦਰ ਸਿੰਘ ਜੰਡੂ, ਸਿਕੰਦਰ ਸਿੰਘ ਬਰਾੜ, ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ, ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਜਥੇਦਾਰ ਫੁੰਮਣ ਸਿੰਘ, ਬਲਵਿੰਦਰ ਸਿੰਘ ਢਾਡੀ, ਮੋਦਨ ਸਿੰਘ ਗੁਰਸਰ, ਜੀ.ਐਸ. ਢਿੱਲੋਂ, ਸੁਖਮੰਦਰ ਸਿੰਘ (ਜ਼ਿਲ੍ਹਾ ਪ੍ਰਧਾਨ ਲੱਖੋਵਾਲ), ਰਣਜੀਤ ਸਿੰਘ ਗੁੰਮਟੀ, ਮੇਜਰ ਸਿੰਘ ਭੋਡੀਪੁਰਾ, ਬਲਰਾਜ ਸਿੰਘ ਕਿੰਗਰਾ ਅਤੇ ਡਾ. ਨੈਬ ਸਿੰਘ ਜਲਾਲ ਆਦਿ ਨੇ ਕਿਹਾ ਕਿ ਮਾਤਾ ਜੀ ਦੇ ਇਸ ਸੰਸਾਰ ਤੋਂ ਚਲੇ ਜਾਣ ਨਾਲ ਗਿੱਲ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ।ਉਨ੍ਹਾਂ ਨੇ ਇਸ ਦੁੱਖ ਦੀ ਘੜੀ 'ਚ ਪੱਤਰਕਾਰ ਹਰਜੀਤ ਸਿੰਘ ਗਿੱਲ ਤੇ ਗਿੱਲ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਵਾਹਿਗੁਰੂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਨਾਲ ਸਿੱਖ ਕੌਮ ਵਿੱਚ ਭਾਰੀ ਰੋਸ : ਚੇਅਰਮੈਨ ਕੜੈਲ



ਲਹਿਰਾਗਾਗਾ, 24 ਜਨਵਰੀ (ਗੁਰਦੀਪ ਸਿੰਘ): ਪਿਛਲੇ ਦਿਨੀਂ ਅਦਾਲਤ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਅਹਿਮ ਦੋਸ਼ੀ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਨਾਲ ਸਿੱਖ ਕੌਮ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਨਿਰਮਲ ਸਿੰਘ ਕੜੈਲ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਮੂਣਕ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ, ਉਹਨਾਂ ਕਿਹਾ ਕਿ 1984 ਦੌਰਾਨ ਨਿਰਦੋਸ਼ ਸਿੱਖਾਂ ਨਾਲ ਹੋਏ ਅਨਿਆਏ ਨੂੰ ਅਜੇ ਤੱਕ ਪੂਰਾ ਇਨਸਾਫ ਨਹੀਂ ਸੀ ਮਿਲਿਆ ਅਤੇ ਹੁਣ ਸੱਜਣ ਕੁਮਾਰ ਵਰਗੇ ਦੋਸ਼ੀਆਂ ਦਾ ਬਰੀ ਹੋਣਾਂ ਪੀੜਤ ਪਰਿਵਾਰਾਂ ਦੇ ਜਖਮਾਂ ਤੇ ਲੂਣ ਭੁੱਕਣ ਦਾ ਕੰਮ ਕਰੇਗਾ, ਉਹਨਾਂ ਕਿਹਾ ਕਿ ਇਸ ਫੈਸਲੇ ਨਾਲ ਪੂਰੀ ਸਿੱਖ ਕੌਮ ਹੀ ਨਹੀਂ ਸਗੋਂ ਹਰ ਇਨਸਾਫ ਪਸੰਦ ਅਤੇ ਹਰ ਸੂਝਵਾਨ ਵਿਆਕਤੀ ਗਹਿਰੇ ਸਦਮੇ ਵਿੱਚ ਹੈ, ਚੇਅਰਮੈਨ ਕੜੈਲ ਨੇ ਸਰਕਾਰ ਅਤੇ ਨਿਆ ਪ੍ਰਣਾਲੀ ਨੂੰ ਅਪੀਲ ਕਰਦੇ ਹੋਏ ਕਿਹਾ ਕਿ 1984 ਦੇ ਮਾਮਲਿਆਂ ਦੀ ਨਿਰਪੱਖ ਤੇ ਤੇਜ਼ੀ ਨਾਲ ਮੁੜ ਸਮੀਖਿਆ ਕਰਕੇ ਦੋਸ਼ੀਆਂ ਨੂੰ ਕਟਹਿਰੇ ਵਿੱਚ ਲਿਆਕੇ ਉਨ੍ਹਾਂ ਨੂੰ ਜੇਲਾਂ ਦੀਆਂ ਸਲਾਖਾਂ ਪਿੱਛੇ ਸੁੱਟਿਆ ਜਾਵੇ, ਉਹਨਾਂ ਜ਼ੋਰ ਦੇ ਕੇ ਕਿਹਾ ਕਿ ਲਗਭਗ ਚਾਲੀ ਸਾਲਾਂ ਤੋਂ 1984 ਦੇ ਕਤਲੇਆਮ ਦੇ ਪੀੜਤ ਲੋਕ ਇਨਸਾਫ ਦੀ ਉਡੀਕ ਕਰ ਰਹੇ ਹਨ, ਉਹਨਾਂ ਕਿਹਾ ਕਿ ਇਹੋ ਜਿਹੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਸਹੀ ਇਨਸਾਫ ਮਿਲਣ ਨਾਲ ਪੀੜਤ ਵਿਅਕਤੀਆਂ ਦਾ ਸਮਾਜ ਵਿੱਚ ਭਰੋਸਾ ਤੇ ਸ਼ਾਂਤੀ ਕਾਇਮ ਰਹਿ ਸਕੇ।

## ਰਾਸ਼ਟਰੀ ਵੋਟਰ ਦਿਵਸ ਮੌਕੇ ਹਰ ਵੋਟਰ ਨੂੰ ਆਪਣੇ ਵੋਟ ਦਾ ਵਰਤੋਂ ਕਰਨ ਲਈ ਕੀਤਾ ਜਾਗਰੂਕ



ਬਰਨਾਲਾ, 24 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : 25 ਜਨਵਰੀ 2011 ਤੋਂ ਭਾਰਤ ਅੰਦਰ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾ ਰਿਹਾ ਹੈ। ਲੋਕਾਂ ਨੂੰ ਵੋਟ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਲਈ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਹਰ ਵੋਟਰ ਲਈ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਜ਼ਰੂਰੀ ਹੈ।ਇਸ ਮੌਕੇ ਬੋਲਦਿਆਂ ਸਮਾਜ ਸੇਵੀ ਨੀਰਜ ਬਾਲਾ ਦਾਨੀਆ ਨੇ ਕਿਹਾ ਕਿ ਹਰ ਵੋਟਰ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨਾਂ ਵਿੱਚ ਕਿਹਾ ਕਿ ਸੰਸਾਰ ਦੇ ਲੋਕਤੰਤਰੀ ਦੇਸ਼ਾਂ ਵੋਟ ਚ ਵੋਟਰ ਪੂਰੇ ਉਤਸ਼ਾਹ ਨਾਲ ਭਾਗ ਲੈਂਦੇ ਹਨ ਪਰੰਤੂ ਭਾਰਤ ਅੰਦਰ ਵੋਟਰ, ਵੋਟ ਪਾਉਣ ਸਮੇਂ ਐਨੀ ਪ੍ਰਤੀਬਧਤਾ ਨਹੀਂ ਦਿਖਾਉਂਦੇ ਜਿੰਨੀ ਪ੍ਰਤੀਬੱਧਤਾ ਲੋਕਤੰਤਰ ਚ ਜ਼ਰੂਰੀ ਹੈ।ਸਮਾਜ ਸੇਵੀ ਸੋਮਾ ਭੰਡਾਰੀ ਨੇ ਕਿਹਾ ਕਿ ਪਿਛਲੀਆਂ ਲੋਕ ਸਭਾ ਕਿ ਦੀਆਂ ਹੋਈਆਂ ਚੋਣਾਂ ’ਚ ਔਸਤਨ ਲੱਗਭੱਗ 40 ਪ੍ਰਤੀਸ਼ਤ ਵੋਟਰਾਂ ਨੇ ਆਪਣੇ ਵੋਟ ਦਾ ਇਸਤੇਮਾਲ ਨਹੀਂ ਕੀਤਾ। ਵੋਟ ਦਾ ਅਧਿਕਾਰ ਹਰ ਨਾਗਰਿਕ ਦਾ ਕਾਨੂੰਨੀ ਅਤੇ ਮਨੁੱਖੀ ਅਧਿਕਾਰ ਹੈ। ਹਰ ਵੋਟਰ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੇ ਵੋਟ ਦਾ ਇਸਤੇਮਾਲ ਜ਼ਰੂਰ ਕਰੇ।ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਬਬੀਤਾ ਜਿੰਦਲ ਨੇ ਕਿਹਾ ਕਿ ਜੇਕਰ ਰਾਸ਼ਟਰ ਮਜ਼ਬੂਤ ਹੈ ਤਾਂ ਸਮਾਜ ਵੀ ਮਜ਼ਬੂਤ ਹੈ। ਉਨ੍ਹਾਂ ਕਿਹਾ ਕਿ 2024 ਦੀਆਂ ਹੋਈਆਂ ਚੋਣਾਂ ’ਚ 90 ਕਰੋੜ ਤੋਂ ਵੱਧ ਵੋਟਰਾਂ ’ਚੋਂ ਲੱਗਭੱਗ 40 ਪ੍ਰਤੀਸ਼ਤ ਵੋਟਰਾਂ ਨੇ ਆਪਣੇ ਵੋਟ ਦਾ ਇਸਤੇਮਾਲ ਨਹੀਂ ਕੀਤਾ ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸ ਦੌਰਾਨ ਆਪਣੀ ਰਾਇ ਦਾ ਪ੍ਰਗਟਾਵਾ ਕਰਦਿਆਂ ਕੰਪਿਊਟਰ ਫੈਕਲਟੀ ਮੋਨਿਕਾ ਗਰਗ ਨੇ ਕਿਹਾ ਕਿ ਇਹ ਬੜਾ ਦੁੱਖਦਾਈ ਰੁਝਾਨ ਹੈ ਕਿ 35 ਤੋਂ 40 ਪ੍ਰਤੀਸ਼ਤ ਵੋਟਰ ਅਜਿਹੇ ਹਨ ਜਿਹੜੇ ਆਪਣੇ ਵੋਟ ਦੇ ਮਹੱਤਵ ਨੂੰ ਨਹੀਂ ਜਾਣਦੇ ਅਤੇ ਉਹ ਵੋਟਾਂ ਪਾਉਣ ਨਹੀਂ ਜਾਂਦੇ। ਹਰ ਵੋਟਰ ਨੂੰ ਰਾਸ਼ਟਰ ਦੀ ਮਜ਼ਬੂਤੀ ਲਈ ਵੋਟ ਦਾ ਸਹੀ ਇਸਤੇਮਾਲ ਜ਼ਰੂਰ ਕਰਨਾ ਚਾਹੀਦਾ ਹੈ। ਵਾਤਾਵਰਣ ਪ੍ਰੇਮੀ ਸਪਨਾ ਗਰਗ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਵੋਟਾਂ ਸਮੇਂ ਕੁੱਝ ਰਾਜਨੇਤਾ ਵੋਟਰਾਂ ਨੂੰ ਪੈਸੇ ਦਾ ਜਾਂ ਨਸ਼ਿਆਂ ਦਾ ਲਾਲਚ ਦਾ ਲਾਲਚ ਦੇ ਕੇ ਵੋਟਾਂ ਖਰੀਦਣ ਦੀ ਕੋਸ਼ਿਸ਼ ਕਰਦੇ ਹਨ ਤਾਂ ਵੋਟਰਾਂ ਨੂੰ ਅਜਿਹੇ ਲੀਡਰਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਵੋਟਰਾਂ ਨੂੰ ਚਾਹੀਦਾ ਹੈ ਕਿ ਕਿਸੇ ਵੀ ਲਾਲਚ ਜਾਂ ਡਰ ’ਚ ਆ ਕੇ ਆਪਣੀ ਵੋਟ ਨਾ ਪਾਉਣ ਸਗੋਂ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਆਪਣੇ ਭਵਿੱਖ ਤੇ ਰਾਸ਼ਟਰ ਦੀ ਮਜ਼ਬੂਤੀ ਲਈ ਵੋਟ ਪਾ ਕੇ ਆਪਣੇ ਮਨ ਪਸੰਦ ਦਾ ਉਮੀਦਵਾਰ ਚੁਣਨਾ ਚਾਹੀਦਾ ਹੈ। ਵਾਤਾਵਰਣ ਪ੍ਰੇਮੀ ਜੋਤੀ ਸ਼ਰਮਾ ਬਰਨਾਲਾ ਨੇ ਆਪਣੀ ਰਾਇ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਨੇ ਹਰ ਇੱਕ ਨਾਗਰਿਕ ਨੂੰ ਇੱਕ ਸਮਾਨ ਵੋਟ ਪਾਉਣ ਦਾ ਅਧਿਕਾਰ ਦਿੱਤਾ ਹੈ। । ਇਸ ਲਈ ਲੋਕਤੰਤਰ ਦੀ ਮਜ਼ਬੂਤੀ ਲਈ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਵੋਟਰਾਂ ਨੂੰ ਬਿਨਾਂ ਕਿਸੇ ਲਾਲਚ ਦੇ ਵੋਟ ਪਾਉਣੀ ਚਾਹੀਦੀ ਹੈ । ਸੂਝਵਾਨ ਵੋਟਰਾਂ ਦਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਉਹ ਆਪਣੇ ਵੋਟ ਦਾ ਸਹੀ ਇਸਤੇਮਾਲ ਕਰਨ।

## ਡੀ.ਸੀ. ਵੱਲੋਂ ਸਟਾਫ਼ ਨਾਲ ਪਲੇਠੀ ਬੈਠਕ

### ਚਲਦੇ ਕੰਮਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਦੇ ਨਿਰਦੇਸ਼




ਬਰਨਾਲਾ, 24 ਜਨਵਰੀ (ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ ਬਰਨਾਲਾ ਹਰਪ੍ਰੀਤ ਸਿੰਘ ਨੇ ਅੱਜ ਸਮੂਹ ਵਿਭਾਗਾਂ ਦੇ ਮੁਖੀਆਂ ਅਤੇ ਕਰਮਚਾਰੀਆਂ ਨਾਲ ਪਲੇਠੀ ਬੈਠਕ ਦੌਰਾਨ ਸਾਰੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਵਿਭਾਗਾਂ ਵੱਲੋਂ ਕਰਵਾਏ ਜਾ ਰਹੇ ਵੱਖ ਵੱਖ ਕੰਮਾਂ ਦੀ ਸਮੀਖਿਆ ਕੀਤੀ ਅਤੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੇ ਵੇਰਵੇ ਲਏ। ਡਿਪਟੀ ਕਮਿਸ਼ਨਰ ਨੇ ਪੁਲਿਸ, ਸਿੱਖਿਆ, ਸਿਹਤ, ਨਗਰ ਨਿਗਮ, ਵਾਟਰ ਸਪਲਾਈ ਅਤੇ ਸੈਨੀਟੇਸ਼ਨ, ਲੋਕ ਨਿਰਮਾਣ ਵਿਭਾਗ, ਰੈਡ ਕਰਾਸ, ਪੇਂਡੂ ਵਿਕਾਸ ਅਤੇ ਪੰਚਾਇਤ, ਨਹਿਰੀ, ਪਾਵਰਕਾਮ ਅਤੇ ਹੋਰਨਾਂ ਵਿਭਾਗਾਂ ਦੇ ਕੰਮਾਂ ਦੀ ਸਮੀਖਿਆ ਕੀਤੀ। ਉਨ੍ਹਾਂ ਕਿਹਾ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਾਰੇ ਕੰਮ ਸਰਕਾਰੀ ਮਾਪਦੰਡਾਂ ਅਨੁਸਾਰ ਅਤੇ ਮਿਆਰੀ ਰੂਪ ਵਿਚ ਮੁਕੰਮਲ ਕੀਤੇ ਜਾਣ। ਨਾਲ ਹੀ ਉਨ੍ਹਾਂ ਹਦਾਇਤ ਕੀਤੀ ਕਿ ਲੋਕਾਂ ਦੇ ਕੰਮ ਪਹਿਲ ਦੇ ਆਧਾਰ ’ਤੇ ਕੀਤੇ ਜਾਣ। ਇਸ ਮੌਕੇ ਐੱਸ ਐੱਸ ਪੀ ਸਰਫ਼ਰਾਜ਼ ਆਲਮ, ਵਧੀਕ ਡਿਪਟੀ ਕਮਿਸ਼ਨਰ (ਜ) ਅਮਿਤ ਬੈਬੀ, ਉੱਪ ਮੰਡਲ ਮਜਿਸਟ੍ਰੇਟ ਬਰਨਾਲਾ ਡਾ.ਅਜੀਤਪਾਲ ਸਿੰਘ, ਉੱਪ ਮੰਡਲ ਮਜਿਸਟ੍ਰੇਟ ਤਪਾ ਆਯੁਸ਼ ਗੋਇਲ, ਉੱਪ ਮੰਡਲ ਮਜਿਸਟ੍ਰੇਟ ਮਹਿਲ ਕਲਾਂ ਬੇਅੰਤ ਸਿੰਘ ਅਤੇ ਹੋਰ ਅਫ਼ਸਰ ਹਾਜ਼ਰ ਸਨ।

## ਗੁਰਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਦੇ ਮੁਖੀ ਵੱਲੋਂ ਪਰਚਾ ਰੱਦ ਕਰਵਾਉਣ ਲਈ ਸੜਕ ਜਾਮ

ਧਨੌਲਾ, 24 ਜਨਵਰੀ (ਚਮਕੌਰ ਸਿੰਘ ਗੱਗੀ): ਗੁਰਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਦੇ ਪ੍ਰਬੰਧਕਾਂ ਅਤੇ ਆਪਸੀ ਪਰਿਵਾਰਾਂ ਵਿਚਲੇ ਚੱਲ ਰਹੇ ਜ਼ਮੀਨੀ ਵਿਵਾਦ ਹੁਣ ਰੁਕਣ ਦਾ ਨਾਮ ਨਹੀਂ ਲੈ ਰਿਹਾ, ਤੇ ਇਕ ਦੂਜੇ ਖ਼ਿਲਾਫ਼ ਪਰਚਾ ਦਰਜ ਕਰਵਾਉਣ ਦੀ ਲੜੀ ਚੱਲ ਰਹੀ ਹੈ, ਜਿਸ ਤਹਿਤ ਪਿਛਲੇ ਦਿਨੀਂ ਗੁਰਨਾਮ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਗੁਰਦੁਆਰਾ ਮੁਖੀ ਦੇ ਸ਼ਰਧਾਲੂਆਂ ਅਤੇ ਸਮਰੱਥਕਾਂ ਖਿਲਾਫ਼ ਦਰਜ ਹੋਏ ਮੁੱਕਦਮੇ ਵਿੱਚ ਤਿੰਨ ਵਿਅਕਤੀਆਂ ਦੀ ਗਿਰਫਤਾਰੀ ਤੋਂ ਬਾਅਦ ਰੋਸ ਵਜੋਂ ਗਿਰਫਤਾਰੀ ਨੂੰ ਨਜਾਇਜ਼ ਦੱਸਦਿਆਂ ਬਾਬਾ ਅਜੇ ਨੇ ਨਿਹਾਲ ਨੇ ਆਪਣੇ ਸਮੱਰਥਕਾਂ ਨਾਲ ਧਨੌਲਾ ਸੰਗਰੂਰ ਰੋਡ ਜਾਮ ਕਰ ਦਿੱਤਾ, ਅਤੇ ਸਰਕਾਰ ਖ਼ਿਲਾਫ਼ ਜਮ ਕੇ ਨਾਅਰੇਬਾਜੀ ਕੀਤੀ। ਜਾਣਕਾਰੀ ਅਨੁਸਾਰ ਗੁਰਨਾਮ ਸਿੰਘ ਵੱਲੋਂ ਬੀਤੀ 17 ਜਨਵਰੀ 2026 ਨੂੰ ਪੁਲਿਸ ਥਾਣਾ ਧਨੌਲਾ ਵਿਖੇ ਇੱਕ ਲਿਖਤੀ ਸ਼ਿਕਾਇਤ ਦਰਜ ਕਰਵਾਈ ਗਈ ਸੀ, ਜਿਸ ਵਿੱਚ ਉਨ੍ਹਾਂ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਵੱਲੋਂ ਉਨ੍ਹਾਂ ਦੇ ਘਰ ਵਿੱਚ ਦਾਖ਼ਲ ਹੋ ਕੇ ਸੀਸੀਟੀਵੀ ਕੈਮਰੇ ਤੋੜ ਦਿੱਤੇ ਗਏ ਅਤੇ ਕੈਮਰਿਆਂ ਦਾ ਡੀਵੀਆਰ ਵੀ ਨਾਲ ਲੈ ਗਏ। ਇਸ ਸ਼ਿਕਾਇਤ ਦੇ ਆਧਾਰ ’ਤੇ ਪੁਲਿਸ ਵੱਲੋਂ ਜਾਂਚ ਕਰਕੇ ਮੁਕੱਦਮਾ ਨੰਬਰ ਚਾਰ ਅਧੀਨ ਧਾਰਾ ਚੋਰੀ, ਅਤੇ ਰਾਤ ਨੂੰ ਘਰ ਅੰਦਰ ਦਾਖਲ ਹੋ ਕੇ ਭੰਨ ਤੋੜ ਕਰਨ ਦੀਆਂ ਧਾਰਾਵਾਂ ਤਹਿਤ ਦਰਜ ਕਰਕੇ ਤਿੰਨ ਵਿਅਕਤੀਆਂ ਨੂੰ ਗਿਰਫਤਾਰੀ ਕੀਤਾ।

ਦੂਜੇ ਪਾਸੇ, ਥਾਣਾ ਧਨੌਲਾ ਦੇ ਮੁਖੀ ਇੰਸਪੈਕਟਰ ਲਖਵੀਰ ਸਿੰਘ ਨੇ ਸਾਰੇ ਇਲਜ਼ਾਮਾਂ ਨੂੰ ਰੱਦ ਕਰਦਿਆਂ ਕਿਹਾ ਕਿ ਪੁਲਿਸ ਵੱਲੋਂ ਜੋ ਵੀ ਕਾਰਵਾਈ ਕੀਤੀ ਗਈ ਹੈ, ਉਹ ਕਾਨੂੰਨ ਦੇ ਦਾਇਰੇ ਅੰਦਰ ਰਹਿ ਕੇ ਕੀਤੀ ਗਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਤਰ੍ਹਾਂ ਦਾ ਰਾਜਨੀਤਿਕ ਦਬਾਅ ਨਹੀਂ ਹੈ ਅਤੇ ਮਾਮਲੇ ਦੀ ਜਾਂਚ ਨਿਰਪੱਖ ਢੰਗ ਨਾਲ ਜਾਰੀ ਹੈ।

## ਥਾਣਾ ਭਦੌੜ ਦੀ ਸਖ਼ਤੀ ਦੇ ਬਾਵਜੂਦ **ਚਾਈਨਾ ਡੋਰ** ਦੀ ਧੜੱਲੇ ਨਾਲ ਹੋਈ ਵਿਕਰੀ, ਇੱਕ ਬੱਚਾ ਗੰਭੀਰ ਜ਼ਖ਼ਮੀ

ਭਦੌੜ, 24 ਜਨਵਰੀ (ਸੁਖਵਿੰਦਰ ਪਲਾਹਾ) : ਭਾਵੇਂ ਕਿ ਚਾਈਨਾ ਡੋਰ ਦੀ ਵਿਕਰੀ ਕਰਨ ’ਤੇ ਪ੍ਰਸ਼ਾਸਨ ਵੱਲੋਂ ਪਾਬੰਦੀ ਲੱਗੀ ਹੋਈ ਹੋਈ ਸੀ, ਪਰ ਹਕੀਕਤ ਇਸਦੇ ਬਿਲਕੁਲ ਉਲਟ ਨਜ਼ਰ ਆਈ। ਚਾਈਨਾ ਡੋਰ ਦੀ ਵਿਕਰੀ ਚੋਰੀ-ਛੁਪੇ ਧੜੱਲੇ ਨਾਲ ਜਾਰੀ ਹੈ ਅਤੇ ਇਸ ਦੀ ਵਰਤੋਂ ਆਮ ਲੋਕਾਂ ਦੀ ਜ਼ਿੰਦਗੀ ਲਈ ਗੰਭੀਰ ਖ਼ਤਰਾ ਬਣੀ। ਪਿਛਲੇ ਤਿੰਨ-ਚਾਰ ਦਿਨਾਂ ਤੋਂ ਜਦੋਂ ਵੀ ਪਤੰਗ ਕੱਟੀ ਜਾਂਦੀ ਹੈ ਤਾਂ ਉਸਦੀ ਚਾਈਨਾ ਡੋਰ ਸੜਕਾਂ ’ਤੇ ਖੁੱਲ੍ਹੀ ਪਈ ਨਜ਼ਰ ਆ ਰਹੀ ਹੈ, ਜਿਸ ਕਾਰਨ ਰਾਹਗੀਰਾਂ ਅਤੇ ਬੱਚਿਆਂ ਨੂੰ ਆਪਣਾ ਆਪ ਬਚਾਉਣਾ ਪੈ ਰਿਹਾ ਹੈ। ਇਹ ਮਾਮਲਾ ਸ਼ਹਿਰ ਵਿੱਚ ਖੂਬ ਚਰਚਾ ਦਾ ਵਿਸ਼ਾ ਬਣਿਆ ਰਿਹਾ ਅਤੇ ਲੋਕ ਪ੍ਰਸ਼ਾਸਨ ਦੀ ਢਿੱਲੀ ਕਾਰਵਾਈ ’ਤੇ ਸਵਾਲ ਚੁੱਕ ਰਹੇ ਹਨ। ਜਾਣਕਾਰੀ ਮੁਤਾਬਕ ਪਿਛਲੇ ਕੁੱਝ ਦਿਨਾਂ ਦੌਰਾਨ ਕਈ ਬੱਚਿਆਂ ਦੇ ਹੱਥਾਂ ਅਤੇ ਉਂਗਲਾਂ ’ਤੇ ਚਾਈਨਾ ਡੋਰ ਨਾਲ ਗੰਭੀਰ ਚੋਟਾਂ ਲੱਗੀਆਂ ਹਨ, ਜਿਨ੍ਹਾਂ ਦਾ ਇਲਾਜ ਵੱਖ-ਵੱਖ ਪ੍ਰਾਈਵੇਟ ਹਸਪਤਾਲਾਂ ਵਿੱਚ ਕਰਵਾਇਆ ਗਿਆ ਹੈ। ਇਨ੍ਹਾਂ



ਵਿੱਚ ਕਈ ਮਾਮਲਿਆਂ ਵਿੱਚ ਬੱਚਿਆਂ ਨੂੰ ਟਾਂਕੇ ਵੀ ਲਗਾਉਣੇ ਪਏ ਹਨ। ਤਾਜ਼ਾ ਮਾਮਲੇ ਵਿੱਚ ਭਦੌੜ ਦੇ ਨਾਨਕਸਰ ਰੋਡ ’ਤੇ ਰਹਿਣ ਵਾਲੇ ਇਕ ਬੱਚੇ ਖੁਸ਼ਦੀਪ ਦੀ ਉਂਗਲ ਚਾਈਨਾ ਡੋਰ ਨਾਲ ਬੁਰੀ ਤਰ੍ਹਾਂ ਕੱਟੀ ਗਈ, ਜਿਸ ਦਾ ਇਲਾਜ ਸ਼ਰਮਾ ਪ੍ਰਾਈਵੇਟ ਹਸਪਤਾਲ ਵਿੱਚ ਹੋਇਆ ਅਤੇ ਖੁਸ਼ਦੀਪ ਦੀ ਉਂਗਲ ਉੱਪਰ ਚਾਰ ਟਾਂਕੇ ਵੀ ਲਗਾਉਣੇ ਪਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੱਚੇ ਦੇ ਨਾਨਾ ਸਲੀਮ ਨਾਥ ਨੇ ਦੱਸਿਆ ਕਿ ਉਹਨਾਂ ਦਾ ਦੋਹਤਾ ਖੁਸ਼ਦੀਪ ਸਰਕਾਰੀ ਸਕੂਲ ਤੋਂ ਘਰ ਵਾਪਸ ਆ ਰਿਹਾ ਸੀ,ਇਸ ਦੌਰਾਨ ਅਚਾਨਕ ਚਾਈਨਾ ਡੋਰ ਉਸਦੇ ਸਾਹਮਣੇ ਡਿੱਗ ਪਈ। ਜਦੋਂ ਬੱਚਾ ਉਸ ਡੋਰ ਨੂੰ ਪਾਸੇ ਕਰਨ ਲੱਗਿਆ, ਤਾਂ ਸਾਈਡ ਤੋਂ ਆ ਰਹੇ ਇੱਕ ਮੋਟਰਸਾਈਕਲ ਦੇ ਚੱਕੇ ਨਾਲ ਡੋਰ ਲਪੇਟੀ ਗਈ, ਜਿਸ ਕਾਰਨ ਬੱਚੇ ਦੀ ਉਂਗਲ ’ਤੇ ਗਹਿਰਾ ਡੂੰਘਾ ਚੀਰਾ ਆ ਗਿਆ। ਇਸੇ ਤਰ੍ਹਾਂ ਇੱਕ ਹੋਰ ਬੱਚੇ ਦੇ ਕੰਨ ਹੇਠਾਂ ਡੋਰ ਪੈਣ ਕਾਰਨ ਉਸ ਦਾ ਕੰਨ ਵੀ ਬੁਰੀ ਤਰ੍ਹਾਂ ਕੱਟਿਆ ਗਿਆ।ਪੀੜਤ ਪਰਿਵਾਰਾਂ ਨੇ ਪੁਲਿਸ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਚਾਈਨਾ ਡੋਰ ਵੇਚਣ ਅਤੇ ਵਰਤੋਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕਿਸੇ ਹੋਰ ਕੀਮਤੀ ਜਾਨ ਨਾਲ ਖਿਲਵਾੜ ਨਾ ਹੋਵੇ। ਲੋਕਾਂ ਦਾ ਕਹਿਣਾ ਹੈ ਕਿ ਜੇ ਸਮੇਂ ਸਿਰ ਸਖ਼ਤੀ ਨਾ ਕੀਤੀ ਗਈ, ਤਾਂ ਕੋਈ ਵੱਡਾ ਹਾਦਸਾ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## ਧਰਮਵੀਰ ਹਕੀਕਤ ਰਾਏ ਨੇ ਧਰਮ ਦੀ ਰੱਖਿਆ ਲਈ ਦਿੱਤਾ ਬਲੀਦਾਨ

ਬਰਨਾਲਾ, 24 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਭਾਰਤ ਦੇਸ਼ ਭਗਤਾਂ ਦੀ ਭੂਮੀ ਹੈ। ਇੱਥੋਂ ਦਾ ਕਣ ਕਣ ਬਲੀਦਾਨ ਦੀ ਪ੍ਰੇਰਨਾ ਦਿੰਦਾ ਹੈ। ਅਸੀਂ ਜਿਸ ਸਵਤੰਤਰਤਾ ਅਤੇ ਧਰਮ ਦੀ ਆਸਥਾ ਦਾ ਆਨੰਦ ਲੈ ਰਹੇ ਹਾਂ, ਉਸਦੀ ਪ੍ਰਾਪਤੀ ਦਾ ਸਿਹਰਾ ਵੀ ਸਾਡੇ ਦੇਸ਼ ਭਗਤਾਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਆਪਣਾ ਸਾਰਾ ਕੁੱਝ ਕੁਰਬਾਨ ਕਰ ਦਿੱਤਾ। ਇਸ ਮੌਕੇ ਬੋਲਦਿਆਂ ਗੀਤਾ ਭਵਨ ਬਰਨਾਲਾ ਦੇ ਪ੍ਰਧਾਨ ਬਸੰਤ ਕੁਮਾਰ ਗੋਇਲ ਨੇ ਕਿਹਾ ਕਿ ਭਾਰਤ ਮਾਤਾ ਨੂੰ ਰਤਨਾਂ ਦੀ ਜਨਨੀ ਕਿਹਾ ਜਾਂਦਾ ਹੈ, ਜਿਸਨੇ ਅਨੇਕਾਂ ਯੋਧਿਆਂ, ਸੂਰਬੀਰਾਂ ਅਤੇ ਸ਼ਹੀਦਾਂ ਨੂੰ ਜਨਮ ਦਿੱਤਾ ਹੈ। ਵੀਰ ਹਕੀਕਤ ਰਾਏ ਵੀ ਇੱਕ ਅਜਿਹਾ ਹੀ ਮਹਾਨ ਸ਼ਹੀਦ ਹੋਇਆ ਹੈ। ਉਨ੍ਹਾਂ ਦਾ ਸ਼ਹੀਦੀ ਦਿਨ ਹਰ ਸਾਲ ਬਸੰਤ ਪੰਚਮੀ ਨੂੰ ਮਨਾਇਆ ਜਾਂਦਾ ਹੈ।ਡਾਕਟਰ ਰਾਹੁਲ ਰੁਪਾਲ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਵੀਰ ਹਕੀਕਤ ਰਾਏ ਦਾ ਜਨਮ 1719 ਵਿੱਚ ਸਿਆਲਕੋਟ, ਪੱਛਮੀ ਪੰਜਾਬ (ਪਾਕਿਸਤਾਨ) ਵਿੱਚ ਹੋਇਆ ਸੀ। ਉਹਨਾਂ ਦੇ ਪਿਤਾ ਦਾ ਨਾਮ ਸ਼੍ਰੀ ਭਾਗਮਲ ਖੱਤਰੀ ਅਤੇ ਮਾਤਾ ਦਾ ਨਾਮ ਸ਼੍ਰੀਮਤੀ ਕੌਰਾਂ ਦੇਵੀ ਸੀ। ਉਸ ਸਮੇਂ ਪ੍ਰਚਲਿਤ ਬਾਲ ਵਿਆਹ ਦੀ ਪ੍ਰਥਾ ਅਨੁਸਾਰ ਵੀਰ ਹਕੀਕਤ ਰਾਏ ਦਾ



ਵਿਆਹ ਸਾਲ 1732 ਵਿੱਚ ਬਟਾਲਾ ਦੀ ਬੀਬੀ ਲੱਛਮੀ ਦੇਵੀ ਨਾਲ ਹੋਇਆ। ਵੀਰ ਹਕੀਕਤ ਰਾਏ ਨੇ ਸਿਆਲਕੋਟ ਦੇ ਇੱਕ ਮਦਰੱਸੇ ਸਕੂਲ ਵਿੱਚ ਦਾਖ਼ਲਾ ਲਿਆ। ਸਮਾਜ ਸੇਵੀ ਰਾਜੀਵ ਗੁਪਤਾ ਲੂਬੀ ਐਮ ਡੀ ਜੇ ਆਰ ਸਕੇਅਰ ਬਰਨਾਲਾ ਨੇ ਬੋਲਦਿਆਂ ਕਿਹਾ ਕਿ ਕਾਜ਼ੀ ਸੁਲੇਮਾਨ ਨੇ ਹਕੀਕਤ ਰਾਏ ਨੂੰ ਮੁਸਲਮਾਨ ਬਨਾਉਣ ਲਈ ਫ਼ਤਵਾ ਜਾਰੀ ਕਰ ਦਿੱਤਾ ਅਤੇ ਉਸ ਦੇ ਮੁਸਲਮਾਨ ਨਾ ਬਣਨ ’ਤੇ ਉਸ ਦਾ ਸਿਰ ਕਲਮ ਕਰਨ ਦੀ ਘੋਸ਼ਣਾ ਕਰ ਦਿੱਤੀ। ਕਾਜ਼ੀ ਨੇ ਫ਼ਤਵਾ ਜਾਰੀ ਕਰਕੇ ਨਗਰ ਦੇ ਹਾਕਮ ਅਮੀਰ ਬੇਗ ਨੂੰ ਦੇ ਦਿੱਤਾ। ਅਮੀਰ ਬੇਗ ਨੇ ਕਾਜ਼ੀ ਨੂੰ ਸਮਝਾਇਆ ਕਿ ਇਹ ਬੱਚਿਆਂ ਦੀ ਲੜਾਈ ਹੈ। ਕੋਈ ਵੱਡੀ ਗੱਲ ਨਹੀਂ, ਪਰ ਉਹਨਾਂ ਵੱਲੋਂ ਨਾ ਮੰਨੇ ਜਾਣ ’ਤੇ ਅਮੀਰ ਬੇਗ ਨੇ ਇਹ ਮਾਮਲਾ ਲਾਹੌਰ ਦੇ ਨਵਾਬ ਸਕੇਦ ਖਾਨ ਦੀ ਅਦਾਲਤ ਵਿੱਚ ਭੇਜ ਦਿੱਤਾ। ਰੇਡੀਮੇਡ ਗਾਰਮੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਰਜਤ ਬਾਂਸਲ ਲੱਕੀ ਨੇ ਕਿਹਾ ਕਿ ਹਕੀਕਤ ਰਾਏ ਦੇ ਮਾਤਾ ਪਿਤਾ ਕੁਝ ਹਿੰਦੂਆਂ ਨੂੰ ਨਾਲ ਲੈ ਕੇ ਲਾਹੌਰ ਗਏ ਅਤੇ ਨਵਾਬ ਨੂੰ ਹਕੀਕਤ ਰਾਏ ਨੂੰ ਮੁਆਫ਼ ਕਰਨ ਲਈ ਕਿਹਾ। ਪਰ ਨਵਾਬ ਨਾ ਮੰਨਿਆ, ਇਸ ਦੌਰਾਨ ਹੋਈ ਬਹਿਸ ਵਿੱਚ ਵੀਰ ਹਕੀਕਤ ਰਾਏ ਨੂੰ ਬਹੁਤ ਵੱਡੇ-ਵੱਡੇ ਲਾਲਚ ਦਿੱਤੇ ਗਏ, ਪਰ ਵੀਰ ਹਕੀਕਤ ਰਾਏ ਨੇ ਐਸੀਆਂ ਦਲੀਲਾਂ ਪੇਸ਼ ਕੀਤੀਆਂ ਕਿ ਨਵਾਬ ਕੋਈ ਜਵਾਬ ਨਾ ਦੇ ਸਕਿਆ। ਇਸ ਤੋਂ ਖਿੱਝ ਕੇ ਨਵਾਬ ਨੇ ਜਲਾਦ ਬੁਲਾ ਕੇ ਵੀਰ ਹਕੀਕਤ ਰਾਏ ਦਾ ਸਿਰ ਕਲਮ ਕਰਨ ਦਾ ਹੁਕਮ ਦੇ ਦਿੱਤਾ। ਵੀਰ ਹਕੀਕਤ ਰਾਏ ਨੂੰ 1734 ਈਸਵੀ ਵਿੱਚ ਬਸੰਤ ਪੰਚਮੀ ਵਾਲੇ ਦਿਨ ਸ਼ਹੀਦ ਕਰ ਦਿੱਤਾ ਗਿਆ।

## ਗਰੀਨ ਫ਼ੀਲਡ ਕਾਨਵੈਂਟ ਸਕੂਲ ਦਾਨਗੜ੍ਹ ਵਿਖੇ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ




ਧਨੌਲਾ, 24 ਜਨਵਰੀ (ਚਮਕੌਰ ਸਿੰਘ ਗੱਗੀ): ਗਰੀਨ ਫ਼ੀਲਡ ਕਾਨਵੈਂਟ( ਸੀਨੀਅਰ ਸੈਕੰਡਰੀ) ਸਕੂਲ ਦਾਨਗੜ੍ਹ ਵਿਖੇ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਮਨਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਜਸਵੀਰ ਕੌਰ, ਇੰਚਾਰਜ ਅਜਿੰਦਰਪਾਲ ਟਿਵਾਣਾ ਅਤੇ ਸਮੂਹ ਸਟਾਫ਼ ਦੁਆਰਾ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ ਗਈ ਅਤੇ ਬੱਚਿਆਂ ਦੁਆਰਾ ਪਰੇਡ ਵੀ ਕੀਤੀ ਗਈ। ਇਸ ਮੌਕੇ ਮੈਡਮ ਮਾਲਾ ਗਰਗ ਨੇ ਬੱਚਿਆਂ ਨੂੰ ਗਣਤੰਤਰ ਦਿਵਸ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਹਰ ਸਾਲ 26 ਜਨਵਰੀ ਨੂੰ ਦੇਸ਼ ਭਰ ਵਿੱਚ ਗਣਤੰਤਰ ਦਿਵਸ ਮਨਾਇਆ ਜਾਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ 26 ਜਨਵਰੀ 1950 ਨੂੰ ਸਾਡਾ ਸੰਵਿਧਾਨ ਲਾਗੂ ਹੋਇਆ ਸੀ। ਇਸ ਦਿਨ ਸਾਡਾ ਦੇਸ਼ ਧਰਮ ਨਿਰਪੱਖ ਅਤੇ ਲੋਕਤੰਤਰਿਕ ਭਾਰਤ ਦੇਸ਼ ਬਣਿਆ। ਇਸ ਮੌਕੇ ਬੱਚਿਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿੱਚ ਦੇਸ਼ ਭਗਤੀ ਨਾਲ ਸੰਬੰਧਿਤ ਗੀਤ, ਰਾਸ਼ਟਰੀ ਗਾਇਨ, ਡਾਂਸ ਅਤੇ ਕੋਰੀਓਗ੍ਰਾਫੀ ਕੀਤੀ ਗਈ। ਇਸ ਮੌਕੇ ਚੇਅਰਮੈਨ ਸੁਖਮਿੰਦਰ ਸਿੰਘ ਗਿੱਲ ਨੇ ਸਭ ਨੂੰ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਕਿਹਾ ਕੁਝ ਤਿਉਹਾਰ ਧਾਰਮਿਕ ਹੁੰਦੇ ਹਨ ਅਤੇ ਕੁਝ ਰਾਸ਼ਟਰੀ।ਇਸੇ ਤਰ੍ਹਾਂ 26 ਜਨਵਰੀ ਸਾਡਾ ਰਾਸ਼ਟਰੀ ਤਿਉਹਾਰ ਹੈ। ਇਹ ਤਿਉਹਾਰ ਦੇਸ਼ ਦੇ ਕੋਨੇ- ਕੋਨੇ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਰਾਸ਼ਟਰੀ ਤਿਉਹਾਰ ਮਨਾਉਣ ਨਾਲ ਆਪਸੀ ਭਾਈਚਾਰਾ ਅਤੇ ਸਾਂਝ ਵੱਧਦੀ ਹੈ।

## ਦ ਕੰਟਰੀ ਸਕੂਲ, ਧਨੌਲਾ ਵਿਖੇ **ਬਸੰਤ ਪੰਚਮੀ** ਦਾ ਪਵਿੱਤਰ ਤਿਉਹਾਰ ਮਨਾਇਆ



ਧਨੌਲਾ, 24 ਜਨਵਰੀ (ਚਮਕੌਰ ਸਿੰਘ ਗੱਗੀ) : ਦਾ ਕੰਟਰੀ ਸਕੂਲ, ਧਨੌਲਾ ਵਿਖੇ ਬਸੰਤ ਪੰਚਮੀ ਦਾ ਪਵਿੱਤਰ ਤਿਉਹਾਰ ਬਹੁਤ ਸ਼ਰਧਾ, ਸਕਾਰਾਤਮਕਤਾ ਅਤੇ ਸੱਭਿਆਚਾਰਕ ਜੋਸ਼ ਨਾਲ ਮਨਾਇਆ, ਜਿਸ ਨਾਲ ਅਧਿਆਤਮਿਕਤਾ ਅਤੇ ਸਿੱਖਿਆ ਅਤੇ ਗਿਆਨ, ਸਿਆਣਪ, ਸੰਗੀਤ ਅਤੇ ਸਿਰਜਣਾਤਮਕਤਾ ਦੇ ਬ੍ਰਹਮ ਸਰੋਤ, ਦੇਵੀ ਸਰਸਵਤੀ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ। ਦਿਨ ਦੀ ਸ਼ੁਰੂਆਤ ਇੱਕ ਵਿਸ਼ੇਸ਼ ਸਰਸਵਤੀ ਸਵੇਰ ਦੀ ਪ੍ਰਾਰਥਨਾ ਨਾਲ ਹੋਈ, ਜਿੱਥੇ ਵਿਦਿਆਰਥੀ ਅਤੇ ਅਧਿਆਪਕ ਡੂੰਘੀ ਸ਼ਰਧਾ ਨਾਲ ਦੇਵੀ ਸਰਸਵਤੀ ਦਾ ਆਸ਼ੀਰਵਾਦ ਲੈਣ ਲਈ ਇਕੱਠੇ ਹੋਏ। ਪੀਲੇ ਰੰਗਾਂ ਵਿੱਚ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ਸੀ। ਸਟਾਫ਼ ਨੇ ਪੀਲੇ ਰੰਗ ਦੇ ਪਹਿਰਾਵੇ ਪਹਿਨੇ, ਜਸ਼ਨ ਵਿੱਚ ਜੀਵੰਤਤਾ ਅਤੇ ਖੁਸ਼ੀ ਜੋੜੀ। ਛੋਟੇ ਭਾਸ਼ਣਾਂ ਅਤੇ ਅਰਥਪੂਰਨ ਵਿਚਾਰਾਂ ਰਾਹੀਂ, ਵਿਦਿਆਰਥੀਆਂ ਨੇ ਬਸੰਤ ਪੰਚਮੀ ਦੀ ਮਹੱਤਤਾ ਅਤੇ ਜੀਵਨ ਵਿੱਚ ਸਿੱਖਿਆ, ਰਚਨਾਤਮਕਤਾ, ਨਿਮਰਤਾ ਅਤੇ ਲਗਨ ਦੀ ਮਹੱਤਤਾ ਬਾਰੇ ਸਮਝ ਪ੍ਰਾਪਤ ਕੀਤੀ। ਦੇਵੀ ਸਰਸਵਤੀ ਸਾਡੇ ਵਿਦਿਆਰਥੀਆਂ ਨੂੰ ਬੁੱਧੀ, ਰਚਨਾਤਮਕਤਾ ਅਤੇ ਸਫਲਤਾ ਦਾ ਆਸ਼ੀਰਵਾਦ ਦਿੰਦੀ ਰਹੇ। ਸਕੂਲ ਦੇ ਐਮ. ਡੀ. ਕੰਚਨ ਸਿੰਗਲਾ ਨੇ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਉਹਨਾਂ ਨੂੰ ਬਸੰਤ ਪੰਚਮੀਦੇ ਤਿਉਹਾਰ ਬਾਰੇ ਜਾਣਕਾਰੀ ਦਿੱਤੀ । ਉਨ੍ਹਾਂ ਨੇ ਦੱਸਿਆ ਕਿ ਬਸੰਤ ਰੁੱਤ ਸਾਰਿਆਂ ਲਈ ਖੁਸ਼ੀ ਦਾ ਮੌਸਮ ਹੈ ਅਤੇ ਇਹ ਬਸੰਤ ਪੰਚਮੀ ਦੇ ਜਸ਼ਨਾਂ ਦਾ ਸੱਦਾ ਹੈ। ਇਸਨੂੰ ਭਾਰਤ ਦੇ ਪੂਰਬੀ ਹਿੱਸਿਆਂ ਵਿੱਚ ਸਰਸਵਤੀ ਪੂਜਾ ਵਜੋਂ ਵੀ ਜਾਣਿਆ ਅਤੇ ਮਨਾਇਆ ਜਾਂਦਾ ਹੈ। ਹਿੰਦੂ ਮਾਨਤਾਵਾਂ ਦੇ ਅਨੁਸਾਰ, ਸਿੱਖਿਆ, ਸੰਗੀਤ ਅਤੇ ਕਲਾ ਦੀ ਦੇਵੀ ਮਾਂ ਸਰਸਵਤੀ ਦਾ ਜਨਮ ਇਸ ਦਿਨ ਹੋਇਆ ਸੀ ਅਤੇ ਇਸ ਤਰ੍ਹਾਂ ਆਪਣੇ ਲੋਕਾਂ ਤੋਂ ਬੁੱਧੀ ਅਤੇ ਕਲਾ ਪ੍ਰਾਪਤ ਕਰਨ ਲਈ ਬਸੰਤ ਪੰਚਮੀ ਨੂੰ ਸਰਸਵਤੀ ਪੂਜਾ ਵਜੋਂ ਮਨਾਉਂਦੇ ਹਨ। ਇਹ ਦਿਨ ਬਹੁਤ ਸ਼ੁਭ ਹੈ; ਲੋਕ ਇਸ ਦਿਨ ਨਵਾਂ ਕੰਮ ਸ਼ੁਰੂ ਕਰਦੇ ਹਨ। ਇਸ ਮੌਕੇ ਸਕੂਲ ਦੇ ਸਾਰੇ ਅਧਿਆਪਕ ਸ਼ਾਮਲ ਸਨ।

## ਵਾਈ.ਐਸ. ਪਬਲਿਕ ਸਕੂਲ ਵਿੱਚ **ਬਸੰਤ ਪੰਚਮੀ** ਉਤਸ਼ਾਹ ਅਤੇ ਵਾਤਾਵਰਨ ਜਾਗਰੂਕਤਾ ਨਾਲ ਮਨਾਈ



ਬਰਨਾਲਾ, 24 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਟਾਪ 50 ਸਕੂਲਾਂ ਵਿੱਚ ਆਪਣੀ ਮਜ਼ਬੂਤ ਪਹਿਚਾਣ ਬਣਾਉਣ ਵਾਲੇ ਵਾਈਐਸ ਪਬਲਿਕ ਸਕੂਲ ਵਿੱਚ ਬਸੰਤ ਪੰਚਮੀ ਦਾ ਪਵਿੱਤਰ ਤਿਉਹਾਰ ਬੜੇ ਹੀ ਉਤਸ਼ਾਹ, ਭਗਤੀ ਅਤੇ ਸਮਾਜਿਕ ਜਾਗਰੂਕਤਾ ਨਾਲ ਮਨਾਇਆ ਗਿਆ। ਇਸ ਮੌਕੇ ਪੂਰਾ ਸਕੂਲ ਪੀਲੇ ਰੰਗ ਦੀ ਰੌਣਕ ਨਾਲ ਖਿੜ ਉੱਠਿਆ। ਵਿਦਿਆਰਥੀ ਪੀਲੇ ਰੰਗ ਦੇ ਕੱਪੜੇ ਪਹਿਨ ਕੇ ਆਏ, ਜੋ ਸਕਾਰਾਤਮਕਤਾ, ਗਿਆਨ ਅਤੇ ਖੁਸ਼ਹਾਲੀ ਦਾ ਪ੍ਰਤੀਕ ਹੈ। ਬਸੰਤ ਪੰਚਮੀ ਬਸੰਤ ਰੁੱਤ ਦੇ ਆਗਮਨ ਅਤੇ ਗਿਆਨ ਦੀ ਦੇਵੀ ਮਾਂ ਸਰਸਵਤੀ ਦੇ ਆਸ਼ੀਰਵਾਦ ਪ੍ਰਾਪਤ ਕਰਨ ਲਈ ਮਨਾਈ ਗਈ। ਇਸ ਪਵਿੱਤਰ ਦਿਨ ਮਾਂ ਸਰਸਵਤੀ ਦੀ ਵਿਧੀਵਤ ਪੂਜਾ ਕੀਤੀ ਗਈ। ਕਲਾਸ ਪਹਿਲੀ ਅਤੇ ਦੂਜੀ ਦੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਚਾਈਨੀਜ਼ ਡੋਰ ਦੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ ਗਈ।

ਦਿਲਚਸਪ ਵੀਡੀਓ ਅਤੇ ਵਿਹਾਰਿਕ ਉਦਾਹਰਨਾਂ ਰਾਹੀਂ ਵਿਦਿਆਰਥੀਆਂ ਨੂੰ ਸਮਝਾਇਆ ਗਿਆ ਕਿ ਚਾਈਨੀਜ਼ ਡੋਰ ਪੰਛੀਆਂ, ਮਨੁੱਖਾਂ ਅਤੇ ਜਾਨਵਰਾਂ ਲਈ ਕਿੰਨੀ ਖਤਰਨਾਕ ਹੋ ਸਕਦੀ ਹੈ। ਇਸ ਰਾਹੀਂ ਵਾਤਾਵਰਣ ਅਤੇ ਦਇਆ ਭਾਵਨਾ ਦਾ ਮਜ਼ਬੂਤ ਸੰਦੇਸ਼ ਦਿੱਤਾ ਗਿਆ। ਪ੍ਰੀ-ਨਰਸਰੀ ਤੋਂ ਯੂਕੇਜੀ ਤੱਕ ਦੇ ਨੰਨ੍ਹੇ ਵਿਦਿਆਰਥੀਆਂ ਨੇ ਮਾਂ ਸਰਸਵਤੀ ਦੀ ਪੂਜਾ ਵਿੱਚ ਭਾਗ ਲਿਆ। ਵਿਦਿਆਰਥੀਆਂ ਦੀ ਮਾਸੂਮ ਭਕਤੀ ਅਤੇ ਉਤਸ਼ਾਹ ਨੇ ਸਾਰੇ ਮਾਹੌਲ ਨੂੰ ਸ਼ਾਂਤ ਅਤੇ ਖੁਸ਼ਗਵਾਰ ਬਣਾ ਦਿੱਤਾ। ਇਸ ਗਤੀਵਿਧੀ ਰਾਹੀਂ ਵਿਦਿਆਰਥੀਆਂ ਨੂੰ ਭਾਰਤੀ ਸੰਸਕ੍ਰਿਤੀ ਅਤੇ ਪਰੰਪਰਾਵਾਂ ਨਾਲ ਸੌਖੇ ਅਤੇ ਅਰਥਪੂਰਨ ਢੰਗ ਨਾਲ ਜਾਣੂ ਕਰਵਾਇਆ ਗਿਆ। ਉਤਸਵ ਦੌਰਾਨ ਸਾਂਝੇ ਭੋਜਨ ਦਾ ਵੀ ਆਯੋਜਨ ਕੀਤਾ ਗਿਆ, ਜਿਸ ਨਾਲ ਵਿਦਿਆਰਥੀਆਂ ਵਿੱਚ ਸਾਂਝ ਅਤੇ ਆਪਸੀ ਪਿਆਰ ਦੀ ਭਾਵਨਾ ਮਜ਼ਬੂਤ ਹੋਈ। ਵਿਦਿਆਰਥੀਆਂ ਵੱਲੋਂ ਪੀਲੇ ਰੰਗ ਦੇ ਭੋਜਨ ਪਦਾਰਥ ਜਿਵੇਂ ਪੀਲੇ ਮਿੱਠੇ ਚੌਲ, ਡੋਕਲਾ, ਨਿੰਬੂ ਚੌਲ, ਕੇਲਾ ਆਦਿ ਲਿਆਂਦੇ ਗਏ, ਜਿਸ ਨਾਲ ਤਿਉਹਾਰ ਦੀ ਰੌਣਕ ਹੋਰ ਵੱਧ ਗਈ। ਇਸ ਮੌਕੇ ’ਤੇ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਮੋਹਿਤ ਜਿੰਦਲ ਨੇ ਕਿਹਾ ਕਿ ਤਿਉਹਾਰ ਸਿੱਖਿਆ ਦਾ ਅਹਿਮ ਹਿੱਸਾ ਹੁੰਦੇ ਹਨ। ਬਸੰਤ ਪੰਚਮੀ ਵਰਗੇ ਸਮਾਰੋਹਾਂ ਰਾਹੀਂ ਅਸੀਂ ਵਿਦਿਆਰਥੀਆਂ ਵਿੱਚ ਛੋਟੀ ਉਮਰ ਤੋਂ ਹੀ ਸੰਸਕ੍ਰਿਤਿਕ ਮੁੱਲ, ਵਾਤਾਵਰਣ ਜਾਗਰੂਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਵਿਕਸਿਤ ਕਰਨਾ ਚਾਹੁੰਦੇ ਹਾਂ। ਵਾਈਐਸ ਪਬਲਿਕ ਸਕੂਲ ਵਿੱਚ ਮਨਾਇਆ ਗਿਆ ਬਸੰਤ ਪੰਚਮੀ ਦਾ ਇਹ ਸਮਾਰੋਹ ਮੁੱਲਾਂ ਆਧਾਰਿਤ ਸਿੱਖਿਆ ਦੀ ਸ਼ਾਨਦਾਰ ਮਿਸਾਲ ਬਣਿਆ। ਕਾਰਜਕ੍ਰਮ ਖੁਸ਼ੀ ਭਰੇ ਮਾਹੌਲ ਨਾਲ ਸੰਪੰਨ ਹੋਇਆ ਅਤੇ ਵਿਦਿਆਰਥੀ ਗਿਆਨ, ਸੰਸਕਾਰ ਅਤੇ ਸੁਹਾਵਣੀਆਂ ਯਾਦਾਂ ਨਾਲ ਭਰਪੂਰ ਹੋ ਕੇ ਘਰ ਵਾਪਸ ਗਏ।

## ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਮਨੁੱਖੀ ਧੜ ਮਾਡਲ ਰਾਹੀਂ ਵਿਗਿਆਨ ਦਾ ਲਾਈਵ ਅਧਿਐਨ ਕੀਤਾ



ਬਰਨਾਲਾ, 24 ਜਨਵਰੀ (ਚਮਕੌਰ ਸਿੰਘ ਗੱਗੀ) : ਬੀਵੀਐਮ ਇੰਟਰਨੈਸ਼ਨਲ ਸਕੂਲ ਨੇ ਵਿਗਿਆਨ ਨੂੰ ਦਿਲਚਸਪ, ਵਿਹਾਰਕ ਅਤੇ ਅਨੁਭਵੀ ਬਣਾਉਣ ਲਈ ਇੱਕ ਮਹੱਤਵਪੂਰਨ ਵਿੱਦਿਅਕ ਗਤੀਵਿਧੀ ਦਾ ਆਯੋਜਨ ਕੀਤਾ। 9ਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਮਨੁੱਖੀ ਧੜ ਮਾਡਲ ਅਧਿਐਨ ਗਤੀਵਿਧੀ ਦਾ ਆਯੋਜਨ ਕੀਤਾ ਗਿਆ, ਜਿਸ ਰਾਹੀਂ ਵਿਦਿਆਰਥੀਆਂ ਨੇ ਮਨੁੱਖੀ ਸਰੀਰ ਦੀ ਅੰਦਰੂਨੀ ਬਣਤਰ ਅਤੇ ਵੱਖ-ਵੱਖ ਅੰਗਾਂ ਦੇ ਕਾਰਜਾਂ ਨੂੰ ਸਿੱਧੇ ਤੌਰ ’ਤੇ ਸਮਝਿਆ। ਸਕੂਲ ਦੇ ਚੇਅਰਮੈਨ ਸ੍ਰੀ ਪ੍ਰਮੋਦ ਅਰੋੜਾ, ਡਾਇਰੈਕਟਰ ਸ੍ਰੀਮਤੀ ਗੀਤਾ ਅਰੋੜਾ, ਸ੍ਰੀ ਨਿਖਿਲ ਅਰੋੜਾ ਅਤੇ ਸ੍ਰੀਮਤੀ ਨੇਹੁਲ ਅਰੋੜਾ ਨੇ ਕਿਹਾ ਕਿ ਬੀਵੀਐਮ ਇੰਟਰਨੈਸ਼ਨਲ ਸਕੂਲ ਹਮੇਸ਼ਾ ਆਧੁਨਿਕ ਸਿੱਖਿਆ ਵਿਧੀਆਂ ਅਪਣਾਉਣ ਵਿੱਚ ਵਿਸ਼ਵਾਸ ਰੱਖਦਾ ਹੈ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਮਨਿੰਦਰਜੀਤ ਕੌਰ ਧਾਲੀਵਾਲ ਨੇ ਇਸ ਮੌਕੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕਰਦੇ ਹੋਏ ਕਿਹਾ, ਅੱਜ ਦੇ ਯੁੱਗ ਵਿੱਚ, ਵਿਗਿਆਨ ਸਿੱਖਿਆ ਨੂੰ ਪ੍ਰਯੋਗਾਤਮਕ ਅਤੇ ਵਿਹਾਰਕ ਬਣਾਉਣਾ ਬਹੁਤ ਜ਼ਰੂਰੀ ਹੈ। ਇਸ ਅਧਿਐਨ ਦੌਰਾਨ, ਵਿਦਿਆਰਥੀਆਂ ਨੂੰ ਮਨੁੱਖੀ ਸਰੀਰ ਦੀਆਂ ਜਟਿਲਤਾਵਾਂ ਅਤੇ ਹੈਰਾਨੀਜਨਕ ਬਣਤਰ ਲਈ ਡੂੰਘਾ ਸਤਿਕਾਰ ਪੈਦਾ ਕਰਨ ਦਾ ਮੌਕਾ ਮਿਲਿਆ।

## ਮਦਰ ਟੀਚਰ ਸਕੂਲ ਵਿੱਚ ਗਣਤੰਤਰ ਦਿਵਸ ਜੋਸ਼ ਅਤੇ ਦੇਸ਼ਭਗਤੀ ਭਾਵਨਾ ਨਾਲ ਮਨਾਇਆ



ਬਰਨਾਲਾ, 24 ਜਨਵਰੀ (ਇਸੇਨ ਕੰਗ) : ਮਦਰ ਟੀਚਰ ਸਕੂਲ ਵਿੱਚ ਗਣਤੰਤਰ ਦਿਵਸ ਬੜੇ ਉਤਸ਼ਾਹ ਅਤੇ ਦੇਸ਼ਭਗਤੀ ਨਾਲ ਮਨਾਇਆ ਗਿਆ। ਸਕੂਲ ਦਾ ਐਕਟਿਵਟੀ ਹਾਲ ਦੇਸ਼ਭਗਤੀ ਦੇ ਰੰਗਾਂ ਨਾਲ ਸਜਾਇਆ ਗਿਆ ਸੀ ਅਤੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਸਮਾਗਮ ਵਿੱਚ ਹਿੱਸਾ ਲਿਆ। ਬੱਚਿਆਂ ਨੇ ਸੋਲੋ ਨਾਚ ਪ੍ਰਸਤੁਤੀਆਂ ਦਿੱਤੀਆਂ, ਜਿੱਥੇ ਉਨ੍ਹਾਂ ਦੀਆਂ ਸੁੰਦਰ ਅਤੇ ਨਜ਼ਾਕਤ ਭਰੀਆਂ ਨਾਚ ਚਾਲਾਂ ਅਤੇ ਮਨਮੋਹਕ ਅਭਿਵਯਕਤੀਆਂ ਸਭ ਦਾ ਧਿਆਨ ਖਿੱਚਣ ਵਾਲੀਆਂ ਸਨ। ਗਰੁੱਪ ਨਾਚ ਅਤੇ ਸਮੂਹ ਗਾਇਨ ਪ੍ਰਸਤੁਤੀ ਵਿੱਚ ਬੱਚਿਆਂ ਦੀ ਏਕਤਾ ਅਤੇ ਟੀਮ ਭਾਵਨਾ ਸਪੱਸ਼ਟ ਤੌਰ ’ਤੇ ਵੇਖਣ ਨੂੰ ਮਿਲੀ। ਵਿਦਿਆਰਥੀਆਂ ਨੇ ਭਾਰਤੀ ਸੰਵਿਧਾਨ ’ਤੇ ਭਾਸ਼ਣ ਦਿੱਤੇ ਅਤੇ ਇਸ ਦੀ ਮਹੱਤਤਾ, ਅਧਿਕਾਰਾਂ ਅਤੇ ਕਰਤੱਬਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸਮਾਗਮ ਵਿੱਚ ਭਾਰਤੀ ਸੰਵਿਧਾਨ ਦੀ ਮਹੱਤਤਾ ਅਤੇ ਏਕਤਾ, ਅਖੰਡਤਾ ਤੇ ਲੋਕਤੰਤਰ ਦੇ ਮੁੱਲਾਂ ਨੂੰ ਖਾਸ ਤੌਰ ’ਤੇ ਉਭਾਰਿਆ ਗਿਆ। ਦੇਸ਼ਭਗਤੀ ਕਵਿਤਾਵਾਂ ਅਤੇ ਗੀਤਾਂ ਨੇ ਸਮਾਗਮ ਨੂੰ ਭਾਵੁਕ ਬਣਾ ਦਿੱਤਾ। ਅਧਿਆਪਕਾਂ ਨੇ ਬੱਚਿਆਂ ਨੂੰ ਸੰਵਿਧਾਨੀ ਮੁੱਲਾਂ, ਏਕਤਾ ਅਤੇ ਜ਼ਿੰਮੇਵਾਰੀ ਬਾਰੇ ਜਾਗਰੂਕ ਕੀਤਾ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ। ਸਮਾਗਮ ਦਾ ਸਮਾਪਨ ਸ਼ਾਂਤੀ, ਏਕਤਾ ਅਤੇ ਦੇਸ਼ਭਗਤੀ ਦੇ ਸੰਦੇਸ਼ ਨਾਲ ਕੀਤਾ ਗਿਆ।

## ਐਸ.ਬੀ.ਐਸ. ਸਕੂਲ ਵਿਖੇ ਬੱਚਿਆਂ ਲਈ ਪੰਛੀਆਂ ਦੇ ਵਿਸ਼ਰਾਮ ਘਰਾਂ ਬਾਰੇ ਜਾਗਰੂਕਤਾ ਵਰਕਸ਼ਾਪ



ਬਰਨਾਲਾ 24 ਜਨਵਰੀ (ਇਸੇਨ ਕੰਗ) : ਵਿਦਿਆਰਥੀਆਂ ਵਿੱਚ ਕੁਦਰਤ ਪ੍ਰਤੀ ਪ੍ਰੇਮ ਅਤੇ ਪੰਛੀਆਂ ਦੀ ਸੁਰੱਖਿਆ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਪੰਛੀਆਂ ਦੇ ਵਿਸ਼ਰਾਮ ਘਰਾਂ ਬਾਰੇ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੇ ਮੁੱਖ ਵਕਤਾ ਸ਼੍ਰੀ ਸੰਦੀਪ ਧੌਲਾ ਰਹੇ। ਉਨ੍ਹਾਂ ਆਪਣੇ ਸੰਬੋਧਨ ਵਿੱਚ ਪੁਰਾਣੇ ਸਮਿਆਂ ਦੇ ਪੰਜਾਬੀ ਪੰਛੀਆਂ ਜਿਵੇਂ ਕਿ ਗਟਾਰ, ਚਿੜੀ, ਤੋਤਾ, ਕੋਇਲ, ਕਬੂਤਰ ਆਦਿ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਕਿਵੇਂ ਪਿਛਲੇ ਸਮੇਂ ਵਿੱਚ ਪੰਛੀ ਆਪਣੇ ਕੱਚੇ ਘਰਾਂ ਦੀਆਂ ਛੱਤਾਂ ਅਤੇ ਕੰਧਾਂ, ਟਿੱਬਿਆਂ ਦੀਆਂ ਖੁੱਡਾਂ ਵਿੱਚ ਆਪਣੇ ਘਰ ਬਣਾ ਕੇ ਰਹਿੰਦੇ ਸਨ। ਸੰਦੀਪ ਧੌਲਾ ਨੇ ਕਿਹਾ ਕਿ ਆਧੁਨਿਕਤਾ, ਦਰੱਖਤਾਂ ਦੀ ਕੱਟਾਈ ਅਤੇ ਕਾਂਕਰੀਟ ਦੇ ਵਧਦੇ ਨਿਰਮਾਣ ਕਾਰਨ ਅੱਜ ਕਈ ਪੰਜਾਬੀ ਪੰਛੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਆਲੇਦੁਆਲੇ ਪੰਛੀਆਂ ਲਈ ਵਿਸ਼ਰਾਮ ਘਰ ਲਗਾਉਣ ਅਤੇ ਪਾਣੀ ਦੇ ਬਰਤਨ ਰੱਖਣ, ਤਾਂ ਜੋ ਪੰਛੀਆਂ ਨੂੰ ਸੁਰੱਖਿਅਤ ਥਾਂ ਮਿਲ ਸਕੇ। ਇਸ ਪ੍ਰਸਿੱਧ ਫਿਲਮਮੇਕਰ ਸੁਚੇਤਾ ਫੂਲੇ ਅਤੇ ਸੰਗੀਤਕਾਰ ਸ਼ੈਲੀ ਵੱਲੋਂ ਵੀ ਮੁੱਖ ਮਹਿਮਾਨ ਵਜੋ ਸ਼ਿਰਕਤ ਕੀਤੀ ਗਈ। ਉਨ੍ਹਾਂ ਨੇ ਪ੍ਰਕਿਰਤੀ ਅਤੇ ਪੰਛੀਆਂ ‘ਤੇ ਬਣੀ ਡੌਕੂਮੈਂਟਰੀ ਫਿਲਮ ਵਿਦਿਆਰਥੀਆਂ ਨੂੰ ਦਿਖਾਈ ਅਤੇ ਦੱਸਿਆ ਕਿ ਕਿਵੇਂ ਫਿਲਮਾਂ ਅਤੇ ਮੀਡੀਆ ਰਾਹੀਂ ਸਮਾਜ ਵਿੱਚ ਜਾਗਰੂਕਤਾ ਫੈਲਾਈ ਜਾ ਸਕਦੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕੁਦਰਤ ਨਾਲ ਜੁੜਨ ਅਤੇ ਉਸ ਦੀ ਰੱਖਿਆ ਕਰਨ ਲਈ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਅੰਤ ਵਿੱਚ ਸਕੂਲ ਦੀ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਨੇ ਸਕੂਲ ਵਿਖੇ ਪਹੁੰਚੇ ਸੰਦੀਪ ਧੌਲਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ ਇਸ ਸਲਾਘਾਯੋਗ ਕੰਮ ਦੀ ਸਹਾਰਨਾ ਕੀਤੀ। ਉਨ੍ਹਾਂ ਨੇ ਸੰਦੀਪ ਧੌਲਾ ਦੀ ਜਿੰਦਗੀ ਤੋਂ ਪ੍ਰੇਰਨਾ ਦਿੰਦੇ ਹੋਏ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਕਿ ਦਰੱਖਤ ਅਤੇ ਪੰਛੀ ਸਾਡੀ ਪ੍ਰਕਿਰਤੀ ਦਾ ਅਹਿਮ ਹਿੱਸਾ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਦਰੱਖਤ ਲਗਾਏ ਜਾਣ ਅਤੇ ਹਰ ਵਿਦਿਆਰਥੀ ਆਪਣੇ ਘਰ ਜਾਂ ਸਕੂਲ ਦੇ ਆਲੇ-ਦੁਆਲੇ ਘੱਟੋ-ਘੱਟ ਇੱਕ ਪੰਛੀ ਵਿਸ਼ਰਾਮ ਘਰ ਜ਼ਰੂਰ ਲਗਾਏ। ਉਨ੍ਹਾਂ ਕਿਹਾ ਕਿ ਛੋਟੇ ਛੋਟੇ ਕਦਮਾਂ ਰਾਹੀਂ ਅਸੀਂ ਵਾਤਾਵਰਣ ਨੂੰ ਬਚਾ ਸਕਦੇ ਹਾਂ ਅਤੇ ਆਉਣ ਵਾਲੀ ਪੀੜ੍ਹੀ ਲਈ ਸੁੰਦਰ ਧਰਤੀ ਛੱਡ ਸਕਦੇ ਹਾਂ। ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ ਅਤੇ ਪੰਛੀਆਂ ਅਤੇ ਵਾਤਾਵਰਣ ਦੀ ਰੱਖਿਆ ਲਈ ਸਦਾ ਯਤਨਸ਼ੀਲ ਰਹਿਣ ਦਾ ਸੰਕਲਪ ਲਿਆ।

## ਦੁਕਾਨਦਾਰਾਂ ਦੀ ਮਨਮਰਜ਼ੀ ਅੱਗੇ ਥਾਣਾ ਭਦੌੜ ਪੁਲਿਸ ਹੋਈ ਬੇ-ਵੱਸ



ਭਦੌੜ 24 ਜਨਵਰੀ (ਸੁਖਵਿੰਦਰ ਪਲਾਹਾ) : ਅੱਜ ਭਦੌੜ ਵਿੱਚ ਬਸੰਤ ਪੰਚਮੀ ਮੌਕੇ ਭਦੌੜ ਦੇ ਦੁਕਾਨਦਾਰਾਂ ਦੀ ਮਨਮਰਜੀ ਅੱਗੇ ਥਾਣਾ ਭਦੌੜ ਪੁਲਿਸ ਬੇਵੱਸ ਹੁੰਦੀ ਦਿਖਾਈ ਦਿੱਤੀ। ਵੇਖਣ ਵਿੱਚ ਆਇਆ ਗਿਆ ਕਿ ਭਦੌੜ ਦੇ ਕੁੱਝ ਦੁਕਾਨਦਾਰਾਂ ਵੱਲੋਂ ਦੁਕਾਨਾਂ ਦੇ ਬਾਹਰ ਵੱਡੇ ਵੱਡੇ ਵਿਆਹ ਵਾਲੇ ਟੇਬਲ ਲਗਾ ਕੇ ਉੱਪਰ ਪਤੰਗਾਂ ਦੇ ਢੇਰ ਲਾ ਦਿੱਤੇ ਗਏ, ਜਿਸ ਕਰਕੇ ਆਵਾਜਾਈ ਬੁਰੀ ਤਰ੍ਹਾਂ ਠੱਪ ਹੁੰਦੀ ਨਜ਼ਰ ਆਈ, ਕਿਉਂਕਿ ਬਸੰਤ ਪੰਚਮੀ ਦੇ ਤਿਉਹਾਰ ਕਾਰਨ ਬਾਜ਼ਾਰ ਵਿੱਚ ਪਹਿਲਾਂ ਨਾਲੋਂ ਜਿਆਦਾ ਚਹਿਲ ਪਹਿਲ ਸੀ ਅਤੇ ਵਹੀਕਲਾ ਦਾ ਆਉਣ ਜਾਣ ਵੀ ਲੱਗਿਆ ਰਿਹਾ, ਪਰ ਦੁਕਾਨਦਾਰਾਂ ਦੇ ਅੱਗੇ ਸਮਾਨ ਰੱਖਣ ਨਾਲ ਰਾਹਗੀਰਾਂ ਨੂੰ ਚੱਲਣ ਵਿੱਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਦ ਇਸ ਸਬੰਧੀ ਥਾਣਾ ਭਦੌੜ ਜੇ ਧਿਆਨ ਵਿੱਚ ਇਹ ਮਸਲਾ ਲਿਆਉਣਾ ਚਾਹਿਆ ਤਾਂ ਥਾਣਾ ਭਦੌੜ ਦਾ ਸਰਕਾਰੀ ਨੰਬਰ 9780874710 ਕਿਸੇ ਨੇ ਚੁੱਕਣਾ ਮੁਨਾਸਿਬ ਨਹੀਂ ਸਮਝਿਆ ।ਇਸ ਤੋਂ ਇਲਾਵਾ ਜਦੋਂ ਥਾਣਾ ਭਦੌੜ ਦੇ ਮੁੱਖ ਮੁਨਸ਼ੀ ਹਰਦੀਪ ਸਿੰਘ ਨਾਲ ਫੋਨ ਨੰਬਰ 7814160462 ਤੇ ਗੱਲ ਕਰਨੀ ਚਾਹੀਦੀ ਤਾਂ ਉਸ ਵੱਲੋਂ ਵੀ ਫੋਨ ਨਹੀਂ ਚੁੱਕਿਆ ਗਿਆ। ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਭਦੌੜ ਦੇ ਬਾਜ਼ਾਰ ਵਿੱਚ ਦੁਕਾਨਦਾਰਾਂ ਵੱਲੋਂ ਰੱਖਿਆ ਗਿਆ ਸਮਾਨ ਪੁਲਿਸ ਵੱਲੋਂ ਕਿਉਂ ਨਹੀਂ ਚੁਕਾਇਆ ਗਿਆ। ਇਸ ਤਰ੍ਹਾਂ ਥਾਣਾ ਭਦੌੜ ਵੱਲੋਂ ਅਣਗੌਲਿਆ ਕੀਤਾ ਜਾਣਾ ਕੁੱਝ ਹੋਰ ਸੰਕੇਤ ਦਿੰਦਾ ਹੈ।

## ਜੈ ਵਾਟਿਕਾ ਪਬਲਿਕ ਸਕੂਲ ਨੇ 77ਵਾਂ ਗਣਤੰਤਰ ਦਿਵਸ ਮਨਾਇਆ




ਬਰਨਾਲਾ, 24 ਜਨਵਰੀ (ਇਸੇਨ ਕੰਗ) : ਜੈ ਵਾਟਿਕਾ ਪਬਲਿਕ ਸਕੂਲ ਨੇ 77ਵਾਂ ਗਣਤੰਤਰ ਦਿਵਸ ਬਹੁਤ ਉਤਸ਼ਾਹ ਅਤੇ ਦੇਸ਼ ਭਗਤੀ ਨਾਲ ਮਨਾਇਆ। ਇਸ ਮੌਕੇ ਵਿਦਿਆਰਥੀਆਂ ਨੇ ਭਾਰਤੀ ਸੰਵਿਧਾਨ ਦੀਆਂ ਸ਼ਕਤੀਆਂ ਨੂੰ ਉਜਾਗਰ ਕਰਦੇ ਹੋਏ ਦੇਸ਼ ਭਗਤੀ ਦੀਆਂ ਪੇਸ਼ਕਾਰੀਆਂ ਪੇਸ਼ ਕੀਤੀਆਂ।ਪ੍ਰੋਗਰਾਮ ਦੌਰਾਨ, ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤਾਂ, ਨਾਚਾਂ, ਭਾਸ਼ਣਾਂ ਅਤੇ ਕਵਿਤਾਵਾਂ ਰਾਹੀਂ ਰਾਸ਼ਟਰੀ ਏਕਤਾ ਅਤੇ ਅਖੰਡਤਾ ਦਾ ਸੰਦੇਸ਼ ਦਿੱਤਾ, ਦੇਸ਼ ਦੇ ਬਹਾਦਰ ਸ਼ਹੀਦਾਂ ਅਤੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਬੱਚਿਆਂ ਦੀਆਂ ਪੇਸ਼ਕਾਰੀਆਂ ਦੇਸ਼ ਭਗਤੀ ਨੂੰ ਦਰਸਾਉਂਦੀਆਂ ਸਨ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਆਪਣੇ ਅਧਿਕਾਰਾਂ ਦੇ ਨਾਲ- ਨਾਲ ਆਪਣੇ ਫਰਜ਼ ਵੀ ਇਮਾਨਦਾਰੀ ਨਾਲ ਨਿਭਾਉਣੇ ਚਾਹੀਦੇ ਹਨ ਅਤੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਸੰਵਿਧਾਨ ਦੁਆਰਾ ਦਿੱਤੇ ਗਏ ਮੁੱਲਾਂ ਨੂੰ ਜੀਵਨ ਵਿੱਚ ਅਪਣਾਉਣ ’ਤੇ ਜ਼ੋਰ ਦਿੱਤਾ। ਸਕੂਲ ਡਾਇਰੈਕਟਰ ਸ਼੍ਰੀਮਤੀ ਵਨੀਸ਼ਾ ਬਾਂਸਲ ਜੀ ਨੇ ਆਪਣੇ ਸ਼ੁਭ ਸੰਦੇਸ਼ ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਗਣਤੰਤਰ ਦਿਵਸ ਦੀਆਂ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਸਾਨੂੰ ਦੂਜਿਆਂ ਤੋਂ ਡਰਨਾ ਨਹੀਂ ਚਾਹੀਦਾ। ਖੁਸ਼ੀ ਸਾਂਝੀ ਕੀਤੀ ਜਾਣੀ ਚਾਹੀਦੀ ਹੈ, ਮਦਦ ਕੀਤੀ ਜਾਣੀ ਚਾਹੀਦੀ ਹੈ ਅਤੇ ਦੇਸ਼ ਵਾਸੀਆਂ ਪ੍ਰਤੀ ਪਿਆਰ ਅਤੇ ਸਦਭਾਵਨਾ ਦੀ ਭਾਵਨਾ ਬਣਾਈ ਰੱਖਣੀ ਚਾਹੀਦੀ ਹੈ।



# ਪਟਿਆਲਾ-ਆਸ/ਪਾਸ



## ਨਸ਼ਿਆਂ ਵਿਰੁੱਧ ਲੜਾਈ 'ਚ ਅਧਿਆਪਕਾਂ ਦੀ ਭੂਮਿਕਾ ਅਹਿਮ: ਡਾ. ਬਲਬੀਰ ਸਿੰਘ

### ➢ਸਰਕਾਰੀ ਮਹਿੰਦਰਾ ਕਾਲਜ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਸਿਖਲਾਈ ਪ੍ਰੋਗਰਾਮ



ਪਟਿਆਲਾ , 24 ਜਨਵਰੀ (ਚ.ਨ.ਸ.) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਆਯੋਜਿਤ ਇੱਕ ਰੋਜ਼ਾ ਸਮਰੱਥਾ ਉਸਾਰੀ ਸਿਖਲਾਈ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਹ ਸਿਖਲਾਈ ਪ੍ਰੋਗਰਾਮ ਸਹਾਇਕ ਅਤੇ ਸਰਕਾਰੀ ਕਾਲਜਾਂ ਦੇ ਨੋਡਲ ਅਫਸਰਾਂ ਲਈ ਆਯੋਜਿਤ ਕੀਤਾ ਗਿਆ ਸੀ, ਜਿਸਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਨਸ਼ਿਆਂ ਦੀ ਰੋਕਥਾਮ ਸਬੰਧੀ ਜਾਗਰੂਕਤਾ ਨੂੰ ਮਜ਼ਬੂਤ ਕਰਨਾ ਸੀ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨਸ਼ਾ ਮੁਕਤ ਅਤੇ ਰੰਗਲਾ ਪੰਜਾਬ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਸਰਕਾਰ ਵੱਲੋਂ ਚਲਾਈ ਜਾ ਰਹੀ 10 ਲੱਖ ਰੁਪਏ ਦੀ ਇੰਸ਼ੋਰੈਂਸ ਸਕੀਮ ਬਾਰੇ ਵੀ ਜਾਣਕਾਰੀ ਦਿੱਤੀ। ਇਸ ਸਮਾਗਮ ਦਾ ਸੰਚਾਲਨ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਡਾ. ਨਿਸ਼ਠਾ ਤ੍ਰਿਪਾਠੀ ਨੇ ਕੀਤਾ। ਉਨ੍ਹਾਂ ਨੇ ਨੋਡਲ ਅਫਸਰਾਂ ਨੂੰ ਅਪੀਲ ਕੀਤੀ ਕਿ ਉਹ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਨਸ਼ਾ ਵਿਰੋਧੀ ਗਤੀਵਿਧੀਆਂ ਨੂੰ ਲਗਾਤਾਰ ਪ੍ਰੋਤਸਾਹਿਤ ਕਰਨ। ਇਸ ਮੌਕੇ ਸੰਬੋਧਨ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਵਿੱਚ ਨਸ਼ਾ ਮੁਕਤੀ ਬਾਰੇ ਜਾਗਰੂਕਤਾ ਫੈਲਾਉਣ ਅਤੇ ਉਨ੍ਹਾਂ ਦੇ ਆਹਾਰ-ਵਿਹਾਰ ਉੱਤੇ ਖਾਸ ਧਿਆਨ ਦੇਣ।ਇਹ ਸਿਖਲਾਈ ਪ੍ਰੋਗਰਾਮ ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਵਿਭਾਗ ਅਤੇ ਡਾਟਾ ਇੰਟੈਲੀਜੈਂਸ ਅਤੇ ਤਕਨੀਕੀ ਸਹਾਇਤਾ ਇਕਾਈ ਵੱਲੋਂ ਭਾਰਤ ਸਰਕਾਰ ਦੀ ਨੈਸ਼ਨਲ ਐਕਸ਼ਨ ਪਲਾਨ ਫਾਰ ਡਰੱਗ ਡਿਮਾਂਡ ਰਿਡਕਸ਼ਨ ਸਕੀਮ ਤਹਿਤ ਆਦਿਤਿਆ ਬਿਰਲਾ ਐਜੂਕੇਸ਼ਨ ਟਰੱਸਟ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਤਾਲਮੇਲ ਨੋਡਲ ਅਫ਼ਸਰ ਡਾ. ਗੁਰਪ੍ਰੀਤ ਕੌਰ ਸੰਧੂ ਵੱਲੋਂ ਕੀਤਾ ਗਿਆ।ਇਸ ਮੌਕੇ ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ ਅਤੇ ਕਾਲਜ ਦੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਨਵ-ਨਿਯੁਕਤ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦਾ ਸਵਾਗਤ



ਸਮਾਣਾ, 24 ਜਨਵਰੀ (ਵਿਜੇ ਕੁਮਾਰ/ਜਵੰਦਾ) : ਪ੍ਰਿੰਸੀਪਲ, ਪਬਲਿਕ ਕਾਲਜ ਸਮਾਣਾ ਡਾ. ਹਰਕੀਰਤ ਸਿੰਘ ਵੱਲੋਂ ਅੱਜ ਪਟਿਆਲਾ ਦੇ ਨਵੇਂ ਆਏ ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ ਪਬਲਿਕ ਕਾਲਜ ਸਮਾਣਾ ਮੈਨੇਜਮੈਂਟ ਸੁਸਾਇਟੀ ਵਰਜੀਤ ਵਾਲੀਆ ਆਈ.ਏ.ਐਸ. ਦਾ ਉਨ੍ਹਾਂ ਦੇ ਦਫਤਰ ਵਿਖੇ ਫੁੱਲਾਂ ਦਾ ਗੁਲਦਸਤਾ ਦੇ ਕੇ ਸੁਆਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਕਾਲਜ ਪ੍ਰਿੰਸੀਪਲ ਨੇ ਇਸ ਮੌਕੇ ਖੁਸ਼ੀ ਦਾ ਇਜ਼ਹਾਰ ਕੀਤਾ। ਡਿਪਟੀ ਕਮਿਸ਼ਨਰ ਪਟਿਆਲਾ ਵੱਲੋਂ ਇਸ ਮੌਕੇ ਭਰੋਸਾ ਦਿੱਤਾ ਗਿਆ ਕਿ ਉਹ ਕਾਲਜ ਦੇ ਵਿਕਾਸ ਕਾਰਜਾਂ ਲਈ ਆਪਣਾ ਵਡਮੁੱਲਾ ਸਹਿਯੋਗ ਦਿੰਦੇ ਰਹਿਣਗੇ।

## ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਘਨੌਰ, 24 ਜਨਵਰੀ (ਮਦਨ ਲਾਲ) : ਥਾਣਾ ਖੇੜੀ ਗੰਡਿਆ ਪੁਲਿਸ ਨੇ ਕਥਿਤ ਦੋਸ਼ੀ ਸ਼ਿਵ ਕੁਮਾਰ ਪੁੱਤਰ ਮਨੋਜ ਕੁਮਾਰ ਵਾਸੀ ਕਿਰਾਏਦਾਰ ਚੌਧਰੀ ਹਵੇਲੀ ਬੱਸੀ ਨੇੜੇ ਚਾਂਦ ਪੀਰ ਬਨੂੜ ਵਿਰੁੱਧ ਧਾਰਾ 27,61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਜਸਵਿੰਦਰਪਾਲ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਬਢੌਲੀ ਗੁਜਰਾਂ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜਿਸਨੇ ਦੱਸਿਆ ਕਿ ਉਹ ਨਸ਼ੇ ਕਰਨ ਦਾ ਆਦੀ ਹੈ ਅਤੇ ਹੁਣ ਵੀ ਨਸ਼ਾ ਕੀਤਾ ਹੋਇਆ ਹੈ।

## ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ, ਹਰ ਪਰਿਵਾਰ ਨੂੰ ਮਿਲੇਗਾ 10 ਲੱਖ ਤੱਕ ਦਾ ਕੈਸ਼ਲੈਸ ਇਲਾਜ : ਹਰਚੰਦ ਸਿੰਘ ਬਰਸਟ

### ➢ਪੀ.ਆਰ.ਟੀ.ਸੀ. ਦੇ ਚੇਅਰਮੈਨ ਬਣਨ 'ਤੇ ਹਰਪਾਲ ਜੁਨੇਜਾ ਨੂੰ ਦਿੱਤੀਆਂ ਵਧਾਈਆਂ



ਪਟਿਆਲਾ, 24 ਜਨਵਰੀ (ਰੁਪਾਣਾ) : ਪੰਜਾਬ ਵਿੱਚ 'ਮੁੱਖ ਮੰਤਰੀ ਸਿਹਤ ਯੋਜਨਾ' ਦਾ ਆਗਾਜ਼ ਕਰ ਦਿੱਤਾ ਗਿਆ ਹੈ ਅਤੇ ਇਹ ਪਹਿਲ ਸੂਬੇ ਦੇ ਸਿਹਤ ਖੇਤਰ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਸਾਬਤ ਹੋਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ. ਹਰਚੰਦ ਸਿੰਘ ਬਰਸਟ, ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ, ਪੰਜਾਬ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਵੱਲੋਂ ਪਟਿਆਲਾ ਦਫ਼ਤਰ ਵਿਖੇ ਆਯੋਜਿਤ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਕੀਤਾ ਗਿਆ। ਅੱਜ ਸ. ਹਰਚੰਦ ਸਿੰਘ ਬਰਸਟ ਨੇ ਪੀਆਰਟੀਸੀ ਦੇ ਨਵ-ਨਿਯੁਕਤ ਚੇਅਰਮੈਨ ਹਰਪਾਲ ਜੁਨੇਜਾ ਨੂੰ ਵਧਾਈਆਂ ਦਿੱਤੀਆਂ ਅਤੇ ਲੋਕ ਹਿੱਤ ਵਿੱਚ ਕੰਮ ਕਰਨ ਲਈ ਪ੍ਰੇਰਿਤ ਕੀਤਾ। ਲੋਕ ਮਿਲਣੀ ਪ੍ਰੋਗਰਾਮ ਦੌਰਾਨ ਸ. ਹਰਚੰਦ ਸਿੰਘ ਬਰਸਟ ਵੱਲੋਂ ਪਟਿਆਲਾ ਦਫ਼ਤਰ ਵਿਖੇ ਵੱਡੀ ਗਿਣਤੀ ਵਿੱਚ ਆਏ ਲੋਕਾਂ ਨਾਲ ਮੁਲਾਕਾਤ ਕੀਤੀ ਗਈ। ਸ. ਬਰਸਟ ਨੇ ਕਿਹਾ ਕਿ ਲੋਕ ਮਿਲਣੀ ਪ੍ਰੋਗਰਾਮਾਂ ਰਾਹੀਂ ਸਰਕਾਰ ਤੇ ਲੋਕਾਂ ਦਰਮਿਆਨ ਸਿੱਧਾ ਰਾਬਤਾ ਕਾਇਮ ਹੁੰਦਾ ਹੈ। ਇਸ ਤਰ੍ਹਾਂ ਦੇ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਲੋਕਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦਾ ਤੋਹਫਾ ਦਿੱਤਾ ਗਿਆ ਹੈ, ਜਿਸਦੇ ਤਹਿਤ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਮੁਫ਼ਤ ਅਤੇ ਕੈਸ਼ਲੈਸ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਭਰ ਵਿੱਚ ਸਿਹਤ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਹਰ ਨਾਗਰਿਕ ਤੱਕ ਚੰਗੀਆਂ ਸਿਹਤ ਸੇਵਾਵਾਂ ਪਹੁੰਚਾਉਣ ਲਈ ਅਹਿਮ ਕਦਮ ਚੁੱਕੇ ਗਏ ਹਨ। ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮੁਫ਼ਤ ਅਤੇ ਚੰਗੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪੰਜਾਬ ਭਰ ਵਿੱਚ ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਗਏ ਹਨ।ਇਸ ਮੌਕੇ ਪਰਗਟ ਸਿੰਘ ਸਰਪੰਚ ਢੱਕੜਬਾ, ਰਾਜਵੀਰ ਸਿੰਘ ਸਰਪੰਚ ਬਲਮਗੜ੍ਹ, ਸਤਗੁਰ ਸਿੰਘ ਸਰਪੰਚ ਤਰੋੜਾ ਕਲਾਂ, ਸ਼ਾਮ ਲਾਲ ਦੱਤ, ਡਾ. ਕੇਕੇ ਜੌਹਰੀ, ਹਜ਼ੂਰੀ ਲਾਲ ਜੌਹਰੀ, ਪ੍ਰੇਮ ਸਿੰਘ ਨੰਬਰਦਾਰ, ਕਰਮ ਸਿੰਘ, ਸੁਖਪਾਲ ਸਿੰਘ, ਜਗਵਿੰਦਰ ਸਿੰਘ, ਅਮਿਤ ਬਾਂਸਲ, ਅਨਿਲ ਕੁਮਾਰ, ਅਸ਼ੋਕ ਕੁਮਾਰ, ਗੁਰਵੀਰ ਸਿੰਘ, ਰਫੀਕ ਮੁਹੰਮਦ, ਮਘੱਰ ਸਿੰਘ ਤੇ ਹੋਰ ਵੀ ਮੌਜੂਦ ਰਹੇ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਬਿਨਾਂਹੇੜੀ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ



ਨਾਭਾ, 24 ਜਨਵਰੀ (ਗੁਰਚਰਨ ਸਿੰਘ ਚੌਧਰੀ ਮਾਜਰਾ ) :ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਿਨਾਂਹੇੜੀ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਬੜੇ ਉਤਸਾਹ ਨਾਲ ਮਨਾਇਆ ਗਿਆ। ਹਰਿਆਲੀ ਤੇ ਖੁਸ਼ਹਾਲੀ ਅਤੇ ਵਿੱਦਿਆ ਦਾ ਦਾਨ ਦੇਣ ਵਾਲੀ ਮਾਤਾ ਸਰਸਵਤੀ ਮਾਤਾ ਨੂੰ ਸਮਰਪਿਤ ਸੰਤ ਪੰਚਮੀ ਦਾ ਤਿਉਹਾਰ ਬੜੇ ਵਧੀਆ ਢੰਗ ਨਾਲ ਮਨਾਇਆ ਗਿਆ। ਸਰਸਵਤੀ ਮਾਤਾ ਅੱਗੇ ਵਿਦਿਆਰਥੀਆਂ ਨੂੰ ਵਿਦਿਆ ਦਾ ਦਾਨ ਅਤੇ ਸਾਰਿਆਂ ਦੀ ਖੁਸ਼ਹਾਲੀ ਲਈ ਅਰਦਾਸ ਦੀ ਆਰੰਭਤਾ ਦੇ ਨਾਲ ਸਕੂਲ ਦੇ ਬੱਚਿਆਂ ਵੱਲੋਂ ਵੱਖ-ਵੱਖ ਗਤੀਵਿਧੀਆਂ ਜਿਵੇਂ ਪੋਸਟਰ ਮੇਕਿੰਗ ਪਤੰਗ ਮੇਕਿੰਗ ਕਵਿਤਾ ਉਚਾਰਨ ਅਤੇ ਇਸ਼ਤਿਹਾਰ ਦੀ ਮਹੱਤਤਾ ਸਬੰਧੀ ਵਿਚਾਰ ਪੇਸ਼ ਕੀਤੇ ਗਏ, ਸਕੂਲ ਡਾਇਰੈਕਟਰ ਭੁਪਿੰਦਰ ਸਿੰਘ ਚੱਢਾ ਅਤੇ ਪ੍ਰਿੰਸੀਪਲ ਸਤਵਿੰਦਰ ਪ੍ਰੀਤ ਵੱਲੋਂ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਤਿਉਹਾਰ ਦੀ ਮਹੱਤਤਾ ਸਬੰਧੀ ਚਾਨਣਾ ਪਾਇਆ।

## ਸ੍ਰੀ ਰਾਮ ਮੰਦਰ ਤੇ ਪ੍ਰਾਣ ਪ੍ਰਤਿਸ਼ਠਾ ਦੇ ਦੋ ਸਾਲ ਪੂਰੇ ਹੋਣ 'ਤੇ ਲੰਗਰ ਲਗਾਇਆ

### ➢ਡਾ. ਪ੍ਰਭਲੀਨ ਸਿੰਘ ਓ.ਐਸ.ਡੀ.-ਟੂ-ਮੁੱਖ ਮੰਤਰੀ ਹਰਿਆਣਾ ਵਿਸ਼ੇਸ਼ ਤੌਰ 'ਤੇ ਪਹੁੰਚੇ



ਪਟਿਆਲਾ, 24 ਜਨਵਰੀ (ਚ.ਨ.ਸ.) : ਅਯੁੱਧਿਆ ਵਿਖੇ ਸ੍ਰੀ ਰਾਮ ਮੰਦਰ ਅਤੇ ਪ੍ਰਾਣ ਪ੍ਰਤੀਸ਼ਠਾ ਦੇ ਦੋ ਸਾਲ ਪੂਰੇ ਹੋਣ 'ਤੇ ਜਾਗਰਤੀ ਚੈਰੀਟੇਬਲ ਫਾਊਂਡੇਸ਼ਨ (ਰਜਿ.) ਵੱਲੋਂ ਧੀਰਜ ਚਲਾਣਾ ਅਤੇ ਦਿਵਿਆ ਸ਼ਰਮਾ ਦੀ ਅਗਵਾਈ ਹੇਠ ਛੋਟੀ ਬਾਰਾਦਰੀ ਵਿਖੇ ਆਲੂ ਪੂਰੀ, ਦੇਸੀ ਘਿਓ ਦੇ ਪ੍ਰਸ਼ਾਦ ਅਤੇ ਲੱਡੂਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਰਿਆਣਾ ਦੇ ਮੁੱਖ ਮੰਤਰੀ ਦੇ ਓ.ਐਸ.ਡੀ ਡਾ.ਪ੍ਰਭਲੀਨ ਸਿੰਘ ਪਹੁੰਚੇ ਅਤੇ ਸ਼ਰਧਾ ਨਾਲ ਲੰਗਰ ਵਿਖੇ ਸੇਵਾ ਕੀਤੀ। ਇਸ ਮੌਕੇ ਧੀਰਜ ਚਲਾਣਾ ਨੇ ਕਿਹਾ ਕਿ ਸ੍ਰੀ ਰਾਮ ਮੰਦਰ ਦੇ ਦੋ ਸਾਲ ਪੂਰੇ ਹੋਣ 'ਤੇ ਪੂਰੇ ਭਾਰਤੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਇਸੇ ਗੱਲ ਦਾ ਜਸ਼ਨ ਮਨਾਉਂਦੇ ਹੋਏ। ਅੱਜ ਸਵਾਦਿਸ਼ਟ ਲੰਗਰ ਦਾ ਆਯੋਜਨ ਕੀਤਾ ਗਿਆ ਹੈ। ਜਿਸ ਵਿੱਚ 1500 ਦੇ ਕਰੀਬ ਸ਼ਰਧਾਲੂਆਂ ਨੇ ਲੰਗਰ ਦਾ ਆਨੰਦ ਮਾਣਿਆ। ਇਸ ਮੌਕੇ ਨਿਰਮਲ ਸਿੰਘ ਭੱਟੀਆਂ, ਜੈ ਭੂਸ਼ਣ ਮਲਿਕ, ਹਰਪ੍ਰੀਤ ਸੰਧੂ, ਵਿਜੇ ਕੂਕਾ, ਕੇ.ਕੇ ਸਹਿਗਲ, ਨੀਰਜ ਵਤਸ, ਸਵਤੰਤਰ ਪਾਸੀ, ਅਨਿਲ ਮਹਿਤਾ, ਪਵਨ ਗੁਪਤਾ, ਮਨਮੋਹਨ ਅਰੋੜਾ, ਪੀ.ਡੀ ਗੁਪਤਾ, ਆਰ.ਕੇ ਮਹਿਤਾ, ਰਾਜ ਰਾਣੀ ਚਲਾਣਾ, ਪਵਨ ਸ਼ਰਮਾ, ਦੀਪਕ ਡਕਾਲਾ, ਅਸ਼ਵਨੀ ਗੋਇਲ, ਟੋਨੀ ਬਾਂਸਲ, ਹਰਦੇਵ ਬੱਲੀ, ਹਨੀਸ਼ ਗੋਇਲ, ਸੁਭਾਸ਼ ਗੁਪਤਾ, ਡਾ. ਡਾਵਰ, ਡਾ. ਦੀਪਕ ਘਾਈ, ਪਰਵਿੰਦਰ ਸਿੰਘ, ਹਰਮਨਦੀਪ ਕੌਰ, ਮੋਹਨ ਲਾਲ, ਡਾ. ਵਰਿੰਦਰ ਵਰਮਾ, ਡਾ. ਅਨਿਲ ਕਪੂਰ, ਪਰਮਜੀਤ ਸਿੰਘ ਜੱਗੀ, ਦਵਿੰਦਰ ਕੌਰ, ਮਨਪ੍ਰੀਤ ਸਿੰਘ, ਬਲਵੰਤ ਸਿੰਘ ਸੱਭਰਵਾਲ, ਭੁਵਨਪ੍ਰੀਤ ਸਿੰਘ, ਜਸਵਿੰਦਰ ਜੁਲਕਾ ਆਦਿ ਮੌਕੇ 'ਤੇ ਹਾਜ਼ਰ ਸਨ।

## ਡਾ. ਬੀ. ਐੱਸ. ਸੰਧੂ ਸਕੂਲ ਵਿਖੇ ਗਣਤੰਤਰ ਦਿਵਸ ਮਨਾਇਆ



ਦੇਵੀਗੜ੍ਹ, 24 ਜਨਵਰੀ (ਗੁਰਜੀਤ ਸਿੰਘ ਢੌਟ) : ਡਾ. ਬੀ. ਐੱਸ. ਸੰਧੂ ਮੈਮੋਰੀਅਲ ਪਬਲਿਕ ਸਕੂਲ, ਘੜਾਮ ਰੋਡ, ਜੁਲਾਹ ਖੇੜੀ ਵਿਖੇ ਭਾਰਤ ਦਾ 77ਵਾਂ ਗਣਤੰਤਰ ਦਿਵਸ ਬੜੇ ਹੀ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਕੈਂਪਸ ਨੂੰ ਤਿਰੰਗੇ ਝੰਡਿਆਂ ਅਤੇ ਗੁਬਾਰਿਆਂ ਨਾਲ ਬਹੁਤ ਹੀ ਸੁੰਦਰ ਤਰੀਕੇ ਨਾਲ ਸਜਾਇਆ ਗਿਆ ਸੀ। ਸਮਾਗਮ ਦੀ ਸ਼ੁਰੂਆਤ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਨਾਲ ਕੀਤੀ ਗਈ। ਝੰਡਾ ਲਹਿਰਾਉਣ ਉਪਰੰਤ ਸਾਰਿਆਂ ਨੇ ਮਿਲ ਕੇ ਰਾਸ਼ਟਰੀ ਗੀਤ ਗਾਇਆ ਅਤੇ ਸੰਵਿਧਾਨ ਦੇ ਨਿਰਮਾਤਾਵਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਤੋਂ ਉਪਰੰਤ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਕਵਿਤਾਵਾਂ ਅਤੇ ਭਾਸ਼ਣ ਪੇਸ਼ ਕੀਤੇ ਗਏ। ਸਕੂਲ ਚੇਅਰਮੈਨ ਹਰਦੀਪ ਸਿੰਘ ਸੰਧੂ ਅਤੇ ਮੈਨੇਜਿੰਗ ਡਾਇਰੈਕਟਰ ਰਜਿੰਦਰ ਕੌਰ ਸੰਧੂ ਨੇ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦੇ ਹੋਏ ਇਸ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਸਾਨੂੰ ਆਪਣੇ ਦੇਸ਼ ਦੇ ਸੰਵਿਧਾਨ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਇੱਕ ਜ਼ਿੰਮੇਵਾਰ ਨਾਗਰਿਕ ਬਣਨਾ ਚਾਹੀਦਾ ਹੈ। ਪ੍ਰਿੰਸੀਪਲ ਤਰਨਦੀਪ ਕੌਰ ਅਰੋੜਾ ਨੇ ਬੱਚਿਆਂ ਨੂੰ ਅਨੁਸ਼ਾਸਨ ਅਤੇ ਮਿਹਨਤ ਦੇ ਰਾਹ 'ਤੇ ਚੱਲ ਕੇ ਦੇਸ਼ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।

## ਸੁਨੀਤਾ-ਪ੍ਰਾਣ ਸੱਭਰਵਾਲ ਦੀ 66ਵੀਂ ਸ਼ਾਦੀ ਵਰ੍ਹੇਗੰਢ 'ਤੇ ਬਿਰਧ ਆਸ਼ਰਮ ਅਤੇ ਮਾਂ ਕਾਲੀ ਦਾ ਆਸ਼ੀਰਵਾਦ



ਪਟਿਆਲਾ, 24 ਜਨਵਰੀ (ਚ.ਨ.ਸ.): ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਪਦਮ ਸ਼੍ਰੀ ਅਵਾਰਡੀ ਪ੍ਰਾਣ ਸੱਭਰਵਾਲ ਸਟੇਟ ਅਵਾਰਡੀ ਸ਼੍ਰੀਮਤੀ ਸੁਨੀਤਾ ਸੱਭਰਵਾਲ ਨੇ ਆਪਣੀ 66ਵੀਂ ਸ਼ਾਦੀ ਵਰ੍ਹੇਗੰਢ 'ਤੇ, ਧੰਨਾ ਭਗਤ ਬਿਰਧ ਆਸ਼ਰਮ ਦੇ ਵਸਨੀਕਾਂ ਅਤੇ ਮਾਂ ਕਾਲੀ ਮੰਦਿਰ ਵਿਖੇ ਮੌਜੂਦ ਲੋੜਵੰਦਾਂ ਨੂੰ ਜੁਰਾਬਾਂ ਅਤੇ ਮਿਠਾਈਆਂ ਵੰਡ ਕੇ ਉਹਨਾਂ ਦਾ ਆਸ਼ੀਰਵਾਦ ਲਿਆ। ਸ਼ਾਮ ਨੂੰ ਨਟਾਸ ਭਵਨ ਵਿਖੇ ਕੇਕ ਸੈਰਾਮਨੀ ਮਨਾਈ ਅਤੇ ਪਰਿਵਾਰ ਅਤੇ ਸਨੇਹੀਆਂ ਨਾਲ ਮਿਲ ਕੇ ਪ੍ਰੀਤੀ ਭੋਜ ਦਾ ਆਨੰਦ ਮਾਣਿਆ। ਸ਼੍ਰੀ ਪ੍ਰਾਣ ਸੱਭਰਵਾਲ ਨੇ ਦੱਸਿਆ ਕਿ ਉਪਰੋਕਤ ਪ੍ਰੋਗਰਾਮ ਵਿੱਚ ਉਹਨਾਂ ਨੂੰ ਸਮੂਹ ਸੱਭਰਵਾਲ ਪਰਿਵਾਰ ਸਪੁੱਤਰਾਂ ਆਰਕੀਟੈਕਟ ਸੰਪੰਨ ਸੱਭਰਵਾਲ (ਦਿੱਲੀ), ਏ.ਆਈ.ਜੀ. ਪੁਲਿਸ ਵਿਕਾਸ ਸੱਭਰਵਾਲ, ਸਾਕ ਸਬੰਧੀ, ਸਨੇਹੀਆਂ ਨੇ ਸੁੱਖ ਸ਼ਾਂਤੀ, ਉਨਤੀ ਲਈ ਆਸ਼ੀਰਵਾਦ ਅਤੇ ਅਸੀਸਾਂ ਦਿੱਤੀਆਂ. ਸੱਭਰਵਾਲ ਦੰਪਤੀ ਨੇ ਭਗਵਾਨ ਨਟਰਾਜ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਰੰਗਮੰਚ ਲਹਿਰ ਨੂੰ ਹੋਰ ਤੇਜ਼ ਰੱਖਣ ਦਾ ਸੰਕਲਪ ਲਿਆ। ਸ਼੍ਰੀ ਸੱਭਰਵਾਲ ਨੇ ਸਮੂੰਹ ਪਰਿਵਾਰ ਅਤੇ ਨਟਾਸ ਵੱਲੋਂ ਸਾਰੇ ਸਨੇਹੀਆਂ ਵੱਲੋਂ ਪ੍ਰਾਪਤ ਸ਼ੁਭਇੱਛਾਵਾਂ, ਅਸੀਸਾਂ ਅਤੇ ਆਸ਼ੀਰਵਾਦ ਲਈ ਧੰਨਵਾਦ ਕੀਤਾ।

## ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਮੀਟਿੰਗ



ਦੇਵੀਗੜ੍ਹ, 24 ਜਨਵਰੀ (ਗੁਰਜੀਤ ਸਿੰਘ ਢੌਟ) : ਅੱਜ ਭਾਰਤੀ ਕਿਸਾਨ ਯੂਨੀਅਨ ਦੀ ਮੀਟਿੰਗ ਅਨਾਜ ਮੰਡੀ ਦੁੱਧਨਸਾਧਾਂ ਵਿਖੇ ਬਲਾਕ ਪ੍ਰਧਾਨ ਗੁਰਚਰਨ ਸਿੰਘ ਪਰੌੜ ਦੀ ਪ੍ਰਧਾਨਗੀ ਵਿਚ ਹੋਈ ਤੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਲੇਹਲਾਂ ਵੱਲੋਂ ਵਿਸ਼ੇਸ ਤੌਰ 'ਤੇ ਸ਼ਮੂਲੀਅਤ ਕੀਤੀ ਗਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਰਾਜੇਵਾਲ ਜਿਸ ਵਿੱਚ 26 ਜਨਵਰੀ ਦੇ ਟਰੈਕਟਰ ਮਾਰਚ ਦੇ ਲਈ ਹਾਜ਼ਰ ਅਹੁਦੇਦਾਰਾਂ ਤੇ ਇਲਾਕਾ ਨਿਵਾਸੀ ਕਿਸਾਨਾਂ ਆਪਣੇ ਟਰੈਕਟਰਾ ਝੰਡੇ ਲਾ ਕੇ 11 ਤੋਂ ਪਹਿਲਾਂ ਬਿਜਲੀ ਗਰਿੱਡ ਦੇਵੀਗੜ੍ਹ ਦੇ ਸਾਮਣੇ ਇਕੱਠੇ ਹੋ ਕੇ ਤਹਿਸੀਲ ਦੁਧਨਸਾਧਾਂ ਤੱਕ ਮਾਰਚ ਵਿਚ ਸਾਮਲ ਹੋਣ ਲਈ ਕਿਹਾ ਅਤੇ ਨਰਿੰਦਰ ਸਿੰਘ ਲੇਲਾ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ ਵੱਲੋ ਬਿਜਲੀ ਬਿੱਲ ਤੇ ਤਰਸੇਮ ਸਿੰਘ ਨੇ ਵਿਚਾਰ ਰੱਖੇ ਹਰਪਾਲ ਰੱਤਾਖੇੜਾ ਨੇ ਬਿਜਲੀ ਬਿੱਲ ਤੇ ਕਿਸਾਨਾਂ ਨੂੰ ਜਾਗਰੂਕ ਕੀਤਾ। ਇਕਬਾਲ ਸਿੰਘ ਖਜ਼ਾਨਚੀ, ਹਰਦੀਪ ਸਿੰਘ ਚੂਹਟ, ਰਜਿੰਦਰ ਸਿੰਘ ਦੌਲਤ ਪੁਰ ਵੱਲੋਂ ਚਾਹ ਦੇ ਲੰਗਰ ਦਾ ਪ੍ਰਬੰਧ ਕੀਤਾ।ਅਮਰੀਕ ਸਿੰਘ ਰਾਜੂਖੇੜੀ, ਅਜੈਬ ਸਿੰਘ, ਹਰਚਰਨ ਸਿੰਘ, ਅਰਵਿੰਦ ਸਿੰਘ, ਜੀਵਨ ਸਿੰਘ ਬਰਾਹਮਪੁਰ, ਕੇਸਰ ਸਿੰਘ, ਸਤਿਨਾਮ ਸਿੰਘ ਖਤੌਲੀ, ਹਰਬੰਸ ਸਿੰਘ ਸ਼ਾਦੀਪੁਰ, ਜਸਵਿੰਦਰ ਸਿੰਘ ਕਿਸ਼ਨਪੁਰ, ਦਲਜੀਤ ਸਿੰਘ ਨੰਬਰਦਾਰ ਹਾਜ਼ਰ ਰਹੇ।

## ਦਾਜ ਲਈ ਤੰਗ ਕਰਨ ਦੇ ਵੱਖ-ਵੱਖ ਮਾਮਲੇ ਦਰਜ

ਪਟਿਆਲਾ, 24 ਜਨਵਰੀ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਹਰਪ੍ਰੀਤ ਕੌਰ ਪੁੱਤਰੀ ਧਰਮਪਾਲ ਸਿੰਘ ਵਾਸੀ ਬਾਰਨ ਥਾਣਾ ਅਨਾਜ ਮੰਡੀ ਪਟਿਆਲਾ ਨੇ ਕਥਿਤ ਦੋਸ਼ੀ ਸਤਪਾਲ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਵਾਰਡ ਨੰ. 17 ਹਿਮਾਯੂੰਪੁਰ ਰੇਲਵੇ ਰੋਡ ਸਰਾਭਾ ਨਗਰ ਸਰਹੰਦ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਦੋਸ਼ੀ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਿਆ। ਉਸ ਦੇ ਦਾਜ ਦਾ ਸਮਾਨ ਵੀ ਦੋਸ਼ੀ ਦੇ ਕਬਜ਼ੇ ਵਿੱਚ ਹੈ। ਪੁਲਿਸ ਨੇ ਧਾਰਾ 316(2),85 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਇਸੇ ਤਰ੍ਹਾਂ ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਕਿਰਨਾ ਰਾਣੀ ਪੁੱਤਰੀ ਰਮੇਸ਼ ਕੁਮਾਰ ਵਾਸੀ ਪੂਨੀਆ ਖਾਨਾ ਥਾਣਾ ਸਦਰ ਪਟਿਆਲਾ ਨੇ ਕਥਿਤ ਦੋਸ਼ੀਆਂ ਅਕਸ਼ੈ ਕੁਮਾਰ, ਸੰਤੋਸ਼ ਰਾਣੀ ਵਾਸੀ ਪਿੰਡ ਕਲਵੇੜੀ ਜ਼ਿਲ੍ਹਾ ਕਰਨਾਲ ਹਰਿਆਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਦੋਸ਼ੀ ਅਕਸ਼ੈ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਕੁੱਟਮਾਰ ਅਤੇ ਤੰਗ ਪ੍ਰੇਸ਼ਾਨ ਕਰਨ ਲੱਗ ਪਿਆ। ਉਸ ਦੇ ਦਾਜ ਦਾ ਸਮਾਨ ਵੀ ਦੋਸ਼ੀਆਨ ਦੇ ਕਬਜੇ ਵਿੱਚ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਨਸ਼ੇ ਰੂਪੀ ਅੱਤਵਾਦ ਦੇ ਖ਼ਾਤਮੇ ਲਈ ਨੌਜਵਾਨਾਂ ਦਾ ਸਹਿਯੋਗ ਜ਼ਰੂਰੀ: ਰਘਬੀਰ ਮਾਨ, ਪਰਮਿੰਦਰ ਭਲਵਾਨ




ਪਟਿਆਲਾ, 24 ਜਨਵਰੀ (ਚ.ਨ.ਸ.) :ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਸਰਕਾਰੀ ਆਈ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਦੇ ਸਹਿਯੋਗ ਨਾਲ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਵੱਲੋਂ ਭਾਰਤ ਦੇ 372 ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਰਘਬੀਰ ਸਿੰਘ ਮਾਨ ਸਾਬਕਾ ਐਸਟਿਟ. ਡਾਇਰੈਕਟਰ ਯੂਥ ਸਰਵਿਸ ਵਿਭਾਗ ਪੰਜਾਬ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ , ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਪ੍ਰੋਫੈਸਰ ਭੁਪਿੰਦਰ ਕੌਰ ਸੰਧੂ ਮਲੋਟ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ, ਬ੍ਰਹਮਜੋਤ ਸਿੰਘ ਵਿਦਿਆਰਥੀ ਓ ਪੀ ਜਿੰਦਲ ਗੋਲਬਲ ਲਾਅ ਯੂਨੀਵਰਸਿਟੀ ਸੋਨੀਪਤ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆ ਰਘਬੀਰ ਸਿੰਘ ਮਾਨ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕਿਹਾ ਕਿ ਗੋਲਾ ਬਰੂਦ ਦੇ ਅੱਤਵਾਦ ਵਾਂਗ ਨਸ਼ਿਆਂ ਰੂਪੀ ਅੱਤਵਾਦ ਦੇ ਖਾਤਮੇ ਲਈ ਨੌਜਵਾਨਾਂ ਦਾ ਅੱਗੇ ਆਉਣਾ ਸਮੇਂ ਦੀ ਮੁੱਖ ਲੋੜ ਹੈ ਅਤੇ ਸਹਿਯੋਗ ਜ਼ਰੂਰੀ ਹੈ।ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ।

## ਰਾਸ਼ਟਰੀ ਕਾਵਿ ਸਾਗਰ ਵੱਲੋਂ ਗਣਤੰਤਰ ਦਿਵਸ ਨੂੰ ਸਮਰਪਿਤ ਕਵੀ ਦਰਬਾਰ



ਪਟਿਆਲਾ, 24 ਜਨਵਰੀ (ਚ.ਨ.ਸ.) :ਰਾਸ਼ਟਰੀ ਕਾਵਿ ਸਾਗਰ ਨੇ ਜਨਵਰੀ ਮਹੀਨੇ ਦਾ ਕਵੀ ਦਰਬਾਰ ਵਿਚ ਗਣਤੰਤਰ ਦਿਵਸ ਨੂੰ ਸਮਰਪਿਤ ਕਵਿਤਾਵਾਂ 'ਤੇ ਵਿਚਾਰ ਸਾਂਝੇ ਕੀਤੇ, ਜਿਸ ਵਿਚ ਦੇਸ਼ ਦੇ ਅਲੱਗ-ਅਲੱਗ ਪ੍ਰਾਂਤਾਂ ਤੋਂ ਛੱਬੀ ਕਵੀ ਕਵਿਤਰੀਆਂ ਨੇ ਭਾਗ ਲਿਆ। ਸਭਾ ਦੀ ਪ੍ਰਧਾਨ ਆਸ਼ਾ ਸ਼ਰਮਾ ਨੇ ਆਏ ਸਭ ਸਾਹਿਤਕਾਰਾਂ ,ਲਿਖਾਰੀਆਂ ਦਾ ਸਵਾਗਤ ਕੀਤਾ ਤੇ ਸਭਾ ਦੀਆਂ ਗਤੀ ਵਿਧਆਂ ਬਾਰੇ ਚਾਨਣਾ ਪਾਇਆ। ਉਨ੍ਹਾ ਦੱਸਿਆ ਕਿ ਰਾਸ਼ਟਰੀ ਕਾਵਿ ਸਾਗਰ ਨੂੰ ਤੀਸਰੇ ਅੰਤਰ ਰਾਸ਼ਟਰੀ ਭਾਰਤੀ ਭਾਸ਼ਾਵਾਂ ਦੇ ਸੰਮੇਲਨ ਦਾ ਵੀ ਸਾਡਾ ਪੱਤਰ ਮਿਲਿਆ ,ਜਿਸ ਸੰਮੇਲਨ ਦਾ ਉਦਘਾਟਨ ਉਪ ਰਾਸ਼ਟਰਪਤੀ ਡਾ. ਸੀ ਪੀ ਰਾਧਾਕ੍ਰਿਸ਼ਨਨ ਨੇ ਕੀਤਾ ਤੇ ਸਮਾਪਨ ਸਮਾਰੋਹ ਵਿਚ ਸ਼੍ਰੀ ਓਮ ਬਿਰਲਾ ਜੀ ਲੋਕ ਸਭਾ ਸਪੀਕਰ ਹਨ, ਆਏ । ਰਾਸ਼ਟਰੀ ਕਾਵ ਸਾਗਰ ਨੂੰ ਇੰਨੇ ਵੱਡੇ ਸਤਰ 'ਤੇ ਬੁਲਾਉਣਾ, ਤੇ ਦੋ ਕਿਤਾਬਾਂ ਆਸ਼ਾ ਸ਼ਰਮਾ ਦੁਆਰਾ ਲਿਖੀਆਂ , 'ਸਵਯਮ ਸੇ ਅਨੁਭੂਤੀ ਤੇ ਸ਼੍ਰੀ ਗੀਤਾ ਕਵਿਆਂਜਲੀ,' ਦਾ ਲੋਕ ਅਰਪਣ ਹੋਣਾ ਸਭਾ ਲਈ ਬੜ੍ਹੇ ਮਾਣ ਦੀ ਗੱਲ ਹੈ। ਇਸ ਅੰਤਰਰਾਸ਼ਟਰੀ ਸਤਰ 'ਤੇ ਆਸ਼ਾ ਸ਼ਰਮਾ ਨੂੰ ਵੀ ਸਨਮਾਨਿਤ ਕੀਤਾ ਗਿਆ। ਡਾ. ਉਮਾ ਸ਼ਰਮਾ ਨੇ ਬਾਖੂਬੀ ਮੰਚ ਸੰਚਾਲਨ ਕੀਤਾ ,ਡਾ. ਤਰਲੋਚਨ ਨੇ ਵੀ ਮੰਚ ਸੰਚਾਲਨ ਵਿਚ ਸਾਥ ਦਿੱਤਾ ।ਇਸ ਪ੍ਰੋਗਰਾਮ ਵਿੱਚ ਦੇਸ਼ ਦੇ ਸ਼ਹੀਦਾਂ ਨੂੰ ਸਮਰਪਿਤ ਭਾਵਨਾ ਨਾਲ ਸਭ ਨੇ ਆਪਣੇ ਵਿਚਾਰ ਸਾਂਝੇ ਕੀਤੇ ।ਖਾਸ ਗੱਲ ਇਹ ਸੀ ਇਸ ਪ੍ਰੋਗਰਾਮ ਵਿਚ ਸਾਡੇ ਖਾਸ ਮਹਿਮਾਨ ਸ੍ਰੀ ਨਿੱਤਿਆਨੰਦ ਵਾਜਪਾਈ ਸਨ, ਜੋ ਖੁਦ ਇਕ ਫੌਜ ਦੇ ਅਫਸਰ ਹਨ। ਓਹ ਸਾਰੇ ਕਵੀਆਂ ਦੀ ਦੇਸ਼ ਭਗਤੀ ਦੇਖ ਕੇ ਬਹੁਤ ਭਾਵੁਕ ਹੋਏ। ਦੱਸਣਯੋਗ ਯੋਗ ਗੱਲ ਹੈ ਕਿ ਗਣਤੰਤਰ ਦਿਵਸ 'ਤੇ ਸਾਡੇ ਸੰਵਿਧਾਨ ਨੂੰ ਕਿਸ ਤਰ੍ਹਾਂ ਤਿਆਰ ਕੀਤਾ ਗਿਆ,ਤੇ ਸਾਡੇ ਅਧਿਕਾਰਾਂ ਨੇ ਸਾਨੂੰ ਕਿਸ ਤਰ੍ਹਾਂ ਬੁਲੰਦ ਸੋਚ ਦਿੱਤੀ,ਇਸ ਬਾਰੇ ਸ੍ਰੀਮਤੀ ਇੰਦੂ ਪੌਲ ਨੇ ਬਹੁਤ ਸੋਹਣਾ ਵੇਰਵਾ ਦਿੱਤਾ। ਇਸ ਪ੍ਰੋਗਰਾਮ ਵਿਚ ਆਸ਼ਾ ਸ਼ਰਮਾ , ਜਾਗ੍ਰਿਤੀ ਗੌੜ, ਡਾ. ਤਰਲੋਚਨ, ਪਰਮਿੰਦਰ ਕੌਰ, ਡ. ਉਮਾ ਸ਼ਰਮਾ , ਡਾ. ਵੀਨਾ ਮਸੌਣ, ਸਨੇਹਾ ਵਿਜ, ਡਾ. ਸੁਦੇਸ਼ ਚੁਗ , ਸੁਖਦੇਵ ਸਿੰਘ ਗੰਢਵਾ, ਗੁਰਦਰਸ਼ਨ ਗੁਸੀਲ, ਵੱਤਨਵੀਰ ਜ਼ਖਮੀ , ਨਿਤਿਆਨੰਦ ਵਾਜਪਾਈ, ਇੰਦੂ ਪੌਲ, ਪਰਵੀਨ ਕੌਰ , ਨਿਸ਼ਾ ਮਲਹੋਤਰਾ, ਮਨਜੀਤ ਅਜ਼ਾਦ, ਅਨਿਮੇਸ਼ਵਰ ਕੌਰ, ਦੀਪ ਸਿੰਘ, ਪਰਮਜੀਤ ਕੌਰ, ਸੁਖਵਿੰਦਰ ਸਿੰਘ , ਅੰਜੂ ਅਮਨਦੀਪ ਗਰੇਵਰ, ਡਾ. ਰਵਿੰਦਰ ਭਾਟੀਆ, ਕਨੀਜ਼ ਮਨਜ਼ੂਰ ਅਤੇ ਗੁਰਚਰਨ ਸਿੰਘ ਜੋਗੀ ਸ਼ਾਮਿਲ ਹੋਏ ।

## ਗੰਨੇ ਦੀ ਬਿਜਾਈ ਸਬੰਧੀ ਜਾਗਰੂਕਤਾ ਕੈਂਪ



ਭਾਦਸੋਂ, 24 ਜਨਵਰੀ (ਭਰਪੂਰ ਸਿੰਘ ਮੱਟਰਾਂ) : ਨਾਹਰ ਸ਼ੂਗਰ ਮਿੱਲ ਅਮਲੋਹ ਵੱਲੋਂ ਪਿੰਡ ਭੜੀ ਪਨੈਚਾਂ ਵਿਖੇ ਫੱਗਣ- ਚੇਤ ਦੀ ਬਿਜਾਈ ਦੇ ਸਬੰਧ ਵਿਚ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿਚ ਸ਼ੂਗਰ ਮਿੱਲ ਦੇ ਵੀਪੀ ਕੇਨ ਸੁਧੀਰ ਕੁਮਾਰ, ਮੈਨੇਜਰ ਮਨੋਜ ਕੁਮਾਰ ਅਤੇ ਸਹਾਇਕ ਗੰਨਾ ਵਿਕਾਸ ਅਫ਼ਸਰ ਪਟਿਆਲਾ ਡਾ. ਗੌਰਵ ਅਰੋੜਾ ਸ਼ਾਮਲ ਹੋਏ। ਡਾ.ਗੌਰਵ ਅਰੋੜਾ ਨੇ ਸਰਕਾਰ ਵੱਲੋਂ ਗੰਨਾ ਕੱਟਣ ਵਾਲੀਆਂ ਮਸ਼ੀਨਾਂ ਅਤੇ ਗੰਨੇ ਵਿਚ ਵਰਤਣ ਵਾਲੇ ਸਾਰੇ ਸੰਦਾਂ 'ਤੇ ਸਬਸਿਡੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਇਸ ਸਾਲ ਮਿੱਲ ਵੱਲੋਂ ਗੰਨਾ ਬੀਜਣ ਵਾਲੇ ਪਲਾਨਟਰ ਮਸ਼ੀਨਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਗੰਨੇ ਦੀ ਬਿਜਾਈ ਵਾਲੀ ਲੇਬਰ ਦੀ ਸਮੱਸਿਆ ਨੂੰ ਦੂਰ ਕੀਤਾ ਜਾ ਸਕੇ। ਉਨ੍ਹਾਂ ਮਿੱਲ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਸੁਪਰਵਾਈਜ਼ਰ ਸੁਖਦੇਵ ਸਿੰਘ, ਮਨਵੀਰ ਸਿੰਘ, ਸਿਮਰਨਜੀਤ ਸਿੰਘ ਤੇ ਕਿਸਾਨ ਵਿਪਨ ਕੁਮਾਰ, ਸਰਬਜੀਤ ਸਿੰਘ, ਮਨਜੀਤ ਸਿੰਘ, ਜਰਨੈਲ ਸਿੰਘ, ਸੁਖਮਿੰਦਰ ਸਿੰਘ ਆਦਿ ਹਾਜ਼ਰ ਸਨ।

## ਮੇਅਰ ਵੱਲੋਂ ਬਿਲਡਿੰਗ ਸ਼ਾਖਾ ਨਾਲ ਅਹਿਮ ਮੀਟਿੰਗ

### ➢ਝੂਠੀਆਂ ਸ਼ਿਕਾਇਤਾਂ 'ਤੇ ਸਖ਼ਤੀ, ਗ਼ੈਰ-ਕਾਨੂੰਨੀ ਉਸਾਰੀ ਖ਼ਿਲਾਫ਼ ਤੁਰੰਤ ਕਾਰਵਾਈ ਦੇ ਹੁਕਮ



ਪਟਿਆਲਾ, 24 ਜਨਵਰੀ (ਰੁਪਾਣਾ) : ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵੱਲੋਂ ਬਿਲਡਿੰਗ ਸ਼ਾਖਾ ਦੇ ਅਧਿਕਾਰੀਆਂ ਅਤੇ ਫੀਲਡ ਸਟਾਫ ਨਾਲ ਇਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸ਼ਹਿਰ ਦੇ ਵਿਕਾਸ ਕਾਰਜਾਂ, ਬਿਲਡਿੰਗ ਨਿਯਮਾਂ ਦੀ ਪਾਲਣਾ ਅਤੇ ਵਿਭਾਗੀ ਕੰਮ-ਕਾਜ ਨੂੰ ਹੋਰ ਪਾਰਦਰਸ਼ੀ ਬਣਾਉਣ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਮੇਅਰ ਨੇ ਦੱਸਿਆ ਕਿ ਕੁਝ ਆਰ.ਟੀ.ਆਈ. ਐਕਟੀਵਿਸਟਾਂ ਵੱਲੋਂ ਬਿਲਡਿੰਗਾਂ ਅਤੇ ਮੁਲਾਜ਼ਮਾਂ ਖ਼ਿਲਾਫ਼ ਬੇਬੁਨਿਆਦ ਸ਼ਿਕਾਇਤਾਂ ਦਰਜ ਕਰਵਾ ਕੇ ਵਿਭਾਗ ਦੀ ਛਵੀ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜਿਹੀਆਂ ਸ਼ਿਕਾਇਤਾਂ ਨਾਲ ਦਫ਼ਤਰੀ ਕੰਮ ਪ੍ਰਭਾਵਿਤ ਹੋ ਰਿਹਾ ਹੈ ਅਤੇ ਕਰਮਚਾਰੀਆਂ 'ਤੇ ਮਾਨਸਿਕ ਦਬਾਅ ਵੀ ਵਧ ਰਿਹਾ ਹੈ। ਮੇਅਰ ਨੇ ਸਪੱਸ਼ਟ ਕਿਹਾ ਕਿ ਬਿਨ੍ਹਾਂ ਸਬੂਤਾਂ ਵਾਲੀਆਂ ਸ਼ਿਕਾਇਤਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਹਦਾਇਤ ਦਿੱਤੀ ਕਿ ਅਜਿਹੀਆਂ ਸ਼ਿਕਾਇਤਾਂ 'ਤੇ ਕਾਰਵਾਈ ਤੋਂ ਪਹਿਲਾਂ ਸ਼ਿਕਾਇਕਰਤਾ ਤੋਂ ਤਸਦੀਕਸ਼ੁਦਾ ਹਲਫ਼ਨਾਮਾ ਲਿਆ ਜਾਵੇ, ਤਾਂ ਜੋ ਗਲਤ ਅਤੇ ਮਨਘੜੰਤ ਦੋਸ਼ਾਂ 'ਤੇ ਰੋਕ ਲੱਗ ਸਕੇ। ਉਨ੍ਹਾਂ ਨੇ ਕਿਹਾ ਕਿ ਵਿਭਾਗੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਬੇਵਜ੍ਹਾ ਤੰਗ-ਪਰੇਸ਼ਾਨ ਕਰਨ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਹੜੇ ਆਰ.ਟੀ.ਆਈ. ਐਕਟੀਵਿਸਟ ਸਟੇਟ ਵਿਜੀਲੈਂਸ ਵਿਭਾਗ ਵੱਲੋਂ ਬਲੈਕਲਿਸਟ ਕੀਤੇ ਗਏ ਹਨ, ਉਨ੍ਹਾਂ ਦੀਆਂ ਅਰਜ਼ੀਆਂ ਜਾਂ ਮੰਗਾਂ ਨੂੰ ਸਖ਼ਤੀ ਨਾਲ ਨਹੀਂ ਲਿਆ ਜਾਵੇਗਾ। ਮੇਅਰ ਨੇ ਜ਼ੋਰ ਦਿੱਤਾ ਕਿ ਨਿਯਮਾਂ ਅਨੁਸਾਰ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਪੂਰੀ ਤਰ੍ਹਾਂ ਰੱਖਿਆ ਕੀਤੀ ਜਾਵੇਗੀ। ਮੀਟਿੰਗ ਵਿੱਚ ਮੇਅਰ ਨੇ ਅਣ-ਅਧਿਕਾਰਿਤ ਉਸਾਰੀ 'ਤੇ ਸਖ਼ਤ ਰਵੱਈਆ ਅਪਣਾਉਣ ਦੇ ਹੁਕਮ ਦਿੱਤੇ। ਉਨ੍ਹਾਂ ਕਿਹਾ ਕਿ ਬਿਨਾਂ ਨਕਸ਼ਾ ਪਾਸ ਕਰਵਾਏ ਬਣ ਰਹੀਆਂ ਇਮਾਰਤਾਂ ਖ਼ਿਲਾਫ਼ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਕਿਸੇ ਤਰ੍ਹਾਂ ਦੀ ਢਿਲਾਈ ਨਾ ਵਰਤੀ ਜਾਵੇ। ਮੇਅਰ ਨੇ ਬਿਲਡਿੰਗ ਸ਼ਾਖਾ ਨੂੰ ਆਦੇਸ਼ ਦਿੱਤੇ ਕਿ ਜਿਹੜੇ ਨਕਸ਼ੇ ਜਮ੍ਹਾਂ ਹੋ ਚੁੱਕੇ ਹਨ, ਉਨ੍ਹਾਂ ਨੂੰ ਸਮੇਂ ਸਿਰ ਪਾਸ ਕੀਤਾ ਜਾਵੇ। ਨਗਰ ਨਿਗਮ ਪਟਿਆਲਾ ਸ਼ਹਿਰ ਦੇ ਯੋਜਨਾਬੱਧ ਵਿਕਾਸ ਅਤੇ ਕਾਨੂੰਨੀ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਨਗਰ ਨਿਗਮ ਦੇ ਮੇਅਰ ਤੋਂ ਇਲਾਵਾ ਹੋਰ ਉੱਚ ਅਧਿਕਾਰੀ ਮੌਜੂਦ ਰਹੇ।

## ਸਰਬੱਤ ਦਾ ਭਲਾ ਟਰੱਸਟ ਨੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਨੂੰ ਟਰੈਕ ਸੂਟ ਤੇ ਜੁੱਤੇ ਵੰਡੇ



ਭੁਨਰਹੇੜੀ, 24 ਜਨਵਰੀ (ਗੁਰਜੀਤ ਸਿੰਘ ਢੌਟ) : ਹਰ ਔਖੀ ਘੜੀ ਵਿੱਚ ਲੋੜਵੰਦਾਂ ਦੀ ਮਦਦ ਲਈ ਸਦਾ ਅੱਗੇ ਰਹਿਣ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਡਾ. ਐਸ.ਪੀ. ਸਿੰਘ ਉਬਰਾਏ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ, ਕਰਤਾਰਪੁਰ ਬਲਾਕ ਭੁੰਨਰਹੇੜੀ-2, ਪਟਿਆਲਾ ਦੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਸਰਦੀ ਤੋਂ ਬਚਾਅ ਲਈ ਗਰਮ ਟਰੈਕ ਸੂਟ ਅਤੇ ਸਪੋਰਟਸ ਸ਼ੂਜ਼ ਵੰਡੇ ਗਏ। ਸੀਐਚਟੀ ਮੈਡਮ ਰਜਨੀ ਬਾਲਾ ਨੇ ਕਿਹਾ ਕਿ ਇਸ ਤਰ੍ਹਾਂ ਦੀ ਮਦਦ ਨਾਲ ਨਾ ਸਿਰਫ਼ ਬੱਚਿਆਂ ਦੀ ਸਿਹਤ ਦਾ ਧਿਆਨ ਰੱਖਿਆ ਜਾਂਦਾ ਹੈ।ਇਸ ਮੌਕੇ ਸਰਕਾਰੀ ਐਲੀਮੈਂਟਰੀ ਸਕੂਲ ਦੀ ਇੰਚਾਰਜ ਅਮਨਦੀਪ ਕੌਰ , ਮੈਡਮ ਨਰਿੰਦਰਪਾਲ ਕੌਰ ਵੱਲੋਂ ਟਰੱਸਟ ਦੇ ਡਾਇਰੈਕਟਰ ਐਜੂਕੇਸ਼ਨ ਮੈਡਮ ਇੰਦਰਜੀਤ ਕੌਰ ਗਿੱਲ ਅਤੇ ਉਹਨਾਂ ਦੇ ਨਾਲ ਆਏ ਟੀਮ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਇਸ ਸ਼ੁਭ ਕਾਰਜ ਨੂੰ ਸਫ਼ਲਤਾਪੂਰਕ ਨੇਪਰੇ ਚਾੜ੍ਹਨ ਲਈ ਗ੍ਰਾਮ ਪੰਚਾਇਤ ਕਰਤਾਰਪੁਰ ਦੇ ਸਰਪੰਚ ,ਦਲਜੀਤ ਸਿੰਘ ਪੰਚਾਇਤ ਮੈਂਬਰ ਅਤੇ ਸਮੂਹ ਪੰਚਾਇਤ ਮੈਂਬਰਾਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ।



# ਪਟਿਆਲਾ-ਆਸ/ਪਾਸ



## ਮੋਤਾ ਸਿੰਘ ਨਗਰ 'ਚ ਪੀਣ ਵਾਲੇ ਪਾਣੀ ਦੀ ਸਪਲਾਈ ਲਾਈਨ ਦਾ ਤੇਜਿੰਦਰ ਮਹਿਤਾ ਵੱਲੋਂ ਉਦਘਾਟਨ



ਪਟਿਆਲਾ, 24 ਜਨਵਰੀ (ਰੁਪਾਣਾ) : ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਵਾਰਡ ਨੰਬਰ 34 ਦੇ ਕੌਂਸਲਰ ਤੇਜਿੰਦਰ ਮਹਿਤਾ ਵੱਲੋਂ ਪਾਰਟੀ ਵਰਕਰਾਂ ਨੂੰ ਮਾਨ-ਸਤਿਕਾਰ ਦੇਣ ਦੀ ਸੋਚ ਅਧੀਨ ਵਿਕਾਸ ਕਾਰਜਾਂ ਦੇ ਉਦਘਾਟਨ ਵਰਕਰਾਂ ਹੱਥੋਂ ਕਰਵਾਉਣ ਦੀ ਮੁਹਿੰਮ ਲਗਾਤਾਰ ਜਾਰੀ ਹੈ। ਇਸ ਮੁਹਿੰਮ ਦੇ ਤਹਿਤ ਸ੍ਰੀ ਮਹਿਤਾ ਨੇ ਮੋਤਾ ਸਿੰਘ ਨਗਰ ਵਿਖੇ ਪੀਣ ਵਾਲੇ ਪਾਣੀ ਦੀ ਸਪਲਾਈ ਲਾਈਨ ਦੇ ਕੰਮ ਦਾ ਉਦਘਾਟਨ ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਵਾਰਡ ਪ੍ਰਧਾਨ ਮਮਤਾ ਢੰਡ ਕੋਲੋਂ ਕਰਵਾਇਆ। ਸ਼ਨੀਵਾਰ ਨੂੰ ਵਾਟਰ ਸਪਲਾਈ ਲਾਈਨ ਪਾਉਣ ਦੇ ਕੰਮ ਦੇ ਉਦਘਾਟਨ ਲਈ ਸ੍ਰੀ ਮਹਿਤਾ ਨੂੰ ਸੱਦਾ ਦਿੱਤਾ ਗਿਆ ਸੀ, ਪਰ ਉਨ੍ਹਾਂ ਨੇ ਖੁਦ ਨਾਰੀਅਲ ਨਾ ਤੋੜ ਕੇ ਮੌਕੇ 'ਤੇ ਮੌਜੂਦ ਮਿਹਨਤੀ ਪਾਰਟੀ ਵਰਕਰ ਮਮਤਾ ਢੰਡ ਤੋਂ ਇਹ ਰਸਮ ਅਦਾ ਕਰਵਾ ਕੇ ਵਰਕਰਾਂ ਨੂੰ ਮਾਣ ਦੇਣ ਦੀ ਆਪਣੀ ਵਚਨਬੱਧਤਾ ਦਰਸਾਈ। ਗੌਰਤਲਬ ਹੈ ਕਿ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਵਸੇ ਮੋਤਾ ਸਿੰਘ ਨਗਰ ਵਿੱਚ ਪਹਿਲੀ ਵਾਰ ਵਾਟਰ ਸਪਲਾਈ ਦੀ ਲਾਈਨ ਪਾਈ ਜਾ ਰਹੀ ਹੈ, ਜਿਸ ਨਾਲ ਇਲਾਕਾ ਨਿਵਾਸੀਆਂ ਦੀ ਇੱਕ ਵੱਡੀ ਮੁੱਢਲੀ ਸਮੱਸਿਆ ਦਾ ਹੱਲ ਹੋਵੇਗਾ। ਇਸ ਤੋਂ ਪਹਿਲਾਂ ਵੀ ਮਹਿਤਾ ਵੱਲੋਂ ਵਿਕਾਸ ਕਾਰਜਾਂ ਦੇ ਉਦਘਾਟਨ ਵਰਕਰਾਂ ਕੋਲੋਂ ਕਰਵਾਏ ਗਏ ਸਨ, ਜਿਸ ਦੀ ਇਲਾਕਾ ਨਿਵਾਸੀਆਂ ਅਤੇ ਪਾਰਟੀ ਵਰਕਰਾਂ ਵੱਲੋਂ ਖੂਬ ਸਰਾਹਣਾ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਦਹਾਕਿਆਂ ਤੱਕ ਮੋਤਾ ਸਿੰਘ ਨਗਰ ਵਿੱਚ ਵਾਟਰ ਸਪਲਾਈ ਲਾਈਨ ਦਾ ਨਾ ਹੋਣਾ ਇਹ ਸਾਬਤ ਕਰਦਾ ਹੈ ਕਿ ਪਿਛਲੀਆਂ ਸਰਕਾਰਾਂ ਆਮ ਆਦਮੀ ਦੀਆਂ ਮੁੱਢਲੀਆਂ ਲੋੜਾਂ ਪ੍ਰਤੀ ਕਿੰਨੀ ਅਵੇਸਲੀ ਰਹੀਆਂ।

## ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਹੇਠ ਮਾਮਲਾ ਦਰਜ

ਸਮਾਣਾ, 24 ਜਨਵਰੀ (ਵਿਜੇ ਕੁਮਾਰ) : ਇੰਸਟਾਗ੍ਰਾਮ ਆਈਡੀ 'ਤੇ ਹਥਿਆਰਾਂ ਸਮੇਤ ਫੋਟੋਆਂ ਅਤੇ ਵੀਡੀਓਜ਼ ਪਾ ਕੇ ਆਮ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਹੇਠ ਸਦਰ ਪੁਲਿਸ ਨੇ ਬਲਵਿੰਦਰ ਸਿੰਘ ਨਿਵਾਸੀ ਪਿੰਡ ਕੁਲਾਰਾਂ ਖ਼ਿਲਾਫ਼ ਭਾਰਤੀ ਨਿਆ ਸੰਹਿਤਾ ਅਤੇ ਅਸਲਾ ਐਕਟ ਸਮੇਤ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਸਦਰ ਪੁਲਿਸ ਦੇ ਐਸ.ਐਚ.ਓ. ਅਜੈ ਕੁਮਾਰ ਪੁਰੋਚਾ ਨੇ ਦੱਸਿਆ ਕਿ ਏ.ਐਸ.ਆਈ. ਜਸਵਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਬੱਸ ਅੱਡਾ ਪਿੰਡ ਦੌਦੜਾ ਵਿਖੇ ਮੌਜੂਦ ਸਨ। ਉਸ ਸਮੇਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਆਪਣੀ ਇੰਸਟਾਗ੍ਰਾਮ ਆਈਡੀ 'ਤੇ ਹਥਿਆਰਾਂ ਨਾਲ ਲੈਸ ਫੋਟੋਆਂ/ਵੀਡੀਓਜ਼ ਪਾ ਕੇ ਲੋਕਾਂ ਵਿੱਚ ਡਰ ਦਾ ਮਾਹੌਲ ਬਣਾ ਰਿਹਾ ਹੈ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦੇ ਰਿਹਾ ਹੈ। ਪੁਲਿਸ ਅਧਿਕਾਰੀ ਅਨੁਸਾਰ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਦੇ ਨਾਲ-ਨਾਲ ਮੁਲਜ਼ਮ ਦੀ ਭਾਲ ਜਾਰੀ ਹੈ।

## ਮੇਅਰ ਨੇ ਆਪਣੇ ਹੀ ਵਾਰਡ ਤੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਹੈਲਥ ਕਾਰਡਾਂ ਬਣਾਉਣ ਦੀ ਕੀਤੀ ਸ਼ੁਰੂਆਤ



ਪਟਿਆਲਾ, 24 ਜਨਵਰੀ (ਚ.ਨ.ਸ.) : ਮੇਅਰ ਨੇ ਪਟਿਆਲਵੀਆਂ ਲਈ ਘਰ ਘਰ ਸਿਹਤ ਸਹੂਲਤਾਂ ਪਹੁੰਚਾਉਣ ਦੇ ਮੰਤਵ ਨਾਲ ਆਪਣੇ ਹੀ ਵਾਰਡ ਨੰਬਰ 30 ਤੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਹੈਲਥ ਕਾਰਡ ਬਣਵਾਉਣ ਦੀ ਸ਼ੁਰੂਆਤ ਕਾਰਵਾਈ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਵਸਨੀਕਾਂ ਨੇ ਹਾਜ਼ਰੀ ਭਰੀ ਅਤੇ ਇਸ ਦੌਰਾਨ ਯੋਜਨਾ ਪ੍ਰਤੀ ਖਾਸ ਉਤਸ਼ਾਹ ਵੀ ਵੇਖਣ ਨੂੰ ਮਿਲਿਆ। ਇਸ ਦੌਰਾਨ ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਆਮ ਲੋਕਾਂ ਲਈ ਵੱਡਾ ਵਰਦਾਨ ਸਾਬਤ ਹੋਵੇਗੀ। ਇਸ ਯੋਜਨਾ ਦੇ ਤਹਿਤ ਹਰ ਯੋਗ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਮਿਲੇਗਾ, ਜਿਸ ਨਾਲ ਮਹਿੰਗੇ ਇਲਾਜ ਦੀ ਚਿੰਤਾ ਤੋਂ ਲੋਕਾਂ ਨੂੰ ਮੁਕਤੀ ਮਿਲੇਗੀ। ਵਿਕਾਸ ਕਾਲੋਨੀ ਵਿੱਚ ਹੈਲਥ ਕਾਰਡਾਂ ਦੀ ਸ਼ੁਰੂਆਤ ਕਰਨਾ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਮੇਅਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਯੋਜਨਾ ਦਾ ਪੂਰਾ ਲਾਭ ਲੈਣ ਅਤੇ ਜਿਨ੍ਹਾਂ ਪਰਿਵਾਰਾਂ ਨੇ ਹਾਲੇ ਤੱਕ ਆਪਣੇ ਹੈਲਥ ਕਾਰਡ ਨਹੀਂ ਬਣਵਾਏ, ਉਹ ਜਲਦ ਤੋਂ ਜਲਦ ਰਜਿਸਟ੍ਰੇਸ਼ਨ ਕਰਵਾਉਣ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਹੈਲਥ ਕਾਰਡ ਬਣਵਾਉਣ ਦੀ ਪ੍ਰਕਿਰਿਆ ਬਹੁਤ ਸੌਖੀ ਹੈ ਅਤੇ ਸਥਾਨਕ ਪੱਧਰ 'ਤੇ ਕੈਂਪ ਲਗਾ ਕੇ ਲੋਕਾਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਮੌਕੇ ਮੇਅਰ ਕੁੰਦਨ ਗੋਗੀਆ ਤੋਂ ਇਲਾਵਾ ਯੂਥ ਕੋਆਰਡੀਨੇਟਰ ਹਰਮਨ ਸੰਧੂ, ਬਲਾਕ ਕੋਆਰਡੀਨੇਟਰ ਅਨਿਸ਼ਤ ਤਨੇਜਾ, ਬਲਾਕ ਪ੍ਰਧਾਨ ਸੁਸ਼ੀਲ ਮਿੱਡਾ, ਬਲਾਕ ਪ੍ਰਧਾਨ ਕ੍ਰਿਸ਼ਨ ਕੁਮਾਰ ਸਥਾਨਕ ਕੌਂਸਲਰ, ਰਜਿੰਦਰ ਕੁਮਾਰ, ਨੀਲਾ ਕਾਂਤ ਲੱਕੀ, ਰਜਿੰਦਰ ਮੋਹਨ, ਇੰਦਰਜੀਤ ਸਿੰਘ ਅਤੇ ਹੋਰ ਇਲਾਕਾ ਵਾਸੀ ਵੀ ਮੌਜੂਦ ਰਹੇ।

## ਤੇਜ਼ ਹਵਾ ਨੇ ਉਡਾਈ ਸ਼ੈਲਰ ਦੀ ਚਿਮਨੀ ਤੇ ਸ਼ੈਡ



ਘਨੌਰ, 24 ਜਨਵਰੀ (ਰਾਜਿੰਦਰ ਸਿੰਘ ਕੰਬੋਜ) : ਹਲਕਾ ਘਨੌਰ ਅਧੀਨ ਪੈਂਦੇ ਪਿੰਡ ਧਰਮਗੜ੍ਹ ਅਤੇ ਕੁੱਥਾ ਖੇੜੀ ਵਿੱਚ ਬਣੇ ਸੈਲਰ ਦੀਆਂ ਬੀਤੇ ਦਿਨ 23 ਜਨਵਰੀ ਨੂੰ ਆਏ ਮੀਂਹ ਅਤੇ ਤੇਜ਼ ਰਫਤਾਰ ਹਵਾ ਵਿੱਚ ਸੈਲਰ ਦੀਆਂ ਕੁਝ ਕੁ ਚਾਦਰਾਂ ਅਤੇ ਚਿਮਨੀ ਟੁੱਟ ਗਈ। ਇਸ ਦੀ ਜਾਣਕਾਰੀ ਦਿੰਦੇ ਹੋਏ ਆਰ ਐਸ ਓਵਰਸੀਜ ਸ਼ੈਲਰ ਦੇ ਮਾਲਕ ਸੁਨੀਲ ਕੁਮਾਰ ਜਿੰਦਲ ਨੇ ਦੱਸਿਆ ਕਿ ਬੀਤੀ ਦਿਨੀਂ ਤੇਜ਼ ਹਨੇਰੀ ਅਤੇ ਮੀਂਹ ਕਾਰਨ ਸੈਲਰ ਦੀ ਚਿਮਨੀ ਅਤੇ ਸ਼ੈਡ ਦੀਆਂ ਕੁਝ ਚਾਦਰਾਂ ਹਵਾ ਵਿੱਚ ਉੱਡ ਗਈਆਂ ਉਸ ਨੇ ਦੱਸਿਆ ਕਿ ਮੀਂਹ ਅਤੇ ਝੱਖੜ ਦੇ ਵਿੱਚ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ ।

## 130 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਨਾਭਾ, 24 ਜਨਵਰੀ (ਚੌਧਰੀਮਾਜਰਾ) : ਥਾਣਾ ਸਦਰ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਸਾਗਰ ਕੁਮਾਰ ਪੁੱਤਰ ਛੰਕੂ ਰਾਮ ਵਾਸੀ ਪਿੰਡ ਛੀਟਾਂਵਾਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ।ਏਐਸਆਈ ਗੁਰਮੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਚੋਆ ਪੁਲ ਛੀਟਾਂਵਾਲਾ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 130 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਸੂਬਾ ਪੱਧਰੀ ਧਰਨੇ ਲਈ ਪਿੰਡ ਧਨੇਠਾ ਵਿਖੇ ਪਬਲਿਕ ਮੀਟਿੰਗ



ਸਮਾਣਾ, 24 ਜਨਵਰੀ (ਵਿਜੇ ਕੁਮਾਰ) : ਡੈਮੋਕ੍ਰੇਟਿਕ ਮਨਰੇਗਾ ਫਰੰਟ (ਪੰਜਾਬ)ਦੇ ਸੱਦੇ 'ਤੇ ਮਗਨਰੇਗਾ ਕਾਨੂੰਨ ਦੀ ਬਹਾਲੀ ਲਈ 26 ਜਨਵਰੀ ਨੂੰ ਅਨਾਜ ਮੰਡੀ ਪਟਿਆਲਾ ਵਿਖੇ ਸੂਬਾ ਪੱਧਰੀ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਦੀ ਹਮਾਇਤ ਵਿੱਚ ਪਿੰਡ ਧਨੇਠਾ ਵਿਖੇ ਪਬਲਿਕ ਮੀਟਿੰਗ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦਿਆਂ ਇੰਟਰਨੈਸ਼ਨਲਿਸਟ ਡੈਮੋਕ੍ਰੇਟਿਕ ਪਲੇਟਫਾਰਮ (ਆਈਡੀਪੀ) ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਧਨੇਠਾ ਨੇ ਕਿਹਾ ਕਿ ਮਨਰੇਗਾ ਕਾਨੂੰਨ ਖਤਮ ਕਰਕੇ ਦੇਸ਼ ਦੇ ਬਹੁਤ ਗਰੀਬ ਵਰਗ ਦਾ ਰੋਜ਼ੀ ਰੋਟੀ ਲਈ 100 ਦਿਨ ਦਾ ਮਿਲਿਆ ਰੁਜ਼ਗਾਰ ਦਾ ਬੁਨਿਆਦੀ ਹੱਕ ਕੇਂਦਰ ਸਰਕਾਰ ਨੇ ਖਤਮ ਕਰਕੇ ਗਰੀਬ ਲੋਕਾਂ ਦੇ ਚੁੱਲੇ ਠੰਡੇ ਕੀਤੇ ਹਨ। ਨਵਾਂ ਲਿਆਂਦਾ ਕਾਨੂੰਨ ਵਿਕਸਤ ਭਾਰਤ ਜੀ ਰਾਮ ਜੀ ਕਾਨੂੰਨ ਵਰਕਰ ਦਾ ਸੰਵਿਧਾਨਕ ਹੱਕ ਖਤਮ ਕਰਨ ਵਾਲਾ, ਪੰਚਾਇਤੀ ਸੰਸਥਾਵਾਂ ਦੇ ਹੱਕ ਖੋਹਣ ਵਾਲਾ ਅਤੇ ਰਾਜਾਂ ਉਪਰ ਵਿੱਤੀ ਬੋਝ ਪਾਉਣ ਵਾਲਾ ਹੈ ।ਇਹ ਸਕੀਮ ਹੁਣ ਸਾਲ ਦੀ ਬਜਾਇ ਹਾੜੀ ਸਾਉਣੀ ਸੱਠ ਦਿਨ ਘੱਟ ਕਰਕੇ ਦਸ ਮਹੀਨਿਆਂ ਦੀ ਕਰ ਦਿੱਤੀ ਹੈ, ਜਦੋਂਕਿ ਇਹ ਪਹਿਲਾਂ ਹੀ ਮੰਗ ਅਧਾਰਿਤ ਕਾਨੂੰਨ ਸੀ ਕਿ ਵਿਅਕਤੀ ਜਦੋਂ ਵਿਹਲਾ ਹੋਵੇਗਾ, ਉਸ ਸਮੇਂ ਉਸ ਨੇ ਲਿਖਤੀ ਅਰਜੀ ਨਾਲ ਜਿੰਨੇ ਦਿਨ ਕੰਮ ਲੈਣਾ ਹੈ ਉਹ ਮੰਗ ਸਕਦਾ ਸੀ।। ਇਸ ਮੌਕੇ ਚਰਨਜੀਤ ਕੌਰ, ਗੱਜਣ ਸਿੰਘ, ਸੁੱਚਾ ਸਿੰਘ, ਮੇਲਾ ਸਿੰਘ, ਹਾਕਮ ਸਿੰਘ ਰਾਜ ਸਿੰਘ ਆਦਿ ਨੇ ਸ਼ਮੂਲੀਅਤ ਕੀਤੀ।

## ਪੁਲਿਸ ਵੱਲੋਂ 12 ਕਿੱਲੋ ਭੁੱਕੀ ਸਮੇਤ ਵਿਅਕਤੀ ਕਾਬੂ



ਸਮਾਣਾ, 24 ਜਨਵਰੀ ( ਵਿਜੇ ਕੁਮਾਰ) : ਸਦਰ ਪੁਲਿਸ ਨੇ ਭੁੱਕੀ ਵੇਚਣ ਲਈ ਸੜਕ ਕਿਨਾਰੇ ਬੈਠੇ ਇੱਕ ਵਿਅਕਤੀ ਨੂੰ 12 ਕਿੱਲੋ ਚੂਰਾ ਪੋਸਤ (ਭੁੱਕੀ) ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਨ. ਡੀ. ਪੀ. ਐਸ. ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਕੁਲਦੀਪ ਸਿੰਘ ਪੁੱਤਰ ਹਰਬੰਸ ਸਿੰਘ, ਵਾਸੀ ਪਿੰਡ ਮਰੌੜੀ ਵਜੋਂ ਹੋਈ ਹੈ। ਸਦਰ ਪੁਲਿਸ ਇੰਚਾਰਜ ਇੰਸਪੈਕਟਰ ਅਜੈ ਕੁਮਾਰ ਪਰੋਚਾ ਨੇ ਦੱਸਿਆ ਕਿ ਮਵੀਕਲਾਂ ਪੁਲਿਸ ਚੌਕੀ ਦੇ ਇੰਚਾਰਜ ਬਲਕਾਰ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਧਰਮਹੇੜੀ ਦੇ ਬੱਸ ਅੱਡੇ ਕੋਲ ਮੌਜੂਦ ਸਨ। ਉੱਥੇ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਮੁਲਜ਼ਮ ਪਿੰਡ ਮਰੌੜੀ ਨੂੰ ਜਾਂਦੀ ਸੜਕ 'ਤੇ ਗਾਹਕਾਂ ਦੀ ਉਡੀਕ ਵਿੱਚ ਬੈਠਾ ਹੈ। ਪੁਲਿਸ ਪਾਰਟੀ ਨੇ ਤੁਰੰਤ ਛਾਪੇਮਾਰੀ ਕਰਕੇ ਮੁਲਜ਼ਮ ਨੂੰ 12 ਕਿੱਲੋ ਭੁੱਕੀ ਸਮੇਤ ਹਿਰਾਸਤ ਵਿੱਚ ਲੈ ਲਿਆ। ਅਗਲੇਰੀ ਕਾਰਵਾਈ ਅਧਿਕਾਰੀ ਮੁਤਾਬਕ, ਮੁਲਜ਼ਮ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਤਾਂ ਜੋ ਅਗਲੀ ਪੁੱਛਗਿੱਛ ਕੀਤੀ ਜਾ ਸਕੇ।

### ਸਿਹਤ ਮੰਤਰੀ ਵੱਲੋਂ ਪਟਿਆਲਾ 'ਚ ਸਿਹਤ ਕਾਰਡ ਸੈਂਟਰਾਂ ਦਾ ਉਦਘਾਟਨ

## ਪੰਜਾਬ ਸਰਕਾਰ ਵੱਲੋਂ ਬਿਜਲੀ ਬਿੱਲ ਜ਼ੀਰੋ ਤੋਂ ਬਾਅਦ ਹੁਣ ਹਸਪਤਾਲ ਦੇ ਬਿੱਲ ਵੀ ਜ਼ੀਰੋ : ਡਾ. ਬਲਬੀਰ ਸਿੰਘ




ਪਟਿਆਲਾ , 24 ਜਨਵਰੀ (ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕਰਦਿਆਂ ਅੱਜ ਪਟਿਆਲਾ ਦਿਹਾਤੀ ਦੇ ਅਮਨ ਵਿਹਾਰ ਕਲੋਨੀ, ਤ੍ਰਿਪੜੀ, ਸੁਖਰਾਮ ਕਲੋਨੀ, ਪਿੰਡ ਲੰਗ,ਮਾਤਾ ਕੌਸ਼ਲਿਆ ਹਸਪਤਾਲ ਅਤੇ ਰਜਿੰਦਰਾ ਹਸਪਤਾਲ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸਿਹਤ ਕਾਰਡ ਬਣਾਉਣ ਵਾਲੇ ਸੈਂਟਰਾਂ ਦਾ ਉਦਘਾਟਨ ਕੀਤਾ । ਇਸ ਮੌਕੇ ਲੋਕਾਂ ਨੂੰ ਯੋਜਨਾ ਅਧੀਨ ਮਿਲਣ ਵਾਲੇ ਲਾਭ ਬਾਰੇ ਜਾਣਕਾਰੀ ਦਿੱਤੀ ਅਤੇ ਸਿਹਤ ਕਾਰਡ ਬਣਾਉਣ ਦੀ ਪੂਰੀ ਪ੍ਰਕਿਰਿਆ ਸਮਝਾਈ ਗਈ। ਅੱਜ ਪੰਜਾਬ ਭਰ ਵਿੱਚ ਵੱਡੀ ਗਿਣਤੀ ਵਿੱਚ ਲੋਕ ਇਸ ਮੁਹਿੰਮ ਦਾ ਲਾਭ ਲੈ ਰਹੇ ਹਨ, ਜੋ ਕਿ ਸੂਬੇ ਦੀ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ ਹੈ।ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁਫ਼ਤ ਸਿਹਤ ਸੰਭਾਲ ਦੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਅਗਵਾਈ ਹੇਠ ਇਹ ਸ਼ੁਰੂਆਤ ਕੀਤੀ ਹੈ , ਜਿਸ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਇਸ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ।ਸਿਹਤ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਹਿਲਾ ਬਿਜਲੀ ਦੇ ਬਿੱਲ ਜ਼ੀਰੋ ਤੇ ਹੁਣ ਹਸਪਤਾਲ ਦੇ ਬਿੱਲ ਵੀ ਜ਼ੀਰੋ ਕਰ ਦਿੱਤੇ ਹਨ ।ਪੰਜਾਬ ਹੁਣ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਔਰਤਾਂ ਲਈ ਮੁਫ਼ਤ ਸਿਹਤ ਸੰਭਾਲ, ਮੁਫ਼ਤ ਸਿੱਖਿਆ, ਮੁਫ਼ਤ ਬਿਜਲੀ ਅਤੇ ਮੁਫ਼ਤ ਬੱਸ ਯਾਤਰਾ ਦੀ ਗਰੰਟੀ ਦਿੱਤੀ ਹੈ। ਓਹਨਾ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਕੋਈ ਕਮੀ ਨਹੀਂ ਹੈ। ਕਈ ਵਾਰ ਕੋਈ ਬਿਮਾਰੀ ਇੰਨੀ ਗੰਭੀਰ ਹੋ ਜਾਂਦੀ ਹੈ ਕਿ ਕਿਸੇ ਨੂੰ ਪ੍ਰਾਈਵੇਟ ਹਸਪਤਾਲ ਜਾਣਾ ਪੈਂਦਾ ਹੈ। ਬਹੁਤ ਸਾਰੇ ਲੋਕ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ ਦੀ ਚੋਣ ਕਰਦੇ ਹਨ। ਇਸ ਲਈ, ਅੱਜ ਅਜਿਹੀ ਯੋਜਨਾ ਲਾਗੂ ਕੀਤੀ ਗਈ ਹੈ ਜਿਸ ਦੇ ਤਹਿਤ ਪੰਜਾਬ ਦੇ ਸਭ ਤੋਂ ਵਧੀਆ ਪ੍ਰਾਈਵੇਟ ਹਸਪਤਾਲ, ਜਿੱਥੇ ਸਭ ਤੋਂ ਅਮੀਰ ਲੋਕ ਵੀ ਇਲਾਜ ਲਈ ਜਾਂਦੇ ਹਨ, ਹੁਣ ਸਭ ਤੋਂ ਗਰੀਬ ਕਿਸਾਨ, ਮਜ਼ਦੂਰ ਅਤੇ ਰਿਕਸ਼ਾ ਚਾਲਕ ਵੀ ਇਲਾਜ ਲਈ ਜਾ ਸਕਣਗੇ। ਉਨ੍ਹਾਂ ਨੂੰ ਪੈਸੇ ਦੀ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਸਿਹਤ ਮੰਤਰੀ ਨੇ ਇਹ ਵੀ ਕਿਹਾ ਕਿ ਵੱਡੀਆਂ ਅਤੇ ਛੋਟੀਆਂ ਬਿਮਾਰੀਆਂ ਲਈ 10 ਲੱਖ ਰੁਪਏ ਤੱਕ ਦੀਆਂ ਸਾਰੀਆਂ ਦਵਾਈਆਂ ਅਤੇ ਟੈਸਟ ਮੁਫ਼ਤ ਹੋਣਗੇ। ਜਿਵੇਂ ਹੀ ਮਰੀਜ਼ ਹਸਪਤਾਲ ਵਿੱਚ ਦਾਖਲ ਹੁੰਦਾ ਹੈ, ਸਭ ਕੁਝ ਮੁਫ਼ਤ ਹੋਵੇਗਾ। ਉਨ੍ਹਾਂ ਤੋਂ ਕੁਝ ਨਹੀਂ ਪੁੱਛਿਆ ਜਾਵੇਗਾ, ਸਿਰਫ਼ ਆਪਣਾ ਹੈਲਥ ਕਾਰਡ ਲਿਆਉਣ , ਅਮੀਰ ਅਤੇ ਗਰੀਬ, ਹਿੰਦੂ, ਮੁਸਲਮਾਨ, ਸਿੱਖ, ਈਸਾਈ ਅਤੇ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕਾਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ। ਓਹਨਾ ਇਹ ਵੀ ਦਸਿਆ ਕਿ ਇਸ ਸਿਹਤ ਯੋਜਨਾ ਅਧੀਨ ਆਰਥੋਪੀਡਿਕਸ, ਜਨਰਲ ਮੈਡੀਸਨ,ਕਾਰਡੀਓਲੋਜੀ, ਨਿਊਰੋਲੋਜੀ, ਨੈਫਰੋਲੋਜੀ, ਯੂਰੋਲੋਜੀ, ਓਨਕੋਲੋਜੀ ਸਮੇਤ ਹੋਰ ਵਿਸ਼ੇਸ਼ ਇਲਾਜ ਸੇਵਾਵਾਂ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾਣਗੀਆਂ।ਇਸ ਤੋਂ ਇਲਾਵਾ ਦਿਲ ਨਾਲ ਸਬੰਧਤ ਅਤੇ ਕੈਂਸਰ ਦੇ ਇਲਾਜ, ਕਿਡਨੀ ਡਾਇਲਿਸਿਸ ਅਤੇ ਟ੍ਰਾਂਸਪਲਾਂਟ, ਦਿਮਾਗ ਅਤੇ ਰੀੜ੍ਹ ਦੀ ਹੱਡੀ ਦੀਆਂ ਸਰਜਰੀਆਂ, ਜਣੇਪਾ ਅਤੇ ਨਵਜੰਮੇ ਬੱਚਿਆਂ ਦੀ ਦੇਖਭਾਲ, ਦੁਰਘਟਨਾ ਅਤੇ ਐਮਰਜੈਂਸੀ, ਗੋਡੇ ਅਤੇ ਚੂਲੇ ਦੀਆਂ ਸਰਜਰੀਆਂ, ਮੋਤੀਆਬਿੰਦ ਸਰਜਰੀ ਅਤੇ ਹੋਰ ਇਲਾਜ ਸੇਵਾਵਾਂ ਵੀ ਇਸ ਯੋਜਨਾ ਵਿੱਚ ਸ਼ਾਮਲ ਹਨ। ਸਿਹਤ ਮੰਤਰੀ ਨੇ ਦੱਸਿਆ ਹਸਪਤਾਲ ਦੇ ਖਰਚਿਆਂ ਦੇ ਨਾਲ-ਨਾਲ ਡਾਇਗਨੌਸਟਿਕ ਸੇਵਾਵਾਂ ਨੂੰ ਵੀ ਇਸ ਸਕੀਮ ਅਧੀਨ ਸ਼ਾਮਲ ਕੀਤਾ ਗਿਆ ਹੈ ਅਤੇ ਕਿਹਾ ਕਿ ਕੋਈ ਵੀ ਨਾਗਰਿਕ ਹੁਣ ਪੰਜਾਬ ਵਿੱਚ ਸਰਕਾਰੀ ਜਾਂ ਨਿੱਜੀ ਹਸਪਤਾਲ ਵਿੱਚ ਮੁਫ਼ਤ ਇਲਾਜ ਕਰਵਾ ਸਕਦਾ ਹੈ। ਇਨ੍ਹਾਂ ਹਸਪਤਾਲਾਂ ਨੂੰ ਇਲਾਜ ਤੋਂ ਬਾਅਦ 15 ਦਿਨਾਂ ਦੇ ਅੰਦਰ ਇਲਾਜ ਦੀ ਲਾਗਤ ਦਾ ਭੁਗਤਾਨ ਕਰ ਦਿੱਤਾ ਜਾਵੇਗਾ ਅਤੇ ਰਾਜ ਸਰਕਾਰ ਪਹਿਲਾਂ ਹੀ ਬੀਮਾ ਕੰਪਨੀ ਨੂੰ ਐਡਵਾਂਸ ਪ੍ਰੀਮੀਅਮ ਅਦਾ ਕਰ ਚੁੱਕੀ ਹੈ।ਇਸ ਮੌਕੇ ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਦਮਨਜੀਤ ਸਿੰਘ ਮਾਨ, ਐਸ ਡੀ ਐਮ ਹਰਜੋਤ ਕੌਰ , ਸੀ ਐਮ ਓ ਜਸਵਿੰਦਰ ਸਿੰਘ, ਡਾ ਕਿਰਨ, ਡਾ ਪਰਨੀਤ ਕੌਰ, ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ।

## ਆਵਾਜਾਈ ਸੇਫਟੀ ਜਾਗ੍ਰਿਤੀ ਕਲੱਬ ਦੇ ਮੈਂਬਰਾਂ ਨੂੰ ਗਰਮ ਕੋਟੀਆਂ ਦੇ ਕੇ ਸਨਮਾਨਿਤ ਕੀਤਾ

ਪਟਿਆਲਾ, 24 ਜਨਵਰੀ (ਚ.ਨ.ਸ.) : ਡੈਡੀਕੇਟਿਡ ਬ੍ਰਦਰਜ਼ ਗਰੁੱਪ ਪਟਿਆਲਾ ਅਤੇ ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਵਲੋਂ ਪਟਿਆਲਾ ਦੇ 10 ਸਕੂਲਾਂ ਵਿਖੇ ਆਵਾਜਾਈ, ਸੁਰੱਖਿਆ, ਸਿਹਤ ਨਸ਼ਿਆਂ, ਅਪਰਾਧਾਂ, ਕਿਡਨੈਪਿੰਗ, ਫਸਟ ਏਡ ਸੀ ਪੀ ਆਰ, ਫਾਇਰ ਸੇਫਟੀ ਦੀ ਲਗਾਤਾਰ ਟ੍ਰੇਨਿੰਗਾਂ ਦੇਕੇ ਵਿਦਿਆਰਥੀਆਂ ਨੂੰ ਘਰ ਪਰਿਵਾਰਾਂ, ਸਮਾਜ ਅਤੇ ਦੇਸ਼ ਦੇ ਵਫ਼ਾਦਾਰ, ਜੁਮੇਵਾਰ, ਸਿਹਤਮੰਦ, ਮਦਦਗਾਰ ਫ਼ਰਿਸ਼ਤੇ ਬਣਾਉਣ ਲਈ ਮਹਿੰਦਰਾ ਕੰਨਿਆ ਮਹਾਂ ਵਿਦਿਆਲਿਆਂ ਹਾਈ ਸਕੂਲ ਵਿਖੇ ਕਲੱਬ ਦੇ ਸ਼ੁਭ ਆਰੰਭ ਸਮੇਂ ਡਾਕਟਰ ਰਾਕੇਸ਼ ਵਰਮੀ ਨੇ ਦੇਖਿਆ ਕਿ ਸਕੂਲ ਦੇ 25 ਬੱਚਿਆਂ ਕੋਲ ਗਰਮ ਕੋਟੀਆਂ ਨਹੀਂ ਤਾਂ ਉਨ੍ਹਾਂ ਵਲੋਂ ਅਗਲੇ ਹੀ ਦਿਨ ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਕੋਟੀਆਂ ਦੇ ਕੇ ਪ੍ਰਸੰਸਾਯੋਗ ਉਪਰਾਲੇ ਕੀਤੇ ਉਥੇ ਵਿਦਿਆਰਥੀਆਂ ਨੂੰ ਆਵਾਜਾਈ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਨਸ਼ਿਆਂ, ਅਪਰਾਧਾਂ ਤੋਂ ਬਚਣ ਬਾਰੇ ਕਾਕਾ ਰਾਮ ਵਰਮਾ ਵਲੋਂ ਜਾਣਕਾਰੀ ਦਿੱਤੀ। ਡਾਇਰੈਕਟਰ ਜਤਿੰਦਰਜੀਤ ਕੌਰ ਢਿੱਲੋਂ, ਪ੍ਰਿੰਸੀਪਲ ਰੀਚਾ ਸ਼ਰਮਾ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਸਕੂਲ ਜਾਗ੍ਰਿਤੀ ਕਲੱਬ ਵਲੋਂ ਸਨਮਾਨਿਤ ਕੀਤਾ ਗਿਆ । ਇਸ ਮੌਕੇ ਡਾਕਟਰ ਰਾਕੇਸ਼ ਵਰਮੀ, ਮਨਜੀਤ ਸਿੰਘ ਪੂਰਬਾ, ਅਮਨਿੰਦਰ ਸਿੰਘ ਸੈਣੀ, ਸਾਬਕਾ ਪ੍ਰਿੰਸੀਪਲ ਪ੍ਰਿੰਸੀਪਲ ਸ਼੍ਰੀਮਤੀ ਸੁਨੀਤਾ ਕੁਮਾਰੀ, ਸ਼੍ਰੀਮਤੀ ਮੱਧੂ ਅਗਰਵਾਲ, ਕਾਕਾ ਰਾਮ ਵਰਮਾ ਨੇ ਦੱਸਿਆ ਕਿ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਮਿਸ਼ਨ ਹਨ ਕਿ ਹਰੇਕ ਵਿਦਿਆਰਥੀ ਅਤੇ ਨਾਗਰਿਕ ਨੂੰ ਸਿਹਤਮੰਦ, ਤੰਦਰੁਸਤ, ਸੁਰੱਖਿਅਤ, ਖੁਸ਼ਹਾਲ ਅਤੇ ਦੇਸ਼ ਸਮਾਜ, ਘਰ ਪਰਿਵਾਰਾਂ ਦੇ ਜੁਮੇਵਾਰ ਵਫ਼ਾਦਾਰ, ਨਾਗਰਿਕ ਬਣਾਇਆ ਜਾਵੇ।

## ਸਿਹਤ ਮੰਤਰੀ ਵੱਲੋਂ ਆਂਗਨਵਾੜੀ ਸੈਂਟਰ ਦਾ ਉਦਘਾਟਨ



ਪਟਿਆਲਾ, 24 ਜਨਵਰੀ (ਚ.ਨ.ਸ.) :ਪਟਿਆਲਾ ਦੇਹਾਤੀ ਹਲਕੇ ਦੇ ਪਿੰਡ ਲਚਕਾਣੀ ਵਿੱਚ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਵਿਕਾਸ ਨੂੰ ਨਵੀਂ ਦਿਸ਼ਾ ਦਿੰਦਿਆਂ ਤਿਆਰ ਕੀਤੇ ਨਵੇਂ ਆਂਗਨਵਾੜੀ ਸੈਂਟਰ ਦਾ ਉਦਘਾਟਨ ਕੀਤਾ ਜਿਸ ਨਾਲ ਖ਼ਾਸ ਤੌਰ 'ਤੇ ਮਹਿਲਾਵਾਂ ਅਤੇ ਛੋਟੇ ਬੱਚਿਆਂ ਨੂੰ ਸਿਹਤ ਅਤੇ ਪੋਸ਼ਣ ਸੰਬੰਧੀ ਬਿਹਤਰ ਸਹੂਲਤਾਂ ਮਿਲਣਗੀਆਂ। ਓਹਨਾਂ ਕਿਹਾ ਆਂਗਨਵਾੜੀ ਸੈਂਟਰ ਰਾਹੀਂ ਬੱਚਿਆਂ ਦੀ ਸਿੱਖਿਆ ਦੀ ਮਜ਼ਬੂਤ ਨੀਂਹ ਰੱਖਣ ਦੇ ਨਾਲ-ਨਾਲ ਮਾਤਾ-ਬੱਚਾ ਸਿਹਤ ਸੇਵਾਵਾਂ ਨੂੰ ਵੀ ਮਜ਼ਬੂਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਿਹਤ ਮੰਤਰੀ ਵੱਲੋਂ ਪਿੰਡ ਦੀਆਂ ਕਲੋਨੀਆਂ ਵਿੱਚ ਲੋਕਾਂ ਦੇ ਬੈਠਣ ਲਈ ਤਿਆਰ ਕੀਤੇ ਗਏ ਸ਼ੈਡ ਵੀ ਲੋਕ ਅਰਪਿਤ ਕੀਤੇ ਗਏ, ਜੋ ਕਿ ਪਿੰਡ ਵਾਸੀਆਂ ਲਈ ਸਮਾਜਿਕ ਮਿਲਣ-ਜੁਲਣ ਅਤੇ ਆਰਾਮ ਲਈ ਇੱਕ ਸੁਵਿਧਾਜਨਕ ਥਾਂ ਸਾਬਤ ਹੋਣਗੇ। ਇਸ ਦੇ ਨਾਲ ਹੀ ਸਕੂਲ ਵਾਲੀ ਸੜਕ 'ਤੇ ਇੰਟਰਲਾਕ ਟਾਈਲਾਂ ਲਗਾਉਣ ਦਾ ਕੰਮ ਵੀ ਪੂਰਾ ਕਰਕੇ ਉਦਘਾਟਨ ਕੀਤਾ ਗਿਆ, ਜਿਸ ਨਾਲ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਆਵਾਜਾਈ ਵਿੱਚ ਸੁਵਿਧਾ ਮਿਲੇਗੀ ਅਤੇ ਸੜਕ ਸੁਰੱਖਿਆ ਨੂੰ ਹੋਰ ਮਜ਼ਬੂਤੀ ਮਿਲੇਗੀ। ਇਸ ਮੌਕੇ ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਸਿਹਤ, ਸਿੱਖਿਆ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਰਕਾਰ ਵੱਲੋਂ ਹਰ ਫ਼ੈਸਲਾ ਲੋਕ-ਹਿਤ ਨੂੰ ਧਿਆਨ ਵਿੱਚ ਰੱਖ ਕੇ ਲਿਆ ਜਾ ਰਿਹਾ ਹੈ ਤਾਂ ਜੋ ਪਿੰਡਾਂ ਅਤੇ ਸ਼ਹਿਰਾਂ ਦਾ ਸਮਾਨ ਤੌਰ 'ਤੇ ਵਿਕਾਸ ਯਕੀਨੀ ਬਣਾਇਆ ਜਾ ਸਕੇ।ਇਸ ਮੌਕੇ ਬੀ ਡੀ ਪੀ ਓ ਮਨਦੀਪ ਸਿੰਘ ਉੱਪਲ, ਜੇ ਈ ਲਵਿਸ਼ ਗੌਤਮ,ਸਕੱਤਰ ਜਸਪ੍ਰੀਤ ਸਿੰਘ , ਸਰਪੰਚ ਪ੍ਰਿਤਪਾਲ ਸਿੰਘ, ਪੰਚ ਸੁਖਜੀਤ ਕੌਰ, ਰਾਮ ਦਿਆਲ , ਰਸੀਦ ਮੁਹੰਮਦ, ਅਮਰੀਕ ਸਿੰਘ, ਦੀਦਾਰ ਸਿੰਘ, ਕਿਰਨ ਕੁਮਾਰ, ਜਸਬੀਰ ਕੌਰ, ਭਿੰਦਰ ਕੌਰ ਸਵਰਨਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ।

## ਆਜ਼ਾਦੀ ਘੁਲਾਟੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਅਹਿਮ ਮੀਟਿੰਗ




ਪਟਿਆਲਾ, 24 ਜਨਵਰੀ (ਅਮਰਜੀਤ) : ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਦੇਸ਼ ਭਗਤ ਪਰਿਵਾਰਾਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਅਹਿਮ ਮੀਟਿੰਗ ਮਿੰਨੀ ਸਕੱਤਰੇਤ ਵਿਖੇ ਹੋਈ। ਫਰੀਡਮ ਫਾਈਟਰ ਉਤਰਾਧਿਕਾਰੀ ਜਥੇਬੰਦੀ 196 ਅਤੇ ਫਰੀਡਮ ਫਾਈਟਰ ਉਤਰਾਧਿਕਾਰੀ ਐਸੋਸੀਏਸ਼ਨ 234 ਦੇ ਪੰਜ-ਪੰਜ ਆਗੂਆਂ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਧਨੇਠਾ ਅਤੇ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਫਰੀਡਮ ਫਾਈਟਰ ਪਰਿਵਾਰਾਂ ਦੀਆਂ ਹੱਕੀ ਸਨਮਾਨ ਸਹੂਲਤਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਫਰੀਡਮ ਫਾਈਟਰ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀਆਂ ਗਈਆਂ ਮੀਟਿੰਗਾਂ ਦਾ ਕੋਈ ਵੀ ਨਤੀਜਾ ਨਹੀਂ ਨਿਕਲਿਆ। ਉਨ੍ਹਾਂ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਸੁਨਾਮ ਵਿਖੇ ਸਨਮਾਨ ਸਹੂਲਤਾਂ ਲਾਗੂ ਕਰਵਾਉਣ ਲਈ ਦੇਸ਼ ਭਗਤ ਪਰਿਵਾਰਾਂ ਵੱਲੋਂ ਦਿਨ ਰਾਤ ਦਾ ਧਰਨਾ ਲਗਾਇਆ ਜਾ ਰਿਹਾ ਹੈ।ਜ਼ਿਲ੍ਹਾ ਸਕੱਤਰ ਸੁਖਵਿੰਦਰ ਖੁਰਾਣਾ ਅਤੇ ਜ਼ਿਲ੍ਹਾ ਜਰਨਲ ਸਕੱਤਰ ਰਾਜ ਕੁਮਾਰ ਡਕਾਲਾ ਨੇ ਕਿਹਾ ਕਿ ਗਣਤੰਤਰ ਦਿਵਸ ਮੌਕੇ ਹੋਣ ਵਾਲੇ ਸਮਾਗਮਾਂ ਵਿੱਚ ਸੁਤੰਤਰਤਾ ਸੰਗਰਾਮੀ ਪਰਿਵਾਰ ਸ਼ਮੂਲੀਅਤ ਕਰਨਗੇ। ਰਾਸ਼ਟਰੀ ਝੰਡੇ ਨੂੰ ਸਲਾਮੀ ਦੇਣ ਉਪਰੰਤ ਸ਼ਾਂਤਮਈ ਰੂਪ ਵਿੱਚ ਸਮਾਗਮ ਦਾ ਬਾਈਕਾਟ ਕੀਤਾ ਜਾਵੇਗਾ। ਗੁਰਇਕਬਾਲ ਸਿੰਘ ਸੰਧੂ ਅਤੇ ਦਫ਼ਤਰ ਇੰਚਾਰਜ ਕਮਲਦੀਪ ਸਿੰਘ ਗਿੱਲ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਨਾਮ ਆਜ਼ਾਦੀ ਘੁਲਾਟੀਆਂ ਦੇ ਨਾਮ 'ਤੇ ਰੱਖਣ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਸਰਕਾਰੀ ਹੁਕਮਾਂ ਦੀ ਪਾਲਣਾ ਕਰਨ ਸਬੰਧੀ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਜਾਣ। ਦੋਨਾਂ ਫਰੀਡਮ ਫਾਈਟਰ ਜਥੇਬੰਦੀ ਦੇ ਆਗੂਆਂ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਪੈਨਲ ਮੀਟਿੰਗ ਤਹਿ ਕਰਵਾਈ ਜਾਵੇ। ਸੁਤੰਤਰਤਾ ਸੰਗਰਾਮੀ ਪਰਿਵਾਰਾਂ ਨੇ ਚੇਤਾਵਨੀ ਦਿੱਤੀ ਕਿ ਉਨ੍ਹਾਂ ਦੇ ਬਜ਼ੁਰਗਾਂ ਵੱਲੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅੰਗਰੇਜ਼ ਹਕੂਮਤ ਵਿਰੁੱਧ ਤਿੱਖੇ ਸੰਘਰਸ਼ ਕੀਤੇ ਗਏ ਹਨ, ਤਾਂ ਉਨ੍ਹਾਂ ਦੇਸ਼ ਭਗਤਾਂ ਦੇ ਪਰਿਵਾਰ ਸਰਕਾਰਾਂ ਤੋਂ ਸਨਮਾਨ ਸਹੂਲਤਾਂ ਲਾਗੂ ਕਰਵਾਉਣ ਲਈ ਵੀ ਤਿੱਖਾ ਸੰਘਰਸ਼ ਉਲੀਕ ਸਕਦੇ ਹਨ। ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀਆਂ ਹੱਕੀ ਸਨਮਾਨ ਸਹੂਲਤਾਂ ਚੌਥੀ ਪੀੜ੍ਹੀ ਨੂੰ ਕਾਨੂੰਨੀ ਮਾਨਤਾ ਦੇਣ, ਨੌਕਰੀ ਵਿੱਚ ਵੱਖਰੀ ਪ੍ਰਮੋਸ਼ਨ ਪ੍ਰਕਿਰਿਆ, ਸਨਮਾਨ ਪੈਨਸ਼ਨ, ਸੁਤੰਤਰਤਾ ਸੰਗਰਾਮੀ ਭਲਾਈ ਬੋਰਡ, ਦੇਸ਼ ਭਗਤ ਯਾਦਗਾਰ ਹਾਲ ਬਣਾਉਣੇ, ਵਾਰਿਸਾਂ ਨੂੰ ਪਹਿਲ ਦੇ ਆਧਾਰ 'ਤੇ ਨੌਕਰੀ ਦੇਣਾ ਆਦਿ ਮੰਗਾਂ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਜਾਰੀ ਰਹੇਗਾ। ਅੱਜ ਦੀ ਇਕੱਤਰਤਾ ਦੌਰਾਨ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਧਨੇਠਾ, ਸੁਖਵਿੰਦਰ ਸਿੰਘ ਖੁਰਾਣਾ, ਇੰਦਰਪਾਲ ਸਿੰਘ ਧਾਲੀਵਾਲ ਸੂਬਾ ਜਨਰਲ ਸਕੱਤਰ, ਰਾਜ ਕੁਮਾਰ ਡਕਾਲਾ ਜ਼ਿਲ੍ਹਾ ਜਰਨਲ ਸਕੱਤਰ, ਗੁਰਇਕਬਾਲ ਸਿੰਘ ਸੰਧੂ, ਕਮਲਦੀਪ ਸਿੰਘ ਗਿੱਲ ਦਫ਼ਤਰ ਇੰਚਾਰਜ, ਬਲਾਕ ਪ੍ਰਧਾਨ ਬੇਅੰਤ ਸਿੰਘ, ਖ਼ਜ਼ਾਨਚੀ ਜਰਨੈਲ ਸਿੰਘ ਸ਼ਾਮਲ ਹੋਏ।

## ਬੀਬੀ ਬਲਜੀਤ ਕੌਰ ਖ਼ਾਲਸਾ ਨੇ ਮੁੜ ਬਲਾਕ ਨਾਭਾ ਦੇ ਬੀ.ਡੀ.ਪੀ.ਓ. ਵਜੋਂ ਅਹੁਦਾ ਸੰਭਾਲਿਆ



ਨਾਭਾ, 24 ਜਨਵਰੀ (ਬਲਜਿੰਦਰ ਮਾਨ): ਇਮਾਨਦਾਰੀ, ਦਿਆਨਤਦਾਰੀ, ਮਿਹਨਤ ਅਤੇ ਨੇਕ ਨੀਤੀ ਨਾਲ ਸੇਵਾਵਾਂ ਨਿਭਾਉਣ ਵਾਲੇ ਸ਼ਹੀਦਾਂ ਦੇ ਪਰਿਵਾਰ ਦੀ ਅੰਮ੍ਰਿਤਧਾਰੀ ਗੁਰਸਿੱਖ, ਵਿਸ਼ਵ ਦੀ ਆਵਾਜ਼ ਮੰਨੀ ਜਾਂਦੀ ਅਣਵਿਆਹੀ ਚਰਚਿਤ ਬੀ.ਡੀ.ਪੀ.ਓ. ਬੀਬੀ ਬਲਜੀਤ ਕੌਰ ਖ਼ਾਲਸਾ ਬਰਨਾਲਾ ਨੇ ਅੱਜ ਮੁੜ ਬਲਾਕ ਨਾਭਾ ਵਿਖੇ ਬੀ.ਡੀ.ਪੀ.ਓ. ਵਜੋਂ ਅਹੁਦਾ ਸੰਭਾਲ ਲਿਆ ਹੈ । ਇਸ ਤੋਂ ਪਹਿਲਾਂ ਵੀ ਉਹ ਬਤੌਰ ਬੀ.ਡੀ.ਪੀ.ਓ. ਵਜੋਂ ਬਲਾਕ ਨਾਭਾ ਵਿਖੇ ਸੇਵਾਵਾਂ ਨਿਭਾਅ ਚੁੱਕੇ ਹਨ। ਬੀਬੀ ਬਲਜੀਤ ਕੌਰ ਖ਼ਾਲਸਾ ਬਰਨਾਲਾ ਨੇ ਅਹੁਦਾ ਸੰਭਾਲਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਪਰਿਵਾਰ ਵਿੱਚੋਂ ਅੰਮ੍ਰਿਤਧਾਰੀ ਅਣਵਿਆਹੀ ਗੁਰਸਿੱਖ ਅਫਸਰ ਹੋਣ ਕਰਕੇ ਬਲਾਕ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਨੂੰ ਇੱਕ ਟੀਮ ਦੀ ਤਰ੍ਹਾਂ ਰਲ-ਮਿਲ ਕੇ ਹੱਲ ਕਰਨਾ, ਪਾਰਦਰਸ਼ੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ, ਸਰਕਾਰੀ ਸਕੀਮਾਂ ਦਾ ਲਾਭ ਉਨ੍ਹਾਂ ਤੱਕ ਪਹੁੰਚਾਉਣਾ ਅਤੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹ ਕੇ ਬਲਾਕ ਨੂੰ ਹਰ ਖੇਤਰ ਵਿਚ ਬੁਲੰਦੀਆਂ 'ਤੇ ਪਹੁੰਚਾਉਣਾ ਉਨ੍ਹਾਂ ਦੀ ਮੁੱਖ ਤਰਜ਼ੀਹ ਹੋਵੇਗੀ । ਇਸ ਤੋਂ ਪਹਿਲਾਂ ਬਲਾਕ ਨਾਭਾ ਵਿਖੇ ਪਹੁੰਚਣ 'ਤੇ ਮੁਲਾਜ਼ਮਾਂ, ਪੰਚਾਇਤਾਂ,ਕਲੱਬਾਂ ਅਤੇ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਉਨ੍ਹਾਂ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਉਪਰੰਤ ਉਨ੍ਹਾਂ ਨੇ ਕਰਮਚਾਰੀਆਂ ਨਾਲ ਮੀਟਿੰਗ ਕਰਕੇ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਅਤੇ ਵਿਕਾਸ ਕਾਰਜਾਂ ਦੀ ਸਮੀਖਿਆ ਵੀ ਕੀਤੀ।ਇਸ ਮੌਕੇ ਉਨ੍ਹਾਂ ਦਾ ਸਵਾਗਤ ਕਰਨ ਵਾਲਿਆਂ ਵਿੱਚ ਗੁਰਪ੍ਰੀਤ ਸਿੰਘ,ਲੇਖਾਕਾਰ/ਐਸ. ਈ. ਪੀ. ਓ. , ਹਰਜਿੰਦਰ ਸਿੰਘ ਬੇਦੀ ਪੰਚਾਇਤ ਅਫਸਰ, ਸੁਖਵਿੰਦਰ ਸਿੰਘ ਲਾਲੀ ਪੰਚਾਇਤ ਸਕੱਤਰ ਤੋਂ ਇਲਾਵਾ ਹੋਰ ਕਰਮਚਾਰੀ ਸ਼ਾਮਿਲ ਸਨ।

## ਗਣਤੰਤਰ ਦਿਵਸ ਦੇ ਮੱਦੇਨਜ਼ਰ ਪੁਲਿਸ ਵੱਲੋਂ ਫਲੈਗ ਮਾਰਚ



ਸਮਾਣਾ, 24 ਜਨਵਰੀ (ਵਿਜੇ ਕੁਮਾਰ/ਜਵੰਦਾ) : ਗਣਤੰਤਰ ਦਿਵਸ ਦੇ ਮੱਦੇਨਜ਼ਰ ਸਮਾਣਾ ਸ਼ਹਿਰ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਬਣਾਏ ਰੱਖਣ ਲਈ ਸਮਾਣਾ ਪੁਲਿਸ ਵੱਲੋਂ ਅੱਜ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਫਲੈਗ ਮਾਰਚ ਕੱਢਿਆ ਗਿਆ। ਇਸ ਫਲੈਗ ਮਾਰਚ ਦੀ ਅਗਵਾਈ ਡੀਐਸਪੀ ਸਮਾਣਾ ਸ ਫਤਿਹ ਸਿੰਘ ਬਰਾੜ ਵੱਲੋਂ ਕੀਤੀ ਗਈ, ਜਿਸ ਵਿੱਚ ਥਾਣਾ ਸਿਟੀ ਸਮਾਣਾ ਸ ਬਲਜੀਤ ਸਿੰਘ , ਥਾਣਾ ਸਦਰ ਸਮਾਣਾ ਸ੍ਰੀ ਅਜੇ ਪਰੋਚਾ ਅਤੇ ਟ੍ਰੈਫਿਕ ਪੁਲਿਸ ਦੇ ਅਧਿਕਾਰੀ ਤੇ ਜਵਾਨ ਸ਼ਾਮਿਲ ਰਹੇ। ਪੁਲਿਸ ਪਾਰਟੀ ਨੇ ਮੁੱਖ ਬਾਜ਼ਾਰਾਂ, ਭੀੜ-ਭਾੜ ਵਾਲੇ ਖੇਤਰਾਂ ਅਤੇ ਸੰਵੇਦਨਸ਼ੀਲ ਥਾਵਾਂ 'ਤੇ ਗੱਡੀਆਂ ਰਾਹੀਂ ਗਸ਼ਤ ਕਰਦੇ ਹੋਏ ਲੋਕਾਂ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ। ਫਤਿਹ ਸਿੰਘ ਬਰਾੜ ਨੇ ਕਿਹਾ ਕਿ ਗਣਤੰਤਰ ਦਿਵਸ ਨੂੰ ਸ਼ਾਂਤੀਪੂਰਕ ਢੰਗ ਨਾਲ ਮਨਾਉਣ ਲਈ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ ਅਤੇ ਕਿਸੇ ਵੀ ਸ਼ਰਾਰਤੀ ਅਨਸਰ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਸੂਚਨਾ ਤੁਰੰਤ ਪੁਲਿਸ ਨੂੰ ਦਿੱਤੀ ਜਾਵੇ।

## ਪੀ.ਐਸ.ਪੀ.ਸੀ.ਐਲ. ਗੇਟ 'ਤੇ ਡਿਪਲੋਮਾ/ਡਿਗਰੀ ਅਪ੍ਰੈਂਟਿਸਾਂ ਦਾ ਸੰਘਰਸ਼ ਨਿਰੰਤਰ ਜਾਰੀ

ਪਟਿਆਲਾ, 24 ਜਨਵਰੀ (ਚ.ਨ.ਸ.) : ਪਟਿਆਲਾ ਸਥਿਤ ਪੀ.ਐਸ.ਪੀ.ਸੀ.ਐਲ.ਮੁੱਖ ਦਫ਼ਤਰ ਦੇ ਮੇਨ ਗੇਟ ਸਾਹਮਣੇ ਆਲ ਡਿਪਲੋਮਾ/ਡਿਗਰੀ ਅਪ੍ਰੈਂਟਿਸ ਐਸੋਸੀਏਸ਼ਨ (ਰਜਿਸਟਰਡ ਯੂਨੀਅਨ) ਵੱਲੋਂ ਲਗਾਇਆ ਗਿਆ ਧਰਨਾ ਅੱਜ 26ਵੇਂ ਦਿਨ ਅਤੇ ਲੜੀਵਾਰ ਭੁੱਖ ਹੜਤਾਲ 25 ਵੇਂ ਦਿਨ ਵੀ ਪੂਰੇ ਜੋਸ਼ ਅਤੇ ਦ੍ਰਿੜ੍ਹ ਨਿਸ਼ਚੇ ਨਾਲ ਜਾਰੀ ਹੈ।ਬੀਤੀ ਕੱਲ੍ਹ ਰਾਤ ਤੋਂ ਪਟਿਆਲਾ ਸ਼ਹਿਰ ਵਿੱਚ ਲਗਾਤਾਰ ਤੇਜ਼ ਮੀਂਹ ਅਤੇ ਹਨੇਰੀ ਦਾ ਮੌਸਮ ਬਣਿਆ ਹੋਇਆ ਹੈ, ਪਰ ਇਸ ਸਭ ਦੇ ਬਾਵਜੂਦ ਡਿਪਲੋਮਾ ਅਤੇ ਡਿਗਰੀ ਪਾਸ ਅਪ੍ਰੈਂਟਿਸ ਨੌਜਵਾਨ ਆਪਣੀਆਂ ਹੱਕੀ ਮੰਗਾਂ ਲਈ PSPCL ਦੇ ਗੇਟ 'ਤੇ ਡਟੇ ਹੋਏ ਹਨ।ਅੱਜ ਮੀਂਹ ਦੀ ਵਜ੍ਹਾ ਨਾਲ ਵਿਦਿਆਰਥੀਆਂ ਵੱਲੋਂ ਲਗਾਏ ਗਏ ਟੈਂਟ ਵਿੱਚ ਸੜਕ ਦੇ ਡ੍ਰੇਨ ਦਾ ਗੰਦਾ ਪਾਣੀ ਭਰ ਗਿਆ, ਜਿਸ ਕਾਰਨ ਧਰਨਾਕਾਰੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਹੈਰਾਨੀ ਦੀ ਗੱਲ ਇਹ ਰਹੀ ਕਿ ਇੰਨੇ ਗੰਭੀਰ ਹਾਲਾਤਾਂ ਦੇ ਬਾਵਜੂਦ ਨਾ ਤਾਂ ਪ੍ਰਸ਼ਾਸਨ ਅਤੇ ਨਾ ਹੀ ਸਰਕਾਰ ਵੱਲੋਂ ਕੋਈ ਸੁਧ ਲੈਣ ਦੀ ਕੋਸ਼ਿਸ਼ ਕੀਤੀ ਗਈ। ਨੌਜਵਾਨਾਂ ਨੇ ਕਿਹਾ ਕਿ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ। ਜ਼ਿਕਰਯੋਗ ਹੈ ਕਿ 29 ਦਸੰਬਰ 2025 ਤੋਂ ਸ਼ੁਰੂ ਹੋਇਆ ਇਹ ਧਰਨਾ ਅੱਜ ਤੱਕ ਨਿਰੰਤਰ ਜਾਰੀ ਹੈ। ਇਸ ਦੌਰਾਨ 22ਵੇਂ ਦਿਨ ਪਟਿਆਲਾ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਰੋਡ ਮਾਰਚ ਵੀ ਕੀਤਾ ਗਿਆ ਸੀ ਅਤੇ ਅਪ੍ਰੈਂਟਿਸ ਨੌਜਵਾਨਾਂ ਨੇ ਆਪਣੇ ਸਰਟੀਫਿਕੇਟ ਸਾੜ ਕੇ ਸਰਕਾਰ ਅਤੇ ਪੀ.ਐਸ.ਪੀ.ਸੀ.ਐਲ. ਮੈਨੇਜਮੈਂਟ ਦੀ ਨੀਤੀ ਵਿਰੁੱਧ ਪ੍ਰਤੀਕਾਤਮਕ ਰੋਸ ਦਰਜ ਕਰਵਾਇਆ ਸੀ।ਧਰਨਾਕਾਰੀ ਨੌਜਵਾਨਾਂ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਸਰਕਾਰ ਅਤੇ ਪੀ.ਐਸ.ਪੀ.ਸੀ.ਐਲ. ਮੈਨੇਜਮੈਂਟ ਵੱਲੋਂ ਅਪ੍ਰੈਂਟਿਸ ਨੌਜਵਾਨਾਂ ਲਈ ਕੋਈ ਠੋਸ ਅਤੇ ਸਪੱਸ਼ਟ ਰੁਜ਼ਗਾਰ ਨੀਤੀ ਐਲਾਨ ਨਹੀਂ ਕੀਤੀ ਜਾਂਦੀ, ਤਦ ਤੱਕ ਇਹ ਸੰਘਰਸ਼ ਹਰ ਹਾਲਤ ਵਿੱਚ ਜਾਰੀ ਰਹੇਗਾ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਗਣਤੰਤਰ ਦਿਵਸ ਮਨਾਇਆ



ਸਮਾਣਾ, 24 ਜਨਵਰੀ (ਵਿਜੇ ਕੁਮਾਰ) : ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਚ ਗਣਤੰਤਰ ਦਿਵਸ ਮਨਾਇਆ ਗਿਆ । ਸਭ ਤੋਂ ਪਹਿਲਾਂ ਸਕੂਲ ਵਿਚ ਤਿਰੰਗਾ ਲਹਿਰਾਉਣ ਦੀ ਰਸਮ ਕਮੇਟੀ ਪ੍ਰਧਾਨ ਪਰਦਮਨ ਸਿੰਘ ਵਿਰਕ ਵੱਲੋਂ ਅਦਾ ਕੀਤੀ ਗਈ ।ਬਾਅਦ ਵਿੱਚ ਸਾਰਿਆਂ ਵੱਲੋ ਰਾਸ਼ਟਰੀ ਗਾਣ ਗਾਇਆ ਗਿਆ। ਉਸ ਉਪਰੰਤ ਐਨ. ਸੀ. ਸੀ. ਕੈਡਿਟ ਵੱਲੋਂ ਮਾਰਚ ਪਾਸ ਕੀਤਾ ਗਿਆ। ਸਕੂਲ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਦੀ ਮਹੱਤਤਾ ਬਾਰੇ ਜਾਣੂੰ ਕਰਵਾਇਆ ਗਿਆ। ਇਸ ਮੌਕੇ 'ਤੇ ਸਕੂਲ ਮੈਨੇਜਿੰਗ ਕਮੇਟੀ ਦੇ ਸਮੂਹ ਮੈਂਬਰ, ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਵੀ ਮੌਜੂਦ ਰਿਹਾ । ਵਿਦਿਆਰਥੀਆਂ ਵੱਲੋਂ ਰਾਸ਼ਟਰੀ ਗਾਣ,ਦੇਸ਼ ਭਗਤੀ ਦੇ ਗੀਤ ਅਤੇ ਨਾਟਕ ਆਦਿ ਪੇਸ਼ ਕੀਤੇ । ਸਕੂਲ ਦੀ ਮੈਨੇਜਿੰਗ ਕਮੇਟੀ ਨੇ ਸਾਰਿਆਂ ਨੂੰ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ।